# ਮੈਂ ਕਿਓਂ ਜਾਵਾਂ ਆਪਣੇ ਸ਼ਹਿਰ

## (1984–ਕੁਝ ਸਵਾਲ ਕੁਝ ਜਵਾਬ)

'ਮੈਂ ਕਿਓਂ ਜਾਵਾਂ ਆਪਣੇ ਸ਼ਹਿਰ' ਵਿਚ ਪਰਮਜੀਤ ਨੇ 1984 ਦੀਆਂ ਘਟਨਾਵਾਂ ਨੂੰ ਕੇਂਦਰ ਵਿਚ ਰੱਖਦੇ ਹੋਏ ਇਕ ਸਿੱਖ ਨੌਜਵਾਨ ਦੀ ਜ਼ਿੰਦਗੀ 'ਚ ਆਏ ਜਬਰਦਸਤ ਤੂਫ਼ਾਨ ਦੀ ਕਹਾਣੀ ਬਿਆਨ ਕੀਤੀ ਹੈ। ਕੈਥਾਰਸਿਸ/ਰੇਚਨ ਸ਼ੈਲੀ ਵਿਚ ਲਿਖੀ ਗਈ ਇਹ ਕਿਤਾਬ ਉਸ ਸਿੱਖ ਨੌਜਵਾਨ ਦੀ ਵਿਚਾਰਧਾਰਕ ਅਤੇ ਰਾਜਨੀਤਕ ਮਨੋ-ਸਥਿਤੀ ਦੇ ਬਾਰੇ ਗੱਲ ਕਰਦੀ ਹੈ ਜਿਸ ਨੂੰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਦੇ ਯੋਜਨਾਬੱਧ ਕਤਲੇਆਮ ਕਾਰਨ ਹਿਜ਼ਰਤ 'ਚੋਂ ਗੁਜ਼ਰਨਾ ਪਿਆ ਸੀ। ਇਹ ਯਾਦਾਂ ਦਿਲ ਨੂੰ ਛੂਹ ਲੈਣ ਵਾਲੀਆਂ ਹੀ ਨਹੀਂ, ਸਗੋਂ ਇਹ ਜੀਵਨ ਅਨੁਭਵਾਂ ਤੋਂ ਪ੍ਰਾਪਤ ਗਿਆਨ ਵੱਲ ਵੀ ਇਸ਼ਾਰਾ ਕਰਦੀਆਂ ਹਨ।

–ਪ੍ਰੋਫੈਸਰ ਚਮਨ ਲਾਲ

# ਮੈਂ ਕਿਓਂ ਜਾਵਾਂ ਆਪਣੇ ਸ਼ਹਿਰ

## (1984–ਕੁਝ ਸਵਾਲ ਕੁਝ ਜਵਾਬ)

ਪਰਮਜੀਤ ਸਿੰਘ

ਅਨੁਵਾਦਃ ਬੂਟਾ ਸਿੰਘ ਮਹਿਮੂਦਪੁਰ

# Mein Kion Javan Apne Shehr

## (1984 - Kujh Swal Kujh Jwab)

*(A catharsis)*

A 6/ 1 Aditi Apartments,
D Block, Janankpuri, New Delhi – 110058
Mobile: 9910262062

© Paramjeet Singh

*1st Punjabi Edition : 2023*

*Rs. 150/-*

Cover Design by Arpan Dutta

***Published by***

**Chintan Parkashan**

Ludhiana, Punjab (India)

Mo : 99150-90264

**E-mail** : chintanparkashan1967@gmail.com

ਆਪਣੇ ਪਿਤਾ ਜੀ ਸ: ਸੋਹਣ ਸਿੰਘ
ਅਤੇ ਮਿੱਤਰ ਸਮਾਨ ਭਰਾ ਜਸਪਾਲ
ਦੀ ਯਾਦ
ਨੂੰ
ਸਮਰਪਿਤ
ਜੋ ਹਿਜ਼ਰਤ ਦਾ ਸ਼ਿਕਾਰ ਹੋਏ।

# ਤਤਕਰਾ


ਇਕ ਵਡਮੁੱਲੀ ਕਿਤਾਬ 6

ਭੂਮਿਕਾ 8

1. ਇਕ ਸ਼ਹਿਰ ਇਕ ਹਾਦਸਾ 11

2. ਗੁੱਸਾ ਅਤੇ ਨਫ਼ਰਤ 39

3. ਦੰਗਈ ਤੇ ਦੋਸਤ 65

4. ਤਬਦੀਲੀ ਅਤੇ ਸੰਕਟ-ਮੋਚਨ 98

5. ਅੰਤਿਕਾ 126

# ਇਕ ਵਡਮੁੱਲੀ ਕਿਤਾਬ

"ਮੈਂ ਕਿਓਂ ਜਾਵਾਂ ਆਪਣੇ ਸ਼ਹਿਰ" ਕਿਤਾਬ ਦੇ ਰੂਪ 'ਚ ਪਰਮਜੀਤ ਨੇ ਨਿੱਜੀ ਤਜਰਬੇ ਨੂੰ ਇਕ ਸਮਾਜੀ ਸਮਝ 'ਚ ਵਿਕਸਿਤ ਕਰਕੇ ਸਾਡੇ ਨਾਲ ਸਾਂਝਾ ਕੀਤਾ ਹੈ। 1984 ਦੇ ਯੋਜਨਾਬੱਧ ਕਤਲੇਆਮ ਨਾਲ ਸਿੱਖ ਭਾਈਚਾਰੇ ਨੂੰ ਬਹੁਤ ਜ਼ਿਆਦਾ ਜਾਨੀ-ਮਾਲੀ ਤਬਾਹੀ, ਅਪਮਾਨ ਅਤੇ ਹਿਜ਼ਰਤ ਦਾ ਅਕਹਿ ਸੰਤਾਪ ਝੱਲਣਾ ਪਿਆ। ਰੌਚਕ ਸ਼ੈਲੀ 'ਚ ਲਿਖੀ ਇਹ ਕਿਤਾਬ ਇਕ ਸਿੱਖ ਨੌਜਵਾਨ ਦੀ ਮਾਨਸਿਕਤਾ ਉੱਪਰ ਪਏ ਉਨ੍ਹਾਂ ਘਟਨਾਵਾਂ ਦੇ ਵਿਚਾਰਧਾਰਕ ਤੇ ਮਨੋਵਿਗਿਆਨਕ ਅਸਰਾਂ ਨੂੰ ਬਖ਼ੂਬੀ ਬਿਆਨ ਕਰਨ ਦੇ ਨਾਲ-ਨਾਲ ਅਗਲੀਆਂ ਪੀੜ੍ਹੀਆਂ ਨੂੰ ਇਨ੍ਹਾਂ ਖ਼ਤਰਿਆਂ ਤੋਂ ਸੁਰੱਖਿਅਤ ਕਰਨ ਦੇ ਰਾਜਨੀਤਕ ਉਪਾਵਾਂ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੰਦੀ ਹੈ। ਲੇਖਕ ਬੀਤੇ ਨੂੰ ਭੁੱਲ ਜਾਣ ਦੀ ਬਜਾਏ ਯਥਾਰਥਮੁਖੀ ਵਿਸ਼ਲੇਸ਼ਣ ਰਾਹੀਂ ਉਨ੍ਹਾਂ ਘਟਨਾਵਾਂ ਦੇ ਪਿੱਛੇ ਕੰਮ ਕਰਦੇ ਫੈਕਟਰਾਂ ਨੂੰ ਸਮਝਣ ਲਈ ਸਾਨੂੰ ਪ੍ਰੇਰਿਤ ਕਰਦਾ ਹੈ ਤਾਂ ਜੋ ਸਾਡੇ ਸਮਾਜ ਨੂੰ ਉਸ ਤਰ੍ਹਾਂ ਦੇ ਸਮਿਆਂ ਵਿੱਚੋਂ ਨਾ ਗੁਜ਼ਰਨਾ ਪਵੇ ਜੋ ਸੰਤਾਪ ਸਾਡੇ ਲੋਕਾਂ ਨੂੰ ਪਹਿਲਾਂ 1947 'ਚ ਅਤੇ ਫਿਰ 1984 'ਚ ਝੱਲਣਾ ਪਿਆ। ਅਤੇ ਜਿਸ ਦਾ ਖ਼ਤਰਾ ਸਾਡੇ ਸਮਾਜ ਉੱਪਰ ਅੱਜ ਵੀ ਮੰਡਰਾ ਰਿਹਾ ਹੈ।

ਅੰਗਰੇਜ਼ ਦਾ ਬਸਤੀਵਾਦੀ ਰਾਜ ਤਾਂ ਖ਼ਤਮ ਹੋ ਗਿਆ ਪਰ 'ਪਾੜੋ ਤੇ ਰਾਜ ਕਰੋ' ਦੀ ਨੀਤੀ ਖ਼ਤਮ ਨਹੀਂ ਹੋਈ। ਨਵੇਂ ਹਾਕਮਾਂ ਨੇ ਸਮਾਜ ਵਿਚਲੇ ਉਨ੍ਹਾਂ ਟਕਰਾਵਾਂ ਅਤੇ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਰਾਜਨੀਤਕ ਚਲਾਕੀ ਨਾਲ ਲਮਕਾਉਣ ਅਤੇ ਉਲਝਾਉਣ ਦੀ ਘਿਣਾਉਣੀ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ ਜਿਨ੍ਹਾਂ ਰਾਹੀਂ ਦੇਸ਼ ਦੇ ਲੋਕਾਂ ਨੂੰ ਜਾਤ, ਧਰਮ ਅਤੇ ਫਿਰਕਿਆਂ ਦੇ ਨਾਂ 'ਤੇ ਵਰਗਲਾ ਕੇ ਉਨ੍ਹਾਂ ਨੂੰ ਜ਼ਿੰਦਗੀ ਦੇ ਅਸਲ ਮਸਲਿਆਂ ਦੇ ਹੱਲ ਲਈ ਸੰਘਰਸ਼ ਅਤੇ ਬਿਹਤਰ ਜ਼ਿੰਦਗੀ ਲਈ ਅਗਾਂਹਵਧੂ ਤਬਦੀਲੀ ਬਾਰੇ ਜਾਗਰੂਕ ਹੋਣ ਤੋਂ ਰੋਕਿਆ ਜਾ ਸਕਦਾ ਹੈ। ਉਨ੍ਹਾਂ ਪਿਛਾਂਹਖਿੱਚੂ ਤਾਕਤਾਂ ਨੂੰ ਸ਼ਹਿ ਅਤੇ ਰਾਜਨੀਤਕ ਸਰਪ੍ਰਸਤੀ ਦਿੱਤੀ ਜਾਣ ਲੱਗੀ ਜਿਨ੍ਹਾਂ ਨੂੰ ਇਸ ਘਿਣਾਉਣੀ ਸਿਆਸਤ ਦਾ ਮੋਹਰਾ ਬਣਾਇਆ ਜਾ ਸਕਦਾ ਹੈ। ਇਸ ਰਾਜਨੀਤਕ ਮਾਹੌਲ ਵਿਚ ਅਗਲੀਆਂ ਪੀੜ੍ਹੀਆਂ ਦਾ ਇਤਿਹਾਸ 'ਚ ਵਾਪਰੀਆਂ ਹੌਲਨਾਕ ਘਟਨਾਵਾਂ ਤੋਂ ਸਿੱਖਣ ਦਾ ਨਜ਼ਰੀਆ ਨਹੀਂ ਬਣ ਸਕਿਆ। ਇਸ ਕਾਰਨ ਚੰਦਰੇ ਇਰਾਦਿਆਂ ਵਾਲੀਆਂ ਤਾਕਤਾਂ ਕਿਸੇ ਵੀ ਘਟਨਾ ਦੇ ਬਹਾਨੇ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਕੇ ਦਹਾਕਿਆਂ ਤੋਂ ਬਣੀ ਭਾਈਚਾਰਕ ਸਾਂਝ ਅਤੇ ਰਿਸ਼ਤਿਆਂ ਨੂੰ ਪਲਾਂ 'ਚ ਤਹਿਸ-ਨਹਿਸ ਕਰਨ 'ਚ ਕਾਮਯਾਬ ਹੋ ਜਾਂਦੀਆਂ ਹਨ। ਬੀਤੇ ਦਾ ਭੂਤ ਮੁੜ-ਮੁੜ ਆਪਣਾ ਭਿਆਨਕ ਰੂਪ ਦਿਖਾਉਂਦਾ ਹੈ।

ਸਾਨੂੰ ਆਜ਼ਾਦੀ ਸੰਗਰਾਮ ਦੌਰਾਨ ਵਿਕਸਿਤ ਹੋਈ ਭਾਈਚਾਰਕ ਸਾਂਝ ਅਤੇ ਧਰਮ-ਨਿਰਲੇਪਤਾ ਦੇ ਅਮੀਰ ਵਿਰਸੇ ਨੂੰ ਆਪਣੇ ਚੇਤਿਆਂ 'ਚ ਵਾਰ-ਵਾਰ ਤਾਜ਼ਾ ਕਰਨਾ ਚਾਹੀਦਾ ਹੈ। 1857 ਦੀ ਪਹਿਲੀ ਜੰਗੇ-ਆਜ਼ਾਦੀ ਤੋਂ ਲੈ ਕੇ ਜੱਲਿਆਂਵਾਲਾ ਬਾਗ਼ ਤੱਕ

ਅਤੇ ਯੁਗਪਲਟਾਊ ਦੇਸ਼ਭਗਤ ਲਹਿਰਾਂ ਤੇ ਇਨਕਲਾਬੀ ਮਜ਼ਦੂਰ, ਕਿਸਾਨ ਲਹਿਰਾਂ ਤੱਕ ਦਾ ਸ਼ਾਨਦਾਰ ਵਿਰਸਾ ਸਾਡੀਆਂ ਅੱਜ ਦੀਆਂ ਪੀੜ੍ਹੀਆਂ ਨੂੰ ਅਜਿਹੇ ਵਰਤਾਰਿਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਅਤੇ ਵੰਡ ਪਾਊ ਤਾਕਤਾਂ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਬਣਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਅੰਗਰੇਜ਼ ਰਾਜ ਦੀਆਂ ਨੀਤੀਆਂ ਦੀ ਸਮਝ ਨੇ ਸਾਡੇ ਆਜ਼ਾਦੀ ਪ੍ਰੇਮੀ ਪੁਰਖਿਆਂ ਦੀ ਸੋਚ ਇਨਕਲਾਬੀ ਬਣਾਈ। ਜਦ ਦੇਸ਼ਭਗਤ ਲੋਕਾਂ ਨੇ ਨਿੱਜੀ ਮੁਸ਼ਕਲਾਂ ਨੂੰ ਉਸ ਤਜਰਬੇ ਦੀ ਰੋਸ਼ਨੀ 'ਚ ਦੇਖਿਆ ਤਾਂ ਗ਼ਦਰ ਪਾਰਟੀ ਜਹੀ ਇਤਿਹਾਸਕ ਲਹਿਰ ਨੇ ਜਨਮ ਲਿਆ ਅਤੇ ਉਨ੍ਹਾਂ ਨੇ 1913 'ਚ ਦੇਸ਼ ਵਾਸੀਆਂ ਅੱਗੇ ਸੱਚੀ ਆਜ਼ਾਦੀ ਦਾ 'ਮੁਕਤੀ, ਬਰਾਬਰੀ ਅਤੇ ਭਾਈਚਾਰਾ' 'ਤੇ ਆਧਾਰਤ ਅਗਾਂਹਵਧੂ ਪ੍ਰੋਗਰਾਮ ਪੇਸ਼ ਕੀਤਾ। ਸ਼ਹੀਦ ਭਗਤ ਸਿੰਘ ਹੋਰਾਂ ਨੇ ਆਪਣੇ ਤੋਂ ਪਹਿਲੀਆਂ ਸਮੂਹ ਤਰੱਕੀਪਸੰਦ ਲਹਿਰਾਂ ਦੇ ਤਜਰਬਿਆਂ ਨੂੰ ਆਤਮਸਾਤ ਕਰਦਿਆਂ ਆਪਣੀ ਸਮਝ ਵਿਕਸਿਤ ਕੀਤੀ। ਵਿਗਿਆਨਕ ਨਜ਼ਰੀਆ ਅਪਣਾ ਕੇ ਸਮਾਜਿਕ ਤਰੱਕੀ 'ਚ ਰੁਕਾਵਟ ਬਣਨ ਵਾਲੀਆਂ ਤਾਕਤਾਂ ਤੋਂ ਸੁਚੇਤ ਕੀਤਾ ਜੋ ਸਮਾਜਿਕ ਤਾਣੇ-ਬਾਣੇ ਅਤੇ ਭਾਈਚਾਰਕ ਸਾਂਝ ਲਈ ਖ਼ਤਰਾ ਬਣਦੀਆਂ ਹਨ। ਉਨ੍ਹਾਂ ਨੇ ਸਮਾਜਿਕ ਤਰੱਕੀ ਲਈ ਵਿਗਿਆਨਕ ਸੋਚ ਵਾਲੀ ਗਤੀਸ਼ੀਲ ਸਮਾਜਿਕ ਸ਼ਕਤੀ ਉਸਾਰਨ 'ਤੇ ਜ਼ੋਰ ਦਿੱਤਾ। ਇਤਿਹਾਸਕ ਤ੍ਰਾਸਦੀਆਂ ਦੇ ਨਾਲ-ਨਾਲ ਸਾਨੂੰ ਇਸ ਅਮੀਰ ਵਿਰਸੇ ਤੋਂ ਵੀ ਸਿੱਖਣ ਦੀ ਲੋੜ ਹੈ।

1984 ਵਰਗੀਆਂ ਘਟਨਾਵਾਂ ਨਿੱਜੀ ਤੇ ਸਮਾਜੀ ਪੱਧਰ 'ਤੇ ਬਹੁਤ ਡੂੰਘੇ ਰੂਪ 'ਚ ਅਸਰ-ਅੰਦਾਜ਼ ਹੁੰਦੀਆਂ ਹਨ। ਜ਼ਰੂਰਤ ਇਸ ਗੱਲ ਦੀ ਹੁੰਦੀ ਹੈ ਕਿ ਉਨ੍ਹਾਂ ਦਾ ਤੱਥਾਂ 'ਤੇ ਆਧਾਰਤ ਵਿਗਿਆਨਕ ਵਿਸ਼ਲੇਸ਼ਣ ਹੋਵੇ ਅਤੇ ਭਾਵਕਤਾ ਤੋਂ ਉੱਪਰ ਉੱਠ ਕੇ ਅੱਗੇ ਸਮਾਜਿਕ ਉਸਾਰੀ ਵੱਲ ਵਧਿਆ ਜਾਵੇ। ਪਰ ਆਪਣੇ ਸਵਾਰਥਾਂ ਲਈ ਰਾਜਨੀਤਕ ਲੋਕ ਇਹ ਨਸੀਹਤ ਦਿੰਦੇ ਹਨ ਕਿ ਚਲੋ ਛੱਡੋ, ਪਿਛਲੇ ਨੂੰ ਭੁੱਲ ਜਾਓ। ਪਰ ਉਸ ਵਿੱਚੋਂ ਸਬਕ ਨਾ ਸਿੱਖਣਾ ਉਸ ਬਿਮਾਰੀ ਦੇ ਜਰਮਾਂ ਨੂੰ ਪਸਰਦੇ ਰਹਿਣ ਦੇਣਾ ਹੁੰਦਾ ਹੈ। ਵਾਰ-ਵਾਰ ਸਮਾਜ ਨੂੰ ਉਸੇ ਦੁਖਦਾਈ ਤਜਰਬੇ ਵਿੱਚੋਂ ਦੀ ਗੁਜਰਨਾ ਪੈਂਦਾ ਹੈ। ਸਬਕ ਸਿੱਖਣ ਲਈ ਵਿਗਿਆਨਕ ਵਿਸ਼ਲੇਸ਼ਣ ਦੀ ਪ੍ਰਕਿਰਿਆ ਅਪਣਾਉਣੀ ਜ਼ਰੂਰੀ ਹੈ। ਸਮਾਜ ਨੂੰ ਤਬਾਹੀ, ਉਜਾੜੇ ਅਤੇ ਹਿਜ਼ਰਤ ਦੇ ਮੂੰਹ ਧੱਕਣ ਵਾਲੇ ਇਨਸਾਨੀਅਤ ਵਿਰੋਧੀ ਜੁਰਮਾਂ ਦਾ ਹਿਸਾਬ-ਕਿਤਾਬ ਮੂੰਹ-ਜ਼ਬਾਨੀ ਨਹੀਂ ਹੋ ਸਕਦਾ। ਜਦੋਂ ਹੁਕਮਰਾਨ 'ਜਦੋਂ ਵੱਡਾ ਦਰਖ਼ਤ ਡਿਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ' ਦੇ ਮੱਤ ਦੇ ਧਾਰਨੀ ਹਨ ਤਾਂ ਇਸ ਦੀ ਜਵਾਬਦੇਹੀ ਵੀ ਜ਼ਰੂਰੀ ਹੈ ਅਤੇ ਇਸ ਪਿੱਛੇ ਕੰਮ ਕਰਦੇ ਰਹੇ ਫੈਕਟਰਾਂ ਦੀ ਸਹੀ ਨਿਸ਼ਾਨਦੇਹੀ ਹੋਰ ਵੀ ਜ਼ਰੂਰੀ ਬਣ ਜਾਂਦੀ ਹੈ।

ਅਜਿਹਾ ਗਿਆਨ ਦੇਣ ਵਾਲਾ ਸਾਹਿਤ ਬਹੁਤ ਘੱਟ ਮਿਲਦਾ ਹੈ। ਇਹ ਵਡਮੁੱਲੀ ਕਿਤਾਬ ਇਸ ਘਾਟ ਨੂੰ ਪੂਰਾ ਕਰਨ ਦੀ ਦਿਸ਼ਾ 'ਚ ਬਹੁਤ ਮਹੱਤਵਪੂਰਨ ਉਪਰਾਲਾ ਹੈ। ਜੋ ਜ਼ਰੂਰ ਹੀ ਨਿੱਜੀ ਕੁੜਤਣ ਤੋਂ ਮੁਕਤ ਕਰਕੇ ਸਮਾਜਿਕ ਤਾਕਤ ਨੂੰ ਤਰੱਕੀ ਦੀ ਦਿਸ਼ਾ 'ਚ ਵਧਾਉਣ ਵਿਚ ਮੱਦਦਗਾਰ ਸਾਬਿਤ ਹੋਵੇਗੀ। *-ਪ੍ਰੋਫੈਸਰ ਜਗਮੋਹਣ ਸਿੰਘ*

# ਭੂਮਿਕਾ

ਮਹਾਨ ਦਾਰਸ਼ਨਿਕ ਜਾਰਜ ਸਾਂਤਿਯਾਨਾ ਦੇ ਅਨੁਸਾਰ, "ਜੋ ਲੋਕ ਬੀਤੇ ਨੂੰ ਯਾਦ ਨਹੀਂ ਰੱਖ ਸਕਦੇ ਉਹ ਇਸਨੂੰ ਦੁਹਰਾਉਣ ਲਈ ਸਰਾਪੇ ਹੁੰਦੇ ਹਨ।" ਸਾਂਤਿਯਾਨਾ ਦੀਆਂ ਇਨ੍ਹਾਂ ਸਤਰਾਂ ਦੀ ਵਿਆਖਿਆ ਕਈ ਰਾਜਨੇਤਾਵਾਂ, ਸਿਆਸਤਦਾਨਾਂ ਅਤੇ ਦਾਰਸ਼ਨਿਕਾਂ ਨੇ ਆਪਣੇ-ਆਪਣੇ ਤਰੀਕੇ ਨਾਲ ਕੀਤੀ ਹੈ। ਆਇਰਿਸ਼ ਰਾਜਨੇਤਾ ਐਡਮੰਡ ਬਰਕੇ ਦੇ ਅਨੁਸਾਰ, "ਜਿਹੜੇ ਲੋਕ ਇਤਿਹਾਸ ਨਹੀਂ ਜਾਣਦੇ ਉਨ੍ਹਾਂ ਦਾ ਇਸ ਨੂੰ ਦੁਹਰਾਉਣਾ ਤੈਅ ਹਨ।" ਜਦੋਂ ਕਿ ਬਰਤਾਨਵੀ ਰਾਜਨੇਤਾ ਵਿੰਸਟਨ ਚਰਚਿਲ ਦੇ ਅਨੁਸਾਰ, "ਜੋ ਲੋਕ ਇਤਿਹਾਸ ਤੋਂ ਸਿੱਖਣ ਵਿਚ ਅਸਫ਼ਲ ਰਹਿੰਦੇ ਹਨ, ਉਹ ਇਸਨੂੰ ਦੁਹਰਾਉਣ ਲਈ ਸਰਾਪੇ ਹੁੰਦੇ ਹਨ।"

ਉਪਰੋਕਤ ਸਾਰੀਆਂ ਸਤਰਾਂ ਸਿਰਫ਼ ਇੱਕੋ ਗੱਲ ਵੱਲ ਇਸ਼ਾਰਾ ਕਰਦੀਆਂ ਹਨ। ਸਾਨੂੰ ਆਪਣੇ ਇਤਿਹਾਸ ਦੀਆਂ ਗ਼ਲਤੀਆਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਸਾਨੂੰ ਇਸ ਦਾ ਸਹੀ ਲੇਖਾਜੋਖਾ ਕਰਨਾ ਚਾਹੀਦਾ ਹੈ ਅਤੇ ਇਸ ਤੋਂ ਸਬਕ ਸਿੱਖਣਾ ਚਾਹੀਦਾ ਹੈ। ਪਰ ਸਾਡੇ ਦੇਸ਼ ਦੇ ਹਾਲਾਤ ਅਜਿਹੇ ਹਨ ਕਿ ਸਾਨੂੰ ਮਿਥਿਹਾਸ ਤਾਂ ਚੇਤੇ ਰਹਿੰਦਾ ਹੈ ਪਰ ਜ਼ਿੰਦਗੀ 'ਚ ਵਾਪਰੀਆਂ ਅਸਲ ਘਟਨਾਵਾਂ ਬਾਰੇ ਸਾਡਾ ਚੇਤਾ ਬਹੁਤ ਛੋਟਾ ਹੈ। ਖ਼ਾਸ ਕਰਕੇ ਉਨ੍ਹਾਂ ਘਟਨਾਵਾਂ ਬਾਰੇ ਜਿਨ੍ਹਾਂ ਵਿਚ ਦੇਸ਼ ਦੀ ਸਰਕਾਰ ਅਤੇ ਰਾਜ ਸੱਤਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਹੋਵੇ। ਜਾਂ ਤਾਂ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਅਸੀਂ ਇਨ੍ਹਾਂ ਨੂੰ ਭੁਲਾ ਦੇਈਏ ਜਾਂ ਫਿਰ ਰਾਜ ਸੱਤਾ ਉਨ੍ਹਾਂ ਘਟਨਾਵਾਂ ਨੂੰ ਆਪਣੇ ਸਵਾਰਥ ਲਈ ਵਰਤਦੀ ਹੈ।

ਸੰਨ ਚੁਰਾਸੀ ਦੀ ਘਟਨਾ ਵੀ ਕੁਝ ਅਜਿਹੀ ਹੀ ਹੈ। ਇਸ ਸਾਲ ਇਸ ਦੀ ਚਾਲੀਵੀਂ ਵਰ੍ਹੇਗੰਢ ਹੈ। ਦੋ ਨਵੀਂਆਂ ਪੀੜ੍ਹੀਆਂ ਆ ਗਈਆਂ ਹਨ। ਇਸ ਘਟਨਾ ਦਾ ਵੀ ਉਹੀ ਹਾਲ ਹੋ ਰਿਹਾ ਹੈ ਜੋ ਅਸੀਂ ਸੰਨ ਸੰਤਾਲੀ ਵਿਚ ਦੇਖ ਚੁੱਕੇ ਹਾਂ। ਇਸ ਦੌਰਾਨ ਕਈ ਹੋਰ ਦੰਗੇ ਹੋਏ ਅਤੇ ਬਾਅਦ ਵਿਚ ਵੀ ਹੁੰਦੇ ਰਹੇ। ਪਰ ਆਉਣ ਵਾਲੀ ਪੀੜ੍ਹੀ ਉਨ੍ਹਾਂ ਬਾਰੇ ਬਹੁਤ ਹੀ ਘੱਟ ਜਾਣਦੀ ਹੈ। ਹਰ ਦੰਗੇ ਤੋਂ ਬਾਅਦ ਅਣਗਿਣਤ ਜਾਂਚ ਕਮੇਟੀਆਂ ਬਣਾਈਆਂ ਗਈਆਂ ਹਨ ਪਰ ਜਾਂ ਤਾਂ ਉਹ ਪੜਤਾਲਾਂ ਕਦੇ ਪੂਰੀਆਂ ਨਹੀਂ ਹੁੰਦੀਆਂ ਜਾਂ ਉਨ੍ਹਾਂ ਦਾ ਨਤੀਜਾ ਕਦੇ ਵੀ ਲੋਕਾਂ ਸਾਹਮਣੇ ਨਹੀਂ ਆਉਂਦਾ।

ਕਿਸੇ ਵੀ ਦੇਸ਼ ਜਾਂ ਸਮਾਜ ਦੀ ਖ਼ੁਸ਼ਹਾਲੀ ਉਸ ਵਿਚ ਰਹਿਣ ਵਾਲੇ ਭਾਈਚਾਰਿਆਂ ਦੇ ਆਪਸੀ ਸੰਬੰਧਾਂ 'ਤੇ ਨਿਰਭਰ ਕਰਦੀ ਹੈ। ਖ਼ਾਸ ਕਰਕੇ ਭਾਰਤ ਵਰਗੇ ਦੇਸ਼ ਵਿਚ ਜਿੱਥੇ ਵੱਖ-ਵੱਖ ਭਾਈਚਾਰਿਆਂ ਦੇ ਲੋਕ ਵਸੇ ਹੋਏ ਹਨ। ਆਮ ਤੌਰ 'ਤੇ ਸਾਡਾ ਸਮਾਜ ਧਰਮ ਜਾਂ ਕੌਮਾਂ ਵਿਚ ਜ਼ਰੂਰ ਵੰਡਿਆ ਹੋਇਆ ਹੈ। ਪਰ ਸਾਡੀ ਸਮਾਜਿਕ, ਆਰਥਿਕ ਅਤੇ

ਸੱਭਿਆਚਾਰਕ ਜ਼ਿੰਦਗੀ ਆਪਸੀ ਮੇਲਜੋਲ ਹੈ। ਧਰਮ, ਕੌਮ ਅਤੇ ਜਾਤ ਹੀ ਅਜਿਹੇ ਪਹਿਲੂ ਹਨ ਜਿਨ੍ਹਾਂ ਨੂੰ ਕਦੇ ਵੀ ਕੁਰੇਦ ਕੇ ਕਿਸੇ ਵੀ ਸਮੇਂ ਇਕ ਭਾਈਚਾਰੇ ਨੂੰ ਦੂਜੇ ਦੇ ਵਿਰੁੱਧ ਭੜਕਾਇਆ ਜਾ ਸਕਦਾ ਹੈ।

ਮੈਂ ਤੀਹ ਸਾਲਾਂ ਤੋਂ ਇਨ੍ਹਾਂ ਮੁੱਦਿਆਂ ਉੱਪਰ ਕੰਮ ਕੀਤਾ ਹੈ। ਬਹੁਤ ਸਾਰੇ ਫਿਰਕੂ ਅਤੇ ਜਾਤੀ ਦੰਗਿਆਂ ਦੀਆਂ ਤੱਥ ਖੋਜ ਕਮੇਟੀਆਂ ਵਿਚ ਸ਼ਾਮਿਲ ਹੋਇਆ ਹਾਂ। ਉਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਉੱਪਰ ਕਈ ਰਿਪੋਰਟਾਂ ਛਾਪੀਆਂ। ਜ਼ਿਆਦਾਤਰ ਘਟਨਾਵਾਂ ਵਿਚ ਇਹ ਸਿੱਟਾ ਕੱਢਿਆ ਗਿਆ ਕਿ ਲੋਕ ਜਾਂ ਅਵਾਮ ਜਾਂ ਆਮ ਜਨਤਾ ਜਾਂ ਫਿਰ ਸਮਾਜ ਫਿਰਕੂ ਨਹੀਂ ਹੁੰਦਾ। ਸਵਾਲ ਇਹ ਪੈਦਾ ਹੁੰਦਾ ਹੈ ਕਿ ਫਿਰ ਦੰਗੇ ਹੁੰਦੇ ਕਿਉਂ ਹਨ ? ਕੁਝ ਕੁ ਲੋਕਾਂ ਦਾ ਸਵਾਰਥ, ਖ਼ਾਸ ਕਰਕੇ ਉਹ ਲੋਕ ਜੋ ਕਿਸੇ ਨਾ ਕਿਸੇ ਰੂਪ ’ਚ ਸੱਤਾ ਨਾਲ ਜੁੜੇ ਹੋਏ ਹਨ, ਅਕਸਰ ਮਾੜੇ ਅਨਸਰਾਂ ਦੀ ਭੀੜ ਇਕੱਠੀ ਕਰਕੇ ਦੰਗਾ ਕਰਵਾਉਣ ’ਚ ਕਾਮਯਾਬ ਹੋ ਜਾਂਦੇ ਹਨ।

ਅਜਿਹੀਆਂ ਘਟਨਾਵਾਂ ਦਾ ਪ੍ਰਭਾਵ ਸਮਾਜ ਦੇ ਹਰ ਵਰਗ ਉੱਪਰ ਪੈਂਦਾ ਹੈ। ਖ਼ਾਸ ਕਰਕੇ ਨੌਜਵਾਨ ਪੀੜ੍ਹੀ ਉੱਤੇ, ਜਿਨ੍ਹਾਂ ਦੀ ਮਾਨਸਿਕਤਾ ਅਜੇ ਵਿਕਸਿਤ ਹੋਣ ਦੇ ਪੜਾਅ ’ਤੇ ਹੈ। ਇਕ ਉਹ ਜੋ ਦੰਗੇ, ਕਤਲੇਆਮ ਅਤੇ ਲੁੱਟ-ਮਾਰ ਤੋਂ ਪੀੜਤ ਹੁੰਦਾ ਹੈ ਅਤੇ ਦੂਜਾ ਉਹ ਸਮਾਜ ਜਿਸ ਦੇ ਸਮਾਜਿਕ ਰਿਸ਼ਤੇ ਉਸ ਦੰਗਾ-ਪੀੜਤ ਭਾਈਚਾਰੇ ਨਾਲ ਸਾਲਾਂ ਤੋਂ ਪ੍ਰਫੁੱਲਤ ਹੋਏ ਹੁੰਦੇ ਹਨ। ਅਜਿਹੀਆਂ ਘਟਨਾਵਾਂ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਵਿਚ ਮੱਤਭੇਦ, ਕੁੜੱਤਣ ਅਤੇ ਦੁਸ਼ਮਣੀ ਦੀ ਭਾਵਨਾ ਨੂੰ ਜਨਮ ਦੇਣ ਦੀ ਸੰਭਾਵਨਾ ਨੂੰ ਵੀ ਪੈਦਾ ਕਰ ਸਕਦੀਆਂ ਹਨ। ਇਹ ਸਮਾਜ ਲਈ ਘਾਤਕ ਹੀ ਨਹੀਂ ਸਗੋਂ ਉਸ ’ਚ ਵੰਡੀਆਂ ਪਾਉਣ ਦੀ ਵੀ ਸਮਰੱਥਾ ਰੱਖਦਾ ਹੈ।

ਇਸ ਕਿਤਾਬ ਰਾਹੀਂ ਮੈਂ ਇਨ੍ਹਾਂ ਸਵਾਲਾਂ ਨੂੰ ਆਪਣੀ ਨਿੱਜੀ ਜ਼ਿੰਦਗੀ ਨੂੰ ਮੁੱਖ ਰੱਖਦਿਆਂ ਫਰੋਲਣ ਦੀ ਕੋਸ਼ਿਸ਼ ਕੀਤੀ ਹੈ। ਕਹਾਣੀ ਦੇ ਪਾਤਰ ਕਾਲਪਨਿਕ ਹਨ ਪਰ ਉਨ੍ਹਾਂ ਨਾਲ ਜੁੜੇ ਘਟਨਾਕ੍ਰਮ ਅਸਲੀ ਹਨ।

ਇਹ ਕਿਤਾਬ ਉਨ੍ਹਾਂ ਵਿਅਕਤੀਆਂ ਅਤੇ ਸਮਾਜ ਨੂੰ ਮੁਖ਼ਾਤਬ ਹੈ ਜੋ ਚੁਰਾਸੀ ਵਰਗੀਆਂ ਘਟਨਾਵਾਂ ਨਾਲ ਸਿੱਧੇ ਜਾਂ ਅਸਿੱਧੇ ਤੌਰ ’ਤੇ ਜੁੜੇ ਹੁੰਦੇ ਹਨ। ਮੇਰਾ ਮੰਨਣਾ ਹੈ ਕਿ ਸਮਾਜ ਦਾ ਹਰ ਵਿਅਕਤੀ ਇਨ੍ਹਾਂ ਘਟਨਾਵਾਂ ਨਾਲ ਜੁੜਿਆ ਹੁੰਦਾ ਹੈ। ਉਸ ਸਮਾਜ ਦੀ ਖ਼ੁਸ਼ਹਾਲੀ ਲਈ ਉਸ ਵਿਚ ਰਹਿਣ ਵਾਲੇ ਹਰ ਨਾਗਰਿਕ ਦੇ ਸਮਾਜਿਕ ਅਤੇ ਰਾਜਨੀਤਕ ਯੋਗਦਾਨ ਦੀ ਜ਼ਰੂਰਤ ਹੁੰਦੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਉਹ ਇਨ੍ਹਾਂ ਘਟਨਾਵਾਂ ਦੇ ਕਾਰਨਾਂ ਪਿੱਛੇ ਕੰਮ ਕਰਦੇ ਰਾਜਨੀਤਕ ਇਰਾਦਿਆਂ ਦਾ ਸਹੀ ਮੁਲਾਂਕਣ ਕਰੇ। ਜਿਸ ਦੇ ਲਈ ਉਹ ਸਿੱਖਿਅਤ ਹੋਵੇ ਅਤੇ ਆਪਣੀ ਰਾਜਨੀਤਕ ਚੇਤਨਾ ਨੂੰ ਵਿਕਸਿਤ ਕਰੇ। ਜ਼ਰੂਰਤ ਹੈ ਸਮਾਜ ਵਿਚ ਇਨ੍ਹਾਂ ਘਟਨਾਵਾਂ ਉੱਪਰ ਚਰਚਾ ਕਰਦੇ ਰਹਿਣ ਦੀ ਤਾਂ ਜੋ ਭਵਿੱਖ ਵਿਚ ਸਮਾਂ ਆਉਣ ’ਤੇ ਹਰ ਸਮਾਜ ਦਾ ਹਰ ਨਾਗਰਿਕ ਅਜਿਹੀਆਂ ਘਟਨਾਵਾਂ ਦੌਰਾਨ ਸਹੀ ਭੂਮਿਕਾ

ਨਿਭਾ ਸਕੇ – ਸਿਰਫ਼ ਮੂਕ ਦਰਸ਼ਕ ਬਣ ਕੇ ਨਾ ਦੇਖਦਾ ਰਹੇ। ਦੂਜੇ ਪਾਸੇ, ਇਨ੍ਹਾਂ ਘਟਨਾਵਾਂ ਤੋਂ ਪੀੜਤ ਭਾਈਚਾਰੇ ਵੀ ਇਸ ਨੂੰ ਸਹੀ ਪ੍ਰਸੰਗ 'ਚ ਘੋਖਣ–ਪਰਖਣ ਅਤੇ ਆਪਣੇ ਫ਼ੈਸਲੇ ਲੈਣ। ਇਹ ਕਹਾਣੀ ਇਹੀ ਦਰਸਾਉਂਦੀ ਹੈ।

ਮੇਰਾ ਤੱਥ–ਅਧਾਰਤ ਰਿਪੋਰਟਾਂ ਅਤੇ ਪੇਸ਼ੇ ਨਾਲ ਸੰਬੰਧਤ ਕਿਤਾਬਾਂ ਦਾ ਤਜਰਬਾ ਤਾਂ ਰਿਹਾ ਹੈ ਪਰ ਨਿੱਜੀ ਤਜਰਬਿਆਂ 'ਤੇ ਅਧਾਰਤ ਸਮਾਜਿਕ ਅਤੇ ਮਨੁੱਖੀ ਪਹਿਲੂਆਂ ਬਾਰੇ ਇਹ ਮੇਰੀ ਪਹਿਲੀ ਕਿਤਾਬ ਹੈ।

ਇਸ ਕਿਤਾਬ ਨੂੰ ਲਿਖਣ ਸਮੇਂ ਮੈਂ ਆਪਣੇ ਨਿੱਜੀ ਅਨੁਭਵ ਵੀ ਸ਼ਾਮਲ ਕੀਤੇ ਹਨ। ਇਸ ਲਈ ਮੈਂ ਇਸ ਕਿਤਾਬ ਦੇ ਉਨ੍ਹਾਂ ਸਾਰੇ ਪਾਤਰਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜੋ ਕਿਸੇ ਨਾ ਕਿਸੇ ਰੂਪ ਵਿਚ ਇਸ ਸਮਾਜ ਦੇ ਵਸਨੀਕ ਹਨ। ਇਨ੍ਹਾਂ ਵਿੱਚੋਂ ਕੁਝ ਅਸਲੀ ਹਨ ਅਤੇ ਕੁਝ ਮੇਰੀ ਕਲਪਨਾ ਦੀ ਉਪਜ ਹਨ।

ਮੈਨੂੰ ਇਹ ਕਹਾਣੀ ਲਿਖਣ ਦੀ ਸਭ ਤੋਂ ਪਹਿਲੀ ਪ੍ਰੇਰਨਾ ਮੇਰੇ ਮਿੱਤਰ ਰਾਜਿੰਦਰ ਨੇਗੀ ਤੋਂ ਮਿਲੀ। ਜਿਸ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ। ਮੈਂ ਆਪਣੇ ਮਿੱਤਰ ਅਤੇ ਦਿਆਲ ਸਿੰਘ ਕਾਲਜ ਦੇ ਹਿੰਦੀ ਅਧਿਆਪਕ ਸੁਨੀਲ ਮਾਂਡੀਵਾਲ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸਨੂੰ ਵਾਰ ਵਾਰ ਪੜ੍ਹਿਆ ਅਤੇ ਆਪਣੀ ਵਡਮੁੱਲੀ ਰਾਇ ਦਿੱਤੀ।

ਮੈਂ ਕੰਚਨ ਦਾ ਧੰਨਵਾਦੀ ਹਾਂ ਜਿਸ ਨੇ ਇਸ ਕਿਤਾਬ ਦੀ ਪਰੂਫ ਰੀਡਿੰਗ ਵਿਚ ਪੂਰੀ ਲਗਨ ਨਾਲ ਸਹਿਯੋਗ ਦਿੱਤਾ।

ਇਸ ਕਿਤਾਬ ਨੂੰ ਲਿਖਣ ਦੇ ਸਮੇਂ ਦੌਰਾਨ ਮੈਨੂੰ ਕਈ ਭਾਵਨਾਤਮਕ ਪਹਿਲੂਆਂ 'ਚੋਂ ਗੁਜ਼ਰਨਾ ਪਿਆ। ਮੈਂ ਥੋੜ੍ਹਾ ਨਿਰਾਸ਼ ਤੇ ਉਦਾਸ ਵੀ ਰਿਹਾ। ਮੈਂ ਆਪਣੀ ਕੁਦਰਤ–ਪ੍ਰੇਮੀ ਜੀਵਨ ਸਾਥਣ ਮੌਸ਼ੁਮੀ ਦਾ ਧੰਨਵਾਦੀ ਹਾਂ ਜੋ ਪਿਛਲੇ ਤਿੰਨ ਦਹਾਕਿਆਂ ਤੋਂ ਮੇਰੇ ਹਰ ਸਮਾਜਿਕ ਕਾਰਜ ਵਿਚ ਮੇਰੀ ਸਹਿਯੋਗੀ ਰਹੀ ਹੈ।

ਇਹ ਕਿਤਾਬ ਮੇਰੇ ਰਾਹ–ਦਰਸਾਵੇ ਕੁਲਬੀਰ ਤੋਂ ਬਿਨਾਂ ਸੰਭਵ ਨਹੀਂ ਸੀ, ਜੋ ਕਦੇ ਰਿਸ਼ਤੇ 'ਚ ਮੇਰੇ ਭਰਾ ਦੇ ਰੂਪ ਸੀ, ਪਰ ਉਸ ਦੀ ਮਨਸ਼ਾ, ਜ਼ਿੱਦ ਅਤੇ ਹਾਲਾਤ ਨੇ ਮਿੱਤਰ ਅਤੇ ਹਮਸਫ਼ਰ ਦੀ ਭੂਮਿਕਾ ਤੈਅ ਕਰ ਦਿੱਤੀ।

ਇਸ ਪੁਸਤਕ ਦੇ ਪੰਜਾਬੀ ਅਨੁਵਾਦ ਲਈ ਮੈਂ ਆਪਣੇ ਮਿੱਤਰ ਬੂਟਾ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

–ਪਰਮਜੀਤ ਸਿੰਘ

# 1. ਇਕ ਸ਼ਹਿਰ ਇਕ ਹਾਦਸਾ

ਕੀ ਇਕ ਸਿਆਸੀ ਘਟਨਾ ਏਨੀ ਜ਼ੋਰਦਾਰ ਹੋ ਸਕਦੀ ਹੈ ਜੋ ਵਰ੍ਹਿਆਂ ਤੋਂ ਸਥਾਪਿਤ ਇਨਸਾਨੀ ਰਿਸ਼ਤਿਆਂ ਨੂੰ ਪਲ ਭਰ 'ਚ ਤਹਿਸ-ਨਹਿਸ ਜਾਂ ਨਿਰੰਕੁਸ਼ ਕਰ ਦੇਵੇ ? ਖ਼ਾਸ ਕਰਕੇ ਉਨ੍ਹਾਂ ਇਨਸਾਨੀ ਰਿਸ਼ਤਿਆਂ ਨੂੰ ਜੋ ਸਿਰਫ਼ ਭਾਵਨਾਵਾਂ ਦੇ ਬੁਲਬੁਲੇ ਉੱਪਰ ਨਹੀਂ ਸਗੋਂ ਜ਼ਿੰਦਗੀ ਦੀਆਂ ਹਕੀਕਤਾਂ ਨਾਲ ਇਕ ਕ੍ਰਮਵਾਰ ਲੈਅ 'ਚ ਉਪਜੇ ਹੋਣ ?

ਜਦੋਂ ਗੱਡੀ ਸ਼ਹਿਰ ਵਿਚ ਦਾਖ਼ਲ ਹੋ ਰਹੀ ਸੀ, ਅਮਨ ਇਨ੍ਹਾਂ ਹੀ ਖ਼ਿਆਲਾਂ 'ਚ ਉਲਝਿਆ ਹੋਇਆ ਸੀ। ਅਮਨ ਦਾ ਪੂਰਾ ਨਾਂ ਅਮਨਜੀਤ ਸਿੰਘ ਸੀ। ਵੀਹ ਸਾਲ ਪਹਿਲਾਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਦੇ ਕਈ ਸ਼ਹਿਰਾਂ ਵਿਚ ਭੜਕੀ ਸਿੱਖ ਵਿਰੋਧੀ ਹਿੰਸਾ ਤੋਂ ਬਾਅਦ ਉਸ ਨੂੰ ਅਚਾਨਕ ਕੁਦਰਤ ਦੀ ਗੋਦ 'ਚ ਵਸਿਆ ਆਪਣਾ ਪਿਆਰਾ ਸ਼ਹਿਰ, ਡਾਲਟਨਗੰਜ, ਛੱਡਣਾ ਪਿਆ ਸੀ।

ਬਰਤਾਨਵੀ ਦੌਰ ਦੇ ਮਾਨਵ-ਵਿਗਿਆਨੀ ਅਤੇ ਜ਼ਿਲ੍ਹਾ ਕਮਿਸ਼ਨਰ ਕਰਨਲ ਐਡਵਰਡ ਟੁਇਟ ਡਾਲਟਨ ਦੇ ਨਾਮ 'ਤੇ ਕੋਇਲ ਨਦੀ ਦੇ ਕੰਢੇ ਉੱਪਰ ਵਸਿਆ ਸ਼ਹਿਰ ਡਾਲਟਨਗੰਜ ਚਾਰੇ ਪਾਸਿਓਂ ਕੁਦਰਤੀ ਖ਼ੂਬਸੂਰਤੀ ਨਾਲ ਘਿਰਿਆ ਹੋਇਆ ਹੈ। ਇਸ ਦੀ ਅਲੌਕਿਕ ਕੁਦਰਤੀ ਖ਼ੂਬਸੂਰਤੀ ਨੇ ਸੱਤਿਆਜੀਤ ਰਾਏ, ਉਤਪਲ ਦੱਤ, ਸ਼ਰਮਿਲਾ ਟੈਗੋਰ, ਸੌਮਿਤਰ ਚੈਟਰਜੀ ਵਰਗੀਆਂ ਕਈ ਮੰਨੀਆਂ-ਪ੍ਰਮੰਨੀਆਂ ਫਿਲਮੀ ਹਸਤੀਆਂ ਦੇ ਮਨ ਵੀ ਮੋਹ ਲਏ ਅਤੇ ਉਹ ਆਪਣੀਆਂ ਫਿਲਮਾਂ ਦੀ ਸ਼ੂਟਿੰਗ ਲਈ ਇੱਥੇ ਵਾਰ-ਵਾਰ ਆਉਂਦੇ ਰਹੇ। ਚਾਰ-ਚੁਫੇਰਿਓਂ ਬੇਤਲਾ, ਕੇਚਕੀ, ਨੇਤਰਹਾਟ, ਗਾਰੂ, ਮਹੂਆਡਾਂੜ, ਮਾਰੋਮਾਰ ਅਤੇ ਬਾਰੇਸਾਂਡ ਦੇ ਸੰਘਣੇ ਜੰਗਲਾਂ ਨਾਲ ਘਿਰੇ ਇਸ ਇਲਾਕੇ ਦੀ ਕੁਦਰਤੀ ਖ਼ੂਬਸੂਰਤੀ ਦਾ ਜ਼ਿਕਰ ਫਣੀਸ਼ਵਰ ਨਾਥ ਰੇਣੂ ਵਰਗੇ ਕਈ ਸਾਹਿਤਕਾਰਾਂ ਨੇ ਆਪਣੀਆਂ ਲਿਖਤਾਂ ਵਿਚ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਕੀਤਾ ਹੈ। ਮਹਾਨ ਲੇਖਿਕਾ ਮਹਾਸ਼ਵੇਤਾ ਦੇਵੀ ਨੇ ਤਾਂ ਇਸ ਇਲਾਕੇ ਨੂੰ *ਭਾਰਤ ਕਾ ਆਇਨਾ* ਦਾ ਦਰਜਾ ਦਿੱਤਾ ਸੀ।

ਇਸੇ ਸ਼ਹਿਰ ਵਿਚ ਅਮਨ ਦਾ ਜਨਮ ਹੋਇਆ ਸੀ, ਇੱਥੇ ਹੀ ਉਸ ਨੇ ਉਂਗਲੀ ਫੜ ਕੇ ਤੁਰਨਾ ਸਿੱਖਿਆ; ਉਹ ਸ਼ਹਿਰ, ਜਿੱਥੇ ਉਸ ਨੇ ਆਪਣੇ ਮਿੱਤਰਾਂ ਨਾਲ ਗੁੱਲੀ-ਡੰਡਾ, ਲੱਟੂ, ਡਿਗੋਰੀਆ, ਡੋਲਾਪਤਾ ਅਤੇ ਪਤਾ ਨਹੀਂ ਬਚਪਨ ਦੀਆਂ ਕਿੰਨੀਆਂ ਖੇਡਾਂ ਖੇਡੀਆਂ; ਇਹੀ ਉਹ ਸ਼ਹਿਰ ਸੀ ਜਿੱਥੇ ਉਸਨੇ ਆਪਣੇ ਬਚਪਨ ਦਾ ਅੱਲ੍ਹੜਪੁਣਾ ਅਤੇ ਜਵਾਨੀ ਦੀਆਂ ਰੰਗੀਨੀਆਂ ਦਾ ਆਨੰਦ ਮਾਣਿਆ ਸੀ। ਉਸੇ ਸ਼ਹਿਰ ਨੂੰ ਉਹ ਅੱਜ ਮੁੜ ਦੇਖਣ ਅਤੇ ਮਹਿਸੂਸ ਕਰਨ ਲਈ ਆਇਆ ਸੀ। ਉਹ ਰੇਲਗੱਡੀ ਦੀ ਖਿੜਕੀ ਵਿੱਚੋਂ ਬਾਹਰ ਦੇਖ ਰਿਹਾ ਸੀ। ਪਰ ਉਸਦਾ ਦਿਮਾਗ ਤਾਂ ਸਵਾਲਾਂ ਦੇ ਮਕੜਜਾਲ ਵਿਚ ਉਲਝਿਆ ਹੋਇਆ ਸੀ।

ਸਾਹਮਣੇ ਵਾਲੀ ਸੀਟ ਉੱਪਰ ਬੈਠਾ ਰੋਹਨ ਉਸ ਨੂੰ ਬਹੁਤ ਚਿਰ ਤੋਂ ਵੇਖ ਰਿਹਾ ਸੀ, "ਕਿਵੇਂ ਲੱਗ ਰਿਹੈ ਦੋਸਤ ?"

ਅਮਨ ਦੇ ਦਿਲ ਦੀ ਧੜਕਣ ਹੋਰ ਤੇਜ਼ ਹੋ ਗਈ। ਉਸ ਨੂੰ ਰੋਹਨ ਦੇ ਇਕ ਸਰਲ ਜਹੇ ਸਵਾਲ ਪਿਛਲੀ ਮਨਸ਼ਾ ਦੀ ਪੂਰੀ ਸਮਝ ਸੀ। ਉਸ ਨੂੰ ਪਤਾ ਸੀ ਕਿ ਰੋਹਨ ਉਸ ਨੂੰ ਉਸਦੇ ਅਥਾਹ ਗਹਿਰਾਈ ਵਾਲੇ ਸਵਾਲਾਂ 'ਚੋਂ ਬਾਹਰ ਕੱਢ ਕੇ ਵਰਤਮਾਨ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਉਸ ਨੂੰ ਮੁੜ ਉਸ ਸ਼ਹਿਰ ਵਿਚ ਲਿਆਉਣਾ ਚਾਹ ਰਿਹਾ ਸੀ।

"ਕੁਝ ਵੀ ਤਾਂ ਨਹੀਂ ਬਦਲਿਆ" ਅਮਨ ਨੇ ਸਰਲ ਜਿਹਾ ਜਵਾਬ ਦਿੱਤਾ।

ਹੁਣ ਦੋਹਾਂ ਦੇ ਚਿਹਰਿਆਂ ਉੱਪਰ ਇਕ ਦੂਜੇ ਨੂੰ ਸਮਝਣ, ਸਿੱਧੀ ਗੱਲ ਨਾ ਕਹਿਣ ਵਾਲੀ ਸ਼ਰਾਰਤੀ ਮੁਸਕਾਨ ਸੀ।

ਅਮਨ ਦੇ ਮਨ ਵਿਚ ਆਪਣੇ ਬਚਪਨ ਦੇ ਸ਼ਹਿਰ ਨੂੰ ਦੇਖਣ ਅਤੇ ਰਾਜਨੀਤਕ ਘਟਨਾਵਾਂ ਦੇ ਸਮਾਜਿਕ ਰਿਸ਼ਤਿਆਂ ਉੱਪਰ ਪ੍ਰਭਾਵ ਨੂੰ ਸਮਝਣ ਦੀ ਇੱਛਾ ਉਸ ਸਮੇਂ ਪੈਦਾ ਹੋਈ ਸੀ ਜਦੋਂ ਉਹ ਆਪਣੀ ਐੱਮ.ਫਿਲ ਦੌਰਾਨ ਦਵੰਦਵਾਦੀ ਪਦਾਰਥਵਾਦ ਦਾ ਅਧਿਐਨ ਕਰ ਰਿਹਾ ਸੀ। ਪਰ ਉਹ ਵਰ੍ਹਿਆਂ ਤੋਂ ਇਸ ਸ਼ਹਿਰ ਵਿਚ ਆਉਣ ਤੋਂ ਕਤਰਾਉਂਦਾ ਰਿਹਾ। ਉਸ ਦੇ ਜ਼ਿਹਨ ਵਿਚ ਇਹ ਗੱਲ ਘਰ ਕਰ ਗਈ ਸੀ ਕਿ ਇਸੇ ਸ਼ਹਿਰ ਨੇ ਕਈ ਪਰਿਵਾਰਾਂ ਨੂੰ ਬੇਗਾਨੇ ਬਣਾ ਦਿੱਤਾ ਸੀ ਅਤੇ ਲੰਮੇ ਸਮੇਂ 'ਚ ਬਣੇ ਰਿਸ਼ਤਿਆਂ ਨੂੰ ਇਕ ਦਿਨ 'ਚ ਹੀ ਤਹਿਸ-ਨਹਿਸ ਕਰ ਦਿੱਤਾ ਸੀ। ਰੋਹਨ ਨੂੰ ਜਦੋਂ ਅਮਨ ਦੀ ਇੱਛਾ ਪਤਾ ਲੱਗੀ ਤਾਂ ਉਸ ਨੇ ਇਹ ਇੱਛਾ ਪੂਰੀ ਕਰਨ 'ਚ ਕੋਈ ਕਸਰ ਨਾ ਛੱਡੀ। ਇੰਝ ਤਾਂ ਨਹੀਂ ਸੀ ਕਿ ਉਹ ਦੋਵੇਂ ਹੁਣ ਵੀ ਗੂੜ੍ਹੇ ਮਿੱਤਰ ਸਨ, ਪਰ ਪੁਰਾਣੀ ਦੋਸਤੀ ਦੀਆਂ ਕੁਝ ਰਹਿੰਦ-ਖੂੰਹਦ ਭਾਵਨਾਵਾਂ ਹੁਣ ਵੀ ਕਾਇਮ ਸਨ। ਅਮਨ ਦੇ ਸ਼ਹਿਰ ਛੱਡਣ ਤੋਂ ਬਾਅਦ ਉਹ ਇਕ ਅੱਧੀ ਵਾਰ ਹੀ ਮਿਲੇ ਸਨ ਅਤੇ ਹਰ ਵਾਰ ਮਿਲਣ 'ਤੇ ਆਪਣੀਆਂ ਭਾਵਨਾਵਾਂ ਨੂੰ ਛਲਕਣ ਤੋਂ ਰੋਕ ਨਹੀਂ ਸਕੇ ਸਨ।

"ਲਓ ਆ ਗਿਆ ਆਪ ਜੀ ਦਾ ਸ਼ਹਿਰ", ਰੋਹਨ ਨੇ 'ਆਪ' ਸ਼ਬਦ ਉੱਪਰ ਉਚੇਚਾ ਜ਼ੋਰ ਦਿੱਤਾ। ਉਸ ਨੂੰ ਪਤਾ ਸੀ ਕਿ ਅਮਨ ਹੁਣ ਵੀ ਆਪਣੇ ਨਵੇਂ ਸ਼ਹਿਰ ਨਾਲ ਜੁੜ ਨਹੀਂ ਸਕਿਆ ਸੀ। ਜੁੜਦਾ ਵੀ ਕਿਵੇਂ ? ਉਹ ਆਪਣਾ ਨਹੀਂ, ਅਪਣਾਇਆ ਹੋਇਆ ਸ਼ਹਿਰ ਸੀ, ਜਿੱਥੇ ਰਿਸ਼ਤੇ ਬਣਦੇ ਨਹੀਂ ਬਣਾਉਣੇ ਪੈਂਦੇ ਹਨ।

-----

ਕਹਿਣ ਨੂੰ ਤਾਂ ਅਮਨ ਦਾ ਪਰਿਵਾਰ ਇਕ ਆਧੁਨਿਕ ਤਰਜ਼ੇ-ਜ਼ਿੰਦਗੀ ਗੁਜ਼ਾਰਦਾ ਸੀ, ਪਰ ਉਨ੍ਹਾਂ ਦਾ ਸਮਾਜਿਕ ਤਾਣਾ-ਬਾਣਾ ਇਕ ਰਵਾਇਤੀ ਤਰਜ਼ੇ-ਜ਼ਿੰਦਗੀ ਅਤੇ ਜਗੀਰੂ ਮੁੱਲਾਂ ਉੱਪਰ ਆਧਾਰਿਤ ਸੀ। ਇਹ ਪਰਿਵਾਰ ਉਂਝ ਤਾਂ ਬਾਹਰਲਾ ਸੀ, ਜਿਨ੍ਹਾਂ ਨੂੰ ਕਿਸੇ ਹਾਲਾਤ ਕਾਰਨ ਇਸ ਸ਼ਹਿਰ 'ਚ ਹਿਜ਼ਰਤ ਕਰਨੀ ਪਈ ਸੀ, ਪਰ ਹੌਲੀ-ਹੌਲੀ ਸਮਾਂ ਗੁਜ਼ਰਨ ਨਾਲ ਇਸ ਸ਼ਹਿਰ ਨਾਲ ਉਨ੍ਹਾਂ ਦਾ ਆਰਥਕ, ਸਮਾਜਿਕ ਅਤੇ ਰਾਜਨੀਤਕ ਸੰਬੰਧ ਬਣਿਆ ਰਿਹਾ ਸੀ। ਜਦੋਂ ਸਮਾਜਿਕ ਤਾਣਾ-ਬਾਣਾ ਬਣਦਾ ਹੈ ਤਾਂ ਉਸ ਵਿਚ ਰੀਤੀ-

ਰਿਵਾਜਾਂ ਦਾ ਵੀ ਮਿਸ਼ਰਣ ਹੁੰਦਾ ਹੈ। ਬੋਲੀ ਇਕ ਐਸੀ ਚੀਜ਼ ਹੈ ਜੋ ਸਭ ਤੋਂ ਪਹਿਲਾਂ ਅਸਰ-ਅੰਦਾਜ਼ ਹੁੰਦੀ ਹੈ। ਉਹ ਆਪਣੀ ਬੋਲੀ ਬੋਲਦੇ ਤਾਂ ਸਨ ਪਰ ਉਸ ਵਿਚ ਸਥਾਨਕ ਸ਼ਬਦਾਂ ਅਤੇ ਉਚਾਰਣ ਦੀ ਝਲਕ ਪੈਣੀ ਸ਼ੁਰੂ ਹੋ ਗਈ ਸੀ।

ਅਮਨ ਉਨ੍ਹਾਂ ਸਿੱਖ ਪਰਿਵਾਰਾਂ 'ਚੋਂ ਸੀ ਜਿਨ੍ਹਾਂ ਦੇ ਪੁਰਖੇ ਸੰਨ 1947 ਦੀ ਰਾਜਨੀਤਕ ਉੱਥਲ-ਪੁੱਥਲ ਤੋਂ ਵੀ ਪਹਿਲਾਂ ਕੰਮਕਾਰ ਦੇ ਸਿਲਸਿਲੇ 'ਚ ਇੱਥੇ ਆਏ ਸਨ। ਵਪਾਰ ਦੀ ਕਲਾ 'ਚ ਮੁਹਾਰਤ ਨੂੰ ਸਮਾਂ ਅਤੇ ਹਾਲਾਤ ਤੈਅ ਕਰਦੇ ਹਨ। ਪੱਛਮੀ ਪੰਜਾਬ, ਜੋ ਹੁਣ ਪਾਕਿਸਤਾਨ ਦਾ ਹਿੱਸਾ ਹੈ, ਦੀ ਆਰਥਕ ਅਤੇ ਸਮਾਜਿਕ ਸਥਿਤੀ ਪੂਰੀ ਤਰ੍ਹਾਂ ਵੱਖਰੀ ਸੀ। ਪਰ ਵਪਾਰੀ ਵਰਗ ਤਾਂ ਖ਼ੁਦ ਨੂੰ ਕਿਸੇ ਵੀ ਆਲੇ-ਦੁਆਲੇ 'ਚ ਢਾਲ ਹੀ ਲੈਂਦਾ ਹੈ, ਜਿਵੇਂ ਅਮਨ ਦੇ ਪੁਰਖਿਆਂ ਨੇ ਖ਼ੁਦ ਨੂੰ ਢਾਲ ਲਿਆ ਸੀ।

ਭਾਵਨਾਵਾਂ ਦੇ ਉਬਾਲ ਨੂੰ ਕਾਬੂ 'ਚ ਰੱਖਦੇ ਹੋਏ ਅਮਨ ਨੇ ਪਲੇਟਫਾਰਮ ਉੱਪਰ ਲੱਗੇ ਹੋਏ ਪੀਲੇ ਬੋਰਡ ਉੱਪਰ ਲਿਖੇ ਆਪਣੇ ਪੁਰਾਣੇ ਸ਼ਹਿਰ ਦਾ ਨਾਂ ਪੜ੍ਹਿਆ। ਗੱਡੀ ਦੀ ਰਫ਼ਤਾਰ ਹੌਲੀ ਹੋਣੀ ਸ਼ੁਰੂ ਹੋ ਗਈ ਸੀ ਅਤੇ ਅਮਨ ਦੇ ਦਿਲ ਦੀ ਧੜਕਣ ਤੇਜ਼।

'ਆਓ ਦੋਸਤ ਹੇਠਾਂ ਉਤਰੀਏ'', ਰੋਹਨ ਉੱਠ ਖੜ੍ਹਿਆ।

ਅਮਨ ਟਿਕਟਿਕੀ ਲਗਾਕੇ ਰੋਹਨ ਨੂੰ ਵੇਖ ਰਿਹਾ ਸੀ। ਜਿਉਂ-ਜਿਉਂ ਗੱਡੀ ਹੌਲੀ ਹੁੰਦੀ ਜਾ ਰਹੀ ਸੀ, ਅਮਨ ਦਾ ਮਨ ਪਿੱਛੇ ਵੱਲ ਦੌੜ ਰਿਹਾ ਸੀ। ਉਹ ਹੁਣ ਨਾ ਤਾਂ ਵਰਤਮਾਨ 'ਚ ਜੀ ਰਿਹਾ ਸੀ ਅਤੇ ਨਾ ਹੀ ਇਹ ਸੋਚ ਰਿਹਾ ਸੀ ਕਿ ਅਗਲੇ ਕੁਝ ਦਿਨਾਂ 'ਚ ਇਸ ਸ਼ਹਿਰ ਵਿਚ ਕੀ ਕਰੇਗਾ ? ਫਿਰ ਗੱਡੀ ਰੁਕੀ ਅਤੇ ਬਾਹਰ ਕਈ ਜਾਣੇ-ਪਛਾਣੇ ਚਿਹਰੇ ਨਜ਼ਰ ਆਏ। ਰੋਹਨ ਨੇ ਉੱਠ ਕੇ ਉੱਪਰ ਵਾਲੀ ਬਰਥ ਤੋਂ ਸਮਾਨ ਲਾਹੁਣਾ ਸ਼ੁਰੂ ਕਰ ਦਿੱਤਾ। ਅਮਨ ਨੇ ਵੀ ਆਪਣੀ ਸੀਟ ਦੇ ਹੇਠੋਂ ਸਮਾਨ ਕੱਢਿਆ ਅਤੇ ਰੋਹਨ ਦੇ ਪਿੱਛੇ-ਪਿੱਛੇ ਤੁਰ ਪਿਆ।

ਗੱਡੀ ਤੋਂ ਉਤਰਨ 'ਤੇ ਕਿਸੇ ਨੇ ਅਮਨ ਨੂੰ ਬਾਹਵਾਂ 'ਚ ਘੁੱਟ ਲਿਆ।

''ਵੀਰੇ'' ਅਮਨ ਦੇ ਕੰਨਾਂ 'ਚ ਇਕ ਆਵਾਜ਼ ਪਈ। ਆਵਾਜ਼ ਵਿਚ ਵਿਛੜਨ ਦਾ ਦੁੱਖ ਝਲਕ ਰਿਹਾ ਸੀ। ਚਿਹਰਾ ਦੇਖਣ ਦੀ ਕੋਸ਼ਿਸ਼ 'ਚ ਅਮਨ ਨੇ ਉਸ ਨੂੰ ਆਪਣੇ ਤੋਂ ਜੁਦਾ ਕਰਨਾ ਚਾਹਿਆ। ਪਰ ਉਹ ਰੁਕ ਗਿਆ। ਉਸ ਨੂੰ ਆਪਣੀਆਂ ਬਾਹਵਾਂ ਉੱਪਰ ਹੰਝੂਆਂ ਦਾ ਗਿੱਲਾਪਣ ਮਹਿਸੂਸ ਹੋਇਆ। ਹੌਲੀ-ਹੌਲੀ ਇਕ ਚਿਹਰਾ ਸਾਹਮਣੇ ਆਇਆ ਅਤੇ ਫਿਰ ਉਹ ਅੱਖਾਂ, ਜਿਨ੍ਹਾਂ ਵਿਚ ਸਵਾਲ ਤਾਂ ਨਹੀਂ ਪਰ ਅਮਨ ਦੇ ਜ਼ਿਹਨ 'ਚ ਉੱਠਦੇ ਕੁਝ ਸਵਾਲਾਂ ਦੇ ਅਰਥਪੂਰਨ ਜਵਾਬ ਝਲਕ ਰਹੇ ਸਨ। ਬੁੱਲ੍ਹਾਂ ਦੀ ਕੰਬਣੀ 'ਚ ਘੁੱਟੀਂਦੇ ਸ਼ਬਦ ਕੁਝ ਕਹਿੰਦੇ ਜਾਪ ਰਹੇ ਸਨ। ਅਮਨ ਦੀ ਨਜ਼ਰ ਉਸ ਦੇ ਚਿਹਰੇ 'ਤੇ ਪਈ। ਉਹ ਬਿਨੈ ਸੀ।

ਬਿਨੈ ਦਰਅਸਲ ਅਮਨ ਅਤੇ ਉਸ ਦੇ ਛੋਟੇ ਭਰਾ ਰਮਨ ਦਾ ਸਾਂਝਾ ਅਤੇ ਬਹੁਤ ਗੂੜ੍ਹਾ ਮਿੱਤਰ ਸੀ – ਬਿਲਕੁਲ ਲੰਗੋਟੀਆ ਯਾਰ। ਗਜ਼ਬ ਦਾ ਹਮਰਾਜ਼! ਉਸਨੇ ਕਿਸੇ ਦੇ ਰਾਜ਼ ਦੀ ਕਦੇ ਦੂਜੇ ਨੂੰ ਭਿਣਕ ਨਹੀਂ ਪੈਣ ਦਿੱਤੀ। ਦੋਵੇਂ ਭਰਾ ਇਸ ਗੱਲੋਂ ਬੇਖ਼ਬਰ ਸਨ ਕਿ

ਬਿਨੈ ਉਨ੍ਹਾਂ ਦੋਹਾਂ ਦਾ ਰਾਜ਼ਦਾਰ ਹੈ।

ਰਮਨ ਦੀ ਬੇਵਕਤ ਮੌਤ ਨੇ ਅਮਨ ਅਤੇ ਬਿਨੈ ਨੂੰ ਹੋਰ ਵੀ ਨੇੜੇ ਲੈ ਆਂਦਾ। ਮੌਤ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਰਮਨ ਆਪਣੀ ਪਤਨੀ ਨਾਲ ਬਿਨੈ ਨੂੰ ਮਿਲਣ ਆਇਆ ਸੀ।

ਅਮਨ ਨੂੰ ਕਈ ਹੋਰ ਚਿਹਰੇ ਵੀ ਨਜ਼ਰ ਆਏ। ਉਹ ਉਨ੍ਹਾਂ ਸਾਰੇ ਚਿਹਰਿਆਂ ਨੂੰ ਹੌਲੀ-ਹੌਲੀ ਪਛਾਣਕੇ ਉਨ੍ਹਾਂ ਦੇ ਨਾਮ ਚੇਤੇ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਨ੍ਹਾਂ ਵਿੱਚੋਂ ਕਈ ਚਿਹਰੇ ਅੱਜ ਤੋਂ ਤਕਰੀਬਨ ਦੋ ਦਹਾਕੇ ਪਹਿਲਾਂ ਵੀ ਇਸੇ ਸਟੇਸ਼ਨ ਉੱਪਰ ਮੌਜੂਦ ਸਨ, ਜਦੋਂ ਅਮਨ ਆਪਣੇ ਮਾਤਾ-ਪਿਤਾ ਨੂੰ ਇਸ ਸ਼ਹਿਰ ਤੋਂ ਦੂਰ ਇਕ ਨਵੇਂ ਟਿਕਾਣੇ 'ਤੇ ਲੈ ਜਾਣ ਲਈ ਆਇਆ ਸੀ।

ਉਦੋਂ ਫ਼ਰਕ ਸਿਰਫ਼ ਇਨ੍ਹਾਂ ਚਿਹਰਿਆਂ ਤੋਂ ਝਲਕਦੀਆਂ ਭਾਵਨਾਵਾਂ ਦਾ ਸੀ। ਕਹਿ ਲਓ, ਉਨ੍ਹਾਂ ਚਿਹਰਿਆਂ ਉੱਪਰ ਕਿਸੇ ਦੁਸ਼ਮਣ ਨੂੰ ਮਾਤ ਦੇਣ ਦੀ ਖ਼ੁਸ਼ੀ ਸੀ। ਅੱਜ ਉਹ ਚਿਹਰੇ ਕੁਝ ਹੋਰ ਹੀ ਬਿਆਨ ਕਰ ਰਹੇ ਸਨ। ਸਾਰੇ ਆਨੰਦ ਦੇ ਸਰੂਰ 'ਚ ਸਨ। ਕੁਝ ਵੀ ਹੋਵੇ, ਸਾਰਿਆਂ ਦੀਆਂ ਭਾਵਨਾਵਾਂ ਉਮੜ ਰਹੀਆਂ ਸਨ।

"ਚਲੋ ਭਰਾ ਘਰ ਚਲੀਏ।"

ਜਦੋਂ ਉਹ ਸਟੇਸ਼ਨ ਤੋਂ ਬਾਹਰ ਨਿੱਕਲੇ, ਅਮਨ ਦੇ ਇਕ ਪਾਸੇ ਬਿਨੈ ਅਤੇ ਦੂਜੇ ਪਾਸੇ ਰੋਹਨ ਅਤੇ ਫਿਰ ਪੰਦਰਾਂ-ਵੀਹ ਜਣਿਆਂ ਦਾ ਕਾਰਵਾਂ ਸੀ। ਤੁਰਦੇ ਸਮੇਂ ਵੀ ਗੱਲਬਾਤ ਚੱਲਦੀ ਰਹੀ। ਇਸ ਤਰ੍ਹਾਂ ਉਹ ਸਾਰੇ ਸਟੇਸ਼ਨ ਤੋਂ ਬਾਹਰ ਆ ਗਏ। ਮੰਦਰ ਵਾਲੀ ਗਲੀ ਵਿੱਚੋਂ ਹੁੰਦੇ ਹੋਏ ਉਹ ਉਸ ਮੈਦਾਨ ਤੱਕ ਪਹੁੰਚੇ ਜਿੱਥੇ ਅਮਨ ਦਾ ਜਨਮ ਕੋਨੇ 'ਚ ਵਸੇ ਇਕ ਘਰ 'ਚ ਹੋਇਆ ਸੀ। ਅਮਨ ਹੁਣ ਆਪਣੇ ਖ਼ਿਆਲਾਂ 'ਚ ਗੁੰਮ ਹੋਣਾ ਸ਼ੁਰੂ ਹੋ ਗਿਆ। ਉਸ ਨੂੰ ਚੇਤੇ ਆਇਆ ਕਿ ਛੁੱਟੀਆਂ 'ਚ ਕਿਵੇਂ ਉਹ ਸਾਰਾ-ਸਾਰਾ ਦਿਨ ਇਸੇ ਮੈਦਾਨ ਵਿਚ ਆਪਣੇ ਮਿੱਤਰਾਂ ਨਾਲ ਗੁਜ਼ਾਰਦਾ ਸੀ। ਉਨ੍ਹਾਂ ਦੇ ਲਈ ਇਹ ਮੈਦਾਨ ਮਹਿਜ਼ ਫੁੱਟਬਾਲ-ਕ੍ਰਿਕੇਟ ਖੇਡਣ ਦੀ ਜਗ੍ਹਾ ਹੀ ਨਹੀਂ ਸਗੋਂ ਲੜਾਈ ਦਾ ਮੈਦਾਨ ਵੀ ਸੀ ਜਿੱਥੇ ਉਹ 'ਦੁਸ਼ਮਣਾਂ' ਨੂੰ ਲਲਕਾਰਦੇ ਹੁੰਦੇ ਸਨ। ਮੈਦਾਨ ਦੇ ਨਾਂ 'ਗਾਂਧੀ ਮੈਦਾਨ' ਤੋਂ ਉਲਟ ਅਮਨ ਆਪਣੇ ਸਾਥੀਆਂ ਨਾਲ ਮਿਲਕੇ ਏਥੇ ਖ਼ੂਬ ਧਮੱਚੜ ਮਚਾਉਂਦਾ ਰਿਹਾ ਸੀ।

ਉਨ੍ਹਾਂ ਦੀਆਂ ਮੱਝਾਂ ਇਸੇ ਮੈਦਾਨ 'ਚ ਚਰਦੀਆਂ ਸਨ ਅਤੇ ਸਵੇਰੇ ਸ਼ਾਮ ਬਾਲਟੀ ਭਰ ਕੇ ਦੁੱਧ ਦਿੰਦੀਆਂ ਸਨ। ਮੱਝਾਂ ਦੇ ਜਾਣ ਤੋਂ ਬਾਅਦ ਅਮਨ ਦੇ ਪਿਤਾ ਜੀ ਨੇ ਬੱਚਿਆਂ ਨੂੰ ਪੜ੍ਹਾਉਣ ਲਈ ਜੋ ਪਿਛਲਾ ਕਮਰਾ ਬਣਵਾਇਆ ਸੀ, ਉਸ ਦਾ ਇਕ ਦਰਵਾਜ਼ਾ ਇਸੇ ਮੈਦਾਨ 'ਚ ਖੁੱਲ੍ਹਦਾ ਸੀ। ਦੋਸਤਾਂ ਤੋਂ ਇਲਾਵਾ ਉਹ ਇੱਥੇ ਕੁੱਤਿਆਂ, ਸੂਰਾਂ, ਸੱਪਾਂ ਆਦਿ ਨਾਲ ਵੀ ਦਸਤਪੰਜਾ ਲੈਂਦਾ ਰਹਿੰਦਾ ਸੀ।

ਫਿਰ ਉੱਥੋਂ ਅਮਨ ਦਾ ਪਰਿਵਾਰ ਇਕ ਨਵੇਂ ਅਤੇ ਬਿਲਕੁਲ ਨਿਆਰੇ ਘਰ 'ਚ ਚਲਾ ਗਿਆ ਸੀ। ਤੇ ਅੱਜ ਅਮਨ ਉਨ੍ਹਾਂ ਹੀ ਬਚਪਨ ਦੇ ਬੇਲੀਆਂ ਨਾਲ ਉਸ ਨਵੇਂ ਘਰ ਵਾਲੀ ਗਲੀ ਦੇ ਮੁਹਾਣੇ 'ਤੇ ਸੀ, ਇੱਥੇ ਉਹ ਚੌਕ ਸੀ ਜਿੱਥੋਂ ਕਦੇ ਅਮਨ ਤੇ ਉਸ ਦੀ ਕੌਮ

ਦੀ ਜਗੀਰ ਸ਼ੁਰੂ ਹੁੰਦੀ ਸੀ। ਇਕ ਗਲੀ ਤਾਂ ਮਿੰਨੀ ਪੰਜਾਬ ਦੇ ਨਾਂ ਨਾਲ ਮਸ਼ਹੂਰ ਸੀ। ਬਿਰਾਦਰੀ ਵਿਚ ਜ਼ਿਆਦਾਤਰ ਸਿੱਖ ਸਨ ਜੋ ਇਸੇ ਮੁਹੱਲੇ 'ਚ ਰਹਿੰਦੇ ਸਨ। ਸਿੱਖ ਪਰਿਵਾਰ ਇਸੇ ਮੁਹੱਲੇ 'ਚ ਵਸੇ ਹੋਰ ਬਿਰਾਦਰੀ ਦੇ ਲੋਕਾਂ ਨਾਲ ਘੁਲ-ਮਿਲ ਗਏ ਸਨ ਸਿਵਾਏ ਇਸ ਦੇ ਕਿ ਸਿੱਖਾਂ ਦਾ ਜੀਵਨ-ਪੱਧਰ ਤੇਜ਼ੀ ਨਾਲ ਉੱਚਾ ਉੱਠ ਰਿਹਾ ਸੀ। ਦੂਜਾ, ਉਨ੍ਹਾਂ ਦੇ ਰਹਿਣ-ਸਹਿਣ ਦਾ ਢੰਗ, ਥੋੜ੍ਹਾ ਆਧੁਨਿਕ ਕਿਸਮ ਦਾ ਸੀ ਅਤੇ ਉਹ ਜ਼ਰਾ ਜ਼ਿਆਦਾ ਹੀ ਖ਼ੁਸ਼ ਤੇ ਖ਼ੁਸ਼ਹਾਲ ਦਿਸਦੇ ਸਨ। ਉਂਝ ਤਾਂ ਹੋਰ ਰਾਜਾਂ ਤੋਂ ਆਈਆਂ ਸਾਰੀਆਂ ਹੀ ਬਿਰਾਦਰੀਆਂ ਵੀ ਵਾਹਵਾ ਖ਼ੁਸ਼ਹਾਲ ਸਨ ਜੋ ਕਈ ਤਰ੍ਹਾਂ ਦੇ ਕੰਮਕਾਰਾਂ ਨਾਲ ਜੁੜੀਆਂ ਹੋਈਆਂ ਸਨ। ਪਰ ਉਨ੍ਹਾਂ 'ਚ ਕੁਝ ਫ਼ਰਕ ਸੀ। ਇਕ ਤਾਂ ਉਹ 'ਬਾਹਰਲੇ' ਨਹੀਂ ਜਾਪਦੇ ਸਨ ਅਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ 'ਚ ਕੋਈ ਫ਼ਰਕ ਨਹੀਂ ਸੀ। ਦੂਜਾ ਉਹ ਸਿੱਖਾਂ ਵਾਂਗ ਖੁੱਲ੍ਹਕੇ ਜ਼ਿੰਦਗੀ ਨਹੀਂ ਜਿਉਂਦੇ ਸਨ। ਸਿੱਖ ਵੱਖਰੇ ਦਿਸਦੇ ਸਨ। ਸਿਰਫ਼ ਪਹਿਰਾਵੇ ਪੱਖੋਂ ਹੀ ਨਹੀਂ ਸਗੋਂ ਤਰਜ਼ੇ-ਜ਼ਿੰਦਗੀ ਦੇ ਹੋਰ ਪੱਖਾਂ ਤੋਂ ਵੀ।

"ਆਓ ਵੀਰੇ" ਬਿਨੈ ਨੇ ਕਿਹਾ। ਹੁਣ ਸਾਰੇ ਬਿਨੈ ਦੇ ਘਰ ਦੇ ਬਾਹਰ ਖੜ੍ਹੇ ਸਨ। ਕੁਝ ਕਦਮ ਹੋਰ ਚੱਲਦਾ ਤਾਂ ਅਮਨ ਨੇ ਆਪਣੇ ਘਰ ਦੇ ਸਾਹਮਣੇ ਖੜ੍ਹਾ ਹੋਣਾ ਸੀ। ਇਸ ਤੋਂ ਪਹਿਲਾਂ ਕਿ ਅਮਨ ਕੁਝ ਸੋਚਦਾ ਬਿਨੈ ਉਸ ਨੂੰ ਇਕ ਤਰ੍ਹਾਂ ਖਿੱਚ ਕੇ ਆਪਣੇ ਘਰ ਦੇ ਅੰਦਰ ਲੈ ਗਿਆ। ਇਸ ਵਿਚ ਇਕ ਅਜੀਬ ਕਸ਼ਮ-ਕਸ਼ ਸੀ। ਅਮਨ ਨੂੰ ਸਾਫ਼ ਲੱਗ ਰਿਹਾ ਸੀ ਕਿ ਬਿਨੈ ਦਾ ਇਸ ਤਰ੍ਹਾਂ ਖਿੱਚਣਾ ਸੁਭਾਵਿਕ ਨਹੀਂ ਹੈ। ਬਿਨੈ ਨਹੀਂ ਸੀ ਚਾਹੁੰਦਾ ਕਿ ਅਮਨ ਸਿੱਧਾ ਆਪਣੇ ਪੁਰਾਣੇ ਘਰ ਦੇ ਸਾਹਮਣੇ ਜਾਵੇ।

ਏਨੇ ਨੂੰ ਰੋਹਨ ਦੀ ਆਵਾਜ਼ ਆਈ। "ਮੈਂ ਵੀ ਚਲਦਾ ਹਾਂ। ਮਾਂ, ਪਾਪਾ ਨੂੰ ਮਿਲਕੇ ਹੁਣੇ ਆਉਂਦਾ ਹਾਂ।"

ਰੋਹਨ ਦਾ ਘਰ ਅਮਨ ਦੇ ਘਰ ਦੇ ਬਿਲਕੁਲ ਸਾਹਮਣੇ ਸੀ। ਉਸ ਦੇ ਮਾਤਾ-ਪਿਤਾ ਘਰ ਦੇ ਗੇਟ ਉੱਪਰ ਖੜ੍ਹੇ ਸਨ ਅਤੇ ਉਨ੍ਹਾਂ ਵੱਲ ਦੇਖ ਰਹੇ ਸਨ। ਹੁਣ ਤੱਕ ਸਾਰੇ ਬਿਨੈ ਦੇ ਘਰ ਵਿਚ ਬਣੀ ਬਾਹਰ ਵਾਲੀ ਬੈਠਕ ਵਿਚ ਚਲੇ ਗਏ ਸਨ। ਬਿਨੈ ਨੇ ਸਾਰਿਆਂ ਨੂੰ ਪਾਣੀ ਪਿਆਇਆ, ਉਸ ਤੋਂ ਬਾਅਦ ਹੌਲੀ-ਹੌਲੀ ਸਾਰੇ ਦੋਸਤਾਂ ਵੱਲੋਂ, ਜੋ ਉਨ੍ਹਾਂ ਦੇ ਨਾਲ ਸਟੇਸ਼ਨ ਤੋਂ ਆਏ ਸਨ, ਸਵਾਲਾਂ ਅਤੇ ਜਵਾਬਾਂ ਦੀ ਬੌਛਾੜ ਸ਼ੁਰੂ ਹੋ ਗਈ। ਕੋਈ ਕੁਝ ਪੁੱਛ ਰਿਹਾ ਸੀ, ਤੇ ਕਈ ਕੁਝ ਦੱਸ ਵੀ ਰਹੇ ਸਨ। ਅਮਨ ਤੋਂ ਅਜੇ ਤੱਕ ਆਪਣਾ ਆਪ ਪੂਰੀ ਤਰ੍ਹਾਂ ਸੰਭਲ ਨਹੀਂ ਸੀ ਰਿਹਾ।

"ਇਹ ਨਿਰਮਲਾ ਹੈ, ਤੇਰੀ ਛੋਟੀ ਭਾਬੀ।" ਅਮਨ ਬਿਨੈ ਦੀ ਪਤਨੀ ਨੂੰ ਪਹਿਲੀ ਵਾਰ ਮਿਲ ਰਿਹਾ ਸੀ।

"ਨਮਸਤੇ ਭਾਬੀ।" ਅਮਨ ਦਾ ਛੋਟਾ ਭਰਾ ਰਮਨ ਅਤੇ ਬਿਨੈ ਕਿਉਂਕਿ ਹਾਣੀ ਸਨ ਅਤੇ ਹਮਜਮਾਤੀ ਵੀ ਸਨ, ਇਕਦਮ ਰਮਨ ਦੀਆਂ ਕਹੀਆਂ ਹੋਈਆਂ ਗੱਲਾਂ ਅਮਨ ਦੇ ਜ਼ਿਹਨ ਨੂੰ ਕੁਰੇਦਣ ਲੱਗੀਆਂ। ਜਿਵੇਂ ਰਮਨ ਨੇ ਦੱਸਿਆ ਸੀ, ਬਿਨੈ ਦੀ ਪਤਨੀ ਦਾ ਸੁਭਾਅ

ਉਸ ਤੋਂ ਵੀ ਜ਼ਿਆਦਾ ਅਪਣੱਤ ਵਾਲਾ ਜਾਪਦਾ ਸੀ। ਬਿਨੈ ਜਿਸ ਪਰਿਵਾਰ, ਸੰਸਕ੍ਰਿਤੀ ਅਤੇ ਸੱਭਿਅਤਾ ਨਾਲ ਸੰਬੰਧਤ ਸੀ, ਉਸ ਵਿਚ ਔਰਤਾਂ ਨੂੰ ਬਾਹਰਲੀ ਬੈਠਕ ਵਿਚ ਆਉਣ ਦੀ ਤਕਰੀਬਨ ਮਨਾਹੀ ਸੀ, ਉਹ ਵੀ ਉਦੋਂ ਜਦੋਂ ਕੋਈ ਬਾਹਰਲੇ ਬੰਦੇ ਜਾਂ ਘਰ ਦੇ ਬੰਦਿਆਂ ਦੇ ਮਿੱਤਰ ਆਏ ਹੋਣ। ਅਮਨ ਜਾਂ ਰਮਨ ਦੀ ਬਿਨੈ ਦੇ ਘਰ ਆਉਣੀ-ਜਾਣੀ ਵੀ ਸਿਰਫ਼ ਕੁਝ ਥਾਵਾਂ ਤੱਕ ਹੀ ਸੀਮਤ ਸੀ ਜਿਵੇਂ ਕਿ ਬਾਹਰਲੀ ਬੈਠਕ, ਬਾਹਰਲਾ ਬਰਾਂਡਾ ਜਾਂ ਬਾਹਰਲੀਆਂ ਪੌੜੀਆਂ ਤੋਂ ਹੁੰਦੇ ਹੋਏ ਬਿਨੈ ਦਾ ਕਮਰਾ। ਬਿਨੈ ਦਾ ਪਰਿਵਾਰ ਸਾਂਝਾ ਪਰਿਵਾਰ ਸੀ ਜਿਸ ਵਿਚ ਉਹ ਆਪਣੇ ਦਾਦਾ-ਦਾਦੀ, ਮਾਤਾ-ਪਿਤਾ, ਭਰਾਵਾਂ ਅਤੇ ਕਈ ਭੈਣਾਂ ਤੋਂ ਇਲਾਵਾ ਕਈ ਚਾਚਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਅਣਵਿਆਹੀਆਂ ਭੂਆ ਦੇ ਨਾਲ ਰਹਿੰਦਾ ਸੀ। ਅਮਨ ਜਾਂ ਰਮਨ ਦਾ ਬਿਨੈ ਦੀਆਂ ਭੈਣਾਂ ਜਾਂ ਪਰਿਵਾਰ ਦੀਆਂ ਹੋਰ ਔਰਤਾਂ ਨਾਲ ਨਾਂਹ ਦੇ ਬਰਾਬਰ ਹੀ ਮੇਲਜੋਲ ਜਾਂ ਗੱਲਬਾਤ ਹੁੰਦੀ ਸੀ। ਅੱਜ ਸ਼ਾਇਦ ਪਹਿਲੀ ਵਾਰ ਅਮਨ ਬਿਨੈ ਦੇ ਘਰ ਦੀ ਕਿਸੇ ਔਰਤ ਨਾਲ ਇਸ ਤਰ੍ਹਾਂ ਮੁਖ਼ਾਤਿਬ ਹੋ ਰਿਹਾ ਸੀ।

"ਤੁਸੀਂ ਬਹੁਤ ਸਾਲ ਬਾਅਦ ਆਏ ਹੋ। ਕਿਵੇਂ ਲੱਗ ਰਿਹੈ?" ਨਿਰਮਲਾ ਦਾ ਸਵਾਲ ਏਨਾ ਸਿੱਧਾ ਨਹੀਂ ਸੀ। ਹਾਲਾਂਕਿ ਜਵਾਬ ਸਿੱਧਾ ਹੋ ਸਕਦਾ ਸੀ। ਇਸ ਤੋਂ ਪਹਿਲਾਂ ਕਿ ਅਮਨ ਕੁਝ ਸੋਚਦਾ ਜਾਂ ਬੋਲਦਾ, ਹੋਰ ਦੋਸਤ ਵਿਦਾਇਗੀ ਲੈਣ ਲੱਗ ਪਏ।

ਬਿਨੈ ਬੋਲਿਆ, "ਚਲੋ ਵੀਰੇ, ਹੁਣ ਤੁਸੀਂ ਨਹਾ-ਧੋ ਕੇ ਫਰੈੱਸ਼ ਹੋ ਜਾਓ। ਥੋੜ੍ਹਾ ਆਰਾਮ ਵੀ ਕਰ ਲਓ। ਪੂਰੀ ਰਾਤ ਦੇ ਸਫ਼ਰ ਨਾਲ ਥੱਕ ਗਏ ਹੋਵੋਗੇ।"

ਬਿਨੈ ਨੂੰ ਅਮਨ ਦੀਆਂ ਭਾਵਨਾਵਾਂ ਦਾ ਪਤਾ ਸੀ। ਜਾਂ ਇੰਝ ਕਹਿ ਲਓ ਕਿ ਉਹ ਅਮਨ ਦੇ ਜ਼ਿਹਨ 'ਚ ਉੱਠਦੀ ਭੜਾਸ ਨੂੰ ਠੰਡਾ ਕਰਨਾ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਇਕੱਠੇ ਬੈਠੀਏ ਅਤੇ ਜ਼ਿੰਦਗੀ ਦੀਆਂ ਹਕੀਕਤਾਂ ਦੇ ਰੂਬਰੂ ਹੋਈਏ। ਹਾਲਾਤ ਨੇ ਉਨ੍ਹਾਂ ਨੂੰ ਦੂਰ ਕਰ ਦਿੱਤਾ ਸੀ। ਇਨ੍ਹਾਂ ਦੂਰੀਆਂ ਦਾ ਉਸ ਨੂੰ ਅਹਿਸਾਸ ਅਤੇ ਦੁੱਖ ਤਾਂ ਹੈ ਹੀ ਸੀ, ਨਾਲ ਹੀ ਜਾਂ ਤਾਂ ਇਨ੍ਹਾਂ ਹਾਲਾਤਾਂ ਦਾ ਨਾਟਕ੍ਰਮ ਉਸ ਨੂੰ ਸਮਝ ਨਹੀਂ ਆਇਆ ਸੀ ਜਾਂ ਫਿਰ ਉਹ ਉਸ ਵਿਚ ਆਪਣੀ ਭੂਮਿਕਾ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਉਹ ਇਕ ਦੋਚਿੱਤੀ 'ਚ ਵੀ ਸੀ। ਸਵਾਲਾਂ ਨੂੰ ਹੱਲ ਕਰਨ ਦੀ ਲਲਕ ਪਰ ਵਿਹਾਰਕ ਜ਼ਿੰਦਗੀ 'ਚ ਇਨ੍ਹਾਂ ਬਦਲੇ ਹੋਏ ਹਾਲਾਤਾਂ 'ਚ ਉਸਦੀ ਹੋਂਦ ਅਤੇ ਲਾਭ। ਜਾਂ ਫਿਰ ਇੰਝ ਕਹਿ ਲਓ ਕਿ ਬਦਲੇ ਹੋਏ ਹਾਲਾਤਾਂ ਅੱਗੇ ਗੋਡੇ ਟੇਕਣਾ ਜਾਂ ਫਿਰ ਇਕ ਸਚਾਈ।

ਬਿਨੈ ਨੇ ਇਕ ਕਮਰਾ ਖੋਲ੍ਹਿਆ ਜੋ ਹੇਠਾਂ ਹੀ ਸੀ। ਅਮਨ ਨੇ ਪਹਿਲੀ ਵਾਰ ਬਿਨੈ ਦੇ ਘਰ ਦਾ ਹੇਠਲਾ ਹਿੱਸਾ ਦੇਖਿਆ। ਇਹ ਉੱਪਰਲੇ ਹਿੱਸੇ ਤੋਂ ਬਿਲਕੁਲ ਵੱਖਰਾ ਸੀ। ਇਸ ਵਿਚ ਅਜੇ ਵੀ ਪੁਰਾਤਨਪਣ ਸੀ। ਵਿਚਾਲੇ ਇਕ ਵਿਹੜਾ ਅਤੇ ਉਸ ਦੇ ਚਾਰੇ ਪਾਸੇ ਕਮਰੇ। ਵਿਹੜੇ ਦੇ ਵਿਚਕਾਰ ਇਕ ਛੋਟਾ ਜਿਹਾ ਥੜ੍ਹਾ ਅਤੇ ਉਸ ਉੱਪਰ ਤੁਲਸੀ ਦਾ ਬੂਟਾ। ਅਮਨ ਹੈਰਾਨ ਸੀ ਕਿ ਜਿਹੜਾ ਘਰ ਹਮੇਸ਼ਾ ਭਰਿਆ ਭਰਿਆ ਰਹਿੰਦਾ ਸੀ, ਉਸ ਘਰ ਦੇ ਹੋਰ ਜੀਅ ਕਿੱਥੇ ਹਨ। ਅਮਨ ਦੇ ਪੁੱਛਣ ਤੋਂ ਪਹਿਲਾਂ ਹੀ ਬਿਨੈ ਬੋਲ ਪਿਆ।

"ਦਾਦਾ-ਦਾਦੀ ਚਲਾਣਾ ਕਰ ਗਏ। ਮਾਂ ਤਾਂ ਤੁਹਾਡੇ ਹੁੰਦਿਆਂ ਹੀ ਚਲਾਣਾ ਕਰ ਗਈ ਸੀ, ਪਾਪਾ ਵੀ ਚਲੇ ਗਏ। ਇਕ ਚਾਚਾ ਸ਼ਹਿਰ ਛੱਡ ਗਿਆ ਅਤੇ ਦੂਜੇ ਬਜ਼ਾਰ ਵਾਲੇ ਘਰ ਵਿਚ ਚਲੇ ਗਏ। ਭੂਆ ਵਿਆਹੀਆਂ ਗਈਆਂ। ਵੱਡਾ ਭਰਾ ਪਰਿਵਾਰ ਸਮੇਤ ਐੱਮ.ਪੀ. ਚਲਾ ਗਿਆ। ਵੱਡੀ ਭੈਣ ਦਾ ਵਿਆਹ ਤਾਂ ਤੁਹਾਡੇ ਹੁੰਦਿਆਂ ਹੀ ਹੋ ਗਿਆ ਸੀ। ਫਿਰ ਇਕ-ਇਕ ਕਰਕੇ ਛੋਟੀਆਂ ਵੀ ਵਿਆਹੀਆਂ ਗਈਆਂ।"

ਬਿਨੈ ਵਾਰ-ਵਾਰ ਅਮਨ ਦੇ ਮਨ 'ਚ ਉੱਠਦੇ ਸਵਾਲਾਂ ਦਾ ਪਹਿਲਾਂ ਹੀ ਅਗਾਊਂ ਅੰਦਾਜ਼ਾ ਲਗਾ ਕੇ ਜਾਂ ਤਾਂ ਜਵਾਬ ਦੇ ਰਿਹਾ ਸੀ ਜਾਂ ਫਿਰ ਸਵਾਲਾਂ ਦੇ ਉੱਠਣ ਤੋਂ ਪਹਿਲਾਂ ਹੀ ਵਿਸ਼ਾ ਬਦਲ ਰਿਹਾ ਸੀ। ਅਮਨ ਨੂੰ ਲਗਾਤਾਰ ਇਸ ਗੱਲ ਦਾ ਅਹਿਸਾਸ ਹੋ ਰਿਹਾ ਸੀ ਜਿਵੇਂ ਬਿਨੈ ਆਉਣ ਵਾਲੀਆਂ ਹਾਲਤਾਂ ਉੱਪਰ ਆਪਣਾ ਮੁਕੰਮਲ ਗ਼ਲਬਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਰੇਲਵੇ ਪਲੇਟਫਾਰਮ ਉੱਪਰ ਜਜ਼ਬਾਤਾਂ ਨਾਲ ਭਰੇ ਬਿਨੈ ਦੀ ਸ਼ਖ਼ਸੀਅਤ ਹੁਣ ਘਰ ਆਉਣ ਤੋਂ ਬਾਅਦ ਪੂਰੀ ਤਰ੍ਹਾਂ ਬਦਲੀ ਹੋਈ ਸੀ। ਹੁਣ ਉਹ ਅਮਨ ਦੇ ਮਨ 'ਚ ਉੱਠਦੇ ਹੜ੍ਹਨੁਮਾ ਸਵਾਲਾਂ ਨੂੰ ਬੰਨ੍ਹ ਮਾਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਦੂਜੇ ਪਾਸੇ ਅਮਨ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਮੁੜ-ਸੁਰਜੀਤ ਕਰਨ ਅਤੇ ਆਪਣੇ ਸਵਾਲਾਂ ਦੇ ਹੜ੍ਹ ਨਾਲ ਬਿਨੈ ਦੇ ਸਬਰ ਰੂਪੀ ਬੰਨ੍ਹ ਨੂੰ ਤੋੜਨ ਦੀ ਕੋਸ਼ਿਸ਼ ਕਰ ਰਿਹਾ ਸੀ।

ਖ਼ੈਰ, ਅਮਨ ਨੇ ਵੀ ਸਬਰ ਕੀਤਾ ਅਤੇ ਬੋਲਿਆ, "ਮੈਂ ਹੁਣੇ ਨਹਾ ਕੇ ਆਉਂਦਾ ਹਾਂ ਫਿਰ ਅਰਾਮ ਨਾਲ ਬੈਠ ਕੇ ਗੱਲਾਂ ਕਰਦੇ ਹਾਂ।"

ਨਹਾਉਂਦੇ ਸਮੇਂ ਅਮਨ ਆਪਣੇ ਪੁਰਾਣੇ ਦਿਨਾਂ ਦੀਆਂ ਯਾਦਾਂ ਨੂੰ ਆਪਣੇ ਮਾਨਸ ਰੂਪੀ ਪਰਦੇ ਉੱਪਰ ਇਕ ਚਲ-ਚਿਤਰ ਦੀ ਤਰ੍ਹਾਂ ਦੇਖ ਅਤੇ ਮਹਿਸੂਸ ਕਰ ਰਿਹਾ ਸੀ। ਕਿਹੋ ਜਹੇ ਦਿਨ ਸਨ। ਨਾ ਫ਼ਿਕਰ ਨਾ ਗ਼ਮ। ਸਭ ਕੁਝ ਚੰਗਾ ਅਤੇ ਸੁਖਦਾਈ। ਇਸੇ ਘਰ ਦੇ ਸਾਹਮਣੇ ਵਾਲੇ ਖਾਲੀ ਪਲਾਟ ਉੱਪਰ ਬੈਡਮਿੰਟਨ ਦਾ ਕੋਰਟ, ਜਿਸ ਨੂੰ ਉਨ੍ਹਾਂ ਸਭ ਨੇ ਮਿਲਕੇ ਬਣਾਇਆ ਸੀ। ਕਿੰਨਾ ਚਰਚਿਤ ਸੀ ਉਹ ਕੋਰਟ। ਦੂਰ-ਦੂਰ ਤੱਕ ਇਸ ਦੀ ਚਰਚਾ ਹੁੰਦੀ ਸੀ। ਸ਼ਹਿਰ ਦੇ ਦੂਜੇ ਕੋਨਿਆਂ ਤੋਂ ਲੋਕ ਇਸ ਵਿਚ ਖੇਡਣ ਦੀ ਖ਼ਵਾਇਸ਼ ਰੱਖਦੇ ਸਨ। ਕਿੰਨਾ ਮਾਣ-ਤਾਣ ਸੀ ਇਸ ਕੋਰਟ ਦਾ। ਲੋਕ ਕਹਿੰਦੇ ਸਨ ਕਿ ਸਾਲਾਨਾ ਟੂਰਨਾਮੈਂਟ ਜਿੱਤਣਾ ਹੈ ਤਾਂ ਇਸ ਕੋਰਟ ਵਿਚ ਜ਼ਰੂਰ ਖੇਡਣਾ।

ਬਿਨੈ ਹਮੇਸ਼ਾ ਕਹਿੰਦਾ ਹੁੰਦਾ ਸੀ ਕਿ ਕਾਸ਼ ਉਸ ਦਾ ਪਰਿਵਾਰ ਵੀ ਅਮਨ ਦੇ ਪਰਿਵਾਰ ਵਰਗਾ ਹੁੰਦਾ, ਜਿਸ ਵਿਚ ਬੱਚੇ ਖੁੱਲ੍ਹ ਕੇ ਗੱਲ ਕਰ ਸਕਦੇ ਹਨ।ਆਪਣੇ ਮਾਂ-ਬਾਪ ਤੋਂ ਕੋਈ ਵੀ ਚੀਜ਼ ਲੈਣ ਲਈ ਜ਼ਿੱਦ ਕਰ ਸਕਦੇ ਹਨ। ਜਿੱਥੇ ਛੋਟੀਆਂ ਗੱਲਾਂ ਦੇ ਫ਼ੈਸਲੇ ਦਾਦਾ ਜੀ ਨਹੀਂ ਸਗੋਂ ਮਾਂ-ਬਾਪ ਵੀ ਕਰ ਸਕਦੇ ਹਨ। ਜਿੱਥੇ ਮਾਂ-ਬਾਪ ਨਾਲ ਝਗੜਨ ਦੀ ਗੁੰਜਾਇਸ਼ ਹੋਵੇ; ਦਾਦਾ ਜੀ ਨੂੰ ਆਪਣੇ ਪੋਤੇ-ਪੋਤੀਆਂ ਦੇ ਨਾਂ ਪਤਾ ਹੋਣ; ਘਰ ਦੀ ਬਹੂ ਸੱਸ-ਸਹੁਰੇ ਨਾਲ ਬੈਠ ਕੇ ਖਾਣੇ ਉੱਪਰ ਚਰਚਾ ਕਰ ਸਕੇ; ਸਾਰਾ ਪਰਿਵਾਰ ਮਿਲਕੇ ਬਾਜ਼ਾਰ, ਸਿਨੇਮਾ, ਪਿਕਨਿਕ ਜਾ ਸਕੇ ਅਤੇ ਘਰ ਦੀ ਛੱਤ 'ਤੇ ਸੌਂ ਸਕੇ।

ਜਦੋਂ ਤੱਕ ਅਮਨ ਨਹਾ ਕੇ, ਕੱਪੜੇ ਬਦਲਕੇ ਬਾਹਰ ਵਿਹੜੇ ਵਿਚ ਆਇਆ ਤਾਂ ਨਿਰਮਲਾ ਕਿਸੇ ਮੁੰਡੇ ਨਾਲ ਮਿਲਕੇ ਖਾਣਾ ਲਗਾ ਰਹੀ ਸੀ। ਮੁੰਡੇ ਦੇ ਚਿਹਰੇ ਉੱਪਰ ਹਲਕੀ-ਹਲਕੀ ਦਾੜ੍ਹੀ-ਮੁੱਛਾਂ ਜਵਾਨੀ ਦੀ ਦਸਤਕ ਦੇ ਰਹੀਆਂ ਸਨ। ਉਸਦੇ ਵਾਲਾਂ ਨੂੰ ਦੇਖਦੇ ਹੀ ਅਮਨ ਸਮਝ ਗਿਆ ਕਿ ਜਵਾਨੀ ਦੀ ਦਹਿਲੀਜ਼ ਉੱਪਰ ਕਦਮ ਰੱਖਦਾ ਹੋਇਆ ਇਹ ਛੋਹਰ ਹੋਰ ਕੋਈ ਨਹੀਂ, ਬਿਨੈ ਦਾ ਹੀ ਬੇਟਾ ਹੈ।

ਉਸਨੇ ਅਮਨ ਵੱਲ ਵਧਦੇ ਹੋਏ ਉਸ ਦੇ ਪੈਰ ਛੂਹਣ ਦੀ ਕੋਸ਼ਿਸ਼ ਕੀਤੀ, ਪਰ ਅਮਨ ਨੇ ਉਸ ਨੂੰ ਪਹਿਲਾਂ ਹੀ ਫੜ ਲਿਆ। ਉਹ ਹੌਲੀ ਜਹੇ ਬੋਲਿਆ "ਨਮਸਤੇ ਅੰਕਲ।"

"ਤੁਸੀਂ ਬਿਨੈ ਦੇ ਬੇਟੇ ਹੋ ?" ਜਾਣਦੇ ਹੋਏ ਵੀ ਅਮਨ ਨੇ ਪੁੱਛਿਆ।

"ਹਾਂ ਜੀ, ਇਹ ਮੇਰਾ ਛੋਟਾ ਬੇਟਾ ਹੈ।" ਡਾਇਨਿੰਗ ਟੇਬਲ ਕੋਲ ਖੜ੍ਹੀ ਨਿਰਮਲਾ ਨੇ ਮੁਸਕਰਾਉਂਦੇ ਹੋਏ ਕਿਹਾ।

"ਬੇਟਾ ਕੀ ਨਾਓਂ ਏ ਤੇਰਾ ?" ਅਮਨ ਨੇ ਪੁੱਛਿਆ।

ਉਸ ਨੇ ਜਵਾਬ ਨਹੀਂ ਦਿੱਤਾ ਅਤੇ ਆਪਣੀ ਮਾਂ ਵੱਲ ਦੇਖਣ ਲੱਗਾ। ਉਸ ਦੇ ਚਿਹਰੇ ਉੱਪਰ ਇਕ ਅਜੀਬ ਜਹੀ ਭੇਤਭਰੀ ਮੁਸਕਰਾਹਟ ਸੀ। ਉਸ ਦੇ ਸਾਹਾਂ ਦਾ ਉਤਰਾ-ਚੜ੍ਹਾਅ ਕੁਝ ਅਜੀਬ ਜਿਹਾ ਮਾਹੌਲ ਬਣਾ ਰਿਹਾ ਸੀ। ਦੂਜੇ ਪਾਸੇ ਨਿਰਮਲਾ ਵੀ ਨਿੰਮਾ-ਨਿੰਮਾ ਮੁਸਕਰਾ ਰਹੀ ਸੀ। ਉਸ ਦੀਆਂ ਅੱਖਾਂ 'ਚ ਉਮੜਦਾ ਹੋਇਆ ਸਨੇਹ ਆਪਣੇ ਪੁੱਤਰ ਨੂੰ ਉਤਸ਼ਾਹਤ ਕਰ ਰਿਹਾ ਸੀ।

ਕੁਝ ਪਲ ਪੂਰੀ ਤਰ੍ਹਾਂ ਖ਼ਾਮੋਸ਼ੀ ਛਾਈ ਰਹੀ। ਕਿਸੇ ਨੇ ਕੁਝ ਨਾ ਬੋਲਿਆ। ਸਿਰਫ਼ ਭਾਵਨਾਵਾਂ ਦਾ ਵਹਿਣ ਨਜ਼ਰ ਆਉਂਦਾ ਸੀ। ਇਸ ਦੌਰਾਨ ਬਿਨੈ ਦੀ ਆਵਾਜ਼ ਆਈ। "ਬੇਟਾ ਤੂੰ ਆਪਣੇ ਅੰਕਲ ਦੇ ਪੈਰੀਂ ਹੱਥ ਨੀ ਲਾਏ ?"

"ਇਹ ਮੇਰਾ ਛੋਟਾ ਬੇਟਾ ਹੈ - ਅਮਨ।" ਬਿਨੈ ਨੇ ਹੀ ਅੱਗੇ ਵਧਕੇ ਉਸ ਦੀ ਜਾਣ-ਪਛਾਣ ਕਰਾਈ।

ਮਾਂ-ਪੁੱਤ ਦਰਮਿਆਨ ਵਹਿੰਦੀਆਂ ਭਾਵਨਾਵਾਂ ਦੀ ਲਹਿਰ ਹੁਣ ਪੂਰੀ ਤਰ੍ਹਾਂ ਥੰਮ ਗਈ ਸੀ, ਜੋ ਕਿ ਅਮਨ ਦੀ ਸਮਝ ਤੋਂ ਬਾਹਰ ਸੀ। ਨਿਰਮਲਾ ਦੀ ਮੁਸਕਰਾਹਟ ਹੁਣ ਕੁਝ ਹੋਰ ਹੀ ਬਿਆਨ ਕਰ ਰਹੀ ਸੀ। ਦੂਜੇ ਪਾਸੇ ਉਸ ਦਾ ਬੇਟਾ, ਜਿਸ ਦਾ ਨਾਮ "ਅਮਨ" ਹੀ ਸੀ, ਹੁਣ ਚੈਨ ਨਾਲ ਮੁਸਕਰਾ ਰਿਹਾ ਸੀ। ਉਸ ਦੀ ਮੁਸਕਰਾਹਟ ਦੱਸ ਰਹੀ ਸੀ ਕਿ ਉਸ ਦਾ ਬੋਝ ਲਹਿ ਗਿਆ ਹੈ। ਇੰਝ ਲੱਗ ਰਿਹਾ ਸੀ ਜਿਵੇਂ ਉਸ ਨੇ ਜ਼ਿੰਦਗੀ ਦੀ ਇਕ ਨਦੀ ਤਾਂ ਪਾਰ ਕਰ ਹੀ ਲਈ ਹੈ।

ਅਮਨ ਤਾਂ ਪਹਿਲਾਂ ਹੀ ਬੇਚੈਨ ਸੀ। ਉਹ ਤਾਂ ਇੱਥੇ ਸਾਲਾਂ ਤੋਂ ਆਪਣੇ ਮਨ 'ਚ ਖੌਲ਼ਦੇ ਸਵਾਲਾਂ ਦੇ ਹੜ੍ਹ ਦੇ ਜਵਾਬ ਨੂੰ ਇਕ ਵਿਗਿਆਨਕ ਨਜ਼ਰੀਏ ਤੋਂ ਸਮਝਣ ਆਇਆ ਸੀ। ਸੰਵੇਦਨਾਵਾਂ ਤੋਂ ਪਰੇ, ਰਾਜਨੀਤਕ ਉੱਥਲ-ਪੁੱਥਲ ਅਤੇ ਅਮਾਨਵੀ ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਆਇਆ ਸੀ। ਪਿਛਲੇ ਕਈ ਸਾਲਾਂ ਤੋਂ ਉਹ ਇਸ ਤਰ੍ਹਾਂ ਦੇ ਵਿਸ਼ਿਆਂ

ਉੱਪਰ ਕੰਮ ਕਰ ਰਿਹਾ ਸੀ। ਪੜ੍ਹਾਈ ਦੇ ਦੌਰਾਨ ਹੀ ਉਸ ਨੇ ਇਕ ਵਿਦਿਆਰਥੀ ਜਥੇਬੰਦੀ ਨਾਲ ਜੁੜਕੇ ਅਗਾਂਹਵਧੂ ਸਾਹਿਤ ਦਾ ਵਾਹਵਾ ਅਧਿਐਨ ਕਰ ਲਿਆ ਸੀ। ਯਸ਼ਪਾਲ, ਚਮਨ ਨੇਹਾਲ, ਭੀਸ਼ਮ ਸਾਹਨੀ, ਦੁੱਗਲ ਅਤੇ ਸੋਬਤੀ ਨਾਲ ਰੂਬਰੂ ਹੋਇਆ ਸੀ। ਨੌਕਰੀ ਲੱਗਣ ਤੋਂ ਬਾਅਦ ਉਸਨੇ ਜਮਹੂਰੀ ਅਧਿਕਾਰ ਸੰਸਥਾਵਾਂ ਨਾਲ ਜੁੜਕੇ ਦੰਗਿਆਂ ਦੀ ਲਪੇਟ ’ਚ ਆਏ ਕਈ ਇਲਾਕਿਆਂ ਦਾ ਦੌਰਾ ਕਰਕੇ ਪੀੜਤਾਂ ਦੀਆਂ ਭਾਵਨਾਵਾਂ ਦਾ ਸਮਾਜਿਕ, ਰਾਜਨੀਤਕ ਅਤੇ ਆਰਥਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕੀਤਾ ਸੀ। ਹੁਣ ਤੱਕ ਉਹ ਲੋਕਾਂ ਦੇ ਸਵਾਲਾਂ ਦਾ ਤਰਕਪੂਰਨ ਜਵਾਬ ਦਿੰਦਾ ਰਿਹਾ ਸੀ, ਇਕ ਸਿਧਾਂਤਕ ਵਿਸ਼ਲੇਸ਼ਣ ਕਰਦਾ ਸੀ। ਇਸੇ ਸਿਲਸਿਲੇ ’ਚ ਉਹ ਇਸ ਸ਼ਹਿਰ ’ਚ ਸੀ – ਪਰ ਇਸ ਵਾਰ ਉਹ ਆਪਣੇ ਸਵਾਲਾਂ ਦੇ ਜਵਾਬ ਲੱਭਣ ਆਇਆ ਸੀ।

“ਇਸ ਦਾ ਨਾਓਂ ਅਮਨ ਕਿਸਨੇ ਰੱਖਿਆ ?” ਕਿਉਂ ਰੱਖਿਆ, ਅਮਨ ਇਹ ਨਾ ਪੁੱਛ ਸਕਿਆ।

ਅਮਨ ਨੇ ਇਹ ਸਵਾਲ “ਅਮਨ” ਵੱਲ ਦੇਖਦੇ ਹੋਏ ਨਿਰਮਲਾ ਨੂੰ ਪੁੱਛਿਆ ਸੀ। ਤੇ ਨਿਰਮਲਾ ਨੇ ਅਮਨ ਨੂੰ ਦੇਖਦੇ ਹੋਏ ਆਪਣੀਆਂ ਨਜ਼ਰਾਂ ਅਤੇ ਸਵਾਲ ਨੂੰ ਬਿਨੈ ਵੱਲ ਮੋੜ ਦਿੱਤਾ।

ਅਮਨ ਦੀਆਂ ਨਜ਼ਰਾਂ ਵੀ ਬਿਨੈ ਦੇ ਚਿਹਰੇ ’ਤੇ ਜਾ ਟਿਕੀਆਂ। ਸਟੇਸ਼ਨ ਉੱਪਰ ਪਹਿਲੀ ਮੁਲਾਕਾਤ ਤੋਂ ਬਾਅਦ ਇਹ ਦੂਜੀ ਵਾਰ ਸੀ ਜਦੋਂ ਅਮਨ ਤੇ ਬਿਨੈ ਦੀਆਂ ਨਜ਼ਰਾਂ ਆਪਸ ਵਿਚ ਮਿਲੀਆਂ ਸਨ। ਬਿਨੈ ਦੀਆਂ ਨਜ਼ਰਾਂ ਦੇ ਭਾਵ ’ਚ ਮੁੜ ਉਤਰਾ–ਚੜ੍ਹਾਅ ਸੀ। ਅਮਨ ਨੂੰ ਸਿੱਧਾ ਜਵਾਬ ਨਾ ਮਿਲਣ ਦਾ ਪੂਰਾ ਯਕੀਨ ਸੀ। ਇਸ ਆਭਾਸ ਦਾ ਅਹਿਸਾਸ ਬਿਨੈ ਨੂੰ ਵੀ ਸੀ।

“ਚੰਗਾ ਲੱਗਾ ਤੇ ਰੱਖ ਲਿਆ।”

ਬਿਨੈ ਨੇ ਜਿਸ ਅੰਦਾਜ਼ ’ਚ ਇਹ ਜਵਾਬ ਦਿੱਤਾ ਉਸ ਉੱਪਰ ਨਾ ਤਾਂ “ਅਮਨ” ਨੇ ਅਤੇ ਨਾ ਹੀ ਨਿਰਮਲਾ ਨੇ ਕੋਈ ਟਿੱਪਣੀ ਕੀਤੀ। ਹੁਣ ਉਨ੍ਹਾਂ ਦੇ ਚਿਹਰੇ ਉੱਪਰ ਕੋਈ ਮੁਸਕਰਾਹਟ ਵੀ ਨਹੀਂ ਸੀ। ਸਿਰਫ਼ ਬਿਨੈ ਹੀ ਮੁਸਕਰਾ ਰਿਹਾ ਸੀ। ਅਮਨ ਦੇ ਕੋਲ ਤਾਂ ਕੋਈ ਹੀ ਨਹੀਂ ਸ਼ਬਦ ਸਨ। ਇਸ ਤੋਂ ਪਹਿਲਾਂ ਕਿ ਉਹ ਕੁਝ ਹੋਰ ਪੁੱਛਦਾ ਜਾਂ ਕਹਿੰਦਾ, ਇਸ ਵਾਰ ਨਿਰਮਲਾ ਨੇ ਸਥਿਤੀ ਦਾ ਰੁਖ ਮੋੜ ਦਿੱਤਾ।

“ਆਓ ਪਹਿਲਾਂ ਖਾਣਾ ਖਾਂਦੇ ਹਾਂ। ਠੰਡਾ ਹੋ ਰਿਹੈ।”

ਤੇ ਸਾਰੇ ਡਾਇਨਿੰਗ ਟੇਬਲ ਵੱਲ ਚਲੇ ਗਏ।

ਖਾਣਾ ਕਾਫ਼ੀ ਵਧੀਆ ਬਣਿਆ ਹੋਇਆ ਸੀ। ਅਮਨ ਇਸ ਤਰ੍ਹਾਂ ਦੇ ਖਾਣੇ ਦਾ ਸੁਆਦ ਤਕਰੀਬਨ ਭੁੱਲ ਹੀ ਗਿਆ ਸੀ। ਉਂਝ ਵੀ ਉਸ ਨੂੰ ਬਿਨੈ ਦੇ ਘਰ ਖਾਣ ਦਾ ਸੁਭਾਗ ਬਹੁਤ ਘੱਟ ਪ੍ਰਾਪਤ ਹੋਇਆ ਸੀ। ਅਮਨ ਅਤੇ ਬਿਨੈ ਦੇ ਪਰਿਵਾਰ ਗੁਆਂਢੀ ਜ਼ਰੂਰ ਸਨ, ਪਰ ਖਾਣ–ਪੀਣ ਵਾਲਾ ਘੁਲਣ–ਮਿਲਣ ਨਹੀਂ ਸੀ। ਅਮਨ ਦਾ ਪਰਿਵਾਰ ਰੂੜੀਵਾਦੀ ਨਹੀਂ

ਸੀ ਅਤੇ ਕਾਫ਼ੀ ਹੱਦ ਤੱਕ ਖੁੱਲ੍ਹੇ ਵਿਚਾਰਾਂ ਦਾ ਸੀ, ਇਸ ਲਈ ਬੱਚਿਆਂ ਦੇ ਦੋਸਤਾਂ ਲਈ ਆਉਣ-ਜਾਣ ਦੀ ਕੋਈ ਮਨਾਹੀ ਨਹੀਂ ਸੀ। ਜਦੋਂ ਵੀ ਬੱਚਿਆਂ ਦੇ ਦੋਸਤ ਆਉਂਦੇ ਸਨ ਤਾਂ ਖਾਣ-ਪੀਣ ਦਾ ਦੌਰ ਵੀ ਚੱਲਦਾ ਸੀ। ਪਰ ਬਿਨੈ ਦੇ ਘਰ ਅਜਿਹਾ ਨਹੀਂ ਸੀ। ਇਕ ਤਾਂ ਬੱਚਿਆਂ ਦੀ ਘਰ ਦੇ ਅੰਦਰ ਬਹੁਤ ਘੱਟ ਆਉਣੀ-ਜਾਣੀ ਹੁੰਦੀ ਸੀ। ਦੂਜਾ, ਖਾਣੇ ਦਾ ਮੌਕਾ ਬਹੁਤ ਹੀ ਘੱਟ ਮਿਲਦਾ ਸੀ। ਅਕਸਰ ਉਦੋਂ ਜਦੋਂ ਬਿਨੈ ਜਾਂ ਉਸ ਦੇ ਪਰਿਵਾਰ ਦੇ ਕੋਈ ਜੀਅ ਆਪਣੇ ਹੀ ਕਮਰੇ ਵਿਚ ਬੈਠ ਕੇ ਖਾ ਰਹੇ ਹੋਣ ਜਿਸ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਸੀ ਅਤੇ ਉਸ ਸਮੇਂ ਕੋਈ ਖ਼ਾਸ ਮਿੱਤਰ ਕਮਰੇ ਤੱਕ ਆ ਜਾਵੇ। ਅਮਨ ਖਾਣਾ ਖਾਂਦਿਆਂ ਸੋਚ ਰਿਹਾ ਸੀ ਕਿ ਕਿੰਨਾ ਕੁਝ ਬਦਲ ਗਿਆ ਹੈ। ਬਿਨੈ ਦੇ ਘਰ 'ਚ ਇਕ ਮਿੱਤਰ ਦਾ ਰੁਕਣਾ, ਪਰਿਵਾਰ ਦੇ ਜੀਆਂ ਨੂੰ ਮਿਲਣਾ, ਇਕੱਠੇ ਬੈਠ ਕੇ ਖਾਣਾ। ਇਹ ਸਭ ਤਾਂ ਬਿਨੈ ਦੀ ਕਾਮਨਾ ਹੀ ਸੀ। ਹਾਂ ਇਕ ਫ਼ਰਕ ਜ਼ਰੂਰ ਸੀ। ਇਹ ਬਿਨੈ ਦਾ ਆਪਣਾ ਪਰਿਵਾਰ ਸੀ। ਬਿਨੈ ਹੁਣ ਕਿਸੇ ਪਰਿਵਾਰ ਦਾ ਸਿਰਫ਼ ਇਕ ਜੀਅ ਨਹੀਂ ਸੀ।

ਖਾਣਾ ਖਾਂਦਿਆਂ ਗੱਲ ਨੂੰ ਅੱਗੇ ਵਧਾਉਣ ਲਈ ਅਮਨ ਨੇ ਨਿਰਮਲਾ ਵੱਲ ਦੇਖਦੇ ਹੋਏ ਕਿਹਾ, "ਬਹੁਤ ਦਿਨ ਬਾਅਦ ਅਜਿਹਾ ਖਾਣਾ ਖਾ ਰਿਹਾ ਹਾਂ।"

"ਪਸੰਦ ਆ ਰਿਹੈ ?" ਨਿਰਮਲਾ ਨੇ ਸਹਿਜ ਭਾਵ ਨਾਲ ਪੁੱਛਿਆ।

"ਜੀ ਹਾਂ, ਮਜ਼ਾ ਆ ਗਿਆ। ਪੁਰਾਣੇ ਦਿਨ ਚੇਤੇ ਆ ਗਏ," ਅਮਨ ਨੇ ਵੀ ਓਨੀ ਹੀ ਸਹਿਜਤਾ ਨਾਲ ਜਵਾਬ ਦਿੱਤਾ।

ਅਮਨ ਨੂੰ ਕਿਤਿਓਂ ਵੀ ਅਜਿਹਾ ਨਹੀਂ ਲੱਗ ਰਿਹਾ ਸੀ ਜਿਵੇਂ ਉਹ ਬਿਨੈ ਦੇ ਘਰ 'ਚ ਬੈਠਾ ਹੋਵੇ। ਜਿਸ ਤਰ੍ਹਾਂ ਸਾਰੇ ਇਕੱਠੇ ਬੈਠ ਕੇ ਖਾਂਦੇ ਹੋਏ ਗੱਲਾਂ ਕਰ ਰਹੇ ਸਨ ਉਸ ਨੇ ਬਿਨੈ ਦੇ ਪੁਰਾਣੇ ਮਾਹੌਲ ਨੂੰ ਉੱਕਾ ਹੀ ਬਦਲ ਦਿੱਤਾ ਸੀ।

"ਤੇ ਬਾਕੀ ਲੋਕ ਕਿੱਥੇ ਨੇ ?" ਅਮਨ ਨੇ ਇਹ ਵੀ ਪੁੱਛ ਹੀ ਲਿਆ।

"ਕਰਨ ਭਾਈ ਬੈਂਗਲੌਰ ਵਿਚ ਐੱਮ.ਬੀ.ਏ. ਕਰ ਰਹੇ ਨੇ ਅਤੇ ਰਮਣਿਕਾ ਨੇ ਗੁੜਗਾਓਂ 'ਚ ਬੀ.ਟੈੱਕ. ਜੁਆਇਨ ਕੀਤੀ ਹੈ। ਮੈਂ ਪੁਣੇ 'ਚ ਸੈਕਿੰਡ ਈਅਰ ਇੰਜੀਨੀਅਰਿੰਗ ਕਰ ਰਿਹਾ ਹਾਂ, ਇਸ ਸਮੇਂ ਛੁੱਟੀਆਂ ਚੱਲ ਰਹੀਆਂ ਨੇ।" ਇਸ ਵਾਰ "ਅਮਨ" ਨੇ ਆਪਣੇ ਵੱਡੇ ਭਰਾ ਅਤੇ ਛੋਟੀ ਭੈਣ ਦੇ ਨਾਲ-ਨਾਲ ਆਪਣਾ ਪੂਰਾ ਤੁਆਰਫ਼ ਵੀ ਕਰਵਾ ਦਿੱਤਾ।

ਦੋ ਨਵੇਂ ਨਾਮ ਸੁਣਕੇ ਅਮਨ ਦਾ ਮੱਥਾ ਠਣਕਿਆ ਅਤੇ ਉਸ ਨੇ ਅਚਾਨਕ ਬਿਨੈ ਵੱਲ ਦੇਖਿਆ ਜਿਸ ਦੀਆਂ ਨਜ਼ਰਾਂ ਹਾਲੇ ਵੀ ਉਸ ਦੀ ਥਾਲੀ ਉੱਪਰ ਹੀ ਟਿਕੀਆਂ ਹੋਈਆਂ ਸਨ ਪਰ ਉਸ ਦੇ ਹੱਥ ਥਾਲੀ ਅਤੇ ਮੂੰਹ ਦੇ ਦਰਮਿਆਨ ਹੀ ਰੁਕ ਗਏ ਸਨ। ਇਕ ਪਲ ਸੰਨਾਟਾ ਛਾ ਗਿਆ ਸੀ।

"ਮਾਂ, ਥੋੜ੍ਹੀ ਸਬਜੀ ਦੇਣਾ।"

ਅਮਨ ਨੇ ਦੇਖਿਆ ਕਿ ਨਿਰਮਲਾ ਨੇ ਸਹਿਜਤਾ ਨਾਲ ਆਪਣੇ ਬੇਟੇ ਨੂੰ ਸਬਜੀ ਪਾ ਦਿੱਤੀ।

"ਥੋੜ੍ਹੀ ਮੈਨੂੰ ਵੀ ਦੇ ਦਿਓ," ਬਿਨੈ ਨੇ ਵੀ ਆਪਣੀ ਚੁੱਪ ਤੋੜੀ।

"ਤੁਸੀਂ ਲਓਗੇ ਵੀਰੇ ?" ਨਿਰਮਲਾ ਨੇ ਅਮਨ ਨੂੰ ਪੁੱਛਿਆ।

ਅਮਨ ਨੇ ਕੋਈ ਜਵਾਬ ਨਹੀਂ ਦਿੱਤਾ। ਉਹ ਤਾਂ ਹੁਣ ਖਾਣੇ ਵੱਲ ਦੇਖ ਵੀ ਨਹੀਂ ਰਿਹਾ ਸੀ। ਖਾਣਾ ਉਸ ਦੇ ਜ਼ਿਹਨ 'ਚੋਂ ਨਿਕਲ ਚੁੱਕਾ ਸੀ, ਜਿਸ ਵਿਚ ਕਈ ਤਰ੍ਹਾਂ ਦੇ ਨਵੇਂ ਸਵਾਲ ਪਨਪਨ ਲੱਗੇ ਸਨ। ਇਨ੍ਹਾਂ ਸਵਾਲਾਂ ਦਾ ਅਜੇ ਤੱਕ ਕੋਈ ਸਰੂਪ ਵੀ ਨਹੀਂ ਸੀ। ਇੰਝ ਲੱਗ ਰਿਹਾ ਸੀ ਜਿਵੇਂ ਸਵਾਲ ਜਨਮ ਲੈਣ ਦੀ ਪ੍ਰਕਿਰਿਆ 'ਚ ਹਨ। ਅਜੇ ਉਨ੍ਹਾਂ ਦਾ ਜਨਮ ਹੋਇਆ ਨਹੀਂ ਸੀ। "ਕਰਨ", "ਅਮਨ" ਅਤੇ "ਰਮਣਿਕਾ"– – ਬਿਨੈ ਦੇ ਤਿੰਨ ਬੱਚੇ। ਦੂਜੇ ਪਾਸੇ ਅਮਨ ਨੂੰ ਮਿਲਾ ਕੇ ਤਿੰਨ ਭਰਾ - ਕਰਨ, ਅਮਨ ਤੇ ਰਮਨ। ਇਹ ਕੋਈ ਸੰਯੋਗ ਵਾਲੀ ਗੱਲ ਨਹੀਂ ਸੀ।

"ਕੀ ਹੋਇਆ ਵੀਰੇ, ਖਾਣਾ ਖਾਓ ਨਾ। ਫਿਰ ਥੋੜ੍ਹਾ ਅਰਾਮ ਕਰ ਲੈਣਾ। ਥਕੇਵਾਂ ਲਹਿ ਜਾਵੇਗਾ।" ਨਿਰਮਲਾ ਨੇ ਇਹ ਕਹਿੰਦੇ ਹੋਏ ਅਮਨ ਦੀ ਥਾਲੀ ਵਿਚ ਥੋੜ੍ਹੀ ਸਬਜੀ ਪਾ ਦਿੱਤੀ।

ਅਮਨ ਚੁੱਪਚਾਪ ਖਾਣਾ ਖਾਂਦਾ ਰਿਹਾ। ਹੁਣ ਉਹ ਕਿਸੇ ਨਾਲ ਵੀ ਨਜ਼ਰਾਂ ਨਹੀਂ ਮਿਲਾ ਰਿਹਾ ਸੀ।

ਬਿਨੈ ਨੇ ਵੀ ਹਾਮੀ ਭਰੀ, "ਹਾਂ ਭਰਾ, ਤੁਸੀਂ ਥੋੜ੍ਹਾ ਅਰਾਮ ਕਰ ਲੈਣਾ ਓਦੋਂ ਤੱਕ ਮੈਂ ਥੋੜ੍ਹਾ ਕੰਮ ਵੀ ਦੇਖ ਆਵਾਂਗਾ। ਫਿਰ ਸ਼ਾਮ ਨੂੰ ਅਰਾਮ ਨਾਲ ਛੱਤ 'ਤੇ ਬੈਠ ਕੇ ਗੱਲਾਂ ਕਰਾਂਗੇ।"

ਅਮਨ ਨੇ ਚੁੱਪਚਾਪ ਆਪਣਾ ਖਾਣਾ ਮੁਕਾਇਆ ਅਤੇ ਇਕ ਕੋਨੇ 'ਚ ਲੱਗੇ ਵਾਸ਼ ਬੇਸਿਨ ਵੱਲ ਚੱਲ ਪਿਆ। ਅਮਨ ਦਾ ਇਸ ਤਰ੍ਹਾਂ ਖ਼ਾਮੋਸ਼ ਹੋ ਜਾਣਾ ਬਿਨੈ ਦੇ ਪਰਿਵਾਰ ਤੋਂ ਲੁਕਿਆ ਨਹੀਂ ਸੀ। ਬਿਨੈ, ਨਿਰਮਲਾ ਤੇ ਉਨ੍ਹਾਂ ਦੇ ਬੇਟੇ ਨੂੰ ਪਤਾ ਸੀ ਕਿ ਅਮਨ ਖ਼ਾਮੋਸ਼ ਕਿਉਂ ਹੈ। ਉਨ੍ਹਾਂ ਨੂੰ ਅਮਨ ਦੇ ਮਨ ਵਿਚ ਉਮੜਦੇ ਖ਼ਿਆਲਾਂ ਅਤੇ ਪਨਪਦੇ ਸਵਾਲਾਂ ਦਾ ਪੂਰਾ ਅਹਿਸਾਸ ਸੀ। ਪਰ ਉਹ ਚੁੱਪ ਸਨ।

ਬਿਨੈ ਵੀ ਹੱਥ ਧੋ ਕੇ ਅਮਨ ਨੂੰ ਕਮਰੇ ਤੱਕ ਲੈ ਆਇਆ। ਕਮਰੇ ਦੇ ਅੰਦਰ ਜਾ ਕੇ ਅਮਨ ਬਿਸਤਰੇ ਉੱਪਰ ਬੈਠ ਗਿਆ। ਫਿਰ ਨਜ਼ਰਾਂ ਚੁੱਕ ਕੇ ਉਸ ਨੇ ਬਿਨੈ ਨੂੰ ਦੇਖਿਆ। ਬਿਨੈ ਦੀਆਂ ਅੱਖਾਂ ਅਮਨ ਨੂੰ ਸੰਕੇਤ ਦੇ ਰਹੀਆਂ ਸਨ। ਅਜਿਹਾ ਹੀ ਇਸ਼ਾਰਾ ਅਮਨ ਨੂੰ ਸਟੇਸ਼ਨ ਉੱਪਰ ਦਿਸਿਆ ਸੀ ਜਦੋਂ ਬਿਨੈ ਉਸ ਨੂੰ ਪਹਿਲੀ ਵਾਰ ਮਿਲਿਆ ਸੀ।

ਬਿਨ ਕਹੇ ਅਰਥਪੂਰਨ ਸਵਾਲਾਂ ਦੇ ਟੁੱਟੇ–ਫੁੱਟੇ ਜਵਾਬਾਂ ਵਾਲਾ ਇਸ਼ਾਰਾ।

"ਚੰਗਾ ਭਰਾ ਤੁਸੀਂ ਅਰਾਮ ਕਰੋ, ਮੈਂ ਹੁਣੇ ਆਉਂਦਾ ਹਾਂ।" ਅਮਨ ਜਿਉਂ ਹੀ ਉੱਠਿਆ, ਬਿਨੈ ਨੇ ਉਸ ਨੂੰ ਗਲੇ ਲਗਾ ਲਿਆ। ਅਮਨ ਨੇ ਉਸ ਨੂੰ ਜ਼ੋਰ ਨਾਲ ਘੁੱਟ ਲਿਆ। ਕਈ ਗੱਲਾਂ ਲਈ ਸ਼ਬਦਾਂ ਦੀ ਜ਼ਰੂਰਤ ਨਹੀਂ ਹੁੰਦੀ। ਅੱਖਾਂ ਤਾਂ ਬਿਆਨ ਕਰਦੀਆਂ ਹੀ ਹਨ, ਗਲੇ ਲੱਗਣ ਨਾਲ ਜਵਾਬ ਹੋਰ ਪੁਖ਼ਤਾ ਹੋ ਜਾਂਦੇ ਹਨ।

ਦੋਵੇਂ ਵੱਖ ਹੋਏ ਅਤੇ ਬਿਨੈ ਕਮਰੇ ਤੋਂ ਬਾਹਰ ਚਲਾ ਗਿਆ।

ਅਮਨ ਹੁਣ ਬਿਸਤਰੇ ਉੱਪਰ ਲੰਮਾ ਪੈ ਗਿਆ। ਆਪਣੀ ਸੱਜੀ ਬਾਂਹ ਉਸ ਨੇ ਮੱਥੇ ਉੱਪਰ ਅਤੇ ਨਜ਼ਰਾਂ ਛੱਤ ਉੱਪਰ ਟਿਕਾ ਲਈਆਂ। ਇਹ ਅਮਨ ਦੀ ਖ਼ਾਸ ਚਿੰਤਨ ਮੁਦਰਾ ਸੀ ਜਿਸ ਵਿਚ ਉਹ ਬੀਤੇ ਦਾ ਵਿਸ਼ਲੇਸ਼ਣ ਕਰਦਾ ਸੀ। ਉਹ ਆਪਣੇ ਆਪ ਨੂੰ ਮੁੜ ਗੁਜ਼ਰੇ ਹੋਏ ਪਲਾਂ 'ਚ ਲੈ ਜਾਇਆ ਕਰਦਾ ਸੀ, ਉਸ ਨੂੰ ਦੁਬਾਰਾ ਜਿਉਂਦਾ ਸੀ ਤੇ ਫਿਰ ਸਮਝਣ ਦੀ ਕੋਸ਼ਿਸ਼ ਕਰਦਾ ਸੀ।

-----

ਅਜੇ ਦੰਗੇ ਸ਼ੁਰੂ ਨਹੀਂ ਸੀ ਹੋਏ। ਪਰ ਮਾਹੌਲ ਤਾਂ ਇਕ ਸ਼ਾਮ ਪਹਿਲਾਂ ਤੋਂ ਹੀ ਵਿਗੜਨਾ ਸ਼ੁਰੂ ਹੋ ਗਿਆ ਸੀ। ਹਾਲਾਂਕਿ ਇਹ ਪਹਿਲੀ ਸ਼ਾਮ ਨਹੀਂ ਸੀ ਜਦੋਂ ਅਮਨ ਦੇ ਘਰ ਕੋਈ ਵੀ ਯਾਰ ਦੋਸਤ ਨਹੀਂ ਸੀ। ਜਾਂ ਫਿਰ ਇੰਝ ਕਹਿ ਲਓ ਕਿ ਅਮਨ ਕਿਸੇ ਦੋਸਤ ਦੇ ਨਾਲ ਇੱਥੇ ਜਾਂ ਉਨ੍ਹਾਂ ਦੇ ਨਾਲ ਨਹੀਂ ਸੀ। ਅਜਿਹਾ ਕਦੇ-ਕਦੇ ਹੀ ਹੁੰਦਾ ਸੀ। ਤੇ ਕੋਈ ਹੋਵੇ ਜਾਂ ਨਾ ਹੋਵੇ ਬਿਨੈ ਅਤੇ ਰੋਹਨ ਤਾਂ ਆ ਹੀ ਜਾਂਦੇ ਸਨ - ਗੁਆਂਢੀ ਜੋ ਹੋਏ। ਆਉਣ-ਜਾਣ ਦੀ ਮਨਾਹੀ ਤਾਂ ਸੀ ਨਹੀਂ। ਜਾਂ ਤਾਂ ਬੈਠਕ ਵਿਚ ਜਗਜੀਤ, ਚਿਤਰਾ ਦੀਆਂ ਗ਼ਜ਼ਲਾਂ ਸੁਣਦੇ ਜਾਂ ਫਿਰ ਨਾਜੀਆ ਹਸਨ ਦੇ ਡਿਸਕੋ ਦੀਵਾਨੇ ਉੱਪਰ ਹੱਥ-ਪੈਰ ਮਾਰਦੇ। ਰਮਨ ਦਾ ਵੱਸ ਚੱਲਦਾ ਤਾਂ ਅੱਖਾਂ ਦੇ ਝਰੋਖੇ ਵਾਲੀ ਲਿਲੀ ਫਰਨਾਡਿਸ ਸੈਕੰਡ ਈਅਰ ਆਰਟ ਵਾਲੀ ਫਿਲਮ ਦਾ ਗਾਣਾ ਹੀ ਸੁਣਦਾ ਸੀ। ਬੈਠਕ ਖਾਲੀ ਨਾ ਮਿਲੇ ਤਾਂ ਛੱਤ ਉੱਪਰ ਜਾ ਕੇ ਮੁਹੱਲੇ ਦੇ ਖ਼ੂਬਸੂਰਤ ਨਜ਼ਾਰਿਆਂ ਦਾ ਆਨੰਦ ਲੈਂਦੇ ਸਨ।

ਪਰ ਉਸ ਦਿਨ ਅਜਿਹਾ ਨਹੀਂ ਸੀ। ਮਾਹੌਲ ਵਿਚ ਇਕ ਅਜੀਬ ਜਹੀ ਖ਼ਾਮੋਸ਼ੀ ਅਤੇ ਤਣਾਅ ਸੀ। ਅਮਨ ਤੇ ਰਮਨ ਆਪਣੀ ਛੱਤ ਉੱਪਰ ਸਨ, ਨਾ ਰੋਹਨ ਸੀ ਨਾ ਬਿਨੈ; ਉਹ ਦੋਵੇਂ ਆਪਣੀ-ਆਪਣੀ ਛੱਤ ਉੱਪਰ ਵੀ ਨਹੀਂ ਸਨ। ਗਲੀ ਵਿਚ ਚਹਿਲ-ਪਹਿਲ ਵੀ ਘੱਟ ਸੀ, ਕਿਤੇ-ਕਿਤੇ ਲੋਕ ਜ਼ਰੂਰ ਖੜ੍ਹੇ ਸਨ, ਰੇਡੀਓ ਸੁਣ ਰਹੇ ਸਨ ਅਤੇ ਘੁਸਰ-ਮੁਸਰ ਜਹੀ ਕਰ ਰਹੇ ਸਨ।

ਅਮਨ ਤੇ ਰਮਨ ਲਈ ਦੇਸ਼ ਦੇ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਖ਼ਬਰ ਤਾਂ ਸੀ, ਪਰ ਇਸ ਦੀ ਡੂੰਘਾਈ ਦਾ ਅੰਦਾਜ਼ਾ ਉਨ੍ਹਾਂ ਨੂੰ ਨਹੀਂ ਸੀ। ਰਾਜਨੀਤੀ ਤਾਂ ਉਨ੍ਹਾਂ ਦੇ ਲਈ ਪਿਤਾ ਜੀ ਦੇ ਕਾਰੋਬਾਰ ਦਾ ਹਿੱਸਾ ਸੀ। ਪਿਛਲੀਆਂ ਮਿਉਂਸਪਲ ਚੋਣਾਂ ਵਿਚ ਪਿਤਾ ਜੀ ਦੀ ਹਾਰ ਦਾ ਕਾਰਨ ਪੰਜਾਬ ਦੀ ਵਿਗੜਦੀ ਹਾਲਤ ਹੈ, ਅਜਿਹਾ ਉਨ੍ਹਾਂ ਨੇ ਸੁਣਿਆ ਜ਼ਰੂਰ ਸੀ। ਪਰ ਉਸ ਨੂੰ ਕੋਈ ਖ਼ਾਸ ਤਵੱਜੋ ਨਹੀਂ ਦਿੱਤੀ ਸੀ। ਪ੍ਰਧਾਨ ਮੰਤਰੀ ਵੀ ਤਾਂ ਹਾਰ ਚੁੱਕੀ ਸੀ। ਚੋਣਾਂ ਵਿਚ ਹਾਰ-ਜਿੱਤ ਤਾਂ ਹੁੰਦੀ ਹੀ ਰਹਿੰਦੀ ਹੈ। ਉਸ ਦੇ ਸ਼ਹਿਰ ਵਿਚ ਕਦੇ ਕਾਂਗਰਸ ਤੇ ਕਦੇ ਸੋਸ਼ਲਿਸਟ ਜਾਂ ਜਨਸੰਘ ਤੇ ਕਦੇ ਜਨਤਾ ਪਾਰਟੀ। ਕਦੀ ਪੂਰਨ ਚੰਦ ਤੇ ਕਦੇ ਇੰਦਰ ਸਿੰਘ।

ਉਨ੍ਹਾਂ ਨੇ ਸੁਣਿਆ ਜ਼ਰੂਰ ਸੀ ਕਿ ਮਾਰਨ ਵਾਲੇ ਦੋ ਸਿੱਖ ਬਾਡੀਗਾਰਡ ਸਨ। ਪਰ

ਉਹ ਇਸ ਬਾਰੇ ਗੱਲ ਵੀ ਨਹੀਂ ਕਰ ਰਹੇ ਸਨ। ਹਮਉਮਰ ਸਨ ਇਸ ਲਈ ਆਮ ਗੱਲਾਂ ਕਰ ਰਹੇ ਸਨ। ਜਿੱਥੇ ਖੜ੍ਹੇ ਸਨ ਉੱਥੋਂ ਗਲੀ, ਘਰ ਦਾ ਮੇਨ ਗੇਟ ਅਤੇ ਬਗ਼ੀਚਾ ਸਾਫ਼ ਦਿਸਦਾ ਸੀ। ਬੂਜੋ ਵੀ ਆਪਣੇ ਅਗਲੇ ਦੋਵੇਂ ਪੈਰ ਦੀਵਾਰ ਉੱਪਰ ਰੱਖ ਕੇ ਪੂਛ ਨੂੰ ਤੇਜ਼ੀ ਨਾਲ ਹਿਲਾ ਰਿਹਾ ਸੀ। ਉਨ੍ਹਾਂ ਦੇ ਪਾਪਾ ਦੀ ਗੱਡੀ ਗੇਟ ਉੱਪਰ ਆ ਕੇ ਖੜ੍ਹੀ ਹੋ ਗਈ, ਇਕ ਹਾਰਨ ਵੱਜਿਆ ਜੋ ਥੋੜ੍ਹਾ ਅਸਧਾਰਨ ਸੀ।

"ਓਏ ਪਾਪਾ ਜੀ ਆ ਗਏ। ਚੱਲ ਥੱਲੇ ਚੱਲੀਏ, " ਏਨਾ ਕਹਿ ਕੇ ਰਮਨ ਪੌੜੀਆਂ ਵੱਲ ਤੁਰ ਪਿਆ।

ਅਮਨ ਅਤੇ ਬੂਜੋ ਵੀ ਤੁਰ ਪਏ। ਉੱਧਰ ਦੂਰ ਪੱਛਮ ਵੱਲ ਨਦੀ ਦੇ ਉਸ ਪਾਰ ਸੂਰਜ ਢਲ ਚੁੱਕਾ ਸੀ।

ਜਦੋਂ ਉਹ ਥੱਲੇ ਪਹੁੰਚੇ ਤਾਂ ਪਿਤਾ ਜੀ ਬੈਠਕ ਵਿਚ ਰੇਡੀਓ ਦੀ ਖ਼ਬਰ ਸੁਣ ਰਹੇ ਸਨ। ਉਹ ਇਕੱਲੇ ਹੀ ਸਨ। ਪੱਗ ਲਾਹ ਦਿੱਤੀ ਸੀ ਅਤੇ ਮੱਥੇ ਉੱਪਰ ਪਸੀਨੇ ਦੀਆਂ ਬੂੰਦਾਂ ਚਮਕ ਰਹੀਆਂ ਸਨ। ਮੌਸਮ ਦੇ ਲਿਹਾਜ ਨਾਲ ਇਹ ਵੀ ਅਸਧਾਰਨ ਸੀ।

ਅਕਸਰ ਉਹ ਘਰ ਆਉਣ ਤੋਂ ਬਾਅਦ ਇਕ ਕੱਪ ਚਾਹ ਪੀਂਦੇ ਸਨ। ਉਸ ਤੋਂ ਬਾਅਦ ਤਿਆਰ ਹੋ ਕੇ ਨਦੀ ਕਿਨਾਰੇ ਬਣੇ ਪਲਾਮੂ ਕਲੱਬ ਚਲੇ ਜਾਂਦੇ ਸਨ। ਉੱਥੇ ਉਨ੍ਹਾਂ ਦੀ ਆਪਣੀ ਮੰਡਲੀ ਸੀ। ਇਸ ਮੰਡਲੀ ਵਿਚ ਕੁਝ ਪੱਕੇ ਮੈਂਬਰ ਸਨ ਜਿਨ੍ਹਾਂ ਨੂੰ ਪਿਤਾ ਜੀ ਬਚਪਨ ਦੇ ਦੋਸਤ ਕਹਿੰਦੇ ਸਨ। ਇਸ ਤੋਂ ਇਲਾਵਾ ਇਸ ਮੰਡਲੀ ਵਿਚ ਜ਼ਿਲ੍ਹੇ ਦੇ ਕਈ ਉੱਚ ਅਧਿਕਾਰੀ, ਬੈਂਕਾਂ ਦੇ ਮੈਨੇਜਰ, ਉਦਯੋਗਪਤੀ ਅਤੇ ਰਾਜਨੀਤੀਵਾਨ ਵੀ ਹੁੰਦੇ ਸਨ। ਉਹ ਰੋਜ਼ ਦੋ-ਤਿੰਨ ਘੰਟੇ ਉੱਥੇ ਗੁਜ਼ਾਰਕੇ ਰਾਤ ਦੇ ਨੌਂ ਕੁ ਵਜੇ ਵਾਪਸ ਮੁੜਦੇ ਸਨ। ਕਈ ਵਾਰ ਉਹ ਇਸ ਕਲੱਬ ਦੇ ਅਹੁਦੇਦਾਰ ਵੀ ਚੁਣੇ ਜਾਂਦੇ ਸਨ। ਕਿਉਂਕਿ ਇਹ ਇਕ ਛੋਟਾ ਜਿਹਾ ਸ਼ਹਿਰ ਸੀ ਤਾਂ ਵੀ ਹਰ ਸਾਲ ਇਹ ਕਲੱਬ ਕਈ ਛੋਟੇ-ਛੋਟੇ ਪ੍ਰੋਗਰਾਮ ਵੀ ਆਯੋਜਤ ਕਰਦਾ ਸੀ ਜਿਸ ਵਿਚ ਮੈਂਬਰਾਂ ਦੇ ਪਰਿਵਾਰ ਵੀ ਸ਼ਾਮਿਲ ਹੁੰਦੇ ਸਨ। ਅਮਨ ਤੇ ਉਸ ਦੇ ਦੋਵੇਂ ਭਰਾ ਵੀ ਇਸ ਕਲੱਬ ਵਿਚ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਵਿਚ ਸ਼ਾਮਿਲ ਹੁੰਦੇ ਸਨ।

ਰੇਡੀਓ ਉੱਪਰ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਖ਼ਬਰ ਆ ਰਹੀ ਸੀ। "ਸਿੱਖ ਬਾਡੀਗਾਰਡ" ਉੱਪਰ ਖ਼ਾਸ ਜ਼ੋਰ ਦਿੱਤਾ ਜਾ ਰਿਹਾ ਸੀ।

ਖ਼ਬਰਾਂ ਤੋਂ ਬਾਅਦ ਉਨ੍ਹਾਂ ਦੇ ਚਿਹਰੇ ਉੱਪਰ ਥੋੜ੍ਹੀ ਜਹੀ ਚਿੰਤਾ ਝਲਕ ਰਹੀ ਸੀ। ਫਿਰ ਉਹ ਉੱਠੇ ਅਤੇ ਬੈੱਡਰੂਮ ਵੱਲ ਚਲੇ ਗਏ। ਜਾਂਦੇ-ਜਾਂਦੇ ਉਨ੍ਹਾਂ ਨੇ ਇਕ ਆਵਾਜ਼ ਮਾਰੀ – "ਰਮਨ ਜ਼ਰਾ ਇਕ ਗਿਲਾਸ ਪਾਣੀ ਦੇਣਾ।"

ਅੱਜ ਉਨ੍ਹਾਂ ਨੇ ਪਾਨ ਲਿਆਉਣ ਲਈ ਵੀ ਨਹੀਂ ਕਿਹਾ। ਨਹੀਂ ਤਾਂ ਰੋਜ਼ਾਨਾ ਉਹ ਜਦੋਂ ਸ਼ਾਮ ਨੂੰ ਕਲੱਬ ਜਾਣ ਤੋਂ ਪਹਿਲਾਂ ਘਰ ਆਉਂਦੇ ਸਨ ਤਾਂ ਅਮਨ ਤੇ ਰਮਨ 'ਚੋਂ ਜੋ ਵੀ ਦਿਸ ਜਾਵੇ ਉਸ ਨੂੰ ਸੂਰਜ ਤੋਂ ਪਾਨ ਲਿਆਉਣ ਲਈ ਭੇਜ ਦਿੰਦੇ ਸਨ। ਸੂਰਜ ਮਗਹੀ ਪਾਨ ਵਾਲਾ – ਉਹ ਹਰ ਸ਼ਾਮ ਨੂੰ ਅੱਠ ਸਾਦੇ ਪਾਨ ਅਤੇ ਚੂਨਾ ਬੰਨ੍ਹ ਕੇ ਰੱਖਦਾ ਸੀ। ਇਨ੍ਹਾਂ ਵਿੱਚੋਂ

ਅਮਨ ਦੇ ਪਿਤਾ ਦੋ ਪਾਨ ਖਾ ਲੈਂਦੇ ਸਨ ਅਤੇ ਬਾਕੀ ਛੇ ਆਪਣੇ ਨਾਲ ਕਲੱਬ ਲੈ ਜਾਂਦੇ ਸਨ।

ਬਾਹਰ ਹੁਣ ਹਨੇਰਾ ਛਾ ਗਿਆ ਸੀ। ਪੂਰੇ ਘਰ 'ਚ ਇਕ ਖ਼ਾਮੋਸ਼ੀ ਸੀ, ਜੋ ਕਿ ਆਮ ਨਹੀਂ ਸੀ।

ਉਦੋਂ ਹੀ ਬਾਹਰ ਕੁਝ ਸ਼ੋਰ ਹੋਇਆ। ਇੰਝ ਜਾਪਦਾ ਸੀ ਜਿਵੇਂ ਕੋਈ ਜਲੂਸ ਜਾ ਰਿਹਾ ਹੋਵੇ। ਕੁਝ ਅਜੀਬ ਜਹੇ ਨਾਅਰੇ ਸਨ। ਅਮਨ ਤੇ ਰਮਨ ਦੋਵੇਂ ਬਾਹਰ ਨਿੱਕਲੇ। ਬਰਾਂਡੇ ਦੀ ਬੱਤੀ ਜਗਾਈ। ਸਾਹਮਣੇ ਵਾਲੀ ਛੱਤ ਉੱਪਰ ਵੀ ਕੁਝ ਲੋਕ ਖੜ੍ਹੇ ਸਨ। ਰੋਹਨ ਵੀ ਖੜ੍ਹਾ ਸੀ।

'ਜਬ ਤਕ ਸੂਰਜ ਚਾਂਦ ਰਹੇਗਾ, ਇੰਦਰਾ ਤੇਰਾ ਨਾਮ ਰਹੇਗਾ।"

"ਖ਼ੂਨ ਕਾ ਬਦਲਾ, ਖ਼ੂਨ ਸੇ ਲੇਂਗੇ।"

ਇਕ ਮੁੱਠੀ ਹਵਾ 'ਚ ਉੱਠੀ, ਅਤੇ ਚਿਹਰਾ ਭਖਿਆ ਹੋਇਆ ਸੀ। ਫਿਰ ਮੁੱਠੀ ਖੁੱਲ੍ਹੀ। ਉਸ ਨੇ ਛੱਤ ਉੱਪਰ ਖੜ੍ਹੇ ਰੋਹਨ ਨੂੰ ਵੀ ਥੱਲੇ ਆਉਣ ਦਾ ਇਸ਼ਾਰਾ ਕੀਤਾ। ਜਵਾਬ ਵਿਚ ਰੋਹਨ ਨੇ ਵੀ ਹੱਥ ਚੁੱਕ ਕੇ, ਮੁੱਠੀ ਮੀਚ ਲਈ। ਬੱਤੀ ਦੇ ਚਾਨਣ 'ਚ ਚਮਕਦੇ ਹੋਏ ਉਸ ਚਿਹਰੇ ਨੂੰ ਰਮਨ ਕਦੇ ਨਹੀਂ ਭੁੱਲ ਸਕਿਆ ਸੀ।

ਉਹ ਰਾਜੇਸ਼ ਸੀ ਜਿਸ ਦੀ ਉਸ ਦੇ ਪਿਤਾ ਜੀ ਨਾਲ ਰਾਜਨੀਤਕ ਸ਼ਰੀਕੇਬਾਜ਼ੀ ਸੀ। ਨਗਰਪਾਲਿਕਾ ਦੀਆਂ ਪਿਛਲੀਆਂ ਚੋਣਾਂ ਵਿਚ ਪੰਜਾਬ ਵਿਚ ਚੱਲ ਰਹੀ ਹਿੰਸਾ ਨੂੰ ਇੱਥੋਂ ਦੀ ਸਿੱਖ ਬਿਰਾਦਰੀ ਨਾਲ ਜੋੜਕੇ ਉਸਨੇ ਚੋਣਾਂ 'ਚ ਲਾਹਾ ਲਿਆ ਸੀ। ਉਂਝ ਤਾਂ ਰਾਜੇਸ਼ ਦਾ ਪਰਿਵਾਰ ਵੀ ਪੰਜਾਬੀ ਬਿਰਾਦਰੀ 'ਚੋਂ ਸੀ। ਉਨ੍ਹਾਂ ਦੀ ਬੋਲੀ ਵੀ ਪੰਜਾਬੀ ਸੀ। ਪਰ ਪਰਿਵਾਰ ਦੇ ਤਕਰੀਬਨ ਸਾਰੇ ਜੀਅ ਸਥਾਨਕ ਬਾਹੂਬਲੀਆਂ ਅਤੇ ਰਾਜਨੀਤਕ ਰਸੂਖ਼ਵਾਨਾਂ ਦੇ ਪਿੱਠੂ ਸਨ। ਰਾਜਨੀਤੀ ਉਹ ਵੀ ਕਰਦੇ ਸਨ ਪਰ ਉਨ੍ਹਾਂ ਦੀ ਰਾਜਨੀਤੀ ਵਿਚ ਚਤੁਰਾਈ ਸੀ, ਵਿਹਾਰ ਕੁਸ਼ਲਤਾ ਸੀ, ਚਾਲਬਾਜ਼ੀ ਸੀ ਅਤੇ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਉਹ ਦੂਜਿਆਂ ਦੇ ਸਿਰ 'ਤੇ ਪੈਰ ਰੱਖ ਕੇ ਅੱਗੇ ਵਧਣ ਦੀ ਕਲਾ 'ਚ ਪ੍ਰਵੀਨ ਸਨ। ਆਜ਼ਾਦੀ ਤੋਂ ਬਾਅਦ ਦੀ ਜੋੜ-ਤੋੜ ਵਾਲੀ ਰਾਜਨੀਤੀ ਉਨ੍ਹਾਂ ਦਾ ਕਾਰਜ-ਖੇਤਰ ਸੀ।

-----

ਉਸ ਤੋਂ ਬਾਅਦ ਸਿਰਫ਼ ਸ਼ਾਂਤੀ ਰਹੀ। ਰਾਤ ਵਾਲੀ ਸ਼ਾਂਤੀ ਨਹੀਂ, ਇਕ ਅਜੀਬ ਜਹੀ ਖ਼ਾਮੋਸ਼ੀ ਵਾਲੀ ਸ਼ਾਂਤੀ। ਅਮਨ ਦਾ ਵੱਡਾ ਭਰਾ ਕਰਨ ਵੀ ਸਮੇਂ ਤੋਂ ਪਹਿਲਾਂ ਹੀ ਘਰ ਆ ਗਿਆ ਸੀ। ਉਸ ਰਾਤ ਉਸ ਦਾ ਜ਼ਿਆਦਾ ਸਮਾਂ ਭਾਬੀ ਅਤੇ ਬੱਚਿਆਂ ਨਾਲ ਆਪਣੇ ਕਮਰੇ ਵਿਚ ਹੀ ਗੁਜ਼ਰਿਆ। ਅੱਜ ਸਾਰਿਆਂ ਨੇ ਖਾਣਾ ਵੀ ਵੱਖ-ਵੱਖ ਸਮੇਂ 'ਤੇ ਖਾਧਾ।

ਦੂਜੇ ਦਿਨ ਸਵੇਰ ਤੋਂ ਹੀ ਅਮਨ ਦੇ ਪਿਤਾ ਜੀ ਰੇਡੀਓ ਨੂੰ ਚਿੰਬੜੇ ਰਹੇ। ਰਾਂਚੀ ਐਕਸਪ੍ਰੈੱਸ ਅਖ਼ਬਾਰ ਦਾ ਪਹਿਲਾ ਪੰਨਾ ਘਰ ਦੇ ਜੀਆਂ 'ਚ ਸੁਰਖ਼ੀਆਂ ਬਣਿਆ ਰਿਹਾ। ਵੱਡੇ ਭਰਾ ਦਾ ਨਿੱਤਾਪ੍ਰਤੀ ਕੰਮ ਆਮ ਸੀ। ਸਵੇਰੇ-ਸਵੇਰੇ ਉੱਠ ਕੇ ਪਿਤਾ ਜੀ ਦੇ ਪੈਰੀਂ ਹੱਥ ਲਾ

ਕੇ ਉਨ੍ਹਾਂ ਨਾਲ ਬੈਠ ਕੇ ਇਕ ਕੱਪ ਚਾਹ ਉੱਪਰ ਗੁਫ਼ਤਗੂ ਕੀਤੀ ਅਤੇ ਫਿਰ ਆਪਣਾ ਸਕੂਟਰ ਲੈ ਕੇ ਡੀਪੂ ਨੂੰ ਚੱਲ ਪਏ। ਉਸ ਤੋਂ ਬਾਅਦ ਘਰ ਤੇ ਬਾਹਰ ਫਿਰ ਸ਼ਾਂਤੀ ਛਾਈ ਰਹੀ।

ਤਕਰੀਬਨ ਅੱਧੇ ਘੰਟੇ ਬਾਅਦ ਇੰਝ ਜਾਪਿਆ ਜਿਵੇਂ ਸ਼ਹਿਰ 'ਚ ਦੂਰ ਕਿੱਧਰੇ ਕੁਝ ਵਾਪਰ ਰਿਹਾ ਹੈ। ਇੰਝ ਲੱਗ ਰਿਹਾ ਸੀ ਜਿਵੇਂ ਕੋਈ ਜਲਸਾ ਜਿਹਾ ਹੋ ਰਿਹਾ ਹੈ। ਸਟੇਸ਼ਨ ਵਾਲੀ ਗਲੀ ਦੇ ਮੰਦਰ ਤੋਂ ਵੱਜ ਰਹੇ ਭਜਨ ਬੰਦ ਹੋ ਗਏ ਸਨ। ਅੱਜ ਗੁਰਦੁਆਰੇ 'ਚ ਵੀ ਛੇਤੀ ਸਮਾਪਤੀ ਹੋ ਗਈ ਸੀ। ਇਹ ਆਵਾਜ਼ ਥੋੜ੍ਹੀ ਅਜੀਬ ਜਹੀ ਲੱਗੀ। ਜਦੋਂ ਵੀ ਅਜਿਹਾ ਆਲਮ ਹੁੰਦਾ ਸੀ, ਅਮਨ ਤੇ ਰਮਨ ਦੋਹਾਂ ਭਰਾਵਾਂ ਦੇ ਕਦਮ ਆਪਣੇ ਆਪ ਹੀ ਪੌੜੀਆਂ ਨਾਪਣ ਲੱਗਦੇ ਸਨ। ਪਹਿਲੀ ਮੰਜ਼ਿਲ ਤੋਂ ਹੁੰਦੇ ਹੋਏ ਉਹ ਦੂਜੀ ਮੰਜ਼ਿਲ ਦੀ ਖੁੱਲ੍ਹੀ ਜਗ੍ਹਾ ਉੱਪਰ ਪਹੁੰਚੇ ਤਾਂ ਇਹ ਆਵਾਜ਼ ਦੂਰੋਂ ਆਉਂਦੇ ਜਸ਼ਨੀ ਰੌਲੇ-ਰੱਪੇ ਦਾ ਸੰਕੇਤ ਦੇ ਰਹੀ ਸੀ। ਉਸ ਤੋਂ ਬਾਅਦ ਘਰ ਦੇ ਪਿਛਵਾੜੇ ਵਾਲੇ ਪਾਸੇ ਸਟੇਸ਼ਨ ਦੇ ਦੂਜੇ ਪਾਸਿਓਂ ਕਾਲੇ ਧੂੰਏ ਦਾ ਉੱਠਦਾ ਹੋਇਆ ਗੁਬਾਰ ਨਜ਼ਰ ਆਉਣ ਲੱਗਾ। ਇਹ ਧੂੰਆਂ ਭਾਫ਼ ਦੇ ਇੰਜਨ ਵਾਲੀ ਰੇਲਗੱਡੀ ਵਰਗਾ ਨਹੀਂ ਸੀ ਅਤੇ ਕਿਸੇ ਰੇਲ ਦੇ ਆਉਣ ਦਾ ਇਹ ਸਮਾਂ ਵੀ ਨਹੀਂ ਸੀ। ਇਸ ਤੋਂ ਬਾਅਦ ਹੋਰ ਥਾਵਾਂ ਤੋਂ ਵੀ ਧੂੰਏ ਦੇ ਗੁਬਾਰ ਨਜ਼ਰ ਆਉਣ ਲੱਗੇ।

ਹੌਲੀ-ਹੌਲੀ ਰੌਲਾ ਵਧਣ ਲੱਗਾ। ਫਿਰ ਰੌਲਾ ਪਾਉਂਦਾ ਹਜੂਮ ਨਜ਼ਰ ਵੀ ਆਉਣ ਲੱਗਾ। ਜਲੂਸ ਦਾ ਰੂਪ ਅਖ਼ਤਿਆਰ ਕਰ ਚੁੱਕੀ ਇਕ ਭੀੜ ਉਨ੍ਹਾਂ ਦੇ ਮੁਹੱਲੇ ਵੱਲ ਵਧ ਰਹੀ ਸੀ। ਦੋਹਾਂ ਭਰਾਵਾਂ ਨੇ ਇਕ ਦੂਜੇ ਤੋਂ ਸਵਾਲ ਪੁੱਛਦੇ ਹੋਏ ਹੈਰਾਨੀ ਭਰੀਆਂ ਨਜ਼ਰਾਂ ਨਾਲ ਦੇਖਿਆ। ਇਹ ਸਭ ਉਨ੍ਹਾਂ ਦੀ ਸਮਝ ਤੋਂ ਬਾਹਰ ਸੀ। ਭੀੜ ਉਨ੍ਹਾਂ ਦੇ ਘਰ ਦੇ ਪਿਛਲੀ ਗਲੀ ਦੇ ਬਾਹਰ ਆ ਕੇ ਰੁਕ ਗਈ। ਉਹ ਗਲੀ ਜਿਸ ਨੂੰ ਮਿੰਨੀ ਪੰਜਾਬ ਵੀ ਕਹਿੰਦੇ ਸਨ; ਜਿੱਥੇ ਅਮਨ ਤੇ ਰਮਨ ਦਾ ਪੁਰਾਣਾ ਘਰ ਸੀ। ਉਹ ਘਰ ਜਿਸ ਵਿਚ ਉਨ੍ਹਾਂ ਦਾ ਜਨਮ ਹੋਇਆ ਸੀ ਅਤੇ ਜ਼ਿੰਦਗੀ ਦੀ ਕਿਸ਼ੋਰ ਉਮਰ ਦੇ ਕੁਝ ਸਾਲ ਉੱਥੇ ਹੀ ਗੁਜ਼ਰੇ ਸਨ। ਪਰ ਭੀੜ ਉਸ ਗਲੀ ਦੇ ਅੰਦਰ ਨਹੀਂ ਗਈ। ਗਲੀ ਦੇ ਮੁਹਾਣੇ ਉੱਪਰ ਹੀ ਉਸ ਭੀੜ ਨੂੰ ਉਸੇ ਗਲੀ 'ਚ ਵਸਦੇ ਗ਼ੈਰਸਿੱਖ ਫਿਰਕੇ ਦੇ ਰਸੂਖ਼ਵਾਨ ਪ੍ਰਿਥਵੀ ਸਿੰਘ ਦੇ ਪਰਿਵਾਰ ਨੇ ਸਿਰਫ਼ ਰੋਕਿਆ ਹੀ ਨਹੀਂ ਸਗੋਂ ਆਪਣੇ ਬਾਹੂਬਲੀ ਪ੍ਰਭਾਵ ਦੀ ਪੂਰੀ ਵਰਤੋਂ ਵੀ ਕੀਤੀ। ਇਹ ਉਹ ਪਰਿਵਾਰ ਸੀ ਜੋ ਸਦੀਆਂ ਤੋਂ ਇਸੇ ਸ਼ਹਿਰ ਤੇ ਇਸੇ ਗਲੀ 'ਚ ਰਹਿੰਦਾ ਸੀ। ਉਨ੍ਹਾਂ ਦੀ ਆਪਣੀ ਜ਼ਮੀਨ ਸੀ ਜਿਸ ਉੱਪਰ ਉਨ੍ਹਾਂ ਨੇ ਪਾਕਿਸਤਾਨ ਤੋਂ ਹੀ ਨਹੀਂ ਸਗੋਂ ਹੋਰ ਥਾਵਾਂ ਤੋਂ ਹਿਜ਼ਰਤ ਕਰਕੇ ਆਏ ਵੱਖ-ਵੱਖ ਫਿਰਕਿਆਂ ਨੂੰ ਵਸਾਇਆ ਸੀ। ਥੋੜ੍ਹੇ ਚਿਰ 'ਚ ਹੀ ਭੀੜ ਅਮਨ ਦੀ ਗਲੀ ਦੇ ਮੁਹਾਣੇ ਉੱਪਰ ਚੌਕ ਵੱਲ ਵਧਣੀ ਸ਼ੁਰੂ ਹੋ ਗਈ।

ਦੋਵੇਂ ਭਰਾ ਛੱਤ ਉੱਪਰ ਹੀ ਘਰ ਦੇ ਅਗਲੇ ਹਿੱਸੇ ਵੱਲ ਆ ਗਏ। ਗਲੀ ਤਾਂ ਸੁੰਨੀ ਪਈ ਸੀ। ਸਾਹਮਣੇ ਰੋਹਨ ਦਾ ਘਰ ਵੀ ਸੁੰਨਸਾਨ ਸੀ। ਉਨ੍ਹਾਂ ਨੇ ਛੱਤ ਤੋਂ ਹੀ ਪਿਤਾ ਜੀ ਨੂੰ ਸਾਹਮਣੇ ਵਾਲੇ ਗੇਟ ਉੱਪਰ ਜੰਦਰਾ ਲਗਾਉਂਦੇ ਦੇਖਿਆ। ਉੱਧਰ ਉਹ ਭੀੜਨੁਮਾ ਜਲੂਸ ਉਨ੍ਹਾਂ ਦੀ ਗਲੀ ਦੇ ਕੋਨੇ ਵਾਲੇ ਚੌਕ 'ਚ ਪਹੁੰਚ ਗਿਆ ਸੀ। ਉਸੇ ਸਮੇਂ ਉਨ੍ਹਾਂ ਨੇ ਰਾਜੇਸ਼ ਨੂੰ

ਆਪਣੇ ਬੁਲਟ ਮੋਟਰ ਸਾਈਕਲ ਉੱਪਰ ਚੌਕ ਵੱਲ ਤੇਜ਼ੀ ਨਾਲ ਜਾਂਦੇ ਹੋਏ ਦੇਖਿਆ। ਹੁਣ ਤੱਕ ਉਹ ਜਲੂਸ ਸੱਜੇ ਪਾਸੇ ਵੱਲ ਮੁੜ ਚੁੱਕਾ ਸੀ। ਕੁਝ ਲੋਕਾਂ ਨੇ ਚੌਕ ਉੱਪਰ ਇਕ ਦੁਕਾਨ ਤੋੜ ਕੇ ਲੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਸੀ। ਇਕ ਗੱਡੀ ਦੇ ਸੜਨ ਦਾ ਧੂੰਆਂ ਵੀ ਦਿਸ ਰਿਹਾ ਸੀ। ਥੋੜ੍ਹੀ ਦੇਰ ਬਾਅਦ ਦੋਹਾਂ ਭਰਾਵਾਂ ਨੇ ਰਾਜੇਸ਼ ਨੂੰ ਮੁੜ ਆਪਣੇ ਮੋਟਰ ਸਾਈਕਲ ਉੱਪਰ ਵਾਪਸ ਉਨ੍ਹਾਂ ਦੇ ਘਰ ਦੇ ਸਾਹਮਣਿਓਂ ਲੰਘਦੇ ਦੇਖਿਆ ਅਤੇ ਉਸ ਦੇ ਪਿੱਛੇ ਕੁਝ ਲੋਕ ਵੀ ਹੱਥਾਂ 'ਚ ਡੰਡੇ, ਲੋਹੇ ਦੀਆਂ ਰਾਡਾਂ, ਚੇਨਾਂ ਅਤੇ ਹੋਰ ਸੰਦ ਚੁੱਕੀ ਦੌੜਦੇ ਹੋਏ ਆ ਰਹੇ ਸਨ। ਰਾਜੇਸ਼ ਨੇ ਆਪਣਾ ਮੋਟਰ ਸਾਈਕਲ ਚਲਾਉਂਦੇ ਹੋਏ ਹੱਥ ਨਾਲ ਅਮਨ ਦੇ ਘਰ ਵੱਲ ਇਸ਼ਾਰਾ ਕੀਤਾ। ਭੀੜ ਘਰ ਦੇ ਸਾਹਮਣੇ ਰੁਕ ਗਈ।

ਅਮਨ ਦਾ ਘਰ ਚੌਕ ਤੋਂ ਤੀਜੇ ਨੰਬਰ 'ਤੇ ਸੀ। ਦੇਖਿਆ ਜਾਵੇ ਤਾਂ ਇਸ ਗਲੀ 'ਚ ਇਹ ਸਿੱਖਾਂ ਦਾ ਪਹਿਲਾ ਘਰ ਸੀ। ਸਾਹਮਣੇ ਵਾਲਾ ਘਰ ਰੋਹਨ ਦਾ ਸੀ। ਉਸ ਦੇ ਨਾਲ ਇਕ ਹੋਰ ਸਿੱਖ ਪਰਿਵਾਰ ਰਹਿੰਦਾ ਸੀ। ਭੀੜ ਨੇ ਸਭ ਤੋਂ ਪਹਿਲਾਂ ਅਮਨ ਦੇ ਘਰ ਦੇ ਬਾਹਰਲੇ ਗੇਟ ਦਾ ਜੰਦਰਾ ਤੋੜਿਆ। ਇਸ ਦੌਰਾਨ ਅਮਨ ਦੇ ਪਿਤਾ ਜੀ ਨੇ ਉਨ੍ਹਾਂ ਨਾਲ ਬਹਿਸ ਕਰਨ ਦੀ ਕੋਸ਼ਿਸ਼ ਕੀਤੀ। ਇਕ ਪੱਥਰ ਉਨ੍ਹਾਂ ਦੇ ਹੱਥ ਉੱਪਰ ਲੱਗਾ ਅਤੇ ਅਮਨ ਦੇ ਮਾਤਾ ਜੀ ਨੇ ਉਨ੍ਹਾਂ ਨੂੰ ਖਿੱਚ ਕੇ ਘਰ ਦੇ ਅੰਦਰ ਵਾੜ ਕੇ ਦਰਵਾਜ਼ਾ ਬੰਦ ਕਰ ਲਿਆ। ਫਿਰ ਬਾਹਰਲਾ ਗੇਟ ਟੁੱਟਿਆ ਅਤੇ ਦੋ ਗੱਡੀਆਂ ਨੂੰ ਬਾਹਰ ਸੜਕ 'ਤੇ ਲਿਜਾ ਕੇ ਅੱਗ ਲਗਾ ਦਿੱਤੀ ਗਈ। ਦੋਵੇਂ ਭਰਾ ਹੁਣ ਥੱਲੇ ਪਹਿਲੀ ਮੰਜ਼ਿਲ ਵੱਲ ਭੱਜੇ। ਉੱਥੇ ਕੁਝ ਲੋਕ ਬਾਹਰਲੀ ਦੀਵਾਰ ਤੋਂ ਚੜ੍ਹ ਕੇ ਅੰਦਰ ਆ ਗਏ ਸਨ। ਇਨ੍ਹਾਂ ਲੋਕਾਂ 'ਚ ਕਈ ਅਜਿਹੇ ਸਨ ਜਿਨ੍ਹਾਂ ਨਾਲ ਅਮਨ ਦਾ ਆਮ ਜ਼ਿੰਦਗੀ 'ਚ ਕਿਸੇ ਨਾ ਕਿਸੇ ਮੋੜ 'ਤੇ ਮੇਲ-ਜੋਲ ਹੁੰਦਾ ਰਹਿੰਦਾ ਸੀ। ਆਹਮਣੇ-ਸਾਹਮਣੇ ਹੋਣ 'ਤੇ ਦੋਹਾਂ ਭਰਾਵਾਂ ਨੇ ਤਾਂ ਕਈਆਂ ਨੂੰ ਉਨ੍ਹਾਂ ਦੇ ਨਾਂ ਲੈ ਕੇ ਉੱਥੋਂ ਭਜਾਇਆ। ਜਿਸ ਤਰ੍ਹਾਂ ਉਹ ਦੀਵਾਰ ਉੱਪਰ ਚੜ੍ਹ ਕੇ ਛੱਤ ਉੱਪਰ ਆਏ ਸਨ ਉਸੇ ਰਸਤਿਓਂ ਉਹ ਥੱਲੇ ਵੱਲ ਭੱਜੇ। ਇਸ ਦੌਰਾਨ ਸਾਹਮਣੇ ਵਾਲੇ ਸਿੱਖ ਪਰਿਵਾਰ ਦੇ ਘਰ ਦਾ ਦਰਵਾਜ਼ਾ ਟੁੱਟ ਚੁੱਕਾ ਸੀ ਅਤੇ ਕਈ ਦੰਗਈ ਉਨ੍ਹਾਂ ਦੇ ਘਰ 'ਚ ਵੜਨੇ ਸ਼ੁਰੂ ਹੋ ਗਏ ਸਨ। ਉਦੋਂ ਹੀ ਉਸ ਪਰਿਵਾਰ ਦੇ ਰਿਸ਼ਤੇਦਾਰ ਜੋ ਮੁਹੱਲੇ ਦੇ ਦੂਜੇ ਪਾਸੇ ਰਹਿੰਦੇ ਸਨ, ਇਕ ਜੀਪ ਵਿਚ ਗੋਲੀਆਂ ਚਲਾਉਂਦੇ ਹੋਏ ਉੱਥੇ ਆ ਪਹੁੰਚੇ। ਉਨ੍ਹਾਂ ਦੀ ਬੰਦੂਕਾਂ ਦੀ ਦੁਕਾਨ ਸੀ ਇਸ ਲਈ ਉਹ ਆਪਣੇ ਨਾਲ ਬੰਦੂਕਾਂ ਅਤੇ ਕਾਰਤੂਸ ਭਰ ਕੇ ਲਿਆਏ ਸਨ। ਇੱਧਰ ਅਮਨ ਤੇ ਰਮਨ, ਦੋਹਾਂ ਭਰਾਵਾਂ ਨੂੰ ਵੀ ਜੋਸ਼ ਆ ਗਿਆ ਅਤੇ ਉਹ ਵੀ ਦੀਵਾਰ ਦੇ ਸਹਾਰੇ ਥੱਲੇ ਉੱਤਰ ਕੇ ਸਾਹਮਣੇ ਵਾਲੇ ਘਰ ਵਿਚ ਪਹੁੰਚ ਗਏ। ਅੰਦਰ ਲੁੱਟਮਾਰ ਚੱਲ ਰਹੀ ਸੀ ਅਤੇ ਕੁਝ ਦੰਗਈ ਉਸ ਪਰਿਵਾਰ ਦੇ ਜੀਆਂ ਉੱਪਰ ਹਮਲਾ ਕਰਨ ਦੀ ਤਿਆਰੀ 'ਚ ਸਨ। ਗੋਲੀਆਂ ਚੱਲੀਆਂ ਅਤੇ ਕੁਝ ਦੰਗਈ ਥਾਏਂ ਢੇਰ ਹੋ ਗਏ। ਗੋਲੀਆਂ ਦੀ ਆਵਾਜ਼ ਅਤੇ ਜਵਾਬੀ ਹਮਲੇ 'ਚ ਉਹ ਦੰਗਈ ਆਪਣੀ ਜਾਨ ਬਚਾ ਕੇ ਬਾਹਰ ਵੱਲ ਭੱਜ ਗਏ।

-----

ਅਗਲੇ ਚਾਰ ਦਿਨ ਇਲਾਕੇ 'ਚ ਕਰਫ਼ਿਊ ਲੱਗਾ ਰਿਹਾ। ਇਹ ਚਾਰੇ ਦਿਨ ਅਮਨ ਦਾ ਪਰਿਵਾਰ ਇਕ ਹੋਰ ਘਰ 'ਚ ਰਿਹਾ। ਵੱਡਾ ਭਾਈ ਕਰਨ ਉਸ ਦਿਨ ਆਪਣਾ ਭੇਸ ਬਦਲ ਕੇ ਬਹੁਤ ਮੁਸ਼ਕਲ ਨਾਲ ਜਾਨ ਬਚਾ ਕੇ ਸ਼ਾਮ ਤੱਕ ਕਿੱਧਰੇ ਲੁਕਿਆ ਰਿਹਾ ਸੀ।

ਇਸ ਦੌਰਾਨ ਕਰਫ਼ਿਊ ਦੇ ਸਮੇਂ ਰੋਹਨ ਅਤੇ ਬਿਨੈ ਦੋਹਾਂ ਦਾ ਵਿਹਾਰ ਝਿਜਕ ਵਾਲਾ ਰਿਹਾ ਸੀ। ਹਾਲਾਂਕਿ ਬਾਅਦ ਵਿਚ ਉਨ੍ਹਾਂ ਦਾ ਆਉਣ-ਜਾਣ ਸ਼ੁਰੂ ਹੋ ਗਿਆ ਪਰ ਸਥਿਤੀ ਪਹਿਲਾਂ ਵਾਲੀ ਨਹੀਂ ਰਹੀ ਸੀ। ਵਕਤ ਮੱਲ੍ਹਮ ਤਾਂ ਲਗਾ ਰਿਹਾ ਸੀ ਪਰ ਪਤਾ ਨਹੀਂ ਕਿਉਂ ਹੁਣ ਦਿਲ ਉਚਾਟ ਹੁੰਦਾ ਜਾਂਦਾ ਸੀ। ਅਪਣੱਤ ਦਾ ਅਹਿਸਾਸ ਨਹੀਂ ਹੋ ਰਿਹਾ ਸੀ। ਵੱਡਾ ਭਰਾ ਕਰਨ ਤਾਂ ਬਿਲਕੁਲ ਗੁੰਮਸੁੰਮ ਜਿਹਾ ਹੋ ਗਿਆ ਸੀ ਅਤੇ ਉਸ ਦੇ ਮਨ 'ਚ ਇਸ ਸ਼ਹਿਰ ਤੋਂ ਵਿਸ਼ਵਾਸ ਉੱਠ ਚੁੱਕਾ ਸੀ। ਕਰਫ਼ਿਊ ਤੋਂ ਬਾਅਦ ਜਦੋਂ ਸਿੱਖ ਬਿਰਾਦਰੀ ਦੇ ਲੋਕ ਆਪਸ ਵਿਚ ਗੱਲਬਾਤ ਕਰਦੇ ਤਾਂ ਹਿਜ਼ਰਤ ਦਾ ਮਸਲਾ ਵੀ ਉੱਠਦਾ।

ਗੋਲੀਆਂ ਚੱਲਣ ਨਾਲ ਜੋ ਮੌਤਾਂ ਹੋਈਆਂ ਸਨ ਉਸ ਬਾਰੇ ਵੀ ਮੁਹੱਲੇ ਅਤੇ ਸ਼ਹਿਰ ਦੇ ਲੋਕ ਵੱਖੋ-ਵੱਖਰੇ ਢੰਗ ਨਾਲ ਚਰਚਾ ਕਰਦੇ। ਅਖ਼ਬਾਰ ਵਾਲਿਆਂ ਨੇ ਵੀ ਇਸ ਘਟਨਾ ਨੂੰ ਸਿਰਫ਼ ਖ਼ਬਰ ਹੀ ਨਹੀਂ ਬਣਾਇਆ ਸਗੋਂ ਵੱਖੋ-ਵੱਖਰੇ ਢੰਗ ਨਾਲ ਇਸ ਉੱਪਰ ਪ੍ਰਤੀਕਰਮ ਵੀ ਦਿੱਤਾ। ਸਵਾਲ ਇਹ ਨਹੀਂ ਸੀ ਕਿ ਗੋਲੀ ਕਿਸ ਨੇ ਚਲਾਈ। ਸਵਾਲ ਤਾਂ ਇਹ ਸੀ ਕਿ ਮਰਨ ਵਾਲੇ ਕੌਣ ਸਨ। ਲੁੱਟਮਾਰ ਤਾਂ ਉਹ ਕਰ ਰਹੇ ਸਨ ਪਰ ਕੀ ਉਨ੍ਹਾਂ ਦੇ ਦਿਲ ਵਿਚ ਮਜ਼੍ਹਬੀ ਨਫ਼ਰਤ ਸੀ ਜਾਂ ਸਿਰਫ਼ ਲੁੱਟਮਾਰ ਦਾ ਜਨੂੰਨ ਸੀ। ਕੌਣ ਸਨ ਇਹ ਲੋਕ ? ਕਿੱਥੋਂ ਆਏ ਸਨ ? ਇਨ੍ਹਾਂ ਸਵਾਲਾਂ ਦਾ ਜਵਾਬ ਅੱਜ ਤੱਕ ਕਿਸੇ ਦੇ ਕੋਲ ਨਹੀਂ ਸੀ। ਪੂਰੇ ਕੇਸ ਦੀ ਕਦੇ ਵੀ ਛਾਣਬੀਣ ਨਹੀਂ ਹੋਈ।

ਗੋਲੀਬਾਰੀ ਦੇ ਉਸ ਜਨੂੰਨ ਜਾਂ ਪਾਗਲਪਣ ਨੂੰ ਉੱਥੇ ਹੀ ਦਬਾ ਦਿੱਤਾ ਗਿਆ ਜੋ ਵੱਢ-ਟੁੱਕ ਤੱਕ ਜਾ ਸਕਦਾ ਸੀ। ਜਿਨ੍ਹਾਂ ਨੇ ਇਸ ਗੰਦੀ ਰਾਜਨੀਤੀ ਤੋਂ ਫ਼ਾਇਦਾ ਉਠਾਉਣਾ ਚਾਹਿਆ ਉਹ ਸ਼ਾਇਦ ਉਨ੍ਹਾਂ ਨੂੰ ਮਿਲ ਗਿਆ ਹੋਵੇ। ਪਰਦੇ ਪਿੱਛੇ ਕਈ ਸੌਦੇ ਹੋਏ ਅਤੇ ਮੌਤਾਂ ਦਾ ਮਾਮਲਾ ਰਫ਼ਾ-ਦਫ਼ਾ ਹੋ ਗਿਆ।

-----

ਸਮੇਂ ਨਾਲ ਰਿਸ਼ਤੇ ਬਦਲਣ ਲੱਗੇ। ਜੋ ਘਰ ਅਮਨ ਦੇ ਪਿਤਾ ਨੇ ਬਹੁਤ ਚਾਅ ਨਾਲ ਬਣਾਇਆ ਸੀ, ਜੋ ਦੋਸਤਾਂ ਦਾ ਅੱਡਾ ਕਹਾਉਂਦਾ ਸੀ, ਬਜ਼ਾਰ ਵਿਚ ਉਸ ਦਾ ਮੁੱਲ ਪੈਣ ਲੱਗਾ। ਇਹ ਗੱਲ ਨਹੀਂ ਕਿ ਉਹ ਘਰ ਵਿਕਾਊ ਸੀ, ਪਰ ਪੇਸ਼ਕਸ਼ਾਂ ਫਿਰ ਵੀ ਆਉਣ ਲੱਗੀਆਂ। ਫਿਰ ਉਹ ਘਰ ਵਿਕਿਆ ਅਤੇ ਅਮਨ ਦਾ ਪੂਰਾ ਪਰਿਵਾਰ ਇਕ ਅਣਜਾਣੇ ਸ਼ਹਿਰ ਵਿਚ ਹਿਜ਼ਰਤ ਕਰ ਗਿਆ।

ਨਵੀਂ ਜਗ੍ਹਾ, ਨਵੇਂ ਲੋਕ, ਨਵਾਂ ਦੇਸ਼ ਅਤੇ ਮਾਹੌਲ। ਇਕ ਵਾਰ ਪੜ੍ਹਾਈ ਛੁੱਟ ਗਈ। ਕੁਝ ਸਾਲ ਖ਼ਰਾਬ ਵੀ ਹੋਏ, ਲੇਕਿਨ ਰਾਜਨੀਤੀਕਰਨ ਨੇ ਦੁਬਾਰਾ ਕਾਲਜ ਵਿਚ ਪ੍ਰਵੇਸ਼ ਕਰਵਾ ਦਿੱਤਾ। ਚੇਤਨਾ ਵਧੀ ਪਰ ਮਨ 'ਚੋਂ ਇਹ ਖ਼ਿਆਲ ਕਦੇ ਨਾ ਮਿਟਿਆ ਕਿ

ਇਕ ਵਾਰ ਤਾਂ ਇਸ ਸ਼ਹਿਰ 'ਚ ਆਉਣਾ ਹੈ, ਆਪਣੇ ਸਵਾਲਾਂ ਦੇ ਜਵਾਬ ਲੱਭਣੇ ਹਨ। ਉਨ੍ਹਾਂ ਲੋਕਾਂ ਨੂੰ ਮਿਲਣਾ ਹੈ ਜਿਨ੍ਹਾਂ ਨਾਲ ਬਚਪਨ ਗੁਜ਼ਰਿਆ, ਸਮਾਜਿਕ ਰਿਸ਼ਤੇ ਬਣੇ ਤਾਂ ਫਿਰ ਏਨੀ ਨਫ਼ਰਤ ਕਿਵੇਂ ਪੈਦਾ ਹੋ ਗਈ।

ਅੱਜ ਜਦੋਂ ਸਵਾਲਾਂ ਦਾ ਪਿੱਛਾ ਕਰਦੇ ਹੋਏ ਅਮਨ ਮੁੜ ਸ਼ਹਿਰ ਵਿਚ ਆਇਆ ਤਾਂ ਨਵੇਂ ਸਵਾਲ ਖੜ੍ਹੇ ਹੋ ਗਏ। ਅਮਨ ਆਇਆ ਤਾਂ ਸੀ ਉਸ ਨਫ਼ਰਤ ਦੀ ਜੜ੍ਹ ਨੂੰ ਫੜਨ ਲਈ, ਜਿਸ ਨੇ ਸਿਰਫ਼ ਸਮਾਜਿਕ ਰਿਸ਼ਤਿਆਂ ਨੂੰ ਹੀ ਤਹਿਸ-ਨਹਿਸ ਨਹੀਂ ਕੀਤਾ ਸੀ ਸਗੋਂ ਇਕ ਸਮਾਜ ਦੀ ਨੀਂਹ ਅਤੇ ਉਸ ਉੱਪਰ ਬਣੇ ਇਕ ਭਾਈਚਾਰੇ ਨੂੰ ਜੜੋਂ ਉਖਾੜ ਦਿੱਤਾ ਸੀ। ਦੁਬਾਰਾ ਇਸ ਸ਼ਹਿਰ ਵਿਚ ਆਉਣ ਲਈ ਅਮਨ ਨੂੰ ਆਪਣੇ ਵਜੂਦ ਨਾਲ ਲੜਨਾ ਪਿਆ, ਦੁਬਾਰਾ ਉਹ ਰਿਸ਼ਤੇ ਬਣਾਉਣੇ ਪਏ ਜਿਨ੍ਹਾਂ ਨੇ ਭਾਵਨਾਵਾਂ ਦੀ ਭੂਮਿਕਾ ਉੱਪਰ ਸਵਾਲ ਖੜ੍ਹੇ ਕਰ ਦਿੱਤੇ ਸਨ ਅਤੇ ਹਰ ਰਿਸ਼ਤੇ 'ਚ ਪਦਾਰਥਵਾਦ ਦਾ ਮਹੱਤਵ ਤੈਅ ਕਰ ਦਿੱਤਾ ਸੀ। ਅਮਨ ਨੂੰ ਇੰਝ ਵੀ ਲੱਗਦਾ ਸੀ ਕਿ ਸ਼ਹਿਰ ਵਿਚ ਲੁੱਟਮਾਰ ਤਾਂ ਜ਼ਰੂਰ ਹੋਈ ਸੀ ਅਤੇ ਉਸ ਵਿਚ ਕਈ ਆਪਣੇ ਵੀ ਸ਼ਾਮਿਲ ਸਨ, ਕੁਝ ਥਾਵਾਂ 'ਤੇ ਸਾੜਫੂਕ ਦੀਆਂ ਘਟਨਾਵਾਂ ਵੀ ਹੋਈਆਂ ਸਨ ਜਿਵੇਂ ਕੁਝ ਨਿੱਜੀ ਵਾਹਨਾਂ ਅਤੇ ਲੱਕੜੀ ਦੇ ਡੀਪੂ ਨੂੰ ਅੱਗ ਲਗਾਉਣਾ, ਪਰ ਇਨ੍ਹਾਂ ਲੁੱਟਮਾਰ ਕਰਨ ਵਾਲਿਆਂ 'ਚ ਵੱਢ-ਟੁੱਕ ਦੀ ਭਾਵਨਾ ਨਹੀਂ ਸੀ। ਉਹ ਮੂਲ ਰੂਪ 'ਚ ਵਹਿਸ਼ੀ ਲੋਕ ਨਹੀਂ ਸਨ ਪਰ ਜਿਵੇਂ ਕਿ ਬਰੈਖ਼ਤ ਨੇ ਕਿਹਾ ਹੈ ਕਿ ਕਾਰੋਬਾਰੀ ਸੌਦਿਆਂ 'ਚ ਵਹਿਸ਼ਤ ਦੀ ਜ਼ਰੂਰਤ ਹੁੰਦੀ ਹੈ। ਪਰ ਬਿਨੈ ਦੇ ਬੱਚਿਆਂ ਦੇ ਨਾਵਾਂ ਨੇ ਅਮਨ ਨੂੰ ਇਕ ਡੂੰਘੀ ਸੋਚ 'ਚ ਪਾ ਦਿੱਤਾ ਸੀ। ਜਾਂ ਇੰਝ ਕਹਿ ਲਓ ਕਿ ਅਮਨ ਤੋਂ ਇਹ ਤੈਅ ਨਹੀਂ ਹੋ ਰਿਹਾ ਸੀ ਕਿ ਉਹ ਆਪਣੇ ਸਵਾਲ ਪੁੱਛੇ ਕਿਵੇਂ।

-----

"ਵੀਰੇ, ਚਾਹ ਪੀਓਗੇ ?" ਅਮਨ ਦੀਆਂ ਸੋਚਾਂ ਦੀ ਲੜੀ ਟੁੱਟੀ ਤਾਂ ਦੇਖਿਆ ਸਾਹਮਣੇ ਬਿਨੈ ਖੜ੍ਹਾ ਸੀ। ਉਸਦੇ ਖੜ੍ਹੇ ਹੋਣ ਦੇ ਅੰਦਾਜ਼ ਤੋਂ ਸਾਫ਼ ਨਜ਼ਰ ਆ ਰਿਹਾ ਸੀ ਕਿ ਉਹ ਜ਼ਿਆਦਾ ਨਹੀਂ ਤਾਂ ਕੁਝ ਚਿਰ ਤੋਂ ਉੱਥੇ ਖੜ੍ਹਾ ਹੈ।

"ਨਿਰਮਲਾ, ਵੀਰਾ ਉੱਠ ਖੜ੍ਹਿਆ, ਚਾਹ ਧਰ ਲਓ।"

ਅਮਨ ਉੱਠ ਕੇ ਕਮਰੇ ਤੋਂ ਬਾਹਰ ਗਿਆ ਅਤੇ ਹੱਥ-ਮੂੰਹ ਧੋ ਕੇ ਅੰਦਰ ਆ ਗਿਆ। ਚਿਹਰੇ ਉੱਪਰ ਇਕ ਥਕੇਵਾਂ ਸੀ। ਬਿਨੈ ਤੋਂ ਇਹ ਲੁਕਿਆ ਨਹੀਂ ਸੀ, ਪਰ ਉਹ ਕੁਝ ਕਹਿੰਦਾ ਇਸ ਤੋਂ ਪਹਿਲਾਂ ਟਰੇਅ ਚੁੱਕੀ ਨਿਰਮਲਾ ਕਮਰੇ 'ਚ ਆ ਗਈ। ਕੱਪ ਅਤੇ ਪਿਆਲਿਆਂ ਨੂੰ ਦੇਖ ਕੇ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਅੱਜ ਹੀ ਪਹਿਲੀ ਵਾਰ ਵਰਤਿਆ ਜਾ ਰਿਹਾ ਹੋਵੇ। ਅਮਨ ਨੂੰ ਕਿਤੇ ਵੀ ਪੁਰਾਣੇ ਮਾਹੌਲ ਦਾ ਅਹਿਸਾਸ ਨਹੀਂ ਹੋ ਰਿਹਾ ਸੀ।

"ਚਾਹ ਪੀ ਕੇ ਛੱਤ ਉੱਪਰ ਚੱਲਦੇ ਹਾਂ। ਉੱਥੇ ਹੀ ਗੱਲਾਂ ਕਰਾਂਗੇ।" ਬਿਨੈ ਨੇ ਚਾਹ ਦੀ ਚੁਸਕੀ ਲੈਂਦੇ ਹੋਏ ਕਿਹਾ।

"ਨਹੀਂ, ਪਹਿਲਾਂ ਮੈਂ ਆਪਣਾ ਘਰ ਵੇਖਣਾ ਚਾਹੁੰਨਾਂ।" ਅਮਨ ਨੇ ਜਾਣ-ਬੁੱਝ ਕੇ ਸਵਾਲਾਂ ਦੀ ਕੜੀ 'ਚੋਂ ਬਾਹਰ ਨਿਕਲਣ ਲਈ ਕਿਹਾ।

ਬਿਨੈ ਨੇ ਸਿੱਧੇ ਅਤੇ ਸਪਸ਼ਟ ਢੰਗ ਨਾਲ ਜਵਾਬ ਦਿੱਤਾ, "ਨਹੀਂ ਵੀਰੇ, ਉੱਥੇ ਤੁਸੀਂ ਕੱਲ੍ਹ ਚਲੇ ਜਾਣਾ। ਅੱਜ ਤੁਸੀਂ ਆਪਣਾ ਘਰ ਸਾਡੀ ਛੱਤ ਤੋਂ ਦੇਖ ਲੈਣਾ।"

ਅਮਨ ਨੇ ਪਹਿਲੀ ਵਾਰ ਬਿਨੈ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਿਆ। "ਕਿਉਂ ਜੀ, ਅੱਜ ਕਿਉਂ ਨਹੀਂ ?"

"ਰਾਜੂ ਅਜੇ ਘਰ ਨਹੀਂ ਹੈ। ਕੱਲ੍ਹ ਸਵੇਰੇ ਚਲੇ ਜਾਣਾ ਵੀਰੇ।" ਬਿਨੈ ਨੇ ਮੋੜਵਾਂ ਜਵਾਬ ਦਿੱਤਾ।

ਰਾਜੂ ਵੀ ਇਕ ਪੁਰਾਣਾ ਦੋਸਤ ਹੈ, ਜਿਸ ਦੇ ਪਿਤਾ ਜੀ ਨੇ ਅਮਨ ਦੇ ਪਿਤਾ ਜੀ ਤੋਂ ਘਰ ਖ਼ਰੀਦਿਆ ਸੀ। ਕਹਿਣ ਨੂੰ ਤਾਂ ਉਹ ਦੋਸਤ ਹੀ ਸਨ। ਇਹ ਉਹ ਦੌਰ ਸੀ ਜਦੋਂ ਛੋਟੇ ਸ਼ਹਿਰਾਂ ਵਿਚ ਇਕ ਹੀ ਮੁਹੱਲੇ ਵਿਚ ਰਹਿੰਦੇ ਹੋਏ ਹਮਉਮਰਾਂ ਦਰਮਿਆਨ ਅਕਸਰ ਦੋਸਤੀ ਹੋ ਜਾਂਦੀ ਹੈ। ਪਰ ਅਮਨ ਦਾ ਪਰਿਵਾਰ ਰਾਜੂ ਦੇ ਪਰਿਵਾਰ ਨਾਲ ਕਦੇ ਵੀ ਘੁਲ-ਮਿਲ ਨਹੀਂ ਸਕਿਆ ਸੀ। ਇਸ ਦਾ ਮੁੱਖ ਕਾਰਨ ਰਾਜੂ ਦੇ ਪਰਿਵਾਰ ਦੀ ਧਾਰਮਿਕ ਤੰਗਨਜ਼ਰੀ ਵੀ ਸੀ।

ਚਾਹ ਦੀਆਂ ਚੁਸਕੀਆਂ ਦਰਮਿਆਨ ਹੁਣ ਉਹ ਪਲ ਵੀ ਆ ਗਿਆ ਸੀ ਜਦੋਂ ਅਮਨ ਅਤੇ ਬਿਨੈ ਪਹਿਲੀ ਵਾਰ ਆਹਮਣੇ-ਸਾਹਮਣੇ ਸਨ। ਸਮਾਂ ਤਕਰੀਬਨ ਰੁਕ ਜਿਹਾ ਗਿਆ ਸੀ। ਅਮਨ ਦੇ ਜ਼ਿਹਨ ਵਿਚ ਕਈ ਸਵਾਲ ਆਪਸ ਵਿਚ ਗੁੱਥਮ-ਗੁੱਥਾ ਹੋ ਰਹੇ ਸਨ। ਸਵਾਲਾਂ ਦੀ ਝੜੀ 'ਚ ਪਹਿਲੇ ਸਵਾਲ ਦੀ ਤਲਾਸ਼ ਖ਼ੁਦ ਇਕ ਸਵਾਲ ਬਣ ਗਈ ਸੀ। ਘਟਨਾ ਤਾਂ ਸਿਰਫ਼ ਇਕ ਦਿਨ ਦੀ ਸੀ ਜਾਂ ਇੰਝ ਕਹਿ ਲਓ ਕਿ ਇਕ ਪਲ ਦੀ ਹੀ ਸੀ ਪਰ ਉਸ ਦੇ ਨਾਲ ਕਈ ਸਾਲਾਂ ਦੇ ਸੰਬੰਧ ਅਤੇ ਜ਼ਿੰਦਗੀ ਦੇ ਸਵਾਲ ਜੁੜੇ ਹੋਏ ਸਨ। ਇਸ ਦੋਸਤੀ ਦੇ ਤਮਾਮ ਜੀਵੰਤ ਅਤੇ ਅਮਨ ਦੇ ਜ਼ਿਹਨ 'ਚ ਫਸੇ ਸਵਾਲਾਂ ਦਰਮਿਆਨ ਅੰਤਰਵਿਰੋਧ ਬਿਨੈ ਦੇ ਪਰਿਵਾਰ ਨੂੰ ਮਿਲ ਕੇ ਉਸ ਪੱਧਰ 'ਤੇ ਪਹੁੰਚ ਗਏ ਸਨ ਜਿਸ ਨੂੰ ਅਮਨ ਸਮਝ ਨਹੀਂ ਪਾ ਰਿਹਾ ਸੀ।

"ਚਲੋ ਛੱਤ 'ਤੇ ਚੱਲਦੇ ਹਾਂ," ਬਿਨੈ ਉੱਠ ਖੜ੍ਹਾ ਹੋਇਆ।

ਅਮਨ ਵੀ ਉਸ ਦੇ ਪਿੱਛੇ ਚੱਲ ਪਿਆ। ਵਿਹੜੇ 'ਚ ਲੋਹੇ ਦੀਆਂ ਚੱਕਰਦਾਰ ਪੌੜੀਆਂ ਵੀ ਸਨ ਜੋ ਸਿੱਧੀਆਂ ਪਹਿਲੀ ਮੰਜ਼ਿਲ ਉੱਪਰ ਜਾਂਦੀਆਂ ਸਨ। ਉਸ ਤੋਂ ਬਾਅਦ ਦੂਜੀ ਮੰਜ਼ਿਲ ਉੱਪਰ ਜਾਣ ਲਈ ਨਵੀਆਂ ਪੌੜੀਆਂ ਘਰ ਦੇ ਅਗਲੇ ਹਿੱਸੇ ਤੋਂ ਹੋ ਕੇ ਜਾਂਦੀਆਂ ਸਨ। ਉਸ ਦੇ ਲਈ ਇਕ ਪਤਲੀ ਜਹੀ ਵੀਹੀ 'ਚੋਂ ਗੁਜ਼ਰਨਾ ਪੈਂਦਾ ਸੀ। ਅਮਨ ਪਹਿਲੀ ਵਾਰ ਘਰ ਦੇ ਇਸ ਹਿੱਸੇ 'ਚੋਂ ਲੰਘ ਰਿਹਾ ਸੀ। ਗਲੀ ਸਾਹਮਣੇ ਵਿਹੜੇ 'ਚ ਖੁੱਲ੍ਹੀ, ਫਿਰ ਪੌੜੀਆਂ ਚੜ੍ਹਕੇ ਉਹ ਦੋਵੇਂ ਇਕ ਵਿਸ਼ਾਲ ਛੱਤ ਉੱਪਰ ਜਾ ਪਹੁੰਚੇ। ਖੁੱਲ੍ਹੀ ਹਵਾ ਦੇ ਬੁੱਲੇ ਨੇ ਅਮਨ ਦੇ ਮਨ ਦੇ ਥਕੇਵੇਂ ਨੂੰ ਰਾਹਤ ਦਿੱਤੀ। ਸੂਰਜ ਪੱਛਮ ਵੱਲ ਕੋਇਲ ਨਦੀ 'ਚ ਡੁੱਬਦਾ ਮਹਿਸੂਸ ਹੋ ਰਿਹਾ ਸੀ ਜਿਸ ਦੀਆਂ ਕਿਰਨਾਂ ਪਾਣੀ ਨਾਲ ਟਕਰਾ ਕੇ ਇਕ ਸੁਨਹਿਰਾ

ਮਾਹੌਲ ਪੈਦਾ ਕਰ ਰਹੀਆਂ ਸਨ। ਛੱਤ ਉੱਪਰ ਆਉਂਦੇ ਹੀ ਦੋਹਾਂ ਦੇ ਕਦਮ ਆਪਮੁਹਾਰੇ ਹੀ ਖੱਬੇ ਪਾਸੇ ਵੱਲ ਮੁੜ ਗਏ ਅਤੇ ਫਿਰ ਉਹ ਦੋਵੇਂ ਦੀਵਾਰ ਦੇ ਕੋਲ ਜਾ ਕੇ ਖੜ੍ਹੇ ਹੋ ਗਏ।

ਸਾਹਮਣੇ ਅਮਨ ਦਾ ਪੁਰਾਣਾ ਘਰ ਸੀ। ਬਿਨੈ ਦੀ ਛੱਤ ਤੋਂ ਉਸ ਘਰ ਦੀਆਂ ਪੌੜੀਨੁਮਾ ਚਾਰ ਛੱਤਾਂ ਅਤੇ ਸਾਹਮਣੇ ਦਾ ਬਗ਼ੀਚਾ ਬਿਲਕੁਲ ਸਾਫ਼ ਦਿਸਦਾ ਸੀ। ਇਹ ਉਹ ਘਰ ਹੈ ਜਿਸ ਨੂੰ ਦੇਖਣ ਲਈ ਲੋਕ ਸ਼ਹਿਰ ਦੇ ਹੋਰ ਹਿੱਸਿਆਂ ਤੋਂ ਵੀ ਆਉਂਦੇ ਸਨ। ਇਹ ਉਹ ਘਰ ਹੈ ਜਿਸ ਦਾ ਇਕ ਹਿੱਸਾ ਚਾਲੀ ਡਿਗਰੀ ਦੀ ਤਪਦੀ ਧੁੱਪ ਅਤੇ ਲੂ ਦੇ ਥਪੇੜਿਆਂ ’ਚ ਵੀ ਜੇ ਬਿਜਲੀ ਨਾ ਹੋਵੇ ਤਾਂ ਵੀ ਠੰਡਕ ਦਿੰਦਾ ਹੈ। ਇਕ ਨਿੱਕਾ ਜਿਹਾ ਬਗ਼ੀਚਾ ਉੱਪਰ ਵੀ ਸੀ। ਬਾਰਿਸ਼ ਦੀ ਰੁੱਤ ’ਚ ਵੀ ਛੱਤ ਉੱਪਰ ਸੌਣ ਦਾ ਪ੍ਰਬੰਧ ਹੈ। ਇਹ ਇਕ ਅਜਿਹਾ ਘਰ ਹੈ ਜਿੱਥੇ ਪੰਛੀ ਉੱਡਦੇ ਹੋਏ ਇਕ ਪਾਸਿਓਂ ਵੜ ਕੇ ਦੂਜੇ ਪਾਸੇ ਨਿਕਲ ਜਾਂਦੇ ਹਨ। ਇਸੇ ਘਰ ਵਿਚ ਅਮਨ ਦਾ ਬਚਪਨ ਪ੍ਰਫੁੱਲਤ ਹੋਇਆ ਸੀ, ਇਸੇ ਘਰ ’ਚ ਉਸ ਦੀ ਜਵਾਨੀ ਨੂੰ ਖੰਭ ਲੱਗੇ ਸਨ। ਇਹ ਸਿਰਫ਼ ਗਾਰੇ ਅਤੇ ਸੀਮਿੰਟ ਨਾਲ ਬਣਿਆ ਘਰ ਨਹੀਂ ਸੀ ਸਗੋਂ ਇਹ ਤਾਂ ਇਸ ਵਿਚ ਰਹਿਣ ਵਾਲਿਆਂ ਦੇ ਦਿਲਾਂ ਦੀ ਤਰ੍ਹਾਂ ਧੜਕਦਾ ਸੀ। ਅਮਨ ਦੇ ਪਿਤਾ ਅਤੇ ਬਾਅਦ ਵਿਚ ਅਮਨ ਤੇ ਉਸ ਦੇ ਭਰਾਵਾਂ ਨੇ ਇਸ ਦੀ ਤਾਮੀਰ ਵਿਚ ਸਿਰਫ਼ ਆਪਣੀ ਕਿਰਤ ਹੀ ਨਹੀਂ ਸੀ ਲਗਾਈ, ਆਪਣੇ ਲਹੂ-ਮਾਸ ਨਾਲ ਵੀ ਇਸ ਨੂੰ ਸਿੰਜਿਆ ਸੀ।

ਘਰ ਵੱਲ ਦੇਖ ਕੇ ਅਮਨ ਦਾ ਮਨ ਥੋੜ੍ਹਾ ਪ੍ਰੇਸ਼ਾਨ ਹੋ ਗਿਆ। ਛੱਤ ਵਾਲਾ ਬਗ਼ੀਚਾ ਪੂਰੀ ਤਰ੍ਹਾਂ ਉਜੜਿਆ ਹੋਇਆ ਸੀ। ਦੋ-ਚਾਰ ਟੁੱਟੀਆਂ ਹੋਈਆਂ ਕੁਰਸੀਆਂ ਪਈਆਂ ਸਨ ਜਿਨ੍ਹਾਂ ਉੱਪਰ ਸ਼ਾਇਦ ਹੀ ਕਦੇ ਕੋਈ ਬੈਠਿਆ ਹੋਵੇ। ਇਕ ਲੱਕੜੀ ਦਾ ਤਖਤਪੋਸ਼ ਵੀ ਸੀ ਜੋ ਪਾਣੀ ’ਚ ਭਿੱਜ ਕੇ ਗਲ-ਸੜ ਗਿਆ ਸੀ। ਬਗ਼ੀਚੇ ਦੀ ਹੇਠਲੀ ਛੱਤ ਨੂੰ ਦੇਖ ਕੇ ਇੰਝ ਲੱਗ ਰਿਹਾ ਸੀ ਜਿਵੇਂ ਸਦੀਆਂ ਤੋਂ ਕਿਸੇ ਨੇ ਉਸ ਉੱਪਰ ਝਾੜੂ ਨਹੀਂ ਲਗਾਇਆ ਸੀ। ਟੈਂਕੀ ਦਾ ਉਹ ਕੋਨਾ ਜਿਸ ਦੇ ਪਿੱਛੇ ਬੱਚੇ ਖੇਡਦੇ ਹੋਏ ਲੁਕਦੇ ਸਨ, ਹੁਣ ਖੁੱਲ੍ਹਾ ਪੇਸ਼ਾਬਘਰ ਲੱਗ ਰਿਹਾ ਸੀ।

ਅਮਨ ਨੇ ਬਿਨੈ ਵੱਲ ਸਵਾਲੀਆ ਨਜ਼ਰਾਂ ਨਾਲ ਤੱਕਿਆ। ਪਰ ਅਮਨ ਨੂੰ ਇੰਝ ਲੱਗਾ ਕਿ ਬਿਨੈ ਆਪਣੀਆਂ ਨਜ਼ਰਾਂ ਚੁਰਾ ਰਿਹਾ ਹੈ। ਉਸ ਦੀਆਂ ਨਜ਼ਰਾਂ ਕੁਝ ਇਸ ਤਰ੍ਹਾਂ ਬਿਆਨ ਕਰ ਰਹੀਆਂ ਸਨ ਜਿਵੇਂ ਇਸ ਚਮਨ ਨੂੰ ਉਜਾੜਨ ’ਚ ਸਾਰਾ ਸ਼ਹਿਰ ਤਾਂ ਜ਼ਿੰਮੇਵਾਰ ਸੀ ਹੀ, ਕੁਝ ਸ਼ਖ਼ਸ ਇਸ ਚਮਨ ਵਿਚ ਖੇਡਣ ਵਾਲੇ ਵੀ ਸਨ।

“ਰਾਜੂ ਨੇ ਫਸਟ ਫਲੋਰ ਪੀ.ਜੀ. ਬਣਾ ਦਿੱਤਾ ਹੈ। ਉੱਪਰ ਤਾਂ ਬਸ ਮੁੰਡੇ ਹੀ ਆਉਂਦੇ ਨੇ।” ਬਿਨੈ ਨੇ ਜਿਵੇਂ ਦੋ ਵਾਕਾਂ ’ਚ ਉੱਜੜੇ ਹੋਏ ਚਮਨ ਨੂੰ ਬਿਆਨ ਕਰ ਦਿੱਤਾ। ਸਾਰਾ ਦੋਸ਼ ਰਾਜੂ ਅਤੇ ਚੰਦ ਲੜਕਿਆਂ ਉੱਪਰ ਮੜ੍ਹ ਦਿੱਤਾ। ਪਰ ਇਨ੍ਹਾਂ ਸ਼ਬਦਾਂ ਅਤੇ ਬਿਨੈ ਦੇ ਚਿਹਰੇ ਦੇ ਹਾਵਭਾਵ ’ਚ ਕੋਈ ਤਾਲਮੇਲ ਨਹੀਂ ਸੀ। ਦਰਅਸਲ ਉਹ ਉਨ੍ਹਾਂ ਹਵਾਵਾਂ ਨੂੰ ਦੋਸ਼ ਦੇ ਰਿਹਾ ਸੀ ਜਿਨ੍ਹਾਂ ਨੇ ਕੁਝ ਪਲ ਲਈ ਹੀ ਸਹੀ, ਆਪਣਾ ਤੇਵਰ ਬਦਲਿਆ ਅਤੇ ਚਮਨ ਨੂੰ ਉਜਾੜ ਦਿੱਤਾ। ਇਹ ਉਹ ਹਵਾਵਾਂ ਸਨ ਜਿਨ੍ਹਾਂ ਨੇ ਕਈ ਦਹਾਕਿਆਂ ਤੋਂ ਬਣੇ

ਇਨਸਾਨੀ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦਿੱਤਾ ਸੀ। ਅਮਨ ਨੇ ਕਦੇ ਨਹੀਂ ਸੀ ਸੋਚਿਆ ਕਿ ਉਸ ਦਾ ਘਰ ਇਕ ਹੌਸਟਲ ਦੀ ਸ਼ਕਲ ਲੈ ਲਵੇਗਾ।

"ਰਾਜੂ ਦੀ ਮਾਂ ਕਿਵੇਂ ਹੈ?" ਅਮਨ ਨੇ ਉਂਝ ਹੀ ਪੁੱਛ ਲਿਆ।

"ਬਸ ਜੀ ਰਹੀ ਹੈ। ਅੰਕਲ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਤਾਂ ਪੂਰਾ ਘਰ ਹੀ ਬਿਖਰ ਗਿਆ ਹੈ। ਰਾਜੂ ਤਾਂ ਕੋਈ ਖ਼ਾਸ ਕੰਮ ਕਰਦਾ ਨਹੀਂ ਹੈ। ਛੋਟੇ-ਮੋਟੇ ਠੇਕੇ ਮਿਲੇ ਤਾਂ ਕੰਮ ਕਰ ਲਿਆ। ਬਸ ਕਿਰਾਏ ਨਾਲ ਹੀ ਘਰ ਚੱਲਦਾ ਹੈ।" ਬਿਨੈ ਨੇ ਬਹੁਤ ਤਲਖ਼ੀ ਨਾਲ ਰਾਜੂ ਦੇ ਘਰ ਦਾ ਹਾਲ ਬਿਆਨ ਕਰ ਦਿੱਤਾ।

ਆਪਣੇ ਘਰ ਦੀ ਛੱਤ ਦਾ ਹਾਲ ਅਤੇ ਰਾਜੂ ਦੇ ਪਰਿਵਾਰ ਦਾ ਬਿਓਰਾ ਸੁਣਕੇ ਅਮਨ ਦੇ ਜ਼ਿਹਨ ਵਿਚ ਥੋੜ੍ਹੀ ਉੱਥਲ-ਪੁੱਥਲ ਹੋਣ ਲੱਗੀ। ਜਦੋਂ ਰਾਜੂ ਦੇ ਪਿਤਾ ਨੇ ਪਹਿਲੀ ਵਾਰ ਇਹ ਘਰ ਖ਼ਰੀਦਣ ਦੀ ਗੱਲ ਕੀਤੀ ਸੀ ਤਾਂ ਅਮਨ ਦੇ ਪਿਤਾ ਜੀ ਨੂੰ ਇਹ ਮਹਿਸੂਸ ਹੋਇਆ ਸੀ ਜਿਵੇਂ ਆਪਣਿਆਂ ਨੂੰ ਹੀ ਘਰ ਦੇ ਕੇ ਜਾ ਰਹੇ ਹਨ। ਉਸ ਦੋਸਤ ਨੂੰ ਆਪਣਾ ਘਰ ਦੇ ਕੇ ਜਾ ਰਹੇ ਹਨ ਜੋ ਇਸ ਨੂੰ ਸਿਰਫ਼ ਦੀਵਾਰਾਂ ਅਤੇ ਛੱਤਾਂ ਤੱਕ ਸੀਮਤ ਨਹੀਂ ਰੱਖੇਗਾ। ਇਸ ਵਿਚ ਇਨਸਾਨੀ ਰਿਸ਼ਤਿਆਂ ਦੀ ਮਹਿਕ ਹਮੇਸ਼ਾ ਬਰਕਰਾਰ ਰਹੇਗੀ। ਪਰ ਅੱਜ ਇਸ ਘਰ ਦੀਆਂ ਦੀਵਾਰਾਂ ਅਤੇ ਛੱਤਾਂ ਇਸ ਵਿਚ ਰਹਿਣ ਵਾਲਿਆਂ ਦਾ ਹਾਲ ਖ਼ੁਦ ਹੀ ਬਿਆਨ ਕਰ ਰਹੀਆਂ ਸਨ।

ਉੱਧਰ ਸੂਰਜ ਢਲ ਚੁੱਕਾ ਸੀ ਅਤੇ ਸਹਿਜੇ-ਸਹਿਜੇ ਹਨੇਰਾ ਫੈਲਦਾ ਜਾ ਰਿਹਾ ਸੀ। ਅਮਨ ਦਾ ਮਨ ਥੋੜ੍ਹਾ ਬੇਚੈਨ ਸੀ। ਹੁਣ ਉਹ ਸ਼ਾਂਤ ਹੋ ਕੇ ਛੱਤ ਉੱਪਰ ਟਹਿਲਣ ਲੱਗਾ। ਥੋੜ੍ਹਾ ਚਿਰ ਟਹਿਲਣ ਤੋਂ ਬਾਅਦ ਉਹ ਦੋਵੇਂ ਥੱਲੇ ਨੂੰ ਚੱਲ ਪਏ। ਵਾਪਸ ਆਪਣੇ ਕਮਰੇ 'ਚ ਆਉਣ ਤੋਂ ਬਾਅਦ ਅਮਨ ਥੋੜ੍ਹਾ ਚਿਰ ਇਕੱਲਾ ਬੈਠਾ ਰਿਹਾ। ਉਹ ਆਪਣਾ ਧਿਆਨ ਆਪਣੇ ਘਰ ਤੋਂ ਹਟਾ ਕੇ ਕਿਸੇ ਹੋਰ ਪਾਸੇ ਲਗਾਉਣਾ ਚਾਹੁੰਦਾ ਸੀ। ਉਹ ਇਸ ਘਰ ਤੋਂ ਬਾਹਰ ਨਿੱਕਲਕੇ ਆਪਣੇ ਸ਼ਹਿਰ ਦੀਆਂ ਗਲੀਆਂ 'ਚ ਭਟਕਣਾਂ ਚਾਹੁੰਦਾ ਸੀ। ਥੋੜ੍ਹੀ ਦੇਰ 'ਚ ਆਪਣੇ ਕੱਪੜੇ ਬਦਲ ਕੇ ਉਹ ਘਰ ਦੇ ਸਾਹਮਣੇ ਵਾਲੇ ਗਰਿੱਲ ਗੇਟ ਉੱਪਰ ਪਹੁੰਚ ਗਿਆ। ਸ਼ਾਮ ਦੇ ਸੱਤ ਵਜੇ ਸਨ ਅਤੇ ਗਰਿੱਲ ਗੇਟ ਉੱਪਰ ਵੱਡਾ ਸਾਰਾ ਜੰਦਰਾ ਲਟਕ ਰਿਹਾ ਸੀ। ਗੇਟ ਦੇ ਬਾਹਰ ਵੀ ਇਕ ਅੰਧਕਾਰ ਜਿਹਾ ਛਾਇਆ ਹੋਇਆ ਸੀ। ਉਦੋਂ ਹੀ ਬਿਨੈ ਉਸ ਨੂੰ ਭਾਲਦਾ ਹੋਇਆ ਉੱਥੇ ਪਹੁੰਚ ਗਿਆ।

"ਕਿੱਥੇ ਜਾ ਰਹੇ ਹੋ ਵੀਰੇ?"

"ਬਾਹਰ ਜਾਣਾ ਚਾਹੁੰਦਾ ਹਾਂ। ਥੋੜ੍ਹਾ ਘੁੰਮਣਾ ਚਾਹੁੰਦਾ ਹਾਂ।" ਅਮਨ ਨੇ ਬਹੁਤ ਸਹਿਜ ਅਤੇ ਸਵਾਲੀਆਂ ਨਜ਼ਰਾਂ ਨਾਲ ਜਵਾਬ ਦਿੱਤਾ।

ਬਿਨੈ ਦ੍ਰਿੜਤਾ ਨਾਲ ਗੇਟ ਉੱਪਰ ਹੱਥ ਰੱਖਦਾ ਹੋਇਆ ਬੋਲਿਆ, "ਇਸ ਵਕਤ ਨਹੀਂ ਜਾ ਸਕਦੇ। ਹੁਣ ਰਾਤ ਹੋ ਗਈ ਏ। ਬਜ਼ਾਰ ਅਤੇ ਦੁਕਾਨਾਂ ਬੰਦ ਹੋ ਰਹੀਆਂ ਨੇ। ਹੁਣੇ ਰੋਹਨ ਆ ਜਾਵੇਗਾ, ਫਿਰ ਇਕੱਠੇ ਬੈਠ ਕੇ ਗੱਲਾਂ ਕਰਾਂਗੇ।"

ਅਮਨ ਨੂੰ ਬਿਨੈ ਦਾ ਵਿਹਾਰ ਬਹੁਤ ਹੀ ਅਚੰਭੇ ਵਾਲਾ ਲੱਗਾ। ਫਿਰ ਵੀ ਉਸ ਦੇ ਬਾਹਰ ਜਾਣ ਦੀ ਇੱਛਾ ਨਾ ਘਟੀ। "ਮੈਂ ਹੁਣੇ ਆ ਜਾਵਾਂਗਾ। ਬਸ ਚੌਂਕ ਤੱਕ ਜਾ ਕੇ ਆ ਜਾਣਾ ਏ।"

ਚੌਂਕ ਘਰ ਦੇ ਨੇੜੇ ਹੀ ਸੀ ਜੋ ਇਸ ਮੁਹੱਲੇ ਦੇ ਜਵਾਨ ਹੋ ਰਹੇ ਮੁੰਡਿਆਂ ਦੇ ਜੁੜਨ ਦਾ ਅੱਡਾ ਸੀ। ਮੁਹੱਲੇ ਦੇ ਦੋਸਤਾਂ ਦਾ ਉਹ ਮਿਲਣ ਦਾ ਟਿਕਾਣਾ ਵੀ ਸੀ। ਚਾਹੇ ਸਵੇਰੇ ਫੁੱਟਬਾਲ ਖੇਡਣ ਜਾਣਾ ਹੋਵੇ ਜਾਂ ਫਿਰ ਦਿਨ ਭਰ ਕ੍ਰਿਕਟ, ਦੋਸਤ ਅਕਸਰ ਇੱਥੋਂ ਹੀ ਇਕੱਠੇ ਹੋ ਕੇ ਕੂਚ ਕਰਦੇ ਸਨ। ਸ਼ਾਮ ਨੂੰ ਜੇ ਸਮਾਂ ਨਾ ਗੁਜ਼ਰ ਰਿਹਾ ਹੋਵੇ ਤਾਂ ਚੌਂਕ ਦੇ ਕੋਨੇ 'ਚ ਕੱਲੂ ਦੀ ਸਬਜ਼ੀ ਦੀ ਦੁਕਾਨ ਸੀ ਜੋ ਹਨੇਰਾ ਹੋਣ 'ਤੇ ਉੱਬਲੇ ਹੋਏ ਅੰਡੇ ਵੇਚਦਾ ਸੀ। ਦੋਸਤਾਂ ਦਾ ਜਮਘਟਾ ਉੱਥੇ ਹੀ ਲੱਗਦਾ ਸੀ।

"ਹੁਣ ਉੱਥੇ ਕੁਝ ਵੀ ਨਹੀਂ ਹੁੰਦਾ। ਸਭ ਬਦਲ ਗਿਆ ਹੈ। ਉਸ ਤਰ੍ਹਾਂ ਦਾ ਕੁਝ ਵੀ ਨਹੀਂ ਰਿਹਾ ਜਿਸ ਤਰ੍ਹਾਂ ਦਾ ਤੁਸੀਂ ਛੱਡ ਕੇ ਗਏ ਸੀ।" ਬਿਨੈ ਦੀ ਆਵਾਜ਼ 'ਚ ਕਰੁਣਾ ਅਤੇ ਤਲਖ਼ੀ ਦੋਵੇਂ ਝਲਕ ਰਹੀਆਂ ਸਨ। ਇੰਝ ਲੱਗ ਰਿਹਾ ਸੀ ਜਿਵੇਂ ਉਸ ਦਾ ਕੁਝ ਖੁੱਸ ਗਿਆ ਹੋਵੇ।

"ਕੀ ਕਹਿ ਰਹੇ ਹੋ ਬਿਨੈ ? ਅਜਿਹਾ ਕੀ ਬਦਲ ਗਿਐ ਕਿ ਅਸੀਂ ਘਰੋਂ ਬਾਹਰ ਵੀ ਨਹੀਂ ਜਾ ਸਕਦੇ ?" ਅਮਨ ਨੇ ਮੁੜ ਬਾਹਰ ਜਾਣ ਦੀ ਇੱਛਾ ਪ੍ਰਗਟਾਈ।

ਏਨੇ 'ਚ ਰੋਹਨ ਨੇ ਗੇਟ ਖੜਕਾਇਆ। ਰੋਹਨ ਦੇ ਚਿਹਰੇ ਉੱਪਰ ਅਜੀਬ ਜਹੀ ਮੁਸਕਰਾਹਟ ਸੀ। ਇੰਝ ਝਲਕ ਰਿਹਾ ਸੀ ਜਿਵੇਂ ਅਮਨ ਤੇ ਬਿਨੈ ਦਰਮਿਆਨ ਜੋ ਕਸ਼-ਮਕਸ਼ ਚੱਲ ਰਹੀ ਸੀ ਉਸ ਤੋਂ ਉਹ ਅਣਭਿੱਜ ਨਹੀਂ ਸੀ। ਬਿਨੈ ਨੇ ਆਪਣੀ ਜੇਬ ਵਿੱਚੋਂ ਚਾਬੀ ਕੱਢ ਕੇ ਜੰਦਰਾ ਖੋਲ੍ਹਿਆ। ਅੰਦਰ ਆਉਂਦੇ ਹੀ ਉਸ ਨੇ ਇਕ ਵਾਰ ਫਿਰ ਅਮਨ ਨੂੰ ਗਲੇ ਲਗਾਇਆ।

"ਮਾਫ਼ ਕਰਨਾ ਬੌਸ। ਛੋਟੇ ਭਰਾ ਤੇ ਪਿਤਾ ਜੀ ਨਾਲ ਰਾਜਧਾਨੀ ਦੀ ਰਾਜਨੀਤੀ ਉੱਪਰ ਲੰਮੀ ਬਹਿਸ ਛਿੜ ਗਈ ਸੀ। ਉਹ ਅੱਜ ਵੀ ਲੋਹੀਆ ਦੇ ਸੁਪਨਿਆਂ ਨੂੰ ਜੀ ਰਹੇ ਹਨ।" ਰੋਹਨ ਬਹੁਤ ਲੰਮੇ ਸਮੇਂ ਤੋਂ ਅਮਨ ਦੇ ਰਾਜਨੀਤਕ ਅਸੂਲਾਂ ਤੋਂ ਵਾਕਫ਼ ਸੀ। ਉਸ ਦੇ ਪਿਤਾ ਜੀ ਪੁਰਾਣੇ ਲੋਹੀਆਵਾਦੀ ਸਨ ਅਤੇ ਅਮਨ ਦੇ ਪਿਤਾ ਜੀ ਵਾਂਗ ਉਨ੍ਹਾਂ ਨੇ ਵੀ 1977 ਦੇ ਜੇ.ਪੀ. ਅੰਦੋਲਨ ਵਿਚ ਵਧ-ਚੜ੍ਹ ਕੇ ਹਿੱਸਾ ਲਿਆ ਸੀ ਅਤੇ ਉਸ ਤੋਂ ਬਾਅਦ ਜਨਤਾ ਪਾਰਟੀ ਤੋਂ ਵੱਖ ਹੋਣ ਤੋਂ ਬਾਅਦ ਮਜ਼ਦੂਰਾਂ ਬਾਰੇ ਇਕ ਮਾਸਿਕ ਰਸਾਲਾ ਪ੍ਰਕਾਸ਼ਿਤ ਕਰਦੇ ਸਨ। ਰੋਹਨ ਇਕ ਰਾਸ਼ਟਰੀ ਰੋਜ਼ਾਨਾ ਅਖ਼ਬਾਰ ਵਿਚ ਮਾਰਕੀਟਿੰਗ ਮੈਨੇਜਰ ਸੀ ਜਦਕਿ ਉਸ ਦਾ ਭਰਾ ਦੈਨਿਕ ਹਿੰਦੀ ਅਖ਼ਬਾਰ ਵਿਚ ਪੱਤਰਕਾਰ ਸੀ। ਇਸ ਲਈ ਉਨ੍ਹਾਂ 'ਚ ਬਹਿਸ ਛਿੜੀ ਰਹਿੰਦੀ ਸੀ।

ਬਿਨੈ ਅਤੇ ਰੋਹਨ ਦੋਵੇਂ ਮਿਲ ਕੇ ਅਮਨ ਨੂੰ ਬਾਹਰਲੀ ਬੈਠਕ ਵਿਚ ਲੈ ਗਏ।

"ਕੀ ਲਓਗੇ ਭਰਾ ?" ਬਿਨੈ ਨੇ ਕੁਝ ਪਲ ਪਹਿਲਾਂ ਦੀ ਤਣਾਅਪੂਰਨ ਸਥਿਤੀ ਤੋਂ

ਨਿਜਾਤ ਪਾਉਣ ਦੀ ਕੋਸ਼ਿਸ਼ ਕੀਤੀ। "ਤੁਹਾਡੇ ਲਈ ਖ਼ਾਸ ਇੰਤਜ਼ਾਮ ਕਰਾਇਆ ਹੈ।"

ਅਮਨ ਨੇ ਰੋਹਨ ਵੱਲ ਦੇਖਿਆ ਜੋ ਨਿੰਮਾ-ਨਿੰਮਾ ਮੁਸਕਰਾ ਰਿਹਾ ਸੀ। ਉਸ ਤੋਂ ਬਾਅਦ ਉਸ ਨੇ ਆਪਣੀ ਜੇਬ 'ਚ ਹੱਥ ਪਾ ਕੇ ਨੇਵੀ ਕੱਟ ਦਾ ਡੱਬਾ ਕੱਢਿਆ ਅਤੇ ਅਮਨ ਵੱਲ ਵਧਾ ਦਿੱਤਾ। "ਚਲੋ ਪੁਰਾਣੇ ਦਿਨਾਂ ਦੀ ਯਾਦ ਇਸੇ ਨਾਲ ਤਾਜ਼ਾ ਕਰੀਏ।"

ਨੇਵੀ ਕੱਟ ਅਮਨ ਦਾ ਮਨਪਸੰਦ ਬਰੈਂਡ ਸੀ। ਪਹਿਲਾਂ ਲੁਕ-ਛਿਪ ਕੇ ਅਤੇ ਕੇਸ ਕਟਾਉਣ ਤੋਂ ਬਾਅਦ ਉਹ ਖੁੱਲ੍ਹ ਕੇ ਪੀਂਦਾ ਸੀ। ਧਰਮ ਕਦੇ ਵੀ ਅੜਿੱਕਾ ਨਹੀਂ ਸੀ ਬਣਿਆ ਕਿਉਂਕਿ ਭਗਤ ਸਿੰਘ ਨੂੰ ਪੜ੍ਹਨ ਤੋਂ ਬਾਅਦ ਨਾਸਤਿਕਤਾ ਜ਼ਿੰਦਗੀ ਜਿਉਣ ਦਾ ਸਲੀਕਾ ਬਣ ਗਈ ਸੀ। ਯੂਨੀਵਰਸਿਟੀ ਵਿਚ ਪੜ੍ਹਦਿਆਂ ਅਤੇ ਪੜ੍ਹਾਉਣ ਦੌਰਾਨ ਸਿਗਰਟ ਪੀਣ ਦਾ ਖ਼ੂਬ ਆਨੰਦ ਲਿਆ ਸੀ। ਫਿਰ ਸਮੇਂ ਨੇ ਕਰਵਟ ਲਈ ਅਤੇ ਕੁਦਰਤ ਪ੍ਰੇਮੀ ਨਾਲ ਪਿਆਰ ਹੋ ਗਿਆ। ਫਿਰ ਘਰ ਵਸਣ ਤੋਂ ਬਾਅਦ ਕੁਝ ਪਰਹੇਜ਼ ਹੋਇਆ। ਪਰ ਯਾਰਾਂ ਦੋਸਤਾਂ ਵਿਚ ਹੁਣ ਵੀ ਮਜ਼ੇ ਲੈ ਲੈਂਦਾ ਸੀ। ਰੋਹਨ ਨੂੰ ਇਹ ਪਤਾ ਸੀ ਕਿਉਂਕਿ ਉਹ ਚੁਰਾਸੀ ਤੋਂ ਬਾਅਦ ਅਮਨ ਨੂੰ ਮਿਲਿਆ ਤਾਂ ਇਕ-ਅੱਧ ਵਾਰ ਹੀ ਸੀ ਪਰ ਉਸ ਨਾਲ ਲਗਾਤਾਰ ਸੰਪਰਕ 'ਚ ਸੀ ਅਤੇ ਉਸ ਦੀ ਜ਼ਿੰਦਗੀ ਦੇ ਕਈ ਪਹਿਲੂਆਂ ਤੋਂ ਵਾਕਫ਼ ਸੀ।

"ਇਹ ਸਭ ਤਾਂ ਠੀਕ ਏ ਪਰ ਇਕ ਗੱਲ ਦੱਸੋ ਕਿ ਅਸੀਂ ਸਾਹਮਣੇ ਬੈਡਮਿੰਟਨ ਤਾਂ ਖੇਡ ਸਕਦੇ ਹਾਂ। ਜਾਂ ਉਹ ਵੀ ਬੰਦ ਹੋ ਗਿਆ ਹੈ?" ਅਮਨ ਅਜੇ ਵੀ ਪੁਰਾਣੇ ਦਿਨਾਂ ਨੂੰ ਜਿਉਣਾ ਚਾਹੁੰਦਾ ਸੀ।

"ਨਹੀਂ ਵੀਰੇ, ਹੁਣ ਸਾਡੀ ਬੈਡਮਿੰਟਨ ਖੇਡਣ ਦੀ ਉਮਰ ਨਹੀਂ ਰਹੀ। ਈ ਸਬ ਅਬ ਬਚਵਾ ਲੋਗ ਕਾ ਖੇਲ ਹੈ। ਲੇਕਿਨ ਉ ਲੋਗ ਕੋ ਪੜ੍ਹਨੇ ਸੇ ਫੁਰਸਤ ਕਹਾਂ ਹੈ?" ਬਿਨੈ ਨੇ ਅਮਨ ਦਾ ਧਿਆਨ ਫਿਰ ਪਿਛਲੀ ਜ਼ਿੰਦਗੀ ਤੋਂ ਹਟਾਇਆ। "ਅਬ ਬੈਠਿਏ ਯਹਾਂ ਥੋੜ੍ਹਾ ਗਪਿਆਤੇ ਹੈਂ।"

ਥੋੜ੍ਹਾ ਚਿਰ ਮਾਹੌਲ ਸ਼ਾਂਤ ਜਿਹਾ ਬਣਿਆ ਰਿਹਾ। ਪਰ ਇਸ ਨੇ ਅਮਨ ਦੀ ਬੇਚੈਨੀ ਹੋਰ ਵਧਾ ਦਿੱਤੀ। ਉਹ ਇੱਥੇ ਸਿਰਫ਼ ਦੋ ਦਿਨਾਂ ਲਈ ਆਇਆ ਸੀ। ਪਿਛਲੇ ਦੋ ਦਹਾਕਿਆਂ ਤੋਂ ਉਸ ਦੇ ਮਨ 'ਚ ਸਵਾਲਾਂ ਨੇ ਜੋ ਸਰੂਪ ਲੈ ਲਿਆ ਸੀ ਉਸ ਦੇ ਲਈ ਇਹ ਦੋ ਦਿਨ ਬਹੁਤ ਥੋੜ੍ਹੇ ਲੱਗ ਰਹੇ ਸਨ। ਉਹ ਜ਼ਿਆਦਾ ਸਮਾਂ ਨਹੀਂ ਗਵਾਉਣਾ ਚਾਹੁੰਦਾ ਸੀ। ਆਪਣੇ ਪੁਰਾਣੇ ਸ਼ਹਿਰ, ਪੁਰਾਣੇ ਘਰ ਅਤੇ ਪੁਰਾਣੇ ਮਿੱਤਰਾਂ ਨੂੰ ਮਿਲ ਕੇ ਉਸ ਨੂੰ ਖ਼ੁਸ਼ੀ ਜ਼ਰੂਰ ਹੋਈ ਸੀ, ਪਰ ਉਹ ਉਨ੍ਹਾਂ ਜ਼ਖ਼ਮਾਂ ਨੂੰ ਭੁੱਲਾ ਨਹੀਂ ਸਕਿਆ ਸੀ ਜੋ ਦੋਸਤੀ ਦੇ ਇਨ੍ਹਾਂ ਰਿਸ਼ਤਿਆਂ ਵਿੱਚੋਂ ਹੀ ਉੱਭਰੇ ਸਨ। ਇੱਥੇ ਉਹ ਆਪਣੇ ਪੁਰਾਣੇ ਦੋਸਤਾਂ ਅਤੇ ਸੰਬੰਧੀਆਂ ਨਾਲ ਸਿਰਫ਼ ਦੋਸਤੀ ਅਤੇ ਯਾਰਾਨਾ ਨਿਭਾਉਣ ਨਹੀਂ ਆਇਆ ਸੀ। ਦੋਸਤੀ ਦੇ ਅੰਦਰ ਛੁਪੇ ਕੁਝ ਜ਼ਖ਼ਮਾਂ ਦਾ ਉਸ ਨੂੰ ਸਿਰਫ਼ ਇਲਾਜ ਹੀ ਨਹੀਂ ਸਗੋਂ ਇਨ੍ਹਾਂ ਜ਼ਖ਼ਮਾਂ ਦੇ ਕਾਰਨਾਂ ਦਾ ਵੀ ਜਵਾਬ ਚਾਹੀਦਾ ਸੀ।

ਥੋੜ੍ਹੀ ਦੇਰ 'ਚ ਹੀ ਬਿਨੈ ਨੇ ਆਪਣੇ ਬੇਟੇ ਨੂੰ ਆਵਾਜ਼ ਮਾਰ ਕੇ ਅੰਦਰੋਂ ਕੱਚ ਦੇ

ਤਿੰਨ ਗਿਲਾਸ ਅਤੇ ਪਾਣੀ ਮੰਗਵਾ ਲਿਆ। ਇਸ ਦੇ ਨਾਲ ਹੀ ਅੰਡਿਆਂ ਦੀ ਭੁਰਜੀ ਅਤੇ ਖੀਰਾ, ਪਿਆਜ, ਟਮਾਟਰ ਦਾ ਸਲਾਦ ਵੀ ਆ ਗਿਆ। ਬਿਨੈ ਨੇ ਬੈਠਕ ਦੀ ਅਲਮਾਰੀ ਵਿੱਚੋਂ ਵੈਟ 69 ਦੀ ਬੋਤਲ ਕੱਢੀ ਅਤੇ ਅਮਨ ਵੱਲ ਦੇਖਦੇ ਹੋਏ ਵਿਅੰਗਮਈ ਅੰਦਾਜ਼ 'ਚ ਪੁੱਛਿਆ, "ਹਾਲੇ ਤੱਕ 30 ਐੱਮ.ਐੱਲ. 'ਤੇ ਹੀ ਅਟਕੇ ਹੋਏ ਹੋ ਜਾਂ ਕੁਝ ਤਰੱਕੀ ਹੋ ਗਈ ਹੈ..." ਅਮਨ ਸ਼ੁਰੂ ਤੋਂ ਹੀ ਗ਼ੁਲਾਮ ਅਲੀ ਦੀ ਗਾਈ ਗ਼ਜ਼ਲ -'ਮਜ਼ਾ ਲੇਨਾ ਹੈ ਪੀਨੇ ਕਾ ਤੋ ਕਮ-ਕਮ ਧੀਰੇ-ਧੀਰੇ ਪੀ'- ਦੀ ਲੈਅ ਉੱਪਰ ਪੀਂਦਾ ਸੀ। ਉਂਝ ਵੀ ਉਹ ਸਿਗਰਟਨੋਸ਼ੀ ਦੀ ਤਰ੍ਹਾਂ ਸ਼ਰਾਬ ਦਾ ਕਦੇ ਵੀ ਆਦੀ ਨਹੀਂ ਹੋਇਆ ਸੀ। ਤੇਜ਼ੀ ਨਾਲ ਪੀਣਾ ਉਸ ਨੂੰ ਹਜ਼ਮ ਨਹੀਂ ਸੀ ਹੁੰਦਾ। ਤੈਸ਼ 'ਚ ਆ ਕੇ ਜਦੋਂ ਵੀ ਉਸ ਨੇ ਤੇਜ਼ੀ ਨਾਲ ਪੀਣ ਦਾ ਦਿਖਾਵਾ ਕੀਤਾ ਸੀ, ਮੂੰਹ ਭਾਰ ਹੀ ਡਿੱਗਿਆ ਸੀ। ਘਰ 'ਚ ਕੁਟਾਪਾ ਵੱਖਰਾ ਹੋਇਆ।

"ਅਸੀਂ ਤਾਂ ਉਹੋ ਜਹੇ ਹੀ ਹਾਂ, ਬਦਲੇ-ਬਦਲੇ ਤਾਂ ਤੁਸੀਂ ਨਜ਼ਰ ਆ ਰਹੇ ਹੋ।" ਅਮਨ ਨੇ ਇਸ ਕਥਨ ਨਾਲ ਆਪਣੇ ਦਿਲ ਦਾ ਹਾਲ ਤਾਂ ਬਿਆਨ ਕੀਤਾ ਹੀ, ਨਾਲ ਹੀ ਆਪਣੇ ਸਵਾਲਾਂ ਦੀ ਕੜੀ ਵੀ ਖੋਲ੍ਹਣੀ ਸ਼ੁਰੂ ਕਰ ਦਿੱਤੀ। ਇਹ ਪਹਿਲਾ ਮੌਕਾ ਸੀ ਜਦੋਂ ਤਿੰਨ ਮਲਾਹ ਉਸ ਕਿਸ਼ਤੀ ਦੀ ਚਰਚਾ ਕਰਨ ਜਾ ਰਹੇ ਸਨ ਜਿਸ ਨੂੰ ਉਹ ਬਚਾ ਨਾ ਸਕੇ। ਹੜ੍ਹ ਤਾਂ ਆਇਆ ਸੀ ਪਰ ਉਹ ਮਲਾਹ ਹੀ ਕੀ ਜੋ ਕਿਨਾਰੇ ਨਾ ਲਗਾ ਸਕੇ।

ਕੁਝ ਚਿਰ ਫਿਰ ਸ਼ਾਂਤੀ ਰਹੀ ਅਤੇ ਇਸ ਵਾਰ ਰੋਹਨ ਨੇ ਰੁਖ ਬਦਲਿਆ "ਭਾਬੀ ਜੀ ਨੂੰ ਨਾਲ ਲਿਆਉਂਦੇ ਤਾਂ ਉਨ੍ਹਾਂ ਨੂੰ ਚੰਗਾ ਲੱਗਦਾ। ਤੁਹਾਡਾ ਬਚਪਨ ਦੇਖ ਲੈਂਦੇ।"

"ਜੋ ਸ਼ਹਿਰ ਆਪਣੀ ਜਵਾਨੀ ਨਾ ਬਚਾ ਸਕਿਆ ਉਹ ਕਿਸੇ ਨੂੰ ਬਚਪਨ ਕੀ ਚੇਤੇ ਕਰਾਏਗਾ।" ਅਮਨ ਦੇ ਦਿਲ 'ਚੋਂ ਇਕ ਵਾਰ ਫਿਰ ਹੂਕ ਨਿਕਲੀ।

"ਬਹੁਤ ਖ਼ੂਬ, ਕਯਾ ਬਾਤ ਹੈ", ਬਿਨੈ ਨੇ ਜਾਮ ਬਣਾ ਲਏ ਸਨ ਅਤੇ ਉਨ੍ਹਾਂ ਨੂੰ ਸਾਹਮਣੇ ਮੇਜ਼ ਉੱਪਰ ਰੱਖਦਿਆਂ ਕਿਹਾ।

"ਇਕ ਗੱਲ ਦੱਸੋ ਅਮਨ", ਬਿਨੈ ਨੇ ਗੱਲ ਜਾਰੀ ਰੱਖੀ, "ਜੇ ਦੰਗਾ ਨਾ ਹੁੰਦਾ ਤਾਂ ਕੀ ਫਿਰ ਵੀ ਤੁਸੀਂ ਇਸ ਸ਼ਹਿਰ ਵਿਚ ਰਹਿੰਦੇ ? ਤੇ ਕੀ ਕਰਦੇ ? ਤੁਸੀਂ ਜਿਸ ਸਕੂਲ ਵਿਚ ਪੜ੍ਹਦੇ ਸੀ ਉੱਥੇ ਪੜ੍ਹ ਲਿਖ ਕੇ ਸਾਰੇ ਬਾਹਰ ਚਲੇ ਜਾਂਦੇ ਹਨ, ਚੰਗੀ ਨੌਕਰੀ ਤੇ ਕਾਰੋਬਾਰ ਕਰਦੇ ਹਨ, ਕਦੇ ਵਾਪਸ ਏਥੇ ਰਹਿਣ ਨਹੀਂ ਆਉਂਦੇ। ਹੁਣ ਸਾਲੇ ਏਸ ਰੋਹਨ ਨੂੰ ਦੇਖ ਲਓ। ਮਾਂ-ਬਾਪ ਤਾਂ ਏਥੇ ਹੀ ਨੇ ਪਰ ਇਹ ਤਾਂ ਸਾਲ ਵਿਚ ਇਕ-ਅੱਧੀ ਵਾਰ ਹੀ ਆਉਂਦਾ ਹੈ।"

"ਓਹ ਭਰਾ ਜੀ ਸਾਡੀਆਂ ਜੜ੍ਹਾਂ ਤਾਂ ਇੱਥੇ ਹੀ ਨੇ। ਬਿਰਖ਼ ਨੂੰ ਆਕਾਸ਼ ਛੂਹਣ ਦੀ ਖ਼ਵਾਇਸ਼ ਰਹਿੰਦੀ ਹੈ, ਪਰ ਉਹ ਆਪਣੀਆਂ ਜੜ੍ਹਾਂ ਨੂੰ ਨਹੀਂ ਹਿਲਾ ਸਕਦਾ। ਹਾਂ ਉਸ ਦੇ ਬੀਜ ਚਾਹੇ ਕਿਤੇ ਵੀ ਫਲਣ-ਫੁੱਲਣ।" ਰੋਹਨ ਨੂੰ ਹਿੰਦੀ ਰਚਨਾ ਵਿਰਾਸਤ 'ਚ ਮਿਲੀ ਸੀ। ਆਪਣੇ ਸ਼ਹਿਰ ਦੇ ਪ੍ਰਤੀ ਭਾਵਨਾਵਾਂ ਨੂੰ ਉਸਨੇ ਬਹੁਤ ਹੀ ਸਾਦਗੀ ਨਾਲ ਬਿਆਨ ਕੀਤਾ।

ਰੋਹਨ ਦੀ ਗੱਲ ਤਾਂ ਚੰਗੀ ਅਤੇ ਤਰਕਪੂਰਨ ਸੀ। ਪਰ ਅਮਨ ਉਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਸੀ। ਬਿਨੈ ਦਾ ਸਵਾਲ ਕਾਫ਼ੀ ਮਹੱਤਵਪੂਰਨ ਸੀ। ਖ਼ਾਸ ਕਰਕੇ ਪਿਛਲੀ

ਅਤੇ ਬਾਅਦ ਵਾਲੀ ਸਿੱਖ ਬਿਰਾਦਰੀ ਦੀ ਪੀੜ੍ਹੀ ਲਈ। ਆਜ਼ਾਦੀ ਜਾਂ ਫਿਰ ਇੰਞ ਕਹਿ ਲਓ ਕਿ ਵੰਡ ਤੋਂ ਬਾਅਦ ਅਮਨ ਦੂਜੀ ਪੀੜ੍ਹੀ ਤੋਂ ਸੀ। ਅਗਲੀ ਪੀੜ੍ਹੀ ਜਾਂ ਤਾਂ ਪੂਰੀ ਤਰ੍ਹਾਂ ਪੜ੍ਹੀ-ਲਿਖੀ ਨਹੀਂ ਸੀ ਜਾਂ ਵੰਡ ਕਾਰਨ ਪੜ੍ਹਾਈ ਮੁਕੰਮਲ ਨਹੀਂ ਕਰ ਸਕੀ ਸੀ। ਇਸ ਪੀੜ੍ਹੀ ਨੇ ਆਪਣੀ ਮਿਹਨਤ ਜਾਂ ਫਿਰ ਆਪਣੇ ਪੁਰਖਿਆਂ ਦੇ ਤਜਰਬੇ, ਜੋ ਮੁੱਖ ਤੌਰ 'ਤੇ ਪੂਰਬੀ ਪੰਜਾਬ ਵਿਚ ਕਾਰੋਬਾਰੀ ਸਨ, ਤੋਂ ਸਿੱਖ ਕੇ ਚੰਗੇ ਕਾਰੋਬਾਰ ਸਥਾਪਤ ਕੀਤੇ। ਉਨ੍ਹਾਂ ਦੇ ਪੁਰਖੇ ਉਹ ਲੋਕ ਸਨ ਜੋ ਵੰਡ ਦੌਰਾਨ ਪੱਛਮੀ ਪੰਜਾਬ ਦੇ ਛੋਟੇ ਜਹੇ ਰਾਜ ਵਿਚ ਆਪਣਾ ਸਭ ਕੁਝ ਗਵਾ ਕੇ ਰੋਜ਼ੀ-ਰੋਟੀ ਲਈ ਵਿਸ਼ਾਲ ਭਾਰਤ ਦੇ ਕਈ ਕੋਨਿਆਂ 'ਚ ਜਾ ਵਸੇ ਸਨ। ਇਹ ਪੀੜ੍ਹੀ ਆਪਣੇ ਬੱਚਿਆਂ ਤੋਂ ਵੀ ਇਹੀ ਕਾਮਨਾ ਕਰਦੀ ਸੀ ਕਿ ਉਹ ਮਿਹਨਤ ਨਾਲ ਖੜ੍ਹੇ ਕੀਤੇ ਕਾਰੋਬਾਰ ਨੂੰ ਹੋਰ ਵਿਕਸਤ ਕਰਨ ਅਤੇ ਆਪਣੇ ਪੁਰਖਿਆਂ ਦਾ ਖੁੱਸਿਆ ਹੋਇਆ ਆਰਥਕ ਤੇ ਸਮਾਜਿਕ ਰੁੱਤਬਾ ਮੁੜ ਕਾਇਮ ਕਰਨ। ਇਨ੍ਹਾਂ ਵਿਚ ਜ਼ਿਆਦਾਤਰ ਸਿੱਖ ਹੀ ਸਨ।

ਅਮਨ ਦੇ ਚਾਚੇ ਦੇ ਮੁੰਡੇ ਵੀ ਮੁੱਖ ਤੌਰ 'ਤੇ ਆਪਣੇ ਪਰਿਵਾਰਕ ਕਾਰੋਬਾਰ 'ਚ ਹੀ ਸ਼ਾਮਿਲ ਹੁੰਦੇ ਸਨ, ਸਿਰਫ਼ ਇੱਕਾ-ਦੁੱਕਾ ਮਿਸਾਲਾਂ ਨੂੰ ਛੱਡਕੇ। ਪੜ੍ਹਾਈ-ਲਿਖਾਈ ਸਿਰਫ਼ ਸਕੂਲ ਤੱਕ ਹੀ ਸੀਮਤ ਰਹਿੰਦੀ ਸੀ। ਮੈਟ੍ਰਿਕ ਦਾ ਇਮਤਿਹਾਨ ਮਹਿਜ਼ ਇਕ ਰਸਮ ਹੀ ਹੁੰਦੀ ਸੀ - ਸਿਰਫ਼ ਨਾਮ-ਨਿਹਾਦ। ਇਕ-ਦੋ ਸਾਲ ਬਾਅਦ ਜਾਂ ਫਿਰ ਹਾਲਾਤ ਹੋਏ ਤਾਂ ਵਿਆਹ ਅਤੇ ਫਿਰ ਘਰ-ਗ੍ਰਹਿਸਥੀ ਤੇ ਕਾਰੋਬਾਰ। ਪਰ ਹੁਣ ਸਮੇਂ ਨਾਲ ਕੁਝ ਬਦਲ ਰਿਹਾ ਸੀ। ਸ਼ਹਿਰ ਵਿਚ ਅੰਗਰੇਜ਼ੀ ਸਕੂਲ ਖੁੱਲ੍ਹਣੇ ਸ਼ੁਰੂ ਹੋ ਗਏ ਸਨ। ਚੰਗੀ ਕਮਾਈ ਅਤੇ ਬਦਲ ਰਹੀ ਦੁਨੀਆ ਕਾਰਨ ਉਨ੍ਹਾਂ ਦੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ 'ਚ ਦਾਖ਼ਲਾ ਮਿਲਣ ਲੱਗਾ ਸੀ। ਖ਼ੂਬਸੂਰਤ ਵਰਦੀ, ਵੱਡਾ ਸਕੂਲ, ਸਕੂਲ ਦੀਆਂ ਬੱਸਾਂ, ਅਫ਼ਸਰਾਂ ਦੇ ਪਰਿਵਾਰਾਂ ਦੇ ਬੱਚੇ ਅਤੇ ਫਿਰ ਪੇਰੈਂਟਸ-ਟੀਚਰ ਮਿਲਣੀ, ਸਾਲਾਨਾ ਸਮਾਰੋਹ, ਮੇਲਿਆਂ ਦੌਰਾਨ ਪਰਿਵਾਰਾਂ ਦਾ ਮੇਲ-ਜੋਲ, ਇਨ੍ਹਾਂ ਸਭ ਨੇ ਇਸ ਬਿਰਾਦਰੀ ਉੱਪਰ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ ਸੀ। ਬੱਚਿਆਂ 'ਚ ਵੀ ਕੁਝ ਵੱਖਰਾ ਕਰਨ ਦੀ ਲਾਲਸਾ ਜਾਗਣੀ ਸ਼ੁਰੂ ਹੋ ਗਈ ਸੀ। ਸਕੂਲ ਦੀ ਲਾਇਬ੍ਰੇਰੀ ਵਿਚ ਵਿਸ਼ੇ ਤੋਂ ਹਟਕੇ ਰੱਖੀਆਂ ਕਿਤਾਬਾਂ ਅਤੇ ਏਸ਼ੀਆਈ ਖੇਡਾਂ ਦਾ ਸਿੱਧਾ ਪ੍ਰਸਾਰਣ ਅਤੇ ਫਿਰ ਵੀ.ਸੀ.ਆਰ. - ਇਨ੍ਹਾਂ ਸਭ ਨੇ ਬਾਹਰਲੀ ਦੁਨੀਆ ਨੂੰ ਇਨ੍ਹਾਂ ਘਰਾਂ ਵਿਚ ਪਹੁੰਚਾ ਦਿੱਤਾ ਸੀ। ਹੋਰ ਬੱਚਿਆਂ ਦੇ ਨਾਲ-ਨਾਲ ਹੁਣ ਅਮਨ ਦੀ ਬਿਰਾਦਰੀ ਦੇ ਕੁਝ ਬੱਚੇ ਵੀ ਦਿੱਲੀ ਅਤੇ ਹੋਰ ਸ਼ਹਿਰਾਂ ਦੇ ਕਾਲਜਾਂ 'ਚ ਪੜ੍ਹਨ ਜਾਣੇ ਸ਼ੁਰੂ ਹੋ ਗਏ ਸਨ। ਹਾਲਾਂਕਿ ਅਜੇ ਇਹ ਸ਼ੁਰੂਆਤ ਹੀ ਸੀ ਪਰ ਬਦਲਾਅ ਆਉਣਾ ਸ਼ੁਰੂ ਹੋ ਗਿਆ ਸੀ।

ਅਮਨ ਦਾ ਪਰਿਵਾਰ ਵੀ ਕੁਝ ਅਜਿਹਾ ਹੀ ਸੀ। ਵੱਡੇ ਭਰਾ ਨੇ ਪੜ੍ਹਾਈ ਸਰਕਾਰੀ ਸਕੂਲ ਤੋਂ ਕੀਤੀ ਸੀ ਇਸ ਲਈ ਉਹ ਤਾਂ ਪਿਤਾ ਜੀ ਦੇ ਕਾਰੋਬਾਰ 'ਚ ਸ਼ਾਮਿਲ ਹੋ ਗਿਆ ਸੀ। ਮਿਹਨਤ ਕੀਤੀ, ਕਾਰੋਬਾਰ ਨੂੰ ਅੱਗੇ ਵਧਾਉਣ ਲੱਗਾ। ਫਿਰ ਵਿਆਹ ਵੀ ਹੋ ਗਿਆ ਅਤੇ ਘਰ 'ਚ ਇਕ ਬੱਚਾ ਵੀ ਆ ਗਿਆ। ਅਮਨ ਤੇ ਰਮਨ ਸਕੂਲ ਦੀ ਪੜ੍ਹਾਈ ਤੋਂ ਬਾਅਦ

ਬਾਹਰ ਜਾ ਕੇ ਪੜ੍ਹਨਾ ਚਾਹੁੰਦੇ ਸਨ।

ਜਿਨ੍ਹਾਂ ਪਰਿਵਾਰਾਂ ਦੇ ਬੱਚੇ ਬਾਹਰ ਪੜ੍ਹਨ ਜਾ ਰਹੇ ਸਨ, ਉਹ ਆਪਣੇ ਘਰਾਂ ਤੋਂ ਦੂਰ ਨਹੀਂ ਜਾ ਰਹੇ ਸਨ। ਰੋਹਨ ਦੀ ਗੱਲ ਸਹੀ ਹੀ ਸੀ। ਬਾਅਦ 'ਚ ਮਹਾਨਗਰਾਂ ਵਿਚ ਚੰਗੀ ਨੌਕਰੀ ਲੱਗਣ ਤੋਂ ਬਾਅਦ ਵੀ ਉਹ ਆਪਣਾ ਸ਼ਹਿਰ ਨਹੀਂ ਭੁੱਲੇ ਸਨ। ਜੜ੍ਹਾਂ ਇੱਥੇ ਸੀ ਨਾ। ਦੂਜਾ ਇਹ ਉਹ ਦੌਰ ਸੀ ਜਦੋਂ ਕੋਈ ਵੀ ਆਪਣੇ ਬਚਪਨ ਅਤੇ ਜਿਸ ਸ਼ਹਿਰ 'ਚ ਉਸ ਦਾ ਬਚਪਨ ਪਨਪਿਆ ਤੇ ਵਧਿਆ-ਫੁਲਿਆ ਹੋਵੇ ਉਸ ਨੂੰ ਨਹੀਂ ਭੁੱਲਦਾ ਸੀ।

ਪਰ ਅਮਨ ਅਤੇ ਉਸ ਦੀ ਬਿਰਾਦਰੀ ਨਾਲ ਇਸ ਤਰ੍ਹਾਂ ਨਹੀਂ ਹੋਇਆ ਸੀ। ਉਨ੍ਹਾਂ ਤੋਂ ਉਨ੍ਹਾਂ ਦਾ ਸ਼ਹਿਰ ਖੋਹ ਲਿਆ ਗਿਆ ਸੀ। ਜੜ੍ਹਾਂ ਕੱਟ ਦਿੱਤੀਆਂ ਗਈਆਂ ਸਨ। ਹੁਣ ਉਹ ਵਾਪਸ ਉਸ ਸ਼ਹਿਰ ਨਹੀਂ ਆ ਸਕਦੇ ਸਨ। ਏਨਾ ਹੀ ਨਹੀਂ, ਜੋ ਬਾਹਰ ਪੜ੍ਹਨ ਨਹੀਂ ਗਏ ਸਨ ਅਤੇ ਆਪਣੇ ਪੁਰਖਿਆਂ ਦੇ ਤੇ ਨਵੇਂ ਕਾਰੋਬਾਰਾਂ ਨੂੰ ਵਧਾ ਰਹੇ ਸਨ, ਉਨ੍ਹਾਂ ਨੂੰ ਵੀ ਤਾਂ ਸ਼ਹਿਰ ਛੱਡਣਾ ਪਿਆ ਸੀ। ਨਵੇਂ ਸ਼ਹਿਰ 'ਚ ਨਵੀਂ ਵਿਵਸਥਾ ਹੁੰਦੀ ਹੈ। ਨਵੇਂ ਸਿਰਿਓਂ ਕਾਰੋਬਾਰ ਸਥਾਪਤ ਕਰਨ 'ਚ ਪੂਰੀ ਜ਼ਿੰਦਗੀ ਲੱਗ ਜਾਂਦੀ ਹੈ। ਛੋਟੇ ਸ਼ਹਿਰ ਨੂੰ ਛੱਡ ਕੇ ਨਵੇਂ ਅਤੇ ਵੱਡੇ ਸ਼ਹਿਰ 'ਚ ਮੁੜ ਕਾਰੋਬਾਰ ਸਥਾਪਤ ਕਰਨ 'ਚ ਸਾਰਿਆਂ ਨੂੰ ਤਾਂ ਕਾਮਯਾਬੀ ਮਿਲਦੀ ਨਹੀਂ।

ਅਮਨ ਨੇ ਬਿਨੈ ਦੇ ਸਵਾਲ ਦਾ ਬਿਲਕੁਲ ਸਿੱਧਾ ਜਵਾਬ ਦਿੱਤਾ। "ਜੇ ਦੰਗਾ ਨਾ ਹੁੰਦਾ ਤਾਂ ਜੜ੍ਹਾਂ ਇੱਥੇ ਹੀ ਹੁੰਦੀਆਂ। ਜੋ ਪੜ੍ਹ-ਲਿਖ ਕੇ ਮਹਾਨਗਰਾਂ 'ਚ ਵਸ ਰਹੇ ਸਨ ਉਨ੍ਹਾਂ ਦੀ ਮਿਹਨਤ ਦਾ ਬੀਜ ਚਾਹੇ ਇਕ ਨਵੀਂ ਬਗ਼ੀਚੀ ਖੜ੍ਹੀ ਕਰ ਰਿਹਾ ਸੀ ਪਰ ਉਨ੍ਹਾਂ ਦੇ ਆਪਣੇ ਜੀਵਨ-ਕਾਲ ਦੀਆਂ ਜੜ੍ਹਾਂ ਤਾਂ ਇਸੇ ਸ਼ਹਿਰ 'ਚ ਹੁੰਦੀਆਂ।"

ਥੋੜ੍ਹਾ ਚਿਰ ਦੋਵੇਂ ਚੁੱਪ ਰਹੇ। "ਬਦਲ ਤਾਂ ਰਹਿੰਦਾ ਹੀ ਹੈ। ਸਾਰੇ ਲੋਕ ਤਾਂ ਪੜ੍ਹ-ਲਿਖ ਨਹੀਂ ਸਕਦੇ। ਉਨ੍ਹਾਂ ਦੇ ਲਈ ਵੀ ਬਦਲ ਨਹੀਂ ਰਿਹਾ।" ਅਮਨ ਨੇ ਬੁਝੇ ਹੋਏ ਮਨ ਨਾਲ ਇਹ ਗੱਲ ਕਹੀ।

ਅਮਨ ਦੇ ਇਸ ਕਥਨ ਨੇ ਮਾਹੌਲ ਨੂੰ ਬਿਲਕੁਲ ਨਵੀਂ ਦਿਸ਼ਾ ਦੇ ਦਿੱਤੀ ਸੀ। ਬਿਨੈ ਦੀਆਂ ਨਜ਼ਰਾਂ ਹੁਣ ਝੁਕ ਗਈਆਂ ਸਨ। ਗਿਲਾਸ ਹੁਣ ਉਸ ਦੇ ਦੋਹਾਂ ਹੱਥਾਂ ਦੇ ਪੰਜਿਆਂ 'ਚ ਘੁੰਮ ਰਿਹਾ ਸੀ ਅਤੇ ਉਂਗਲੀਆਂ ਆਪਸ ਵਿਚ ਪੂਰੀ ਤਰ੍ਹਾਂ ਉਲਝ ਰਹੀਆਂ ਸਨ। ਰੋਹਨ ਵੀ ਸ਼ਾਂਤ ਹੋ ਚੁੱਕਾ ਸੀ। ਜਵਾਬਦੇਹ ਤਾਂ ਉਹ ਵੀ ਸੀ ਪਰ ਉਹ ਬਿਨੈ ਤੋਂ ਇਸ ਦੀ ਉਮੀਦ ਕਰ ਰਿਹਾ ਸੀ। ਕਮਰੇ 'ਚ ਥੋੜ੍ਹਾ ਚਿਰ ਚੁੱਪ ਛਾਈ ਰਹੀ। ਇੰਝ ਲੱਗ ਰਿਹਾ ਸੀ ਜਿਵੇਂ ਦੋ ਦੋਸਤ ਮਿਲ ਕੇ ਇਕ ਹੀ ਕਟਹਿਰੇ 'ਚ ਖੜ੍ਹੇ ਹਨ ਅਤੇ ਤੀਜੇ ਦੇ ਸਾਹਮਣੇ ਆਪਣੇ ਗੁਨਾਹਾਂ ਦੀ ਬਿਸਾਤ ਵਿਛਾ ਰਹੇ ਹਨ।

"ਗੁਨਾਹਗਾਰ ਤਾਂ ਅਸੀਂ ਹਾਂ। ਅਸੀਂ ਤੁਹਾਡੀਆਂ ਜੜ੍ਹਾਂ ਨਹੀਂ ਉਖਾੜੀਆਂ। ਪਰ ਸਾਡਾ ਗੁਨਾਹ ਉਸ ਤੋਂ ਵੀ ਵੱਡਾ ਹੈ। ਤੇ ਉਹ ਹੈ ਖ਼ਾਮੋਸ਼ ਰਹਿ ਕੇ ਤਮਾਸ਼ਬੀਨ ਬਣ ਜਾਣਾ। ਅਸੀਂ ਦਬੂ ਕਿਸਮ ਦੇ ਇਨਸਾਨ ਹਾਂ। ਨਿੱਕੀਆਂ-ਨਿੱਕੀਆਂ ਗੱਲਾਂ ਉੱਪਰ ਭਾਵਨਾਵਾਂ 'ਚ

ਵਹਿ ਜਾਣ ਵਾਲੇ। ਅਸੀਂ ਤਾਂ ਛੋਟੇ ਸੀ। ਨਾਸਮਝ ਸੀ। ਪਰ ਵੱਡੇ ਬਜ਼ੁਰਗਾਂ ਨੇ ਵੀ ਚੁੱਪ ਧਾਰ ਲਈ ਸੀ।"

"ਤੇ ਫਿਰ ਉਸ ਸਮੇਂ ਸਾਡੀ ਉਮਰ ਹੀ ਕੀ ਸੀ ?"

"ਅਸੀਂ ਕਦੇ ਵੀ ਉਸ ਸਮੇਂ ਦੇ ਵਿਗੜਦੇ ਹਾਲਾਤ ਉੱਪਰ ਚਰਚਾ ਨਹੀਂ ਕਰਦੇ ਸੀ। ਖ਼ਬਰਾਂ ਆਉਂਦੀਆਂ ਸਨ ਅਤੇ ਅਸੀਂ ਉਨ੍ਹਾਂ ਉੱਪਰ ਕੋਈ ਚਰਚਾ ਨਹੀਂ ਕਰਦੇ ਸੀ।"

"ਕਿਨ੍ਹਾਂ ਖ਼ਬਰਾਂ ਦੀ ਗੱਲ ਕਰ ਰਹੇ ਹੋ ਬਿਨੈ ?" ਅਮਨ ਨੇ ਕੁਝ ਇਸ ਤਰ੍ਹਾਂ ਪੁੱਛਿਆ ਜਿਸ ਤੋਂ ਇਹ ਤੈਅ ਸੀ ਕਿ ਕੀ ਜਵਾਬ ਮਿਲਣ ਵਾਲਾ ਹੈ ਅਤੇ ਸਵਾਲ ਦਾ ਉਦੇਸ਼ ਸਿਰਫ਼ ਪੁਸ਼ਟੀ ਕਰਨ ਲਈ ਹੈ।

ਬਿਨੈ ਨੇ ਆਪਣੀਆਂ ਨਜ਼ਰਾਂ ਇਕ ਵਾਰ ਰੋਹਨ ਵੱਲ ਘੁੰਮਾਈਆਂ ਜੋ ਖ਼ਾਮੋਸ਼ੀ ਨਾਲ ਆਪਣੇ ਗਿਲਾਸ 'ਚ ਪਈ ਬਰਫ਼ ਦੇ ਟੁਕੜੇ ਨੂੰ ਪਿਘਲਦੇ ਹੋਏ ਦੇਖ ਰਿਹਾ ਸੀ। ਉਸਦੇ ਚਿਹਰੇ ਦੇ ਭਾਵ ਵੀ ਉਸੇ ਤਰ੍ਹਾਂ ਬਦਲ ਰਹੇ ਸਨ ਜਿਵੇਂ ਬਰਫ਼ ਪਿਘਲਕੇ ਪਾਣੀ ਦਾ ਰੂਪ ਲੈ ਰਹੀ ਸੀ।

"ਪੰਜਾਬ ਤੋਂ ਆਉਣ ਵਾਲੀਆਂ ਖ਼ਬਰਾਂ ਦੀ ਗੱਲ ਹੋ ਰਹੀ ਏ ਅਮਨ..." ਬਿਨੈ ਦੀ ਜਗ੍ਹਾ ਰੋਹਨ ਨੇ ਜਵਾਬ ਦਿੱਤਾ। "ਉਨ੍ਹਾਂ ਖ਼ਬਰਾਂ ਦੀ, ਜਿਨ੍ਹਾਂ ਵਿਚ ਬੱਸਾਂ 'ਚ ਸਫ਼ਰ ਕਰ ਰਹੇ ਇਕ ਧਰਮ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੁੰਦਾ ਸੀ। ਜਦੋਂ ਹਿੰਦੂ ਆਗੂਆਂ ਨੂੰ ਪੰਜਾਬ ਵਿਚ ਚੁਣ-ਚੁਣ ਕੇ ਮਾਰਿਆ ਜਾ ਰਿਹਾ ਸੀ। ਜਦੋਂ ਦੇਸ਼ ਦੇ ਇਕ ਹਿੱਸੇ ਨੂੰ ਵੱਖਰਾ ਕਰਨ ਦੀ ਗੱਲ ਹੋ ਰਹੀ ਸੀ।"

ਥੋੜ੍ਹਾ ਚਿਰ ਖ਼ਾਮੋਸ਼ੀ ਛਾਈ ਰਹੀ। ਰੋਹਨ ਦੀ ਨਜ਼ਰ ਕਦੇ ਅਮਨ ਤੇ ਕਦੇ ਬਿਨੈ ਉੱਪਰ ਜਾਂਦੀ। ਪਰ ਉਸ ਦੀਆਂ ਕਹੀਆਂ ਗੱਲਾਂ 'ਚ ਤਲਖ਼ੀ ਨਹੀਂ ਸੀ, ਸਿਰਫ਼ ਬਿਆਨ ਸੀ। ਦੂਰਦਰਸ਼ਨ ਉੱਪਰ ਪੜ੍ਹੀਆਂ ਜਾਣ ਵਾਲੀਆਂ ਖ਼ਬਰਾਂ ਦੀ ਤਰ੍ਹਾਂ, ਜਿਸ ਵਿਚ ਕੋਈ ਭਾਵ ਨਹੀਂ ਸਿਰਫ਼ ਸਚਾਈ ਹੁੰਦੀ ਸੀ।

"ਅਰੇ ਚੁੱਪ ਰਹੋ ਯਾਰ। ਤੁਸੀਂ ਵੀ ਗਜ਼ਬ ਬੋਲਦੇ ਹੋ। ਉੱਥੋਂ ਦੀਆਂ ਘਟਨਾਵਾਂ ਨਾਲ ਸਾਡਾ ਕੀ ਸੰਬੰਧ। ਸਿੱਧੀ ਜਹੀ ਗੱਲ ਇਹ ਹੈ ਕਿ ਸਾਨੂੰ ਰਾਜਨੀਤਕ ਸਮਝ ਨਹੀਂ ਸੀ, ਅਸੀਂ ਸਿਰਫ ਆਪਣੇ ਆਪ 'ਚ ਮਸਤ ਰਹਿੰਦੇ ਸੀ। ਪਰ ਹੁਣ ਅਜਿਹਾ ਨਹੀਂ ਹੈ।" ਬਿਨੈ ਦੀ ਆਵਾਜ਼ 'ਚ ਗੁੱਸੇ ਦੇ ਨਾਲ ਇਕ ਮਲਾਲ ਵੀ ਸੀ।

ਬਿਨੈ ਆਪਣੀ ਗੱਲ ਨਾਲ ਸੰਕੇਤ ਦੇ ਰਿਹਾ ਸੀ ਕਿ ਜੋ ਹੋਇਆ ਉਹ ਗ਼ਲਤ ਸੀ। ਉਸ ਨੂੰ ਰੋਕਿਆ ਜਾ ਸਕਦਾ ਸੀ ਜਿਸ ਦੇ ਲਈ ਸਾਡੇ ਸਾਰਿਆਂ 'ਚ ਰਾਜਨੀਤਕ ਚੇਤਨਾ ਦਾ ਹੋਣਾ ਜ਼ਰੂਰੀ ਸੀ।

ਰੋਹਨ ਨੇ ਆਪਣੀ ਗੱਲ ਨੂੰ ਬਿਨੈ ਦੇ ਕਥਨ ਨਾਲ ਜੋੜਦੇ ਹੋਏ ਬਹਿਸ ਨੂੰ ਅੱਗੇ ਤੋਰਿਆ। "ਹਾਂ ਵੀਰ, ਸਾਨੂੰ ਹਰ ਉਸ ਘਟਨਾ ਨੂੰ ਆਪਸੀ ਚਰਚਾ 'ਚ ਲਿਆਉਣਾ ਚਾਹੀਦੈ ਜਿਸ ਨਾਲ ਕਿਤੇ ਨਾ ਕਿਤੇ ਜ਼ਿੰਦਗੀ ਜੁੜਦੀ ਹੈ। ਅੱਜ ਅਸੀਂ ਆਪਣੇ ਬੱਚਿਆਂ ਨਾਲ ਇਸ

ਗੱਲ ਉੱਪਰ ਖੁੱਲ੍ਹ ਕੇ ਚਰਚਾ ਕਰਦੇ ਹਾਂ।"

"ਦੂਜੀ ਗੱਲ ਹੈ ਅਸੀਂ ਆਪਣੇ ਪਰਿਵਾਰ ਵਿਚ ਉਹ ਕੀਤਾ ਜੋ ਸਾਨੂੰ ਨਹੀਂ ਮਿਲਿਆ ਸੀ। ਇਕ ਖੁੱਲ੍ਹਾ ਮਾਹੌਲ।" ਬਿਨੈ ਨੇ ਗੱਲ ਜਾਰੀ ਰੱਖੀ। "ਅੱਜ ਸਾਡੇ ਬੱਚੇ ਆਪਣੀ ਜ਼ਿੰਦਗੀ ਖ਼ੁਦ ਤੈਅ ਕਰ ਰਹੇ ਹਨ। ਉਹ ਖ਼ੁਦ ਸੋਚਦੇ ਹਨ ਅਤੇ ਇਹ ਸਭ ਇਸ ਲਈ ਹੋਇਆ ਕਿਉਂਕਿ ਅਸੀਂ ਉਨ੍ਹਾਂ ਨੂੰ ਸੋਚਣ ਦੀ ਜਗ੍ਹਾ ਦਿੱਤੀ।"

ਰੋਹਨ ਨੇ ਹਾਮੀ ਭਰਦੇ ਹੋਏ ਕਿਹਾ, "ਅਸੀਂ ਦੋਹਾਂ ਨੇ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਦਾ ਮੌਕਾ ਦਿੱਤਾ ਜੋ ਸਾਨੂੰ ਨਸੀਬ ਨਹੀਂ ਹੋ ਸਕੀ ਸੀ। ਸਾਡੇ ਬਾਪ ਪੂਰੀ ਜ਼ਿੰਦਗੀ ਰੋਜ਼ੀ-ਰੋਟੀ 'ਚ ਜੁੱਟੇ ਰਹੇ। ਦੂਜਾ ਉਨ੍ਹਾਂ ਦੇ ਖ਼ਿਆਲਾਤ ਵੀ ਪੁਰਾਣੇ ਸਨ। ਅੱਜ ਅਸੀਂ ਆਪਣੇ ਬੱਚਿਆਂ ਨੂੰ ਸਹੀ ਦਿਸ਼ਾ ਦੇ ਰਹੇ ਹਾਂ।"

ਬਿਨੈ ਉੱਠ ਕੇ ਅਮਨ ਦੇ ਕੋਲ ਆ ਗਿਆ ਸੀ। ਫਿਰ ਉਸ ਨੂੰ ਆਪਣੀਆਂ ਬਾਹਵਾਂ 'ਚ ਲੈ ਲਿਆ। "ਦੇਖ ਵੀਰ, ਇਨਸਾਨ ਝਟਕਿਆਂ ਤੋਂ ਸਿੱਖਦਾ ਹੈ। ਅਸੀਂ ਆਪਣੇ ਬੱਚਿਆਂ ਨੂੰ ਸਿਰਫ਼ ਪੜ੍ਹਾਇਆ ਹੀ ਨਹੀਂ ਹੈ ਸਗੋਂ ਉਨ੍ਹਾਂ ਦੇ ਨਾਲ ਇਕ ਦੋਸਤਾਨਾ ਰਿਸ਼ਤਾ ਵੀ ਕਾਇਮ ਰੱਖਿਆ ਹੈ। ਘੱਟੋ-ਘੱਟ ਉਹ ਤਾਂ ਕਿਸੇ ਪਾਗਲਪਣ 'ਚ ਨਹੀਂ ਵਹਿਣਗੇ।"

ਥੋੜ੍ਹਾ ਚਿਰ ਸ਼ਾਂਤ ਰਹਿਣ ਤੋਂ ਬਾਅਦ ਰੋਹਨ ਨੇ ਗੱਲ ਅੱਗੇ ਵਧਾਈ।, "ਇਕ ਕਮੀ ਸਾਡੇ ਸਾਰਿਆਂ 'ਚ ਹੋਰ ਰਹੀ ਏ। ਦੰਗਿਆਂ ਤੋਂ ਬਾਅਦ ਦੀ ਸਥਿਤੀ 'ਚ ਅਸੀਂ ਅਤੇ ਸਾਡੀ ਬਿਰਾਦਰੀ ਉਹ ਭੂਮਿਕਾ ਨਾ ਨਿਭਾ ਸਕੀ ਜਿਸ ਨਾਲ ਸਿੱਖ ਬਿਰਾਦਰੀ 'ਚ ਇਕ ਸਵੈਵਿਸ਼ਵਾਸ ਦੀ ਭਾਵਨਾ ਕਾਇਮ ਹੋ ਸਕੇ। ਉਹ ਦੰਗਾ ਕੋਈ ਫਿਰਕੂ ਨਫ਼ਰਤ 'ਚੋਂ ਨਹੀਂ ਸੀ ਪਨਪਿਆ। ਇਕ ਪਾਗਲਪਣ ਸੀ, ਸਿਰਫ਼ ਕੁਝ ਸਮੇਂ ਦਾ। ਕੁਝ ਲੋਕਾਂ ਦਾ ਸਵਾਰਥ ਸੀ ਅਤੇ ਲੁੱਟਮਾਰ ਸੀ। ਪਰ ਸਾਡੇ ਵਰਗੇ ਲੋਕ, ਜੋ ਬਹੁਤ ਕੁਝ ਕਰ ਸਕਦੇ ਸਨ ਉਹ ਨਹੀਂ ਕਰ ਸਕੇ।"

ਬਿਨੈ ਨੇ ਇਕ ਆਹ ਜਹੀ ਭਰੀ ਅਤੇ ਕਿਹਾ, "ਅਸੀਂ ਤਾਂ ਖੁੱਲ੍ਹ ਕੇ ਸਾਹਮਣੇ ਵੀ ਨਹੀਂ ਆ ਸਕੇ। ਜੋ ਗਿਲਾਨੀ ਮਨ ਵਿਚ ਸੀ ਉਹ ਏਨੀ ਜ਼ੋਰਦਾਰ ਸੀ ਕਿ ਤੁਹਾਡੇ ਇੱਥੋਂ ਚਲੇ ਜਾਣ ਦੇ ਫ਼ੈਸਲੇ ਉੱਪਰ ਅਸੀਂ ਖੁੱਲ੍ਹ ਕੇ ਆਪਣਾ ਪ੍ਰਤੀਕਰਮ ਵੀ ਜ਼ਾਹਿਰ ਨਹੀਂ ਕਰ ਸਕੇ। ਏਨਾ ਹੀ ਨਹੀਂ, ਸਮੇਂ ਨਾਲ ਇਹ ਗਿਲਾਨੀ ਵਧਦੀ ਹੀ ਗਈ ਅਤੇ ਫਿਰ ਅਸੀਂ ਇਸ ਸਾਰੀ ਘਟਨਾ ਉੱਪਰ ਆਪਣੀ ਰਾਇ ਜ਼ਾਹਿਰ ਕਰਨ ਦੀ ਸਮਰੱਥਾ ਵੀ ਗੁਆ ਬੈਠੇ।"

ਉਸ ਰਾਤ ਅਮਨ ਫਿਰ ਸੌਂ ਨਾ ਸਕਿਆ। ਆਪਣੀਆਂ ਭਾਵਨਾਵਾਂ ਵੀ ਪ੍ਰਗਟ ਨਾ ਕਰ ਸਕਿਆ। ਰਾਜਨੀਤਕ ਤੌਰ 'ਤੇ ਚੇਤੰਨ ਦਿਮਾਗ ਵੀ ਕਦੇ-ਕਦੇ ਭਾਵਨਾਵਾਂ ਦੇ ਅੱਗੇ ਗੋਡੇ ਟੇਕ ਦਿੰਦਾ ਹੈ। ਬਹਿਸ ਦੀ ਜਗ੍ਹਾ ਘਟ ਜਾਂਦੀ ਹੈ ਅਤੇ ਰਿਸ਼ਤਿਆਂ ਨੂੰ ਮੁੜ ਜਿਉਣ ਦੀ ਖ਼ਵਾਇਸ਼ ਰੱਖਦਾ ਹੈ। ਸਾਲਾਂ ਬਾਅਦ ਆਪਣੇ ਸ਼ਹਿਰ ਦੀ ਪਹਿਲੀ ਰਾਤ ਉਸ ਨੂੰ ਦੁਬਾਰਾ ਉੱਥੇ ਲੈ ਗਈ ਜਦੋਂ ਉਸ ਨੇ ਇਹ ਸ਼ਹਿਰ ਛੱਡਿਆ ਸੀ।

# 2. ਗੁੱਸਾ ਅਤੇ ਨਫ਼ਰਤ

ਦੰਗੇ ਹੋ ਚੁੱਕੇ ਸਨ। ਹਿਜ਼ਰਤ ਵੀ ਤਕਰੀਬਨ ਹੋ ਚੁੱਕਾ ਸੀ। ਕਈ ਪੂਰੀ ਤਰ੍ਹਾਂ ਜਾ ਚੁੱਕੇ ਸਨ, ਕੁਝ ਜਾਣ ਦੀ ਤਿਆਰੀ 'ਚ ਸਨ ਅਤੇ ਕਈ ਹੋਰ ਆਪਣਾ ਕਾਰੋਬਾਰ ਸਮੇਟਣ ਦੀ ਪ੍ਰਕਿਰਿਆ 'ਚ ਸਨ। ਪਰ ਕੁਝ ਅਜਿਹੇ ਵੀ ਸਨ ਜੋ ਜਾਣਾ ਨਹੀਂ ਚਾਹੁੰਦੇ ਸਨ।

ਹਿਜ਼ਰਤ ਦੇ ਕਈ ਕਾਰਨ ਸਨ। ਪਰ ਵਿਸ਼ਵਾਸ ਸਭ ਤੋਂ ਵੱਡਾ ਕਾਰਨ ਸੀ। ਜ਼ਿਆਦਾਤਰ ਅਜਿਹੇ ਸਨ ਜਿਨ੍ਹਾਂ ਦਾ ਵਰ੍ਹਿਆਂ ਦਾ ਬਣਾਇਆ ਹੋਇਆ ਕਾਰੋਬਾਰ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਸੀ। ਉਨ੍ਹਾਂ ਦੀਆਂ ਦੁਕਾਨਾਂ ਲੁੱਟ ਲਈਆਂ ਗਈਆਂ ਸਨ, ਲੱਕੜੀ ਦੇ ਡੀਪੂ ਜਲਾ ਦਿੱਤੇ ਗਏ ਸਨ, ਗੱਡੀਆਂ ਜਾਂ ਤਾਂ ਜਲਾ ਦਿੱਤੀਆਂ ਗਈਆਂ ਸਨ ਜਾਂ ਟੁਕੜੇ-ਟੁਕੜੇ ਕਰਕੇ ਉਨ੍ਹਾਂ ਦੇ ਪੁਰਜੇ ਟਿਕਾਣੇ ਲਗਾ ਦਿੱਤੇ ਗਏ। ਦੁਬਾਰਾ ਮੁੱਢ ਤੋਂ ਸ਼ੁਰੂ ਕਰਨ ਦੀ ਜ਼ਰੂਰਤ ਸੀ ਤਾਂ ਜ਼ਿਆਦਾਤਰ ਲੋਕ, ਖ਼ਾਸ ਕਰਕੇ ਜੋ ਆਜ਼ਾਦੀ ਦੀ ਦੂਜੀ ਪੀੜੀ ਦੇ ਸਨ, ਉਹ ਇਕ ਨਵੀਂ ਅਤੇ ਸੁਰੱਖਿਅਤ ਜਗ੍ਹਾ 'ਤੇ ਜਾਣਾ ਚਾਹੁੰਦੇ ਸਨ। ਰਾਜਧਾਨੀ ਦੀ ਲੁੱਟਮਾਰ ਅਤੇ ਮਾਰ-ਮਰਾਈ ਨਾਲ ਇਹ ਪੀੜ੍ਹੀ ਸਹਿਮ ਗਈ ਸੀ। ਕੁਝ ਪਰਿਵਾਰ ਅਜਿਹੇ ਵੀ ਸਨ ਜੋ ਇੱਥੇ ਰਹਿ ਕੇ ਥੋੜ੍ਹਾ ਬਹੁਤ ਕਾਰੋਬਾਰ ਜਾਰੀ ਰੱਖਣਾ ਚਾਹੁੰਦੇ ਸਨ, ਪਰ ਹੌਲੀ-ਹੌਲੀ ਆਪਣੇ ਬੱਚਿਆਂ ਨੂੰ ਪੰਜਾਬ ਵਿਚ ਕਿਸੇ ਸੁਰੱਖਿਅਤ ਜਗ੍ਹਾ 'ਤੇ ਸਥਾਪਤ ਕਰਨਾ ਚਾਹੁੰਦੇ ਸਨ।

ਜੇ ਦਿਲ ਦੀ ਗੱਲ ਪੁੱਛਣੀ ਹੋਵੇ ਤਾਂ ਅਮਨ ਦੇ ਪਿਤਾ ਜੀ ਇਸ ਸ਼ਹਿਰ ਨੂੰ ਛੱਡਣਾ ਨਹੀਂ ਚਾਹੁੰਦੇ ਸਨ। ਇਹ ਇਲਾਕਾ ਉਨ੍ਹਾਂ ਦੀ ਜਨਮ ਭੂਮੀ ਅਤੇ ਕਰਮ ਭੂਮੀ ਦੋਵੇਂ ਹੀ ਸੀ। ਉਨ੍ਹਾਂ ਦੇ ਮਾਤਾ ਜੀ ਤਾਂ ਉਦੋਂ ਚਲਾਣਾ ਕਰ ਗਏ ਸਨ ਜਦੋਂ ਉਹ ਅਜੇ ਦੁੱਧ ਚੁੰਘਦੇ ਬੱਚੇ ਸਨ। ਉਹ ਦਾਈ ਮਾਂ ਦਾ ਦੁੱਧ ਚੁੰਘ ਕੇ ਵੱਡੇ ਹੋਏ ਸਨ ਅਤੇ ਵੱਡੇ ਬੇਟੇ ਕਰਨ ਦੇ ਵਿਆਹ ਤੋਂ ਪਹਿਲਾਂ ਉਨ੍ਹਾਂ ਨੇ ਕਦੇ ਪੰਜਾਬ ਦੇਖਿਆ ਵੀ ਨਹੀਂ ਸੀ। ਨਾ ਹੀ ਉਨ੍ਹਾਂ ਨੂੰ ਪੰਜਾਬ ਦੇ ਕਿਸੇ ਇਲਾਕੇ ਦੀ ਠੇਠ ਪੰਜਾਬੀ ਆਉਂਦੀ ਸੀ। ਮੂਲ ਰੂਪ 'ਚ ਉਹ ਬਿਹਾਰੀ ਹੀ ਸਨ ਅਤੇ ਸੁਪਨੇ ਵੀ ਉੱਥੋਂ ਦੀ ਭਾਸ਼ਾ 'ਚ ਲੈਂਦੇ ਸਨ। ਅਮਨ ਦੀ ਮਾਂ ਪਾਕਿਸਤਾਨ ਵਾਲੇ ਪੰਜਾਬ ਤੋਂ ਸੀ। ਸੰਨ 47 'ਚ ਚਾਲੀ ਦਿਨ ਪੈਦਲ ਚੱਲ ਕੇ ਭਾਰਤ ਆ ਕੇ ਵਸ ਗਈ ਸੀ। ਫਿਰ ਛੋਟੀ ਉਮਰ 'ਚ ਹੀ ਵਿਆਹ ਤੋਂ ਬਾਅਦ ਇੱਥੇ ਬਿਹਾਰ ਆਈ ਅਤੇ ਇੱਥੋਂ ਦੀ ਹੋ ਕੇ ਰਹਿ ਗਈ ਸੀ। ਹਾਲਾਂਕਿ ਆਪਣੀ ਬਾਲ ਉਮਰੇ ਹੀ ਉਨ੍ਹਾਂ ਨੇ ਦੰਗੇ ਅਤੇ ਹਿਜ਼ਰਤ ਨੂੰ ਇਕ ਵਾਰ ਭੋਗ ਲਿਆ ਸੀ। ਬੱਚੇ, ਘਰ-ਗ੍ਰਹਿਸਥੀ, ਪਰਿਵਾਰ ਅਤੇ ਸਮਾਜਿਕ ਹਾਲਾਤ ਨੇ ਉਨ੍ਹਾਂ ਦਾ ਵੀ ਪੰਜਾਬੀਪਣ ਤਕਰੀਬਨ ਖ਼ਤਮ ਕਰ ਦਿੱਤਾ ਸੀ। ਪਿਤਾ ਜੀ ਦਾ ਮੰਨਣਾ ਸੀ ਕਿ ਲੋਕ ਮਾੜੇ ਨਹੀਂ ਹੁੰਦੇ, ਉਹ ਪਾਗਲ ਹੋ ਸਕਦੇ ਹਨ ਅਤੇ ਸਾਨੂੰ ਇਸ ਨਾਲ ਘਬਰਾਉਣਾ ਨਹੀਂ ਚਾਹੀਦਾ। ਉਨ੍ਹਾਂ ਨੇ ਤੀਲਾ-ਤੀਲਾ ਜੋੜ ਕੇ ਆਪਣਾ ਆਸ਼ਿਆਨਾ ਖੜ੍ਹਾ ਕੀਤਾ ਹੈ ਜਿਸ ਦਾ ਅੰਤ ਸਿਰਫ਼ ਇਕ ਘਟਨਾ ਤੈਅ ਨਹੀਂ ਕਰ ਸਕਦੀ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ...

ਯੇ ਧੂਪ, ਯੇ ਗਰਮੀ, ਗਰਮ ਹਵਾ, ਲੂ ਕੇ ਥਪੇੜੇ
ਨਾ ਬਰਬਾਦ ਕਰ ਸਕਤੀ ਹੈਂ ਹਮਾਰਾ ਆਸ਼ਿਆਂ
ਗੁਜ਼ਰ ਜਾਨੇ ਦੇ ਯੇ ਗਰਮ ਹਵਾ...
ਰੋਸ਼ਨ ਫਿਰ ਸੇ ਹੋਗਾ ਯੇ ਆਸ਼ਿਆਂ

ਐਮਰਜੈਂਸੀ 'ਚ ਉਨ੍ਹਾਂ ਦਾ ਜੇਲ੍ਹ ਜਾਣਾ, ਸੱਤਾ ਨੂੰ ਖੁੱਲ੍ਹੀ ਚੁਣੌਤੀ ਸੀ। ਉਹ ਜਾਣਦੇ ਸਨ ਇਸ ਦੇਸ਼ ਵਿਚ ਕਿਸੇ ਵੀ ਕੌਮ ਨੂੰ ਮਿਟਾਇਆ ਨਹੀਂ ਜਾ ਸਕਦਾ। ਪੰਜਾਬ ਵਿਚ ਜੇ ਚੰਦ ਲੋਕਾਂ ਨੇ ਜ਼ਹਿਰ ਫੈਲਾਇਆ ਹੈ ਤਾਂ ਸੱਤਾ ਵਿਚ ਬੈਠੇ ਚੰਦ ਲੋਕ ਪੂਰੀ ਕੌਮ ਨੂੰ ਦਾਗ਼ਦਾਰ ਨਹੀਂ ਕਰ ਸਕਦੇ। ਫਿਰ ਸਿੱਖਾਂ ਦਾ ਤਾਂ ਪੁਰਾਣਾ ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ।

ਉਨ੍ਹਾਂ ਨੇ ਹਿਜ਼ਰਤ ਉੱਪਰ ਬੱਚਿਆਂ ਨਾਲ ਹੋਈ ਗੱਲਬਾਤ ਦੌਰਾਨ ਕਿਹਾ ਸੀ, "ਇੱਥੇ ਗੱਲ ਧਰਮ ਦੀ ਨਹੀਂ ਸਗੋਂ ਇਕ ਕੌਮ ਉੱਪਰ ਸੱਤਾ ਦੁਆਰਾ ਸੰਕੇਤਕ ਕਾਰਵਾਈ ਦੀ ਹੈ। ਕਾਂਗਰਸ ਨੇ ਆਪਣਾ ਆਗੂ ਗਵਾਇਆ ਹੈ ਤਾਂ ਸੱਤਾ ਦੀ ਪਰਿਵਾਰਕ ਵਰਤੋਂ ਅਤੇ ਦੁਰਵਰਤੋਂ ਨਜਾਇਜ਼ ਹੀ ਨਹੀਂ ਅਸੰਵਿਧਾਨਕ ਵੀ ਹੈ।"

ਪਰ ਬੱਚਿਆਂ ਦੇ ਮਨ 'ਚ ਇਸ ਸ਼ਹਿਰ ਤੋਂ ਵਿਸ਼ਵਾਸ ਉੱਠ ਚੁੱਕਾ ਸੀ। ਕਰਨ ਦਾ ਆਪਣੇ ਪਿਆਰੇ ਟਿੰਬਰ ਡੀਪੂ ਤੋਂ ਭੇਸ ਬਦਲ ਕੇ ਜਾਨ ਬਚਾ ਕੇ ਨਿੱਕਲਣਾ ਉਸ ਦਾ ਸਵੈਵਿਸ਼ਵਾਸ ਉੱਠ ਜਾਣ ਲਈ ਕਾਫ਼ੀ ਸੀ। ਉਸ ਦਾ ਵਿਆਹ ਹੋਏ ਨੂੰ ਸਿਰਫ਼ ਇਕ ਸਾਲ ਹੋਇਆ ਸੀ ਅਤੇ ਉਹ ਆਪਣੇ ਬੱਚੇ ਨਾਲ ਨਵੇਂ ਸ਼ਹਿਰ ਵਿਚ ਵਸਣਾ ਚਾਹੁੰਦਾ ਸੀ। ਮਿਹਨਤੀ ਤਾਂ ਉਹ ਹੈ ਹੀ ਸੀ ਕਿਉਂਕਿ ਛੋਟੀ ਉਮਰ 'ਚ ਹੀ ਜੰਗਲਾਂ ਵਿਚ ਕਈ ਦਿਨ ਗੁਜ਼ਾਰ ਚੁੱਕਾ ਸੀ।

ਕਰਨ ਨੇ ਆਖ਼ਿਰਕਾਰ ਆਪਣੇ ਪਿਤਾ ਜੀ ਨੂੰ ਇਹੀ ਕਿਹਾ ਸੀ, "ਇਸ ਸ਼ਹਿਰ ਦੇ ਪ੍ਰਤੀ ਅਸੀਂ ਤੁਹਾਡੀਆਂ ਭਾਵਨਾਵਾਂ ਦੀ ਕਦਰ ਕਰਦੇ ਹਾਂ। ਪਰ ਇਸ ਦੇ ਨਾਲ-ਨਾਲ ਸਾਨੂੰ ਪੰਜਾਬ ਵਿਚ ਵੀ ਆਪਣਾ ਥੋੜ੍ਹਾ-ਬਹੁਤ ਕਾਰੋਬਾਰ ਸ਼ੁਰੂ ਕਰ ਲੈਣਾ ਚਾਹੀਦਾ ਹੈ। ਇਸੇ ਵਿਚ ਸਾਡੀ ਭਲਾਈ ਹੈ।"

ਅਮਨ ਦੇ ਮਨ ਵਿਚ ਗੁੱਸਾ ਸੀ - ਵਿਸਾਹਘਾਤ ਦਾ - ਆਪਣੇ ਪਿਤਾ ਜੀ ਦੇ ਸਹਿਯੋਗੀਆਂ ਪ੍ਰਤੀ, ਇਸ ਸ਼ਹਿਰ ਦੇ ਲੋਕਾਂ ਪ੍ਰਤੀ, ਆਮ ਲੋਕਾਂ ਪ੍ਰਤੀ - ਉਸ ਦੇ ਮਨ ਵਿਚ ਇਕ ਨਫ਼ਰਤ ਜਹੀ ਪੈਦਾ ਹੋ ਰਹੀ ਸੀ।

ਇਸ ਸਭ ਕਾਸੇ ਦੌਰਾਨ ਅਮਨ ਦੇ ਪੁਰਾਣੇ ਮਿੱਤਰ ਪਿੱਛੇ ਛੁੱਟਦੇ ਜਾ ਰਹੇ ਸਨ। ਤੇਜ਼ੀ ਨਾਲ ਬਦਲ ਰਹੇ ਹਾਲਾਤ ਨਾਲ ਦੋਸਤਾਂ ਨਾਲ ਗੱਲ ਕਰਨ ਦੀ ਜਗ੍ਹਾ ਖ਼ਤਮ ਹੁੰਦੀ ਜਾ ਰਹੀ ਸੀ। ਘਰ ਦੇ ਵੱਡੇ ਬਜ਼ੁਰਗ ਅਤੇ ਹੋਰ ਸਕੇ-ਸੰਬੰਧੀਆਂ ਦਾ ਦੰਗਿਆਂ ਤੇ ਉਨ੍ਹਾਂ ਦੇ ਪਿੱਛਲੇ ਕਾਰਨਾਂ ਦੇ ਵੱਖ-ਵੱਖ ਵਿਸ਼ਲੇਸ਼ਣ ਤੇ ਵਿਹਾਰ ਨਾਲ ਪਹਿਲਾਂ ਵਾਲੀ ਦੋਸਤੀ ਦੀ ਨੀਂਹ ਡੋਲਣੀ ਸ਼ੁਰੂ ਹੋ ਗਈ ਸੀ।

ਬਿਨੈ ਨੇ ਇਕ ਵਾਰ ਰਮਨ ਨੂੰ ਪੁੱਛਿਆ ਵੀ ਸੀ, "ਕਿੱਥੇ ਜਾ ਰਹੇ ਹੋ", ਇਸ ਦੇ ਜਵਾਬ ਦਾ ਜਵਾਬ ਵੀ ਸੰਖੇਪ ਜਿਹਾ ਹੀ ਸੀ "ਉਂਞ ਹੀ। ਥੋੜ੍ਹਾ ਘੁੰਮ-ਫਿਰ ਕੇ ਆਉਂਦੇ ਹਾਂ।"

ਸਾਹਮਣੇ ਵਾਲੇ ਘਰ 'ਚ ਲੁੱਟਮਾਰ ਦੌਰਾਨ ਹੋਈ ਗੋਲੀਬਾਰੀ ਵਿਚ ਜੋ ਕਤਲ ਹੋਏ ਸਨ, ਉਸ ਕੇਸ ਤੋਂ ਬਚਣ ਲਈ ਦੰਗਿਆਂ ਤੋਂ ਥੋੜ੍ਹੇ ਦਿਨ ਬਾਅਦ ਪਿਤਾ ਜੀ ਨੇ ਅਮਨ ਤੇ ਰਮਨ ਨੂੰ ਉਨ੍ਹਾਂ ਦੇ ਨਾਨੇ ਦੇ ਘਰ ਰਾਜਸਥਾਨ ਭੇਜ ਦਿੱਤਾ ਸੀ। ਅਮਨ ਨੇ ਕੁਝ ਦਿਨ ਨਾਨਕੇ ਘਰ ਗੁਜ਼ਾਰ ਕੇ ਪੰਜਾਬ ਦਾ ਰੁੱਖ ਕਰ ਲਿਆ। ਅਮਨ ਆਪਣੀ ਪੜ੍ਹਾਈ ਜਾਰੀ ਰੱਖਣਾ ਚਾਹੁੰਦਾ ਸੀ ਜਿਸ ਦੇ ਲਈ ਉਸ ਨੇ ਦੰਗੇ ਹੋਣ ਤੋਂ ਪਹਿਲਾਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਪੰਜਾਬ ਵਿਚ ਉਸ ਨੂੰ ਇਕ ਸੰਸਥਾ ਦੀ ਮੱਦਦ ਨਾਲ ਪੰਜਾਬੀ ਯੂਨੀਵਰਸਿਟੀ ਵਿਚ ਦਾਖ਼ਲਾ ਵੀ ਮਿਲ ਗਿਆ ਸੀ।

ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਅਕਾਲ ਤਖ਼ਤ ਦੀ ਢਹਿਢੇਰੀ ਕੀਤੀ ਗਈ ਇਮਾਰਤ, ਦਿੱਲੀ ਵਿਚ ਸਿੱਖਾਂ ਦਾ ਕਤਲੇਆਮ, ਉਨ੍ਹਾਂ ਦੀਆਂ ਨੂੰਹਾਂ-ਧੀਆਂ ਦਾ ਬਲਾਤਕਾਰ, ਸ਼ਰਣਾਰਥੀ ਕੈਂਪ ਅਤੇ ਉਨ੍ਹਾਂ ਦੀ ਬਦਹਾਲੀ, ਮੁਆਵਜ਼ੇ ਦੀਆਂ ਅਰਜ਼ੀਆਂ ਅਤੇ ਸਰਕਾਰ ਦੀ ਬੇਰੁਖੀ, ਕਈ ਕਮਿਸ਼ਨਾਂ ਦਾ ਗਠਨ, ਕਈ ਸੰਸਥਾਵਾਂ ਵੱਲੋਂ ਦੰਗਿਆਂ ਨੂੰ ਕਤਲੇਆਮ ਦਾ ਨਾਂ ਦੇਣਾ ਅਤੇ ਉਸ ਵਿਚ ਕਾਂਗਰਸ ਦੇ ਵੱਡੇ ਆਗੂਆਂ ਦੀ ਸਿੱਧੀ ਭੂਮਿਕਾ, ਪੰਜਾਬ ਵਿਚ ਅੱਤਵਾਦੀ ਆਗੂਆਂ ਦੀ ਭੂਮਿਕਾ ਕਿਸੇ ਵੀ ਸਿੱਖ ਨੌਜਵਾਨ ਦੇ ਦਿਲੋ-ਦਿਮਾਗ 'ਚ ਪਲ ਰਹੀ ਨਫ਼ਰਤ ਅਤੇ ਗੁੱਸੇ 'ਚ ਚਿੰਗਾੜੀ ਦਾ ਕੰਮ ਕਰ ਸਕਦੇ ਸਨ।

ਅਮਨ ਦੇ ਨਾਲ ਵੀ ਕੁਝ ਅਜਿਹਾ ਹੀ ਹੋਇਆ ਸੀ। ਬੀ.ਏ. ਪੂਰੀ ਕਰਨ ਦੀ ਇੱਛਾ ਨਾਲ ਉਹ ਪੰਜਾਬ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਗੇੜੇ ਮਾਰਨ ਲੱਗਾ। ਦਾਖ਼ਲਾ ਤਾਂ ਲੈ ਲਿਆ ਪਰ ਦਿਮਾਗੀ ਤੌਰ 'ਤੇ ਬੇਚੈਨ ਹੀ ਰਿਹਾ। ਕੁਝ ਆਪਣੀ ਸਮਝ ਅਤੇ ਕੁਝ ਸੰਗਤ ਦਾ ਅਸਰ ਅਜਿਹਾ ਰਿਹਾ ਕਿ ਪੜ੍ਹਾਈ ਵੱਲ ਧਿਆਨ ਘੱਟ ਰਿਹਾ ਅਤੇ ਪੰਜਾਬ, ਜਿਸ ਦੇ ਬਾਰੇ ਹੁਣ ਤੱਕ ਸਿਰਫ਼ ਅਧੂਰਾ ਗਿਆਨ ਹੀ ਸੀ, ਉੱਥੋਂ ਦੀ ਉੱਥਲ-ਪੁੱਥਲ ਵਾਲੀ ਰਾਜਨੀਤੀ ਅਤੇ ਉਸ ਦੇ ਪਿੱਛੇ ਕੰਮ ਕਰਦੇ ਧਾਰਮਿਕ ਤੇ ਕੌਮੀ ਕਾਰਨਾਂ, 1947 ਦਾ ਇਤਿਹਾਸ, ਵੰਡ ਦੀ ਸਿਆਸਤ, ਦੇਸ਼ ਵਿਚ ਸਿੱਖਾਂ ਦੀ ਭੂਮਿਕਾ ਅਤੇ ਉਸ ਦੇ ਬਦਲੇ ਹਿੰਦੂ ਹਾਕਮ ਜਮਾਤ ਦੇ ਪੰਜਾਬ ਅਤੇ ਸਿੱਖਾਂ ਪ੍ਰਤੀ ਰਵੱਈਏ ਬਾਰੇ ਮੁਹੱਈਆ ਕਰਾਈਆਂ ਜਾ ਰਹੀਆਂ ਲਿਖਤਾਂ ਅਤੇ ਵਿਖਿਆਨ ਉੱਪਰ ਧਿਆਨ ਜਾਣ ਲੱਗਾ। ਸਭ ਕੁਝ ਨਵਾਂ ਸੀ ਅਤੇ ਨਵੇਂ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਸੀ। ਧਰਮ ਦੀ ਪ੍ਰੀਭਾਸ਼ਾ ਅਤੇ ਕੌਮੀ ਪਹਿਰਾਵੇ ਦਾ ਆਪਸ ਵਿਚ ਇਕ ਅਜੀਬ ਜਿਹਾ ਮਿਸ਼ਰਣ ਹੋ ਰਿਹਾ ਸੀ। ਪੱਗ ਦਾ ਰੰਗ ਅਤੇ ਦਾੜ੍ਹੀ ਦਾ ਢੰਗ ਬਦਲਣਾ ਸ਼ੁਰੂ ਹੋ ਗਿਆ ਸੀ।

"ਫਾਰਮ ਤੇ ਮੈਂ ਭਰ ਦਿਆਂਗਾ ਪਰ ਇਹਦੇ ਨਾਲ ਕੀ ਹੋਣਾ," ਲੰਮੀ ਦਾੜ੍ਹੀ ਅਤੇ ਤਿੱਖੀ ਨਜ਼ਰ ਵਾਲੇ ਦਲਬੀਰ ਨੇ ਅਮਨ ਨੂੰ ਕੌਮੀ ਰਾਜਨੀਤੀ ਅਤੇ ਵਿਦਿਆਰਥੀਆਂ ਦੀ

ਭੂਮਿਕਾ ਅਤੇ ਉਸ ਦੀ ਅਹਿਮੀਅਤ ਬਾਰੇ ਦੱਸਿਆ। "ਨੌਕਰੀ ਤਾਂ ਤੈਨੂੰ ਮਿਲੇ ਨਾ ਮਿਲੇ ਪਰ ਕੌਮ ਉੱਪਰ ਹੋਏ ਜ਼ੁਲਮ ਨੂੰ ਨਾ ਭੁੱਲਣਾ।"

ਸ਼ਹਿਰ ਛੱਡਣ ਤੋਂ ਪਹਿਲਾਂ ਅਪਰੇਸ਼ਨ ਬਲਿਊ ਸਟਾਰ ਨੇ ਅਮਨ ਨੂੰ ਕਦੇ ਵਿਆਕੁਲ ਨਹੀਂ ਸੀ ਕੀਤਾ। ਧਰਮ ਉਸ ਦੇ ਲਈ ਸਿਰਫ਼ ਤੇ ਸਿਰਫ਼ ਉਸ ਦੇ ਪਹਿਰਾਵੇ ਤੱਕ ਹੀ ਨਿਹਿਤ ਸੀ। ਗੁਰਦੁਆਰੇ ਤਾਂ ਉਹ ਜ਼ਿਆਦਾਤਰ ਕਿਸੇ ਗੁਰਪੁਰਬ ਜਾਂ ਫਿਰ ਕਿਸੇ ਪਰਿਵਾਰਕ ਵਿਆਹ-ਸ਼ਾਦੀ ਦੇ ਮੌਕੇ 'ਤੇ ਹੀ ਜਾਂਦਾ ਸੀ। ਪਰ ਉਸ ਸਮੇਂ ਵੀ ਜ਼ਿਆਦਾਤਰ ਸਮਾਂ ਗੁਰਦੁਆਰੇ ਦੇ ਬਾਹਰ ਖੜ੍ਹਾ ਹੋ ਕੇ ਜਾਣੂਆਂ ਨਾਲ ਹਾਸਾ-ਮਜ਼ਾਕ ਕਰਨ 'ਚ ਗੁਜ਼ਰਦਾ ਸੀ। ਪਰ ਉੱਥੇ ਵੀ ਬੋਰੀਅਤ ਹੀ ਹੁੰਦੀ ਸੀ ਕਿਉਂਕਿ ਚੰਗੇ ਦੋਸਤ ਉੱਥੇ ਹੁੰਦੇ ਨਹੀਂ ਸਨ।

ਪੰਜਾਬ 'ਚ ਆ ਕੇ ਵੀ ਗੁਰਦੁਆਰਿਆਂ ਨੇ ਕਦੇ ਉਸ ਨੂੰ ਆਪਣੇ ਵੱਲ ਖਿੱਚਿਆ ਨਹੀਂ ਸੀ। ਪਰ ਕੌਮੀ ਸਵਾਲ ਅਤੇ ਕੌਮ ਦੇ ਲਈ ਲੜਨ ਵਾਲਿਆਂ ਤੇ ਸ਼ਹਾਦਤ ਦਾ ਇਕ ਵੱਖਰਾ ਮਾਇਨਾ ਜ਼ਰੂਰ ਪ੍ਰਚੰਡ ਹੋ ਰਿਹਾ ਸੀ।

ਫਿਰ ਕਿਸੇ ਨੇ ਇਹ ਵੀ ਸਵਾਲ ਕੀਤਾ, "ਜਦੋਂ ਪੰਜਾਬ ਵਿਚ ਜ਼ੁਲਮ ਦੀ ਇੰਤਹਾ ਹੋ ਰਹੀ ਸੀ, ਪੰਜਾਬ ਤੋਂ ਬਾਹਰ ਵਸੇ ਸਿੱਖਾਂ ਨੇ ਇਸ ਦਾ ਕੋਈ ਵਿਰੋਧ ਕਿਓਂ ਨਹੀਂ ਕੀਤਾ। ਅਸੀਂ ਏਥੇ ਮਰ ਰਹੇ ਸੀ ਅਤੇ ਉਹ ਆਪਣੀ ਜ਼ਿੰਦਗੀ 'ਚ ਮਸਤ ਸਨ। ਹੁਣ ਜਦੋਂ ਉਨ੍ਹਾਂ ਸਿਰ ਆਣ ਪਈ ਹੈ ਤਾਂ ਉਹ ਇੱਥੇ ਪਨਾਹ ਲੈ ਰਹੇ ਨੇ।"

ਇਹ ਇਕ ਮਿਹਣਾ ਵੀ ਸੀ ਅਤੇ ਚੁਣੌਤੀ ਵੀ। ਹੌਲੀ-ਹੌਲੀ ਦੋਸਤੀ ਵਧਦੀ ਗਈ ਪਰ ਨੇੜਤਾ ਦਾ ਅਹਿਸਾਸ ਨਹੀਂ ਹੋ ਰਿਹਾ ਸੀ। ਸਵਾਲ-ਜਵਾਬ ਤਾਂ ਹੁੰਦੇ ਸਨ ਪਰ ਬਹਿਸ ਦੀ ਜਗ੍ਹਾ ਨਹੀਂ ਸੀ। ਇਕ ਅਜੀਬ ਜਿਹਾ ਮਾਹੌਲ ਸੀ ਜਿਸ ਵਿਚ ਫ਼ੌਜ ਤਾਂ ਨਹੀਂ ਸੀ ਪਰ ਕਮਾਂਡ ਜ਼ਰੂਰ ਸੀ। ਮਕਸਦ ਰੋਜ਼ ਦੱਸੇ ਜਾਣ ਲੱਗੇ ਪਰ ਰਸਤੇ ਸਹੀ ਨਹੀਂ ਸਨ। ਕਹਿਣੀ ਤੇ ਕਰਨੀ 'ਚ ਵੀ ਫ਼ਰਕ ਸੀ। ਜਿਉਂ-ਜਿਉਂ ਜਿਗਿਆਸਾ ਵਧਦੀ ਗਈ, ਸਵਾਲਾਂ ਦੇ ਜਵਾਬ ਵੀ ਮਿਲਣੇ ਬੰਦ ਹੋ ਗਏ। ਫਿਰ ਪੰਜਾਬੀ ਉੱਪਰ ਚੰਗੀ ਪਕੜ ਨਾ ਹੋਣਾ ਵੀ ਘ੍ਰਿਣਾ ਦਾ ਇਕ ਕਾਰਨ ਬਣਨ ਲੱਗਾ। ਅਕਸਰ ਸੁਣਨ ਨੂੰ ਮਿਲਦਾ "ਸਾਲਾ ਭਈਆ"।

ਫਿਰ ਕੁਝ ਐਸੇ ਕਾਰਜਾਂ ਦੀ ਜ਼ਿੰਮੇਵਾਰੀ ਮਿਲਣ ਲੱਗੀ ਜਿਸ ਦਾ ਮਕਸਦ ਨਾਲ ਦੂਰ-ਦੂਰ ਤੱਕ ਦਾ ਵੀ ਵਾਸਤਾ ਨਹੀਂ ਸੀ। ਇਸ ਦੌਰਾਨ ਕਈ ਹੋਰ ਲੋਕਾਂ ਨਾਲ ਮੁਲਾਕਾਤ ਹੋਈ ਜਿਸ ਨਾਲ ਮਕਸਦ ਅਤੇ ਮੁਹਿੰਮ ਨੂੰ ਸਮਝਣ 'ਚ ਪ੍ਰੇਸ਼ਾਨੀਆਂ 'ਚ ਵਾਧਾ ਹੀ ਹੋਇਆ।

ਸਰਕਾਰੀ ਜਬਰ ਤਾਂ ਜ਼ਰੂਰ ਸੀ ਪਰ ਉਸ ਦਾ ਸਹੀ ਰਾਜਨੀਤਕ ਵਿਸ਼ਲੇਸ਼ਣ ਕਰਨਾ ਮੁਸ਼ਕਲ ਹੋ ਰਿਹਾ ਸੀ ਕਿਉਂਕਿ ਮਾਮਲਾ ਸਿਰਫ਼ ਸਿੱਖ ਧਰਮ ਦਾ ਨਹੀਂ ਲੱਗ ਰਿਹਾ ਸੀ। ਪੰਜਾਬ ਵਿਚ ਰਹਿਣ ਵਾਲੇ ਗ਼ੈਰਸਿੱਖ ਭਾਈਚਾਰੇ ਦੇ ਬਾਰੇ 'ਚ ਕੀਤਾ ਗਿਆ ਵਿਸ਼ਲੇਸ਼ਣ ਪ੍ਰੇਸ਼ਾਨ ਕਰ ਰਿਹਾ ਸੀ। ਉਹ ਵੀ ਤਾਂ ਪੰਜਾਬੀ ਸਨ ਅਤੇ 1947 'ਚ ਉਨ੍ਹਾਂ ਦੀ ਵੀ ਪੱਛਮੀ ਪੰਜਾਬ, ਯਾਨੀ ਪਾਕਿਸਤਾਨ ਤੋਂ ਹੀ ਹਿਜ਼ਰਤ ਹੋਈ ਸੀ। ਉਹ ਵੀ ਪੰਜਾਬੀ ਬੋਲਦੇ ਸਨ ਚਾਹੇ ਧਾਰਮਿਕ ਰੀਤੀ-ਰਿਵਾਜਾਂ 'ਚ ਫ਼ਰਕ ਸੀ।

ਫਿਰ ਕੁਝ ਹੋਰ ਲੋਕਾਂ ਨਾਲ ਵੀ ਦੋਸਤੀ ਹੋਈ ਜੋ ਥੋੜ੍ਹਾ ਵੱਖਰਾ ਸੋਚਦੇ ਸਨ। ਉਹ ਵੀ ਸਿੱਖ ਸਨ ਪਰ ਵੱਖਰੇ ਸਨ - ਦਿੱਖ 'ਚ ਵੀ ਅਤੇ ਸੋਚ 'ਚ ਵੀ। ਮੱਦਦਗਾਰ ਸਨ - ਉੱਜੜੇ ਹੋਏ ਲੋਕਾਂ ਪ੍ਰਤੀ ਉਨ੍ਹਾਂ ਦਾ ਵਿਹਾਰ ਥੋੜ੍ਹਾ ਵੱਖਰਾ ਸੀ। ਪਰ ਅਮਨ ਜਦੋਂ ਵੀ ਉਨ੍ਹਾਂ 'ਚ ਬੈਠਦਾ ਸੀ ਤਾਂ ਉਹ ਥੋੜ੍ਹੇ ਸ਼ਾਂਤ ਅਤੇ ਕੁਝ ਹੱਦ ਤੱਕ ਚੁਕੰਨੇ ਵੀ ਹੋ ਜਾਂਦੇ ਸਨ। ਉਨ੍ਹਾਂ ਵਿੱਚੋਂ ਇਕ ਅਜਿਹਾ ਸੀ ਜਿਸ ਨਾਲ ਅਮਨ ਦੀ ਥੋੜ੍ਹੀ ਨੇੜਤਾ ਹੋ ਗਈ ਸੀ।

ਸੀਟੂ ਹਾਕੀ ਦਾ ਚੰਗਾ ਖਿਡਾਰੀ ਸੀ ਅਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਬਹੁਤ ਨੇੜੇ ਵੀ ਸੀ। ਅਮਨ ਨਾਲ ਚਰਚਾ ਦੌਰਾਨ ਉਸ ਦੀ ਹਿਜ਼ਰਤ ਅਤੇ ਦੰਗਿਆਂ ਦੀ ਕਹਾਣੀ ਨਾਲ ਪ੍ਰੇਸ਼ਾਨ ਵੀ ਹੋ ਗਿਆ ਸੀ। ਹੌਲੀ-ਹੌਲੀ ਆਪਸੀ ਚਰਚਾਵਾਂ ਦਾ ਦੌਰ ਵਧਣ ਲੱਗਾ। ਜਿਨ੍ਹਾਂ ਵਿਸ਼ਿਆਂ ਉੱਪਰ ਪਹਿਲਾਂ ਚਰਚਾ ਹੋਣੀ ਮੁਸ਼ਕਲ ਜਾਪਦੀ ਸੀ ਉਸ ਦੀ ਵੀ ਹੌਲੀ-ਹੌਲੀ ਜਗ੍ਹਾ ਬਣਦੀ ਜਾ ਰਹੀ ਸੀ। ਗੱਲ ਤਾਂ ਉਹ ਵੀ ਕੌਮ ਦੀ ਹੀ ਕਰਦਾ ਸੀ। ਪਰ ਸਿੱਖ ਧਰਮ ਤੋਂ ਜ਼ਿਆਦਾ ਪੰਜਾਬੀਅਤ ਨੂੰ ਤਰਜ਼ੀਹ ਦਿੰਦਾ ਸੀ। ਧਰਮ ਉਸ ਦੇ ਲਈ ਸਿਰਫ਼ ਨਿੱਜੀ ਮਸਲਾ ਸੀ।

ਦੂਜੇ ਪਾਸੇ ਪੁਰਾਣੇ ਦੋਸਤਾਂ ਦਾ ਸੀਟੂ ਅਤੇ ਉਸ ਦੇ ਸਾਥੀਆਂ ਪ੍ਰਤੀ ਰਵੱਈਆ ਅਪਮਾਨਜਨਕ ਤੇ ਰੁੱਖਾ ਸੀ। ਕਈ ਵਾਰ ਉਨ੍ਹਾਂ ਨੇ ਅਮਨ ਦੇ ਉਨ੍ਹਾਂ ਨੂੰ ਮਿਲਣ-ਜੁਲਣ 'ਤੇ ਵੀ ਇਤਰਾਜ਼ ਕੀਤਾ ਸੀ। ਦਲਬੀਰ ਵੀ ਇਸ ਗੱਲ ਉੱਪਰ ਖ਼ਾਸ ਧਿਆਨ ਦਿੰਦਾ ਸੀ। ਪਰ ਅਮਨ ਤੇ ਸੀਟੂ ਦੀ ਦੋਸਤੀ ਅਤੇ ਗੱਲਬਾਤ ਹੌਲੀ-ਹੌਲੀ ਆਪਣੀ ਜਗ੍ਹਾ ਬਣਾ ਰਹੀਆਂ ਸਨ।

ਜਨਵਰੀ ਦਾ ਮਹੀਨਾ ਸੀ। ਪੰਜਾਬ ਵਿਚ ਫੜੋਫੜੀ ਤੇਜ਼ੀ ਨਾਲ ਹੋ ਰਹੀ ਸੀ। ਸ਼ਾਮ ਦੇ ਚਾਰ ਵਜਦੇ ਹੀ ਪਿੰਡ ਤਾਂ ਕੀ ਸ਼ਹਿਰ ਵੀ ਸੁੰਨਸਾਨ ਹੋਣ ਲੱਗ ਜਾਂਦੇ ਸਨ। ਧਰਨੇ-ਮੁਜ਼ਾਹਰਿਆਂ ਉੱਪਰ ਤਾਂ ਪਾਬੰਦੀ ਹੈ ਹੀ ਸੀ, ਇਕ ਪਾਸੇ ਮੀਟਿੰਗਾਂ ਉੱਪਰ ਵੀ ਪੁਲਿਸ ਨਜ਼ਰ ਰੱਖਦੀ ਸੀ। ਫੈੱਡਰੇਸ਼ਨ ਅਤੇ ਹੋਰ ਅੱਤਵਾਦੀ ਜਥੇਬੰਦੀਆਂ ਦਾ ਗਣਤੰਤਰ ਦਿਵਸ ਤੋਂ ਪਹਿਲਾਂ ਕਾਲਜਾਂ ਅਤੇ ਹੋਰ ਸਥਾਨਾਂ ਉੱਪਰ ਪੋਸਟਰ ਲਗਾਉਣ ਦਾ ਸੱਦਾ ਸੀ। ਇਹ ਕੰਮ ਜ਼ਿਆਦਾਤਰ ਰਾਤ ਦੇ ਹਨੇਰੇ 'ਚ ਹੀ ਹੁੰਦਾ ਸੀ। ਇਸੇ ਸਿਲਸਿਲੇ 'ਚ ਯੂਨੀਵਰਸਿਟੀ ਤੋਂ ਅਮਨ ਆਪਣੇ ਸਾਥੀ ਦਲਬੀਰ ਨਾਲ ਬੱਸ ਅੱਡੇ ਪਹੁੰਚਿਆ।

"ਆਪਾਂ ਕਿੱਥੇ ਜਾਣਾ ?" ਅਮਨ ਨੇ ਦਲਬੀਰ ਨੂੰ ਪੁੱਛਿਆ।

"ਇਹ ਤਾਂ ਉਸੇ ਨੂੰ ਪਤਾ ਹੈ ਜੋ ਸਾਨੂੰ ਏਥੇ ਮਿਲਣ ਆਊਗਾ," ਦਲਬੀਰ ਨੇ ਸੰਖੇਪ ਜਿਹਾ ਜਵਾਬ ਦਿੱਤਾ।

ਯੂਨੀਵਰਸਿਟੀ ਤੋਂ ਬਾਹਰ ਇਹ ਅਮਨ ਦੀ ਪਹਿਲੀ ਕਾਰਵਾਈ ਸੀ। ਮਨ 'ਚ ਉਤਸੁਕਤਾ ਦੇ ਨਾਲ-ਨਾਲ ਥੋੜ੍ਹਾ ਸੰਸਾ ਵੀ ਸੀ। ਇਸ ਲਈ ਸਵਾਲਾਂ ਦੀ ਝੜੀ ਲਗਾਤਾਰ ਜਾਰੀ ਰਹੀ। "ਤੇ ਮਿਲਣ ਕੌਣ ਆ ਰਿਹੈ ?"

ਇਸ ਵਾਰ ਥੋੜ੍ਹੀ ਤਲਖ਼ੀ ਨਾਲ ਜਵਾਬ ਮਿਲਿਆ, "ਉਹ ਵੀ ਪਤਾ ਲੱਗ

ਜਾਊ।" ਤੇ ਫਿਰ ਉਸੇ ਲਹਿਜ਼ੇ 'ਚ ਇਕ ਹਦਾਇਤ "ਸਵਾਲ ਜ਼ਰਾ ਘੱਟ ਕਰਿਆ ਕਰ। ਨਹੀਂ ਤਾਂ ਖ਼ੁਦ ਸਵਾਲ ਬਣ ਜਾਓਗੇ।" ਇਹ ਕਹਿ ਕੇ ਉਹ ਥੋੜ੍ਹਾ ਅਲੱਗ ਖੜ੍ਹਾ ਹੋ ਗਿਆ।

ਸਬੱਬ ਨਾਲ ਉੱਥੇ ਸੀਟੂ ਵੀ ਆਪਣੇ ਮੋਟਰ ਸਾਈਕਲ ਉੱਪਰ ਆ ਗਿਆ। "ਏਥੇ ਕੀ ਕਰ ਰਹੇ ਹੋ ?" ਉਸ ਨੇ ਅਮਨ ਨੂੰ ਉੱਥੇ ਇਕੱਲਾ ਦੇਖ ਕੇ ਪੁੱਛਿਆ।

ਕਿਉਂਕਿ ਮੋਟਰ ਸਾਈਕਲ ਉੱਪਰ ਡਬਲ ਸਵਾਰੀ ਦੀ ਮਨਾਹੀ ਸੀ ਇਸ ਲਈ ਸੀਟੂ ਨੇ ਕਿਹਾ "ਬਸ ਤਾਂ ਹੁਣ ਹੈ ਨਹੀਂ। ਸ਼ੇਅਰਡ ਆਟੋ ਲੈ ਕੇ ਆ ਜਾ। ਤੇ ਹੋਸਟਲ ਵਿਚ ਮਿਲਣ ਆਈਂ।" ਸੀਟੂ ਨੇ ਦਲਬੀਰ ਨੂੰ ਨਹੀਂ ਦੇਖਿਆ ਸੀ ਜੋ ਉਸ ਸਮੇਂ ਥੋੜ੍ਹੀ ਦੂਰ ਖੜ੍ਹਾ ਸੀ। ਫਿਰ ਉਸ ਨੇ ਅਮਨ ਦੇ ਮੋਢੇ 'ਤੇ ਹੱਥ ਰੱਖਿਆ ਅਤੇ ਉੱਥੋਂ ਚੱਲ ਪਿਆ।

ਉਸੇ ਸਮੇਂ ਇਕ ਜਿਪਸੀ ਉੱਥੇ ਆਈ ਜੋ ਬਿਲਕੁਲ ਅਮਨ ਦੇ ਬਰਾਬਰ ਆ ਕੇ ਰੁਕੀ। ਜਿਪਸੀ ਵਿੱਚੋਂ ਸਾਦਾ ਕੱਪੜੇ ਪਹਿਨੀਂ ਅਧੇੜ ਉਮਰ ਦੇ ਚਾਰ ਬੰਦੇ ਉੱਤਰੇ। ਉਨ੍ਹਾਂ ਵਿੱਚੋਂ ਦੋ ਅਮਨ ਦੇ ਆਸੇ-ਪਾਸੇ ਖੜ੍ਹੇ ਹੋ ਗਏ। ਦੋ ਹੋਰ ਸਿੱਧੇ ਦਲਬੀਰ ਵੱਲ ਵਧੇ ਜੋ ਉੱਥੋਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਹੁਣ ਅਮਨ ਅਤੇ ਦਲਬੀਰ ਉਨ੍ਹਾਂ ਚਾਰ ਜਣਿਆਂ ਦਰਮਿਆਨ ਘਿਰੇ ਹੋਏ ਸਨ। ਉਨ੍ਹਾਂ ਦੋਹਾਂ ਨੂੰ ਫੜ ਕੇ ਚੁੱਪਚਾਪ ਜਿਪਸੀ 'ਚ ਬਿਠਾਇਆ ਗਿਆ ਅਤੇ ਫਿਰ ਜਿਪਸੀ ਬੱਸ ਅੱਡੇ ਤੋਂ ਬਾਹਰ ਨਿਕਲ ਗਈ।

ਅਮਨ ਬਿਲਕੁਲ ਸ਼ਾਂਤ ਸੀ। ਦੂਜੇ ਪਾਸੇ ਦਲਬੀਰ ਵੀ ਹੈਰਾਨ-ਪ੍ਰੇਸ਼ਾਨ ਸੀ। ਉਨ੍ਹਾਂ ਨੂੰ ਇਹ ਤਾਂ ਪਤਾ ਸੀ ਕਿ ਪੁਲਿਸ ਨੇ ਉਨ੍ਹਾਂ ਨੂੰ ਚੁੱਕ ਲਿਆ ਹੈ। ਪਰ ਇਹ ਸਭ ਏਨੀ ਛੇਤੀਂ ਹੋਇਆ ਸੀ ਕਿ ਕਿਸੇ ਵੀ ਤਰ੍ਹਾਂ ਦੇ ਸਵਾਲ ਜਾਂ ਵਿਰੋਧ ਦੀ ਨਾ ਤਾਂ ਸਮਝ ਸੀ ਅਤੇ ਨਾ ਹੀ ਉਸ ਦੀ ਜਗ੍ਹਾ। ਆਲੇ-ਦੁਆਲੇ ਲੋਕ ਵੀ ਏਨੇ ਥੋੜ੍ਹੇ ਸਨ ਕਿ ਕਿਸੇ ਨੂੰ ਪਤਾ ਹੀ ਨਹੀਂ ਲੱਗਾ ਕਿ ਹੋਇਆ ਕੀ ਹੈ। ਜਦੋਂ ਜਿਪਸੀ ਮੁੱਖ ਸੜਕ 'ਤੇ ਆਈ ਤਾਂ ਅਮਨ ਨੇ ਸੀਟੂ ਨੂੰ ਮੋਟਰ ਸਾਈਕਲ ਉੱਪਰ ਦੇਖਿਆ ਜੋ ਹੁਣ ਉਨ੍ਹਾਂ ਦੇ ਪਿੱਛੇ ਸੀ। ਸਿਰਫ਼ ਨਜ਼ਰਾਂ ਮਿਲੀਆਂ ਅਤੇ ਬਸ। ਜਿਪਸੀ ਫਿਰ ਅੱਗੇ ਜਾ ਕੇ ਸੱਜੇ ਪਾਸੇ ਮੁੜ ਗਈ ਅਤੇ ਹੁਣ ਉਹ ਇਕ ਸੁੰਨੇ ਰਾਹ ਉੱਪਰ ਤੇਜ਼ੀ ਨਾਲ ਚੱਲ ਰਹੀ ਸੀ।

"ਅਸੀਂ ਕਿੱਥੇ ਜਾ ਰਹੇ ਹਾਂ ?" ਪਹਿਲਾਂ ਦਲਬੀਰ ਨੇ ਪੁੱਛਿਆ।

"ਤੇ ਤੁਸੀਂ ਕੌਣ ਹੋ ?" ਅਮਨ ਦੇ ਮੂੰਹੋਂ ਵੀ ਇਕਦਮ ਨਿਕਲਿਆ।

ਅਮਨ ਨੇ ਆਪਣੇ ਸਾਹਮਣੇ ਬੈਠੇ ਤਿੰਨ ਪੁਲਿਸ ਵਾਲਿਆਂ 'ਚੋਂ ਇਕ ਦੀ ਅੱਖ 'ਚ ਅੱਖ ਪਾਉਂਦੇ ਹੋਏ ਇਹ ਕਿਹਾ ਸੀ। ਪੁਲਸੀਏ ਦੀਆਂ ਅੱਖਾਂ ਲਾਲ ਸਨ ਅਤੇ ਉਹ ਲਗਾਤਾਰ ਦਲਬੀਰ ਨੂੰ ਘੂਰ ਰਿਹਾ ਸੀ ਜਿਵੇਂ ਕੁਝ ਪਛਾਣ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਸ ਦੇ ਚਿਹਰੇ ਉੱਪਰ ਦਾੜ੍ਹੀ ਮੁੱਛਾਂ ਤਾਂ ਸਨ ਪਰ ਕੱਟੀਆਂ ਹੋਈਆਂ ਸਨ। ਮੁੱਛਾਂ ਬਿਲਕੁਲ ਤਿੱਖੀਆਂ ਅਤੇ ਚਮਕਦਾਰ ਸਨ। ਵਿਚ-ਵਿਚ ਉਹ ਅਮਨ ਨੂੰ ਵੀ ਦੇਖ ਲੈਂਦਾ ਸੀ ਪਰ ਉਸ ਦਾ ਜ਼ਿਆਦਾ ਧਿਆਨ ਦਲਬੀਰ ਉੱਪਰ ਹੀ ਸੀ।

ਫਿਰ ਉਸ ਪੁਲਸੀਏ ਨੇ ਅਮਨ ਨੂੰ ਆਪਣਾ ਪੰਜਾ ਦਿਖਾਉਂਦੇ ਹੋਏ ਚੁੱਪ ਰਹਿਣ ਦਾ

ਇਸ਼ਾਰਾ ਕੀਤਾ। ਅੱਖਾਂ ਅਜੇ ਵੀ ਦਲਬੀਰ ਵੱਲ ਹੀ ਸਨ। ਦਲਬੀਰ ਵੀ ਉਸੇ ਵੱਲ ਦੇਖ ਰਿਹਾ ਸੀ ਅਤੇ ਫਿਰ ਉਸ ਨੇ ਨਜ਼ਰਾਂ ਝੁਕਾ ਲਈਆਂ।

"ਹਾਂ ਬਈ, ਕੀ ਨਾਂ ਏ ਤੇਰਾ ?" ਉਸ ਨੇ ਕੜਕ ਕੇ ਤਾਂ ਨਹੀਂ ਪਰ ਜਿਗਿਆਸਾ ਭਰੀ ਆਵਾਜ਼ 'ਚ ਪੁੱਛਿਆ। ਉਸ ਦੇ ਬੁੱਲ੍ਹਾਂ ਉੱਪਰ ਇਕ ਅਜੀਬ ਜਹੀ ਕਾਤਿਲਾਨਾ ਮੁਸਕਰਾਹਟ ਤਾਂ ਸੀ ਪਰ ਉਹ ਆਪਣੇ ਉੱਪਰ ਵਾਲੇ ਬੁੱਲ੍ਹ ਨੂੰ ਕੋਨੇ ਤੋਂ ਦੰਦਾਂ 'ਚ ਵੀ ਘੁੱਟ ਰਿਹਾ ਸੀ। ਉਸ ਦਾ ਚਿਹਰਾ ਕਿਸੇ ਪੰਜਾਬੀ ਫਿਲਮ ਦੇ ਗੁੰਡੇ ਵਾਂਗ ਲੱਗ ਰਿਹਾ ਸੀ।

"ਦਲਬੀਰ ਸਿੰਘ," ਦਲਬੀਰ ਦੀ ਆਵਾਜ਼ ਵਿਚ ਲੁਕਿਆ ਹੋਇਆ ਸਹਿਮ ਅਤੇ ਕੰਬਣੀ ਜਹੀ ਸੀ।

ਅਮਨ ਨੇ ਧਿਆਨ ਦਿੱਤਾ ਕਿ ਹੁਣ ਚਾਰੇ ਜਣੇ ਦਲਬੀਰ ਨੂੰ ਬਹੁਤ ਘੋਖਵੀਂਆਂ ਨਜ਼ਰਾਂ ਨਾਲ ਘੂਰ ਰਹੇ ਸਨ। ਉਨ੍ਹਾਂ ਦੀਆਂ ਨਜ਼ਰਾਂ 'ਚ ਇਕ ਦਿਲਚਸਪੀ ਜਹੀ ਸੀ। ਜਿਵੇਂ ਅਣਜਾਣੇ ਹੀ ਇਕ ਅਣਕਿਆਸਿਆ ਖਜ਼ਾਨਾ ਹੱਥ ਲੱਗਿਆ ਹੋਵੇ।

"ਜ਼ਰਾ ਪੂਰਾ ਨਾਓਂ ਦੱਸੀ," ਇਸ ਵਾਰ ਅੰਦਰਲੇ ਪਾਸੇ ਬੈਠੇ ਪੁਲਸੀਏ ਨੇ ਪੁੱਛਿਆ।

"ਜੀ ਦਲਬੀਰ ਸਿੰਘ...ਵਿਰਕ !" ਵਿਰਕ ਉੱਪਰ ਦਲਬੀਰ ਥੋੜ੍ਹਾ ਅਟਕਿਆ ਸੀ। ਅਮਨ ਨੇ ਪਹਿਲੀ ਵਾਰ ਦਲਬੀਰ ਦੇ ਨਾਲ ਵਿਰਕ ਸੁਣਿਆ ਸੀ। ਉਹ ਉਸ ਨੂੰ ਦਲਬੀਰ ਜਾਂ ਫਿਰ ਬੀਰਾ ਕਹਿ ਕੇ ਹੀ ਬੁਲਾਉਂਦਾ ਸੀ।

ਪਹਿਲੇ ਪੁਲਸੀਏ ਨੇ ਮੁੜ ਪੁੱਛਿਆ, "ਪਿੰਡ ਕੇਹੜਾ ਏ ਤੇਰਾ ?"

"ਮੇਹਰ ਕਲਾਂ ਜੀ !" ਇਸ ਵਾਰ ਦਲਬੀਰ ਨੇ ਥੋੜ੍ਹਾ ਸੰਜਮ ਵਰਤਦੇ ਹੋਏ ਕਹਿਣ ਦੀ ਕੋਸ਼ਿਸ਼ ਕੀਤੀ। ਉਸ ਦੀ ਆਵਾਜ਼ 'ਚ ਜ਼ਰਾ ਵੀ ਤਿੱਖਾਪਣ ਨਹੀਂ ਸੀ। ਉਹ ਹੁਣ ਆਪਣੀ ਹਰ ਗੱਲ ਨੂੰ ਦਲੀਲ ਵਾਂਗ ਖ਼ਤਮ ਕਰ ਰਿਹਾ ਸੀ। ਇਕ ਅਸਹਿਜ ਅੰਤ।

"ਚੰਗਾ ਫੇਰ" ਏਨਾ ਕਹਿ ਕੇ ਪਹਿਲੇ ਪੁਲਸੀਏ ਨੇ ਜਿਪਸੀ 'ਚ ਅਗਲੀ ਸੀਟ ਉੱਪਰ ਬੈਠੇ ਪੁਲਿਸ ਅਫ਼ਸਰ ਦੇ ਕੰਨ 'ਚ ਕੁਝ ਕਿਹਾ। ਉਸ ਅਫ਼ਸਰ ਨੇ ਬਿਨਾਂ ਪਿੱਛੇ ਮੁੜੇ ਆਪਣਾ ਸਿਰ ਹਿਲਾ ਦਿੱਤਾ। ਥੋੜ੍ਹਾ ਚਿਰ ਖ਼ਾਮੋਸ਼ੀ ਛਾਈ ਰਹੀ।

ਉਸ ਤਿੱਖੀ ਮੁੱਛ ਵਾਲੇ ਦੀਆਂ ਨਜ਼ਰਾਂ ਹੁਣ ਅਮਨ ਉੱਪਰ ਸਨ। ਥੋੜ੍ਹਾ ਚਿਰ ਸ਼ਾਂਤੀ ਰਹੀ ਫਿਰ ਇਕ ਗੁੱਸੇ ਭਰੀ ਆਵਾਜ਼। "ਤੇ ਤੇਰਾ ਕੀ ਨਾਓਂ ਏ ਕਾਕਾ ?"

ਅਮਨ ਨੇ ਸਾਫ਼ ਸ਼ਬਦਾਂ 'ਚ ਜਵਾਬ ਦਿੱਤਾ, "ਜੀ ਮੈਂ ਅਮਨਦੀਪ ਸਿੰਘ। ਮਹਿੰਦਰਾ ਹੋਸਟਲ, ਯੂਨੀਵਰਸਿਟੀ।"

"ਯੂਨੀਵਰਸਿਟੀ ਤੇ ਬੰਦ ਏ। ਘਰ ਕਿਉਂ ਨਹੀਂ ਗਏ ?" ਸਵਾਲ ਸਿੱਧਾ ਸੀ।

ਅਮਨ ਨੇ ਬਹੁਤ ਸਹਿਜਤਾ ਨਾਲ ਇਸ ਦਾ ਜਵਾਬ ਦਿੱਤਾ, "ਜੀ ਮੇਰਾ ਘਰ ਬਹੁਤ ਦੂਰ ਏ। ਟਰੇਨ 'ਚ ਦੋ ਦਿਨ ਲੱਗਦੇ ਨੇ। ਮੈਂ ਬਿਹਾਰ ਤੋਂ ਹਾਂ। ਦੰਗਿਆਂ ਤੋਂ ਬਾਅਦ ਏਥੇ ਐਡਮਿਸ਼ਨ ਲਿਆ ਹੈ।"

ਏਨੇ 'ਚ ਜਿਪਸੀ ਇਕ ਪੁਰਾਣੀ ਹਵੇਲੀਨੁਮਾ ਮਕਾਨ ਦੇ ਵੱਡੇ ਸਾਰੇ ਗੇਟ ਦੇ

ਸਾਹਮਣੇ ਰੁਕੀ। ਗੇਟ ਦੇ ਦੋਵੇਂ ਪਾਸੇ ਪੁਲਿਸ ਦੇ ਬੰਕਰ ਸਨ ਜਿਸ ਵਿਚ ਵੱਡੀਆਂ-ਵੱਡੀਆਂ ਬੰਦੂਕਾਂ ਤਾਣ ਕੇ ਪੁਲਸੀਏ ਚੁਕੰਨੇ ਖੜ੍ਹੇ ਸਨ। ਇਹ ਜਗ੍ਹਾ ਸ਼ਹਿਰ ਅਤੇ ਖੇਤਾਂ ਤੋਂ ਦੂਰ ਵੱਡੇ-ਵੱਡੇ ਰੁੱਖ਼ਾਂ ਦੇ ਝੁਰਮਟ ਵਿਚਾਲੇ ਕੰਡਿਆਲੀ ਤਾਰ ਨਾਲ ਪੂਰੀ ਤਰ੍ਹਾਂ ਘਿਰੀ ਹੋਈ ਸੀ। ਰੁੱਖ਼ਾਂ ਦੇ ਪਿੱਛੇ ਦੂਰ ਸੂਰਜ ਅਸਤ ਹੋ ਰਿਹਾ ਸੀ ਅਤੇ ਇਕ ਮੁਰਦਾ ਸ਼ਾਂਤੀ ਛਾਈ ਹੋਈ ਸੀ।

ਏਨੇ 'ਚ ਇਕ ਵੱਡਾ ਸਾਰਾ ਗੇਟ ਖੁੱਲ੍ਹਿਆ ਅਤੇ ਜਿਪਸੀ ਉਸ ਦੇ ਅੰਦਰ ਚਲੀ ਗਈ। ਇਕ ਛੋਟੇ ਜਹੇ ਕੱਚੇ ਪਹੇ ਤੋਂ ਹੁੰਦੀ ਹੋਈ ਜਿਪਸੀ ਇਕ ਹੋਰ ਦਰਵਾਜ਼ੇ ਸਾਹਮਣੇ ਜਾ ਰੁਕੀ। ਫਿਰ ਉਹ ਦਰਵਾਜ਼ਾ ਖੁੱਲ੍ਹਿਆ, ਅੰਦਰੋਂ ਚਾਰ ਹਥਿਆਰਬੰਦ ਪੁਲਸੀਏ ਬਾਹਰ ਨਿੱਕਲੇ। ਉਨ੍ਹਾਂ ਵਿੱਚੋਂ ਇਕ ਨੇ ਜਿਪਸੀ ਦੀ ਅਗਲੀ ਸੀਟ 'ਤੇ ਬੈਠੇ ਅਫ਼ਸਰ ਨਾਲ ਕੋਈ ਗੱਲ ਕੀਤੀ। ਇਸ ਦੌਰਾਨ ਜਿਪਸੀ ਦਾ ਪਿਛਲਾ ਗੇਟ ਖੁੱਲ੍ਹਿਆ ਅਤੇ ਅਮਨ ਦੇ ਨਾਲ ਬੈਠਾ ਵਿਅਕਤੀ ਉਸ ਦੇ ਹੱਥ ਫੜ ਕੇ ਹੇਠਾਂ ਉੱਤਰਿਆ। ਫਿਰ ਚਾਰੇ ਹਥਿਆਰਬੰਦ ਪੁਲਸੀਆਂ ਨੇ ਅਮਨ ਨੂੰ ਆਪਣੇ ਕਬਜ਼ੇ 'ਚ ਲੈ ਲਿਆ। ਜਿਸ ਨੇ ਅਮਨ ਦਾ ਹੱਥ ਫੜਕੇ ਉਸ ਨੂੰ ਬਾਹਰ ਲਿਆਂਦਾ ਸੀ ਉਹ ਵਾਪਸ ਜਿਪਸੀ ਵਿਚ ਬੈਠ ਗਿਆ। ਤੇ ਜਿਪਸੀ ਦੁਬਾਰਾ ਅੱਗੇ ਚਲੀ ਗਈ। ਅਮਨ ਨੂੰ ਹਵੇਲੀਨੁਮਾ ਇਮਾਰਤ ਦੇ ਗੇਟ ਦੇ ਅੰਦਰ ਲਿਜਾਇਆ ਗਿਆ।

ਅਮਨ ਦੇ ਲਈ ਸਭ ਕੁਝ ਨਵਾਂ ਸੀ। 20 ਸਾਲ ਦੀ ਜ਼ਿੰਦਗੀ 'ਚ ਪਹਿਲੀ ਵਾਰ ਪੁਲਿਸ ਨਾਲ ਸਿੱਧਾ ਵਾਹ ਪੈ ਰਿਹਾ ਸੀ। ਜਦੋਂ ਤੋਂ ਉਹ ਪੰਜਾਬ ਆਇਆ ਸੀ, ਰੋਜ਼ਾਨਾ ਜ਼ਿੰਦਗੀ 'ਚ ਪੁਲਿਸ ਨਾਲ ਆਹਮਣਾ-ਸਾਹਮਣਾ ਜ਼ਰੂਰ ਹੁੰਦਾ ਸੀ - ਕਦੇ ਬੱਸ 'ਚ, ਕਦੇ ਬੈਰੀਕੇਡ ਉੱਪਰ ਤੇ ਕਦੀ ਉਂਞ ਹੀ ਬਜ਼ਾਰ 'ਚ ਘੁੰਮਦੇ ਹੋਏ। ਪੰਜਾਬ 'ਚ ਉਸ ਸਮੇਂ ਚੱਪੇ-ਚੱਪੇ 'ਤੇ ਪੁਲਿਸ ਸੀ ਅਤੇ ਪਿੰਡ ਦੇ ਘਰਾਂ 'ਚ ਘੁਸ ਕੇ ਲੋਕਾਂ ਤੋਂ ਪੁੱਛਗਿੱਛ, ਪ੍ਰੇਸ਼ਾਨੀਆਂ ਅਤੇ ਮੁਕਾਬਲਿਆਂ ਦੀਆਂ ਖ਼ਬਰਾਂ ਨਿੱਤ ਦਿਨ ਅਖ਼ਬਾਰਾਂ 'ਚ ਛਪਦੀਆਂ ਸਨ। ਪਰ ਉਹ ਇਸ ਤਰ੍ਹਾਂ ਸੀ ਜਿਸ ਵਿਚ ਤੁਸੀਂ ਆਪਣੀ ਸਪੇਸ ਵਿਚ ਹੁੰਦੇ ਹੋ ਅਤੇ ਉਸ ਵਿਚ ਪੁਲਿਸ ਦੀ ਸੁਰੱਖਿਆ ਦੇ ਨਾਂ 'ਤੇ ਉਸ ਸਪੇਸ ਵਿਚ ਦਖ਼ਲਅੰਦਾਜ਼ੀ ਹੁੰਦੀ ਹੈ। ਪਰ ਏਥੇ ਹਾਲਾਤ ਵੱਖਰੇ ਸਨ। ਅਮਨ ਹੁਣ ਪੁਲਿਸ ਦੀ ਗ੍ਰਿਫ਼ਤ ਵਿਚ ਸੀ। ਕਿਸੇ ਅਫ਼ਸਰ ਦੇ ਰਹਿਮੋਕਰਮ ਉੱਪਰ, ਜਿੱਥੇ ਉਹ ਕਾਨੂੰਨੀ ਰੂਪ 'ਚ ਕਾਨੂੰਨ ਦਾ ਪਾਲਣ ਕਰਨ ਦੇ ਲਈ ਪਾਬੰਦ ਨਹੀਂ ਸਨ।

ਅਮਨ ਅਤੇ ਉਸ ਦੇ ਸਾਥੀ ਪੰਜਾਬ ਦੀ ਏਸ ਹਾਲਤ ਉੱਪਰ ਚਰਚਾ ਤੇ ਚਿੰਤਾ ਜ਼ਰੂਰ ਕਰਦੇ ਸਨ। ਗੁੱਸਾ ਵੀ ਆਉਂਦਾ ਸੀ। ਪਰ ਇਹ ਪਹਿਲਾ ਮੌਕਾ ਸੀ ਜਦੋਂ ਅਮਨ ਖ਼ੁਦ ਉਸ ਸਥਿਤੀ ਵਿਚ ਮੌਜੂਦ ਸੀ। ਉਸ ਨੂੰ ਸਿਰਫ਼ ਸਿਧਾਂਤਕ ਤੌਰ 'ਤੇ ਸਮਝ ਸੀ ਕਿ ਜੇ ਐਸੀ ਸਥਿਤੀ ਆਵੇ ਤਾਂ ਕੀ ਕਰਨਾ ਚਾਹੀਦਾ ਹੈ। ਦਲਬੀਰ ਦਾ ਤਾਂ ਪਤਾ ਨਹੀਂ, ਪਰ ਉਸ ਨੂੰ ਸਭ ਤੋਂ ਪਹਿਲਾਂ ਇੱਥੇ ਬਾਹਰ ਖ਼ਬਰ ਭਿਜਵਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਦੋਂ ਉਸ ਨੂੰ ਅੰਦਰ ਲਿਜਾ ਕੇ ਇਕ ਬੈਂਚ ਉੱਪਰ ਬਿਠਾਇਆ ਗਿਆ ਤਾਂ ਅਮਨ ਨੇ ਪਹਿਲਾ ਸਵਾਲ ਪੁੱਛਿਆ, "ਮੇਰੇ ਸਾਥੀ ਦਲਬੀਰ ਨੂੰ ਕਿੱਥੇ ਲੈ ਗਏ ਨੇ ? ਇਹ ਕਿਹੜਾ ਥਾਣਾ ਹੈ ?"

ਜਿਸ ਪੁਲਸੀਏ ਨੇ ਅਮਨ ਦੇ ਸੱਜੇ ਹੱਥ ਦੇ ਪੰਜੇ ਅਤੇ ਉਂਗਲੀਆਂ ਨੂੰ ਆਪਣੇ ਖੱਬੇ

ਹੱਥ ਦੇ ਪੰਜੇ ਅਤੇ ਉਂਗਲੀਆਂ ਦਰਮਿਆਨ ਘੁੱਟ ਕੇ ਫੜਿਆ ਹੋਇਆ ਸੀ, ਉਸ ਨੇ ਬਹੁਤ ਹੀ ਉਦਾਸੀਨਤਾ ਨਾਲ ਕਿਹਾ, "ਕਿਹੜਾ ਦਲਬੀਰ ? ਸਾਨੂੰ ਕੁਝ ਨਹੀਂ ਪਤਾ, ਬਸ ਚੁੱਪ ਕਰਕੇ ਬੈਠਾ ਰਹਿ।"

"ਜੀ ਮੈਂ ਇਹ ਪੁੱਛਿਆ ਕਿ ਇਹ ਥਾਣਾ ਕਿਹੜਾ ਹੈ ? ਮੈਨੂੰ ਯੂਨੀਵਰਸਿਟੀ ਖ਼ਬਰ ਭੇਜਣੀ ਹੋਵੇਗੀ" ਅਮਨ ਨੇ ਮੁੜ ਇਹ ਸਵਾਲ ਕੀਤਾ।

ਇਸ ਵਾਰ ਪੁਲਸੀਆ ਬਹੁਤ ਤਲਖ਼ੀ ਨਾਲ ਝਿੜਕਦੇ ਹੋਏ ਬੋਲਿਆ, "ਤੈਨੂੰ ਕਿਹਾ ਨਾ ਚੁੱਪ ਕਰਕੇ ਬੈਠ। ਹੁਣੇ ਸਾਰਾ ਪਤਾ ਲੱਗ ਜਾਊਗਾ।"

ਅਮਨ ਥੋੜ੍ਹਾ ਚਿਰ ਚੁੱਪ ਬੈਠਾ ਰਿਹਾ। ਫਿਰ ਉਸ ਨੇ ਹਲੀਮੀਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ। "ਭਾਈ ਸਾਹਿਬ ਦੱਸ ਦਿਓ ਨਾ ਇਹ ਕਿਹੜੀ ਜਗ੍ਹਾ ਹੈ ? ਅਸੀਂ ਪਹਿਲਾਂ ਹੀ ਐਨੀਆਂ ਮੁਸ਼ਕਲਾਂ 'ਚੋਂ ਲੰਘ ਕੇ ਸਭ ਕੁਝ ਛੱਡ ਕੇ ਪੰਜਾਬ ਆਏ ਹਾਂ। ਮੈਂ ਏਥੇ ਇਕੱਲਾ ਰਹਿ ਕੇ ਪੜ੍ਹ ਰਿਹਾ ਹਾਂ। ਮੈਂ ਆਪਣੇ ਭਰਾ ਨੂੰ ਖ਼ਬਰ ਕਰਨੀ ਏ।"

ਹੁਣ ਪੁਲਸੀਏ ਦੀ ਬੋਲੀ 'ਚ ਤਿੱਖਾਪਣ ਘੱਟ ਸੀ। "ਦੇਖ ਭਰਾਵਾ, ਏਸ ਵਿਚ ਮੈਂ ਕੁਝ ਨਹੀਂ ਕਰ ਸਕਦਾ। ਹੁਣੇ ਕਮਾਂਡਰ ਸਾਹਬ ਆ ਰਹੇ ਨੇ ਉਨ੍ਹਾਂ ਨਾਲ ਗੱਲ ਕਰ ਲਈਂ। ਉਹੀ ਤੈਨੂੰ ਸਭ ਕੁਝ ਦੱਸਣਗੇ।"

ਕੁਝ ਚਿਰ ਚੁੱਪ ਛਾਈ ਰਹੀ। ਅਮਨ ਨੂੰ ਪੰਜਾਬ ਆਏ ਨੂੰ ਅਜੇ ਕੁਝ ਮਹੀਨੇ ਹੀ ਹੋਏ ਸਨ। ਅਜੇ ਪਿਛਲੇ ਹਫ਼ਤੇ ਹੀ ਉਸ ਦੇ ਦੋਵੇਂ ਭਾਈ, ਕਰਨ ਤੇ ਰਮਨ, ਪੰਜਾਬ ਦੇ ਦੂਜੇ ਸ਼ਹਿਰ ਕਾਰੋਬਾਰ ਦੇਖਣ ਆਏ ਹੋਏ ਸਨ। ਜੇ ਦਲਬੀਰ ਉਸ ਨੂੰ ਇਸ ਕੰਮ ਦੇ ਬਾਰੇ ਨਾ ਦੱਸਦਾ ਤਾਂ ਉਹ ਉਨ੍ਹਾਂ ਨੂੰ ਮਿਲਣ ਜਾਣ ਦੀ ਸੋਚ ਰਿਹਾ ਸੀ। ਹੁਣ ਹਰ ਪਲ ਇਕ ਭੈਅ ਜਿਹਾ ਮਨ 'ਚ ਬੈਠਣਾ ਸ਼ੁਰੂ ਹੋ ਗਿਆ ਸੀ। ਨਵੰਬਰ 'ਚ ਹੋਏ ਸਿੱਖ ਵਿਰੋਧੀ ਹਮਲੇ ਨਾਲ ਹੁਣ ਤੱਕ ਦਾ ਘਟਨਾਕ੍ਰਮ ਇਕ ਚਲ-ਚਿਤਰ ਦੀ ਤਰ੍ਹਾਂ ਦਿਮਾਗ 'ਚ ਚੱਲਣ ਲੱਗਾ।

ਇਸ ਦੌਰਾਨ ਉਸ ਪੁਲਸੀਏ ਨੇ ਪੁੱਛਿਆ, "ਕਿੱਥੋਂ ਆਏ ਹੋ ? ਘਰਵਾਲੇ ਕਿੱਥੇ ਨੇ ? ਛੇਤੀਂ ਦੱਸ ਦੇ, ਮੈਂ ਡਿਊਟੀ ਤੋਂ ਬਾਅਦ ਸ਼ਾਇਦ ਕੁਝ ਕਰ ਸਕਾਂ।"

ਅਮਨ ਨੇ ਇਕ ਪਲ ਸੋਚਿਆ ਅਤੇ ਉਸ ਨੂੰ ਸਿੰਗਲਾ ਸਰ ਨੂੰ ਖ਼ਬਰ ਦੇਣ ਲਈ ਕਹਿ ਦਿੱਤਾ ਜੋ ਯੂਨੀਵਰਸਿਟੀ ਵਿਚ ਹੋਣ ਵਾਲੀਆਂ ਚਰਚਾਵਾਂ ਵਿਚ ਸਰਕਾਰੀ ਜਬਰ ਉੱਪਰ ਅਕਸਰ ਗੱਲ ਕਰਦੇ ਸਨ। ਇਸ ਦੇ ਨਾਲ-ਨਾਲ ਸੀਟੂ ਦਾ ਡਿਪਾਰਟਮੈਂਟ ਵੀ ਦੱਸ ਦਿੱਤਾ। ਇਸ ਸ਼ਹਿਰ ਵਿਚ ਉਸ ਨੂੰ ਹੋਰ ਕਿਸੇ ਦੀ ਜਾਣਕਾਰੀ ਤਾਂ ਹੈ ਨਹੀਂ ਸੀ। ਦੋਹਾਂ ਭਰਾਵਾਂ ਦਾ ਅਜੇ ਕੋਈ ਟਿਕਾਣਾ ਨਹੀਂ ਬਣਿਆ ਸੀ।

"ਠੀਕ ਹੈ, ਮੈਂ ਕਿਸੇ ਨੂੰ ਭੇਜ ਦਿਆਂਗਾ। ਪਰ ਕਮਾਂਡਰ ਸਾਹਬ ਕੋਲ ਇਸ ਦਾ ਜ਼ਿਕਰ ਨਾ ਕਰਨਾ।" ਲਫ਼ਜ਼ਾਂ 'ਚ ਨਿਮਰਤਾ ਘੱਟ ਅਤੇ ਹੁਕਮ ਤਾਂ ਜ਼ਿਆਦਾ ਹੈ ਹੀ ਸੀ ਪਰ ਉਸ ਦੇ ਨਾਲ ਹਮਦਰਦੀ ਤੇ ਬੇਵਸੀ ਵੀ ਸੀ।

"ਥੈਂਕ ਯੂ ਵੀਰ ਜੀ ?" ਅਮਨ ਨੇ ਇਸ ਵਿਚ ਆਪਣੀ ਬੇਵਸੀ ਦਰਸਾਈ ਸੀ।

ਪੰਜਾਬ ਦਾ ਨੌਜਵਾਨ ਚਾਹੇ ਕਿਸੇ ਵੀ ਨੌਕਰੀ ਜਾਂ ਕਾਰੋਬਾਰ ’ਚ ਹੋਵੇ ਬਹੁਤ ਹੀ ਦੁਚਿੱਤੀ ’ਚ ਸੀ। ਪੰਜਾਬ ਦੇ ਮਸਲੇ ਦੇ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਮੁੱਦਿਆਂ ਨੂੰ ਅਕਸਰ ਮਜ਼੍ਹਬ ਨਾਲ ਜੋੜ ਕੇ ਦੇਖਦਾ ਸੀ। ਪਰ ਆਰਥਿਕਤਾ, ਖ਼ਾਸ ਕਰਕੇ ਨਿੱਜ ਹੀ ਸਭ ਤੈਅ ਕਰਦੀ ਸੀ।

ਉਦੋਂ ਹੀ ਉੱਥੇ ਇਕ ਅਫ਼ਸਰ ਆ ਗਿਆ ਅਤੇ ਪੁਲਸੀਆ ਖੜ੍ਹਾ ਹੋ ਗਿਆ। ਅਫ਼ਸਰ ਨੇ ਅਮਨ ਨੂੰ ਦੇਖਿਆ ਅਤੇ ਪੁਲਸੀਏ ਨੂੰ ਕੜਕ ਕੇ ਬੋਲਿਆ, “ਏਸ ਨੂੰ ਅੰਦਰ ਬੰਦ ਕਰ ਦੇ। ਕਰਦੇ ਹਾਂ ਏਹਦਾ ਵੀ ਇਲਾਜ।”

ਦੋ ਸ਼ਬਦਾਂ ’ਚ ਫ਼ੈਸਲਾ ਸੁਣਾ ਦਿੱਤਾ ਗਿਆ। ਅਮਨ ਨੂੰ ਅਜਿਹੇ ਹਾਲਾਤ ਨੂੰ ਝੱਲਣ ਦੀ ਨਾ ਤਾਂ ਸਮਝ ਸੀ ਅਤੇ ਨਾ ਹੀ ਮੌਕਾ ਮਿਲਿਆ। ਉਹ ਅਫ਼ਸਰ, ਜਿਸ ਨੂੰ ਪੁਲਸੀਏ ਨੇ ਕਮਾਂਡਰ ਕਿਹਾ ਸੀ, ਇਕ ਪਲ ’ਚ ਹੀ, ਜਿਰ੍ਹਾ ਤਾਂ ਦੂਰ ਜਾਣ–ਪਛਾਣ ਤੋਂ ਬਿਨਾਂ ਹੀ ਅਮਨ ਦਾ ਫ਼ੈਸਲਾ ਸੁਣਾ ਗਿਆ।

“ਚੱਲ ਬਈ,” ਪੁਲਸੀਆ ਅਮਨ ਨੂੰ ਅੰਦਰ ਗਲਿਆਰੇ ਵੱਲ ਲੈ ਜਾਣ ਲੱਗਾ।

“ਪਰ ਮੇਰੀ ਗੱਲ ਤਾਂ ਸੁਣੋ…” ਅਮਨ ਨੇ ਕੁਝ ਕਹਿਣਾ ਚਾਹਿਆ ਤਾਂ ਪੁਲਸੀਆ ਉਸ ਨੂੰ ਟੋਕਦੇ ਹੋਏ ਬੋਲਿਆ, “ਉਹ ਤਾਂ ਗਏ। ਹੁਣ ਤੂੰ ਅੰਦਰ ਚੱਲ।”

ਇਕ ਹੋਰ ਦਰਵਾਜ਼ਾ ਖੁੱਲ੍ਹਿਆ। ਦੂਰ ਕਿਤਿਓਂ ਚੀਕਾਂ ਦੀ ਆਵਾਜ਼ ਆ ਰਹੀ ਸੀ। ਦਰਵਾਜ਼ੇ ਦੇ ਉਸ ਪਾਰ ਇਕ ਛੋਟਾ ਜਿਹਾ ਵਿਹੜਾ ਸੀ, ਇਕ ਘੁੰਮਣਘੇਰੀ ਵਾਲਾ ਰਸਤਾ, ਫਿਰ ਥੋੜ੍ਹੀ ਖੁੱਲ੍ਹੀ ਜਗ੍ਹਾ, ਇਕ ਹੋਰ ਦਰਵਾਜ਼ਾ, ਇਕ ਹੋਰ ਵਿਹੜਾ ਅਤੇ ਕਈ ਕੋਠੜੀਆਂ ਜਿਨ੍ਹਾਂ ਵਿਚ ਬੰਦ ਕਈ ਲੋਕ। ਥੋੜ੍ਹਾ ਚੱਲਣ ਤੋਂ ਬਾਅਦ ਪੁਲਸੀਏ ਨੇ ਅਮਨ ਨੂੰ ਇਕ ਵੱਡੇ ਸੈੱਲ ਦੇ ਸਾਹਮਣੇ ਰੋਕਿਆ ਅਤੇ ਆਵਾਜ਼ ਮਾਰੀ, “ਲਿਆਈਂ ਓਏ ਚਾਬੀ।”

ਮੋਢੇ ’ਤੇ ਸਵੈਚਾਲਿਤ ਬੰਦੂਕ ਟੰਗੀ ਇਕ ਸਿਪਾਹੀ ਨੇ ਇਕ ਮੋਟੀ ਚਾਬੀ ਤਿੰਨ ਵਾਰ ਘੁੰਮਾ ਕੇ ਵੱਡਾ ਸਾਰਾ ਜੰਦਰਾ ਖੋਲ੍ਹਿਆ। ਫਿਰ ਗੇਟ ਖੁੱਲ੍ਹਿਆ ਅਤੇ ਪੁਲਸੀਏ ਨੇ ਅਮਨ ਦੀ ਪਿੱਠ ਉੱਪਰ ਜ਼ਰਾ ਕੁ ਦਬਾਅ ਪਾ ਕੇ ਉਸ ਨੂੰ ਅੰਦਰ ਵੱਲ ਤੋਰ ਦਿੱਤਾ। ਪਿੱਠ ਉੱਪਰ ਦਬਾਅ ਦੇ ਨਾਲ ਹਲਕੀ ਜਹੀ ਦਿਲਾਸਾ ਦੇਣ ਵਾਲੀ ਥਾਪੀ ਵੀ ਸੀ। ਅਮਨ ਨੇ ਵਿਆਕੁਲ ਹੋ ਕੇ ਉਸ ਪੁਲਸੀਏ ਦੇ ਚਿਹਰੇ ’ਤੇ ਨਜ਼ਰ ਮਾਰੀ। ਪੁਲਸੀਏ ਦੀਆਂ ਅੱਖਾਂ ਵਿਚ ਯਕੀਨ ਦਹਾਨੀਂ ਦੇਣ ਵਾਲੀ ਸਹਿਮਤੀ ਸੀ।

ਹੁਣ ਤੱਕ ਹਨੇਰਾ ਪਸਰ ਗਿਆ ਸੀ। ਕੋਠੜੀ ਦੇ ਅੰਦਰ ਵਾਲਾ ਨਹੀਂ ਸਗੋਂ ਸੂਰਜ ਦੇ ਅਸਤ ਹੋਣ ਤੋਂ ਬਾਅਦ ਦਾ ਕੁਦਰਤੀ ਹਨੇਰਾ। ਜਦੋਂ ਅਮਨ ਨੇ ਉਸ ਕੋਠੜੀ ’ਚ ਕਦਮ ਰੱਖਿਆ ਤਾਂ ਸਦਾ ਘੁੱਪ ਹਨੇਰ ਰਹਿਣ ਵਾਲੀ ਹਨੇਰੀ ਕੋਠੜੀ ’ਚ ਇਕ ਪੀਲੀ ਰੋਸ਼ਨੀ ਵਾਲੇ ਬਲਬ ਦੀ ਧੁੰਦਲੀ ਜਹੀ ਲੋਅ ਸੀ। ਥੋੜ੍ਹਾ ਅੰਦਰ ਹੁੰਦੇ ਹੀ ਅਮਨ ਦੇ ਪੈਰ ਨੂੰ ਕੁਝ ਮਹਿਸੂਸ ਹੋਇਆ ਅਤੇ ਫਿਰ ਇਕ ਆਵਾਜ਼ ਵੀ ਕੰਨੀਂ ਪਈ। “ਓਏ ਦੇਖੀਂ ਭਰਾ। ਆਰਾਮ ਨਾਲ ਖੜ੍ਹ ਜਾ।”

ਇਸ ਆਵਾਜ਼ 'ਚ ਦਰਦ, ਕਰੁਣਾ ਅਤੇ ਇਕ ਅਜੀਬ ਜਹੀ ਬੇਚੈਨੀ ਸੀ। ਇੰਝ ਲੱਗਦਾ ਸੀ ਕਿ ਜਿਹੜਾ ਵੀ ਹੈ ਸਤਾਇਆ ਹੋਇਆ ਹੈ। ਅਮਨ ਥੋੜ੍ਹੀ ਦੇਰ ਖੜ੍ਹਾ ਰਿਹਾ ਅਤੇ ਫਿਰ ਉਸ ਨੂੰ ਹੌਲੀ-ਹੌਲੀ ਉਸ ਨਿੱਕੇ ਜਹੇ ਕੋਠੜੀ ਵਰਗੇ ਕਮਰੇ ਵਿਚ ਕਈ ਜਣੇ ਨਜ਼ਰ ਆਏ। ਕੁਝ ਲੋਕ ਜ਼ਮੀਨ ਉੱਪਰ ਮੂੰਹ ਭਾਰ ਜਾਂ ਸਿੱਧੇ ਲੇਟੇ ਹੋਏ ਸਨ, ਕੁਝ ਬੈਠੇ ਸਨ - ਸਿੱਧੇ ਜਾਂ ਆਪਣੇ ਚਿਹਰੇ ਨੂੰ ਪੈਰਾਂ 'ਚ ਲੁਕੋ ਕੇ ਸੁਸਤਾਉਣ ਦੀ ਮੁਦਰਾ 'ਚ - ਅਤੇ ਬਾਕੀ ਖੜ੍ਹੇ ਸਨ। ਜੋ ਖੜ੍ਹੇ ਸਨ ਉਨ੍ਹਾਂ ਵਿੱਚੋਂ ਕੁਝ ਨੇ ਦੀਵਾਰ ਦਾ ਸਹਾਰਾ ਲਿਆ ਹੋਇਆ ਸੀ। ਥੋੜ੍ਹਾ ਚਿਰ ਤਾਂ ਅਮਨ ਖੜ੍ਹ ਰਿਹਾ। ਉਨ੍ਹਾਂ ਚਿਹਰਿਆਂ ਨੂੰ ਦੇਖਦਾ ਰਿਹਾ ਤਾਂ ਜੋ ਕੋਈ ਉਸ ਨੂੰ ਕੁਝ ਕਹੇ ਜਾਂ ਫਿਰ ਕੁਝ ਪੁੱਛੇ। ਜੋ ਲੋਕ ਖੜ੍ਹੇ ਸਨ ਉਹ ਥੱਕੇ ਹੋਏ ਲੱਗ ਰਹੇ ਸਨ ਅਤੇ ਇੰਝ ਜਾਪਦਾ ਸੀ ਕਿ ਉਹ ਬੈਠਣਾ ਜਾਂ ਲੇਟਣਾ ਚਾਹੁੰਦੇ ਹਨ। ਪਰ ਉਹ ਕਮਰਾ ਏਨਾ ਛੋਟਾ ਸੀ ਕਿ ਇੱਕੋ ਸਮੇਂ ਸਾਰੇ ਬੈਠ ਵੀ ਨਹੀਂ ਸਕਦੇ ਸਨ। 30 ਦੇ ਕਰੀਬ ਜਣੇ ਸਨ। ਕਿਸੇ ਨੇ ਨਾ ਕੁਝ ਕਿਹਾ ਤੇ ਨਾ ਹੀ ਕੁਝ ਪੁੱਛਿਆ। ਅੰਤ 'ਚ ਅਮਨ ਵੀ ਉਨ੍ਹਾਂ ਵਿਚ ਖੜ੍ਹਾ ਹੋ ਗਿਆ। ਇਕ ਅਜੀਬ ਜਹੀ ਦੁਰਗੰਧ ਆ ਰਹੀ ਸੀ ਜਿਸ ਨਾਲ ਅਮਨ ਨੂੰ ਸਾਹ ਲੈਣ 'ਚ ਵੀ ਤਕਲੀਫ਼ ਹੋ ਰਹੀ ਸੀ। ਸਮੇਂ ਨਾਲ ਅੱਖਾਂ ਉਸ ਧੁੰਦਲੀ ਲੋਅ ਦੀਆਂ ਆਦੀ ਹੋਣ ਲੱਗੀਆਂ।

ਥੋੜ੍ਹਾ ਸਮਾਂ ਬੀਤਿਆ। ਅਣਜਾਣੇ 'ਚ ਨਾਲ ਵਾਲੇ ਮੁੰਡੇ ਦੀ ਕੂਹਣੀ ਅਮਨ ਦੇ ਹੱਥ 'ਚ ਲੱਗੀ। ਅਮਨ ਨੇ ਦੇਖਿਆ ਉਹ ਮੁੰਡਾ ਖੜ੍ਹਾ ਖੜ੍ਹਾ ਸੌਂ ਰਿਹਾ ਸੀ। ਹੱਥ ਲੱਗਣ ਨਾਲ ਉਸ ਨੇ ਅੱਖ ਖੋਲ੍ਹ ਲਈ ਅਤੇ ਕੁਝ ਚਿਰ ਬਾਅਦ ਉਸ ਮੁੰਡੇ ਨੇ ਫੁਸਫੁਸਾ ਕੇ ਪੁੱਛਿਆ, "ਤੂੰ ਕਿਵੇਂ ?"

ਅਮਨ ਨੇ ਕੋਈ ਜਵਾਬ ਨਾ ਦਿੱਤਾ। ਉਂਝ ਜਵਾਬ ਹੈ ਵੀ ਨਹੀਂ ਸੀ। ਅਮਨ ਨੂੰ ਆਪ ਨਹੀਂ ਪਤਾ ਸੀ ਉਸ ਨੂੰ ਕਿਉਂ ਚੁੱਕਿਆ ਗਿਆ ਸੀ। ਪੰਜਾਬ 'ਚ ਲੋਕਾਂ ਨੂੰ ਚੁੱਕਿਆ ਜਾਂਦਾ ਤਾਂ ਹੈ ਪਰ ਇਸ ਦਾ ਕਾਰਨ ਸਿਰਫ਼ ਪੁਲਿਸ ਦੀਆਂ ਫ਼ਾਈਲਾਂ 'ਚ ਹੀ ਜਬਤ ਹੁੰਦਾ ਹੈ। ਪਰ ਅਮਨ ਨੇ ਉਹੀ ਕਿਹਾ ਜੋ ਸ਼ਾਇਦ ਸਾਰੇ ਕਹਿੰਦੇ ਹਨ "ਉਂਝ ਹੀ ਚੁੱਕ ਲਿਆਏ ਹਨ"। ਇਨ੍ਹਾਂ ਸ਼ਬਦਾਂ ਨਾਲ ਉਨ੍ਹਾਂ ਦੋਹਾਂ ਦੇ ਚਿਹਰਿਆਂ ਉੱਪਰ ਜਾਣ-ਪਛਾਣਨੁਮਾ ਮੁਸਕਰਾਹਟ ਆਈ। ਉਸ ਦਾ ਨਾਮ ਬਰਜਿੰਦਰ ਸੀ ਅਤੇ ਉਹ ਪਿਛਲੇ ਦੋ ਦਿਨਾਂ ਤੋਂ ਇੱਥੇ ਸੀ। ਗੱਲਬਾਤ 'ਚ ਇਹ ਵੀ ਪਤਾ ਲੱਗਾ ਕਿ ਇਸ ਸਮੇਂ ਇਸ ਕੋਠੜੀ 'ਚ 26 ਜਣੇ ਸਨ। ਇਹ ਗਿਣਤੀ ਰੋਜ਼ ਘਟਦੀ-ਵਧਦੀ ਰਹਿੰਦੀ ਹੈ। ਜ਼ਿਆਦਾਤਰ ਲੋਕਾਂ ਨੂੰ ਰਾਹ ਜਾਂਦਿਆਂ ਜਾਂ ਫਿਰ ਛੋਟੀ-ਮੋਟੀ ਕਾਰਵਾਈ 'ਚ ਉਂਝ ਹੀ ਚੁੱਕ ਲਿਆ ਗਿਆ ਸੀ।

ਥੋੜ੍ਹਾ ਚਿਰ ਅਮਨ ਖੜ੍ਹਾ ਰਿਹਾ। ਕਮਰੇ ਦੇ ਇਕ ਕੋਨੇ 'ਚ ਇਕ ਲੜਕਾ ਪੇਸ਼ਾਬ ਕਰ ਰਿਹਾ ਸੀ। ਇਕ ਕੋਨੇ 'ਚ ਪਾਣੀ ਦਾ ਡਰੰਮ ਪਿਆ ਸੀ ਜਿਸ ਉੱਪਰ ਲੋਹੇ ਦੀ ਜ਼ੰਜੀਰ ਨਾਲ ਇਕ ਗੰਦਾ ਗਿਲਾਸ ਵੀ ਟੰਗਿਆ ਹੋਇਆ ਸੀ। ਉਸ ਲੜਕੇ ਨੇ ਪਹਿਲਾਂ ਪੇਸ਼ਾਬ ਕਰਨ ਤੋਂ ਬਾਅਦ ਉਸੇ ਗਿਲਾਸ ਨਾਲ ਪਾਣੀ ਕੱਢਕੇ ਹੱਥ ਧੋਤਾ ਅਤੇ ਫਿਰ ਇਕ ਗੰਦੀ ਜਹੀ ਭੈਣ ਦੀ ਗਾਲ੍ਹ ਕੱਢਦੇ ਹੋਏ ਪਾਣੀ ਵੀ ਪੀਤਾ।

ਸਮਾਂ ਗੁਜ਼ਰਦਾ ਗਿਆ ਅਤੇ ਕਰੀਬ ਇਕ ਘੰਟੇ ਬਾਅਦ ਪੁਲਿਸ ਦੀ ਇਕ ਛੋਟੀ ਟੁਕੜੀ ਆਈ ਜਿਸ ਵਿਚ ਤਕਰੀਬਨ ਸੱਤ ਜਣੇ ਸਨ। ਜੰਦਰਾ ਖੋਲ੍ਹ ਕੇ ਸਾਰਿਆਂ ਨੂੰ ਬਾਹਰ ਬਰਾਂਡੇ ਵਿਚ ਲਿਜਾਇਆ ਗਿਆ ਜਿੱਥੇ ਇਕ ਮੇਜ਼ ਉੱਪਰ ਇਕ ਵੱਡਾ ਸਾਰਾ ਪਤੀਲਾ ਅਤੇ ਟੋਕਰੀ ਪਈ ਸੀ। ਸਾਰਿਆਂ ਨੂੰ ਇਕ ਕਤਾਰ 'ਚ ਖੜ੍ਹੇ ਕਰਕੇ ਹੱਥਾਂ 'ਚ ਹੀ ਦੋ-ਦੋ ਰੋਟੀਆਂ ਅਤੇ ਸਬਜ਼ੀ ਦਿੱਤੀ ਗਈ। ਖਾਣਾ ਲੈ ਕੇ ਸਾਰੇ ਵਾਪਸ ਉਸੇ ਕੋਠੜੀ 'ਚ ਆ ਗਏ। ਕੁਝ ਨੇ ਬੈਠ ਕੇ ਤੇ ਬਾਕੀਆਂ ਨੇ ਖੜ੍ਹੇ ਹੋ ਕੇ ਹੀ ਖਾਣਾ ਖਾਧਾ। ਫਿਰ ਸਾਰਿਆਂ ਨੇ ਕਤਾਰ ਬਣਾ ਕੇ ਵਾਰੀ-ਵਾਰੀ ਡਰੰਮ 'ਚੋਂ ਪਾਣੀ ਪੀ ਲਿਆ।

ਬਰਜਿੰਦਰ ਅਤੇ ਕੁਝ ਹੋਰਾਂ ਨਾਲ ਥੋੜ੍ਹੀਆਂ ਹੋਰ ਗੱਲਾਂ ਹੋਈਆਂ। ਪਰ ਸਾਰਿਆਂ ਦੇ ਚਿਹਰੇ ਉੱਪਰ ਨਿਰਾਸ਼ਾ ਅਤੇ ਖ਼ੌਫ਼ ਦਾ ਮਿਲਿਆ-ਜੁਲਿਆ ਅਹਿਸਾਸ ਸੀ। ਕਦੇ ਬੈਠ ਕੇ, ਕਦੇ ਥੋੜ੍ਹੀ ਜਗ੍ਹਾ 'ਚ ਲੰਮੇ ਪੈ ਕੇ ਜਾਂ ਫਿਰ ਖੜ੍ਹੇ ਹੋ ਕੇ ਰਾਤ ਬੀਤਦੀ ਗਈ। ਰਾਤ ਨੂੰ ਕੁਝ ਲੋਕਾਂ ਨੂੰ ਉੱਥੋਂ ਲਿਜਾਇਆ ਗਿਆ ਅਤੇ ਉਨ੍ਹਾਂ 'ਚ ਬਰਜਿੰਦਰ ਵੀ ਸੀ। ਕਿੱਥੇ ਲੈ ਕੇ ਜਾ ਰਹੇ ਸਨ - ਕਿਸੇ ਨੇ ਕੁਝ ਨਹੀਂ ਪੁੱਛਿਆ। ਸਿਰਫ਼ ਇਕ ਵਾਕ - "ਚੱਲ ਓਏ ਸਾਹਬ ਨੇ ਸੱਦਿਆ ਹੈ।"

ਬਰਜਿੰਦਰ ਦੇ ਜਾਣ ਤੋਂ ਬਾਅਦ ਅਮਨ ਹੁਣ ਵਿਕਰਮ ਕੋਲ ਬੈਠਾ ਸੀ। ਉਹ ਬਰਜਿੰਦਰ ਤੋਂ ਇਕ ਦਿਨ ਬਾਅਦ ਆਇਆ ਸੀ, ਉਸ ਨੂੰ ਵੀ "ਉਂਝ ਹੀ ਲਿਆਂਦਾ ਗਿਆ ਸੀ"। ਸਵੇਰੇ ਕਰੀਬ ਪੰਜ ਵਜੇ ਪੁਲਿਸ ਦੀ ਜਿਹੜੀ ਟੁਕੜੀ ਰਾਤ ਨੂੰ ਆਈ ਸੀ ਉਹ ਦੁਬਾਰਾ ਆਈ। ਇਸ ਵਾਰ ਦੋ ਹੋਰਾਂ ਨੂੰ ਨਾਲ ਲੈ ਕੇ ਆਈ ਸੀ। ਜਾਂਦੇ ਸਮੇਂ ਵਿਕਰਮ ਅਤੇ ਇਕ ਮੁੰਡੇ ਨੂੰ ਨਾਲ ਲੈ ਗਈ। "ਚੱਲ ਓਏ ਸਾਹਬ ਨੇ ਸੱਦਿਆ ਹੈ"। ਫਿਰ ਉਹੀ ਵਾਕ।

ਅਮਨ ਦੀਆਂ ਅੱਖਾਂ 'ਚ ਇਕ ਅਜੀਬ ਜਿਹਾ ਡਰ ਬੈਠਦਾ ਜਾ ਰਿਹਾ ਸੀ। ਪਿਛਲੇ ਬਾਰਾਂ ਘੰਟੇ 'ਚ ਉਸ ਦੇ ਦਿਮਾਗ 'ਚ ਇਕ ਨਵਾਂ ਅਨੁਭਵ ਉੱਥਲ-ਪੁੱਥਲ ਮਚਾ ਰਿਹਾ ਸੀ। ਇਹ ਲੋਕ ਕਿੱਥੋਂ ਆ ਰਹੇ ਹਨ। ਲੋਕਾਂ ਨੂੰ ਕਿੱਧਰ ਲੈ ਕੇ ਜਾ ਰਹੇ ਹਨ। ਕੀ ਵਾਪਸ ਘਰ ਭੇਜ ਰਹੇ ਹਨ ? ਕਾਨੂੰਨੀ ਕਾਰਵਾਈ ਵੀ ਹੋ ਰਹੀ ਹੈ ਜਾਂ ਨਹੀਂ ? ਕੁਝ ਵੀ ਸਮਝ ਨਹੀਂ ਆ ਰਿਹਾ ਸੀ ਸਿਰਫ਼ ਸ਼ੱਕ ਹੀ ਪੈਦਾ ਹੋ ਰਹੇ ਸਨ। ਉਸ ਨੇ ਆਪਣੇ ਖੱਬੇ ਪਾਸੇ ਬੈਠੇ ਇਕ ਅਧੇੜ ਉਮਰ ਦੇ ਬੰਦੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਉਸ ਦਾ ਨਾਮ ਮਹਿੰਦਰ ਸਿੰਘ ਸੀ। "ਇਹ ਕੀ ਹੋ ਰਿਹਾ ਹੈ ? ਇਨ੍ਹਾਂ ਨੂੰ ਕਿੱਥੇ ਲੈ ਕੇ ਜਾ ਰਹੇ ਨੇ ?"

"ਪਤਾ ਨਹੀਂ ਬਾਈ ਕੀ ਹੋ ਰਿਹਾ। ਪਰ ਚੰਗਾ ਨਹੀਂ ਹੋ ਰਿਹਾ," ਮਹਿੰਦਰ ਸਿੰਘ ਨੇ ਲੱਗਭੱਗ ਡੁੱਬੀ ਹੋਈ ਆਵਾਜ਼ 'ਚ ਕਿਹਾ। ਮਹਿੰਦਰ ਸਿੰਘ ਨੇ ਉਸ ਨੂੰ ਦੱਸਿਆ ਕਿ ਉਹ ਕਿੱਤੇ ਵਜੋਂ ਛੋਟਾ ਜਿਹਾ ਸਕੂਟਰ ਮਕੈਨਿਕ ਹੈ ਅਤੇ ਹਾਈਵੇ ਉੱਪਰ ਉਸ ਦਾ ਛੋਟਾ ਜਿਹਾ ਗਰਾਜ ਹੈ। ਉਸ ਦੇ ਪਿਤਾ ਜੀ ਦੀ ਸ਼ਹਿਰ ਵਿਚ ਇਕ ਛੋਟੀ ਜਹੀ ਸਕੂਟਰ ਪਾਰਟਸ ਦੀ ਦੁਕਾਨ ਹੈ ਅਤੇ ਉਨ੍ਹਾਂ ਦਾ ਪੁਰਾਣੇ ਸ਼ਹਿਰ ਵਿਚ ਛੋਟਾ ਜਿਹਾ ਘਰ ਹੈ। ਉਸ ਦੇ ਦੋ ਬੱਚੇ ਹਨ ਜੋ ਅਜੇ ਸਕੂਲ ਵਿਚ ਪੜ੍ਹਦੇ ਹਨ। ਉਸ ਨੂੰ ਪੁਲਿਸ ਨੇ ਉਦੋਂ ਫੜਿਆ ਸੀ ਜਦੋਂ ਇਕ ਦਿਨ

ਪਹਿਲਾਂ ਸ਼ਾਮ ਨੂੰ ਉਹ ਗਰਾਜ ਬੰਦ ਕਰਕੇ ਹਾਈਵੇ ਉੱਪਰ ਆਪਣੇ ਹੈਲਪਰ ਨਾਲ ਡਬਲ ਸਵਾਰੀ ਕਰਦੇ ਹੋਏ ਸ਼ਹਿਰ ਵੱਲ ਆ ਰਿਹਾ ਸੀ।

ਅਮਨ ਨੂੰ ਹੁਣ ਲੱਗਾ ਕਿ ਸਿਰਫ਼ ਬੈਠਣ ਨਾਲ ਕੰਮ ਨਹੀਂ ਚੱਲੇਗਾ। ਉਸ ਨੂੰ ਕੁਝ ਕਰਨਾ ਚਾਹੀਦਾ ਹੈ। ਪਰ ਕੀ ਕਰੇ ? ਕਿਸ ਨਾਲ ਗੱਲ ਕਰੇ ? ਇਹੀ ਸਭ ਸੋਚਦੇ-ਸੋਚਦੇ ਸਵੇਰ ਦੇ ਸੱਤ ਵੱਜ ਗਏ। ਇਨ੍ਹਾਂ ਦੋ ਘੰਟਿਆਂ 'ਚ ਉਹ ਕਈ ਵਾਰ ਬੈਠਾ, ਕਈ ਵਾਰ ਉੱਠਿਆ ਅਤੇ ਕੁਝ ਸਮੇਂ ਲਈ ਲੰਮਾ ਵੀ ਪਿਆ। ਨੀਂਦ ਤਾਂ ਅੱਖਾਂ ਵਿਚ ਹੈ ਨਹੀਂ ਸੀ। ਬਸ ਕਦੇ-ਕਦਾਈਂ ਝਪਕੀ ਜਹੀ ਆਈ ਸੀ। ਜਿਸਮ ਥੱਕ ਕੇ ਚੂਰ ਸੀ ਅਤੇ ਦਿਮਾਗ ਪੂਰੀ ਤਰ੍ਹਾਂ ਪ੍ਰੇਸ਼ਾਨ। ਕਰੀਬ ਸੱਤ ਵਜੇ ਮੁੜ ਦਰਵਾਜ਼ਾ ਖੁੱਲ੍ਹਿਆ। ਲੋਕਾਂ ਨੇ ਕਤਾਰਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਮਹਿੰਦਰ ਸਿੰਘ ਨੇ ਅਮਨ ਦਾ ਹੱਥ ਫੜ ਕੇ ਖੜ੍ਹਾ ਕੀਤਾ, "ਚੱਲ ਬਾਈ, ਟੱਟੀ-ਪੇਸ਼ਾਬ ਕਰ ਲਈਏ।"

ਪੰਜ-ਪੰਜ ਦੀਆਂ ਟੋਲੀਆਂ 'ਚ ਉਨ੍ਹਾਂ ਨੂੰ ਬਾਹਰ ਕੱਢਿਆ ਗਿਆ। ਅਮਨ ਦੀ ਟੋਲੀ 'ਚ ਮਹਿੰਦਰ ਸਿੰਘ ਤੋਂ ਇਲਾਵਾ ਜੋ ਤਿੰਨ ਜਣੇ ਸਨ ਉਨ੍ਹਾਂ ਸਾਰਿਆਂ ਨੂੰ ਵੀ "ਉਂਝ ਹੀ ਚੁੱਕ ਲਿਆ ਗਿਆ ਸੀ"।

ਜਦੋਂ ਇਹ ਪੰਜੇ ਜਣੇ ਪਖ਼ਾਨਾ ਘਰ ਜਾਣ ਲਈ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ, ਤਾਂ ਉੱਥੇ ਉਹ ਕਮਾਂਡਰ, ਜਿਸ ਨੇ ਅਮਨ ਨੂੰ ਅੰਦਰ ਬੰਦ ਕਰਨ ਦਾ ਹੁਕਮ ਦਿੱਤਾ ਸੀ, ਕਿਸੇ ਨੂੰ ਡਾਂਟਦਾ ਹੋਇਆ ਦਿਸਿਆ। ਉਸ ਨੂੰ ਦੇਖ ਕੇ ਲੱਗ ਰਿਹਾ ਸੀ ਕਿ ਉਹ ਕੁਝ ਪ੍ਰੇਸ਼ਾਨ ਹਾਲਤ 'ਚ ਹੈ। ਚਿਹਰੇ ਉੱਪਰ ਤਣਾਅ ਅਤੇ ਚਾਲ 'ਚ ਤਲਖ਼ੀ ਨਾਲ ਜਦੋਂ ਉਹ ਉੱਥੋਂ ਲੰਘ ਰਿਹਾ ਸੀ ਤਾਂ ਅਮਨ ਨੇ ਇਕਦਮ ਉਸ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਸਾਨੂੰ ਏਥੇ ਕਿਉਂ ਲਿਆਂਦਾ ਗਿਆ ਹੈ ? ਕਦੋਂ ਛੱਡਿਆ ਜਾਵੇਗਾ ? ਮੈਂ ਯੂਨੀਵਰਸਿਟੀ 'ਚ ਖ਼ਬਰ ਭੇਜਣੀ ਹੈ"।

ਕਮਾਂਡਰ ਨੇ ਉਸ ਨੂੰ ਘੂਰ ਕੇ ਦੇਖਿਆ, ਫਿਰ ਬਿਨਾਂ ਕੋਈ ਸੰਕੇਤ ਦਿੱਤੇ ਵਾਪਸ ਆਪਣੇ ਰਾਹ 'ਤੇ ਚੱਲ ਪਿਆ। ਅਮਨ ਨੇ ਦੁਬਾਰਾ ਉੱਚੀ ਆਵਾਜ਼ 'ਚ ਕਿਹਾ, "ਸਰ, ਤੁਹਾਡੇ ਨਾਲ ਹੀ ਗੱਲ ਕਰ ਰਿਹਾ ਹਾਂ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਖ਼ਬਰ ਭਿਜਵਾਉਣੀ ਏ।"

ਅਮਨ ਨੇ ਦੰਗਾ ਪੀੜਤ ਵਿਸ਼ੇਸ਼ ਪ੍ਰੋਗਰਾਮ ਤਹਿਤ ਯੂਨੀਵਰਸਿਟੀ 'ਚ ਦਾਖ਼ਲਾ ਲਿਆ ਸੀ। ਉਸ ਸਮੇਂ ਵਾਈਸ ਚਾਂਸਲਰ ਖ਼ੁਦ ਜਾਂਚ ਕਮੇਟੀ 'ਚ ਸੀ। ਅਮਨ ਦੀ ਇੰਟਰਵਿਊ ਸਮੇਂ ਵੀ ਉਹ ਮੌਜੂਦ ਸੀ ਅਤੇ ਉਸ ਨੇ ਅਮਨ ਦੀ ਸ਼ਹਿਰ ਦੀ ਘਟਨਾ ਬਾਰੇ ਵਿਸ਼ੇਸ਼ ਜਾਣਕਾਰੀ ਲਈ ਸੀ। ਅਮਨ ਨੂੰ ਵਿਸ਼ਵਾਸ ਸੀ ਕਿ ਜੇ ਉਸ ਨੂੰ ਇਸ ਘਟਨਾ ਦੀ ਜਾਣਕਾਰੀ ਮਿਲ ਜਾਵੇ ਤਾਂ ਠੀਕ ਰਹੇਗਾ ਅਤੇ ਰਿਹਾਈ ਵੀ ਸੰਭਵ ਹੈ।

ਹੁਣ ਉਹ ਪੁਲਿਸ ਕਮਾਂਡਰ ਤੇਜ਼ੀ ਨਾਲ ਮੁੜਿਆ ਅਤੇ ਉਸ ਤੋਂ ਬਾਅਦ ਇਕ

ਜ਼ੋਰਦਾਰ ਲੱਤ ਅਮਨ ਦੀ ਪਿੱਠ 'ਤੇ ਵੱਜੀ। ਰਾਤ ਭਰ ਦਾ ਥਕੇਵਾਂ, ਮਾਨਸਿਕ ਪ੍ਰੇਸ਼ਾਨੀ ਅਤੇ ਅਚਾਨਕ ਵਾਰ ਨਾਲ ਅਮਨ ਨੂੰ ਜ਼ਰਾ ਵੀ ਸੰਭਲਣ ਦਾ ਮੌਕਾ ਨਾ ਮਿਲਿਆ ਅਤੇ ਉਹ ਜ਼ਮੀਨ ਉੱਪਰ ਡਿਗ ਗਿਆ। ਕਿਉਂਕਿ ਸੁਭਾਅ ਤੋਂ ਅਮਨ ਨਿਡਰ ਅਤੇ ਜੋਸ਼ੀਲਾ ਸੀ ਇਸ ਲਈ ਉਸ ਦੇ ਜ਼ਿਹਨ ਨੇ ਆਪਣੇ ਅਧਿਕਾਰ ਅਤੇ ਆਪਣੇ ਬਚਾਅ ਦੇ ਲਈ ਜੋਖ਼ਮ ਲੈਣਾ ਠੀਕ ਸਮਝਿਆ ਸੀ। ਉਹ ਆਪਣੀ ਜ਼ਿੰਦਗੀ ਦੇ ਹਾਲਾਤ ਨੂੰ ਕਿਸਮਤ ਨਾਲ ਨਹੀਂ ਫ਼ੈਸਲਿਆਂ ਨਾਲ ਬਦਲਣਾ ਚਾਹੁੰਦਾ ਸੀ। ਕਮਾਂਡਰ ਦੇ ਸਾਹਮਣੇ ਆਉਂਦੇ ਹੀ ਉਸ ਨੂੰ ਆਪਣੀ ਮੌਜੂਦਾ ਹਾਲਤ 'ਚੋਂ ਬਾਹਰ ਨਿਕਲਣ ਦਾ ਇਹੀ ਰਸਤਾ ਸਹੀ ਲੱਗਾ ਸੀ।

"ਭੇਜਾਂ ਖ਼ਬਰ ਵਾਈਸ ਚਾਂਸਲਰ ਨੂੰ ? ਤੇਰਾ ਪਿਓ ਲੱਗਦਾ ?" ਕਮਾਂਡਰ ਨੇ ਕੋਲ ਖੜ੍ਹੇ ਇਕ ਪੁਲਸੀਏ ਤੋਂ ਡੰਡਾ ਲੈ ਕੇ ਅਮਨ ਦੇ ਪੈਰਾਂ ਉੱਪਰ ਚਾਰ-ਪੰਜ ਡੰਡੇ ਮਾਰ ਦਿੱਤੇ।

ਅਮਨ ਨੂੰ ਪੀੜ ਤਾਂ ਜ਼ਰੂਰ ਹੋਈ ਪਰ ਉਹ ਪੈਰਾਂ 'ਤੇ ਸੰਭਲ ਕੇ ਥੋੜ੍ਹਾ ਪਰੇ ਹੱਟ ਗਿਆ। ਹੁਣ ਉਹ ਉਸ ਦੇ ਡੰਡੇ ਦੀ ਪਹੁੰਚ ਤੋਂ ਬਾਹਰ ਸੀ। ਜਿਉਂ ਹੀ ਕਮਾਂਡਰ ਉਸ ਵੱਲ ਵਧਿਆ ਉਸ ਨੇ ਉੱਥੋਂ ਖੁੱਲ੍ਹੀ ਜਗ੍ਹਾ 'ਚ ਹੋਰ ਦੂਰ ਭੱਜਣਾ ਸ਼ੁਰੂ ਕਰ ਦਿੱਤਾ।

ਸਵਾਲ ਖੜ੍ਹੇ ਕਰਨਾ, ਆਪਣੇ ਹੱਕਾਂ ਦੀ ਗੱਲ ਕਰਨਾ ਅਤੇ ਫਿਰ ਡੰਡੇ ਦੀ ਪਹੁੰਚ ਤੋਂ ਦੂਰ ਭੱਜ ਕੇ ਅਮਨ ਨੇ ਉਸ ਕਮਾਂਡਰ ਅਤੇ ਇਸ ਮਹਿਕਮੇ ਦੀ ਨਜ਼ਰ 'ਚ ਇਕ ਬਹੁਤ ਹੀ ਸੰਗੀਨ ਜੁਰਮ ਦਰਜ ਕਰ ਲਿਆ ਸੀ। ਇਸ ਵਾਰ ਕਮਾਂਡਰ ਨੇ ਆਪਣੇ ਸਿਪਾਹੀਆਂ ਨੂੰ ਬਹੁਤ ਹੀ ਗੁੱਸੇ 'ਚ ਹੁਕਮ ਦਿੱਤਾ, "ਫੜੋ ਏਸ ਨੂੰ ਤੇ ਲੈ ਆਓ ਤੋਸ਼ੇਖ਼ਾਨੇ 'ਚ।"

ਚਾਰ ਸਿਪਾਹੀਆਂ ਨੇ ਅਮਨ ਨੂੰ ਫੜਿਆ ਅਤੇ ਫਿਰ ਅਹਾਤੇ ਪਿਛਲੀ ਗਲੀ ਵੱਲ ਲੈ ਤੁਰੇ। ਅਮਨ ਲਈ ਇਹ ਏਨੀ ਤੇਜ਼ੀ ਨਾਲ ਹੋਇਆ ਕਿ ਸਹੀ ਤੇ ਗ਼ਲਤ ਦੀ ਪਛਾਣ ਹੀ ਨਾ ਰਹਿ ਗਈ। ਹਾਲਾਤ ਦੇ ਮੁਤਾਬਿਕ ਉਸ ਨੂੰ ਜੋ ਚੰਗਾ ਲੱਗਾ ਜਾਂ ਸਮਝ ਆਇਆ ਉਸ ਨੇ ਉਹੀ ਕੀਤਾ ਸੀ। ਇਕ ਹਨੇਰੀ ਗਲੀ 'ਚੋਂ ਲੰਘਦੇ ਹੋਏ ਉਸ ਨੂੰ ਇਕ ਵੱਡੇ ਸਾਰੇ ਕਮਰੇ ਵਿਚ ਲਿਜਾਇਆ ਗਿਆ। ਕਮਰੇ ਦੇ ਅੰਦਰ ਬਹੁਤ ਸਾਰੇ ਔਜ਼ਾਰ ਪਏ ਸਨ – ਡੰਡੇ, ਸਰੀਏ, ਲੱਕੜੀ ਦੀਆਂ ਮੋਟੀਆਂ-ਮੋਟੀਆਂ ਗੇਲੀਆਂ, ਰੱਸੇ ਆਦਿ।

ਕਮਰੇ 'ਚ ਲਿਜਾ ਕੇ ਅਮਨ ਨੂੰ ਜ਼ਮੀਨ ਉੱਪਰ ਬਿਠਾਇਆ ਗਿਆ। ਕੰਬਣੀ ਛੇੜਦੀ ਠੰਡ 'ਚ ਉਸ ਨੂੰ ਕੱਪੜੇ ਲਾਹੁਣ ਲਈ ਕਿਹਾ ਗਿਆ। ਅਮਨ ਨੇ ਵਿਰੋਧ ਕੀਤਾ, "ਇੰਝ ਕਿਉਂ ਕਰ ਰਹੇ ਹੋ ? ਮੈਂ ਕਿਸ ਗੱਲ ਲਈ ਕੱਪੜੇ ਲਾਹਾਂ ? ਮੈਂ ਕੀ ਗੁਨਾਹ ਕੀਤਾ ਹੈ ?" ਲਹਿਜ਼ਾ ਵੀ ਹਿੰਦੀ ਸੀ ਅਤੇ ਸ਼ਬਦ ਵੀ ਹਿੰਦੀ ਹੀ ਸਨ। ਫਿਰ ਉੱਥੇ ਉਹ ਕਮਾਂਡਰ ਵੀ ਆ ਗਿਆ। ਬਿਨਾਂ ਬਾਂਹ ਵਾਲੀ ਇਕ ਕੁਰਸੀ ਖਿੱਚ ਕੇ ਉਹ ਉਸ ਦੇ ਸਾਹਮਣੇ ਬੈਠ ਗਿਆ। ਥੋੜ੍ਹਾ ਚਿਰ ਘੂਰਨ ਤੋਂ ਬਾਅਦ ਉਸ ਨੇ ਪੁੱਛਿਆ, "ਫੈੱਡਰੇਸ਼ਨ ਦਾ ਮੈਂਬਰ ਏਂ ?"

ਅਮਨ ਨੇ ਇਕ ਮਿੰਟ ਸੋਚਿਆ ਅਤੇ ਬਹੁਤ ਹੀ ਸਵੈਵਿਸ਼ਵਾਸ ਨਾਲ ਬੋਲਿਆ, "ਨਹੀਂ ਜੀ ਮੈਂਬਰ ਨਹੀਂ ਹਾਂ।"

"ਝੂਠ ਬੋਲ ਰਿਹਾਂ। ਸੱਚ ਬੋਲੇਂਗਾ ਤਾਂ ਬਚ ਜਾਵੇਂਗਾ, ਨਹੀਂ ਤਾਂ ਤੇਰੀ ਜ਼ਿੰਦਗੀ

ਤਬਾਹ ਕਰ ਦਿਆਂਗਾ। ਤੁਰਨ-ਫਿਰਨ ਜੋਗਾ ਵੀ ਨਹੀਂ ਰਹੇਗਾ। ਤੇਰੀ ਸਾਰੀ ਖ਼ਬਰ ਏ ਮੇਰੇ ਕੋਲ।" ਕਮਾਂਡਰ ਨੇ ਘੁਰਕੀ ਦਿੱਤੀ।

ਅਮਨ ਨੇ ਕਦੇ ਵੀ ਕਿਸੇ ਸੰਸਥਾ ਦੀ ਮੈਂਬਰਸ਼ਿਪ ਨਹੀਂ ਲਈ ਸੀ। ਨਾ ਹੀ ਕਦੇ ਕਿਸੇ ਨੇ ਉਸ ਨੂੰ ਮੈਂਬਰ ਬਣਨ ਲਈ ਕਿਹਾ ਸੀ। ਉਹ ਸਿਰਫ਼ ਦਲਬੀਰ ਦੇ ਸੰਪਰਕ 'ਚ ਸੀ ਅਤੇ ਉਸੇ ਨਾਲ ਗੱਲਬਾਤ ਕਰਦਾ ਸੀ। ਨਾਲ ਪੜ੍ਹਨ ਵਾਲਿਆਂ 'ਚ ਕਈ ਲੋਕ ਅਜਿਹੇ ਸਨ ਜੋ ਆਪਣੇ ਆਪ ਨੂੰ ਫੈੱਡਰੇਸ਼ਨ ਦਾ ਮੈਂਬਰ ਦੱਸਦੇ ਸਨ। ਉਨ੍ਹਾਂ ਦਾ ਪਹਿਰਾਵਾ ਵੀ ਵੱਖਰਾ ਸੀ। ਲੰਮੀ ਚਮਕਦੀ ਦਾੜ੍ਹੀ, ਮਹਿੰਗੀ ਵਿਦੇਸ਼ੀ ਜੁੱਤੀ ਅਤੇ ਅਜੀਬ ਜਿਹੇ ਨਿਧੜਕ ਹਾਵ-ਭਾਵ। ਦਲਬੀਰ ਦਾ ਪਹਿਰਾਵਾ ਵੀ ਲੱਗਭੱਗ ਇਸੇ ਤਰ੍ਹਾਂ ਦਾ ਸੀ ਪਰ ਅਮਨ ਕਦੇ ਵੀ ਇਨ੍ਹਾਂ ਲੋਕਾਂ 'ਚ ਨਹੀਂ ਬੈਠਦਾ ਸੀ।

"ਸਰ ਜੀ ਮੈਂ ਫੈੱਡਰੇਸ਼ਨ ਦਾ ਮੈਂਬਰ ਨਹੀਂ ਹਾਂ ਅਤੇ ਨਾ ਹੀ ਮੈਂ ਕਿਸੇ ਨੂੰ ਜਾਣਦਾ ਹਾਂ। ਇਹੀ ਸੱਚ ਹੈ। ਮੈਂ ਅਜੇ ਕੁਝ ਮਹੀਨੇ ਪਹਿਲਾਂ ਹੀ ਦਾਖ਼ਲਾ ਲਿਆ ਹੈ - ਦੰਗਾ ਪੀੜਤ ਕੋਟੇ 'ਚ। ਪੰਜਾਬ ਵਿਚ ਮੇਰਾ ਕੋਈ ਨਹੀਂ ਏ। ਮੈਂ ਤਾਂ ਬਿਹਾਰ ਤੋਂ ਹਾਂ। ਏਥੇ ਪੜ੍ਹਨ ਆਇਆ ਹਾਂ।" ਅਮਨ ਨੇ ਬਿਲਕੁਲ ਸਾਫ਼-ਸਾਫ਼ ਸਾਰੀਆਂ ਗੱਲਾਂ ਦੱਸ ਦਿੱਤੀਆਂ।

ਕਮਾਂਡਰ ਨੇ ਉਸ ਨੂੰ ਗ਼ੌਰ ਨਾਲ ਦੇਖਿਆ ਅਤੇ ਅਰਥਪੂਰਨ ਨਜ਼ਰਾਂ ਨਾਲ ਉਸ ਦਾ ਮੁਆਇਨਾ ਕੀਤਾ। ਫਿਰ ਬਹੁਤ ਹੀ ਕੁਟਲ ਮੁਸਕਰਾਹਟ ਨਾਲ ਬੋਲਿਆ, "ਤੂੰ ਜਾਣਦਾ ਤਾਂ ਹੈਂ ਉਨ੍ਹਾਂ ਨੂੰ।" ਫਿਰ ਥੋੜ੍ਹਾ ਚਿਰ ਖ਼ਾਮੋਸ਼ੀ - "ਇੰਝ ਕਰ, ਚਾਰ-ਪੰਜ ਜਣਿਆਂ ਦੇ ਨਾਂ ਦੱਸ ਦੇ। ਨਹੀਂ ਤਾਂ ਫਿਰ..." ਚਾਰ ਥੰਮਾਂ ਨਾਲ ਬੰਨ੍ਹੀ ਇਕ ਚਰਖ਼ੀ ਵਰਗੀ ਮਸ਼ੀਨ ਵੱਲ ਇਸ਼ਾਰਾ ਕਰਦੇ ਹੋਏ ਕਮਾਂਡਰ ਬੋਲਿਆ "... ਚੜ੍ਹ ਜਾ ਫਿਰਕੀ 'ਤੇ।"

ਅਮਨ ਨੂੰ ਇੰਝ ਲੱਗ ਰਿਹਾ ਸੀ ਕਿ ਗੱਲਬਾਤ ਅਤੇ ਜਿਰ੍ਹ ਦੀ ਗੁੰਜਾਇਸ਼ ਖ਼ਤਮ ਹੁੰਦੀ ਜਾ ਰਹੀ ਹੈ। ਕਮਾਂਡਰ ਸਾਹਬ ਦੇ ਸਵਾਲਾਂ ਦੇ ਜਵਾਬ ਉਸ ਕੋਲ ਨਹੀਂ ਸਨ। ਉਂਝ ਵੀ ਯੂਨੀਵਰਸਿਟੀ ਵਿਚ ਫੈੱਡਰੇਸ਼ਨ ਦੇ ਮੈਂਬਰਾਂ ਬਾਰੇ ਉਸ ਨੂੰ ਜਾਣਕਾਰੀ ਹੈ ਵੀ ਨਹੀਂ ਸੀ। ਦੂਜੇ ਪਾਸੇ, ਉਸ ਕੋਲ ਆਪਣੇ ਹਾਲਾਤ ਦੇ ਅੱਗੇ ਸਮਰਪਣ ਕਰਨ ਤੋਂ ਸਿਵਾਏ ਹੋਰ ਕੋਈ ਚਾਰਾ ਵੀ ਨਹੀਂ ਸੀ। ਨਾਲ ਹੀ, ਉਸ ਨਾਲ ਕੀ ਹੋਣ ਵਾਲਾ ਹੈ, ਕਮਾਂਡਰ ਆਪਣੀ ਜ਼ਿਆਦਤੀ 'ਚ ਕਿਸ ਹੱਦ ਤੱਕ ਜਾ ਸਕਦਾ ਹੈ, ਉਸ ਦਾ ਉਸ ਨੂੰ ਜ਼ਰਾ ਵੀ ਇਲਮ ਨਹੀਂ ਸੀ। ਇਸ ਲਈ ਉਹ ਆਉਣ ਵਾਲੀ ਹਰ ਸਥਿਤੀ ਨਾਲ ਨਜਿੱਠਣ ਲਈ ਆਪਣੇ ਮਨ ਨੂੰ ਸਮਝਾਉਣ ਦੇ ਨਾਲ-ਨਾਲ ਉਸ ਤੋਂ ਬਾਹਰ ਨਿਕਲਣ ਦਾ ਹਰ ਹੀਲਾ ਕਰਨ ਦੀ ਕੋਸ਼ਿਸ਼ ਵੀ ਕਰ ਰਿਹਾ ਸੀ।

"ਸਰ ਜੀ ਮੇਰੀ ਗੱਲ 'ਤੇ ਯਕੀਨ ਕਰ ਲਓ। ਅਸੀਂ ਤਾਂ ਪਹਿਲਾਂ ਹੀ ਪ੍ਰੇਸ਼ਾਨੀਆਂ ਨਾਲ ਜੂਝਦੇ ਹੋਏ ਬੜੀ ਆਸ ਲੈ ਕੇ ਪੰਜਾਬ ਆਏ ਹਾਂ। ਬਹੁਤ ਹੀ ਮੁਸ਼ਕਲ ਨਾਲ ਬਚੇ ਹਾਂ।" ਇਸ ਵਾਰ ਅਮਨ ਨੇ ਦੰਗਾ ਪੀੜਤ ਹੋਣ ਦਾ ਵਾਸਤਾ ਪਾ ਕੇ ਕਮਾਂਡਰ ਦੇ ਦਿਲ 'ਚ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕੀਤੀ। ਪਰ ਅਜਿਹਾ ਨਹੀਂ ਹੋਇਆ। ਕਮਾਂਡਰ ਤਾਂ ਆਪਣੇ ਅਹੁਦੇ ਦੇ ਹੰਕਾਰ 'ਚ ਚੂਰ ਸੀ।

"ਓਏ ਚਾੜ੍ਹ ਦਿਓ ਏਹਨੂੰ ਉੱਤੇ। ਹੋਸ਼ ਟਿਕਾਣੇ ਲਿਆਓ ਇਹਦੇ।" ਕਮਾਂਡਰ ਨੇ ਗਰਜ਼ਦੀ ਆਵਾਜ਼ 'ਚ ਕੋਲ ਖੜ੍ਹੇ ਸਿਪਾਹੀਆਂ ਨੂੰ ਹੁਕਮ ਦਿੱਤਾ।

ਚਾਰ ਸਿਪਾਹੀਆਂ ਨੇ ਅਮਨ ਨੂੰ ਘੇਰ ਕੇ ਖੜ੍ਹਾ ਕੀਤਾ। ਦੋ ਨੇ ਉਸ ਦੇ ਹੱਥ ਫੜੇ ਅਤੇ ਉਸ ਨੂੰ ਚਰਖ਼ੀ ਵਾਲੇ ਥੰਮਾਂ ਵਿਚਾਲੇ ਨੂੰ ਖਿੱਚਣ ਲੱਗੇ।

"ਸਰ ਜੀ ਮੇਰੀ ਗੱਲ ਤਾਂ ਸੁਣੋ। ਮੈਂ ਕਿਸੇ ਨੂੰ ਨਹੀਂ ਜਾਣਦਾ। ਮੈਂ ਸੱਚ ਬੋਲ ਰਿਹਾਂ। ਪਲੀਜ਼ ਤੁਸੀਂ ਮੇਰੇ ਉੱਪਰ ਯਕੀਨ ਕਰੋ।" ਅਮਨ ਨੇ ਜ਼ੋਰ ਦੇ ਕੇ ਰੋਣਹਾਕੀ ਆਵਾਜ਼ 'ਚ ਬੇਨਤੀ ਕੀਤੀ।

ਕਮਾਂਡਰ ਨੇ ਅਮਨ ਨੂੰ ਅਣਡਿੱਠ ਕਰਦੇ ਹੋਏ ਆਪਣੀ ਕੁਰਸੀ ਖਿੱਚ ਕੇ ਥੰਮਾਂ ਤੋਂ ਥੋੜ੍ਹੀ ਵਿੱਥ 'ਤੇ ਸਾਹਮਣੇ ਡਾਹ ਲਈ ਤੇ ਆਰਾਮ ਨਾਲ ਬੈਠ ਗਿਆ। ਇਸ ਦਰਮਿਆਨ ਅਮਨ ਵਾਰ-ਵਾਰ ਆਪਣੀ ਗੱਲ ਦੁਹਰਾ ਰਿਹਾ ਸੀ। ਦੋ ਸਿਪਾਹੀ ਉਸ ਨੂੰ ਲੱਗਭੱਗ ਖਿੱਚਦੇ ਹੋਏ ਥੰਮਾਂ ਵਿਚਾਲੇ ਲੈ ਆਏ। ਫਿਰ ਇਕ-ਇਕ ਕਰਕੇ ਉਸ ਦੀ ਕਮੀਜ਼ ਅਤੇ ਪੈਂਟ ਲਾਹ ਦਿੱਤੀ ਗਈ। ਤੀਜੇ ਸਿਪਾਹੀ ਨੇ ਇਕ ਥੰਮ ਉੱਪਰ ਲੱਗੀ ਹੱਥੀ ਨੂੰ ਘੁੰਮਾਇਆ ਜਿਸ ਨਾਲ ਫੰਦੇ ਦੇ ਆਕਾਰ ਦੇ ਚਾਰ ਰੱਸੇ ਹੇਠਾਂ ਵੱਲ ਲਟਕ ਗਏ। ਇਕ ਸਿਪਾਹੀ ਨੇ ਹੇਠਾਂ ਵਾਲੇ ਦੋ ਫੰਦਿਆਂ ਨੂੰ ਖਿੱਚਿਆ ਅਤੇ ਅਮਨ ਦੇ ਪੈਰ ਉਸ ਵਿਚ ਫਸਾ ਕੇ ਖਿੱਚਦੇ ਹੋਏ ਬੰਨ੍ਹ ਦਿੱਤੇ। ਉਸ ਤੋਂ ਬਾਅਦ ਬਾਕੀ ਦੋ ਫੰਦਿਆਂ ਨੂੰ ਵੀ ਅਮਨ ਦੇ ਦੋਹਾਂ ਹੱਥਾਂ ਦੁਆਲੇ ਵਲ਼ ਕੇ ਗੁੱਟਾਂ ਦੇ ਉੱਪਰ ਖਿੱਚ ਕੇ ਬੰਨ੍ਹ ਦਿੱਤਾ ਗਿਆ। ਰੱਸਾ ਜ਼ਿਆਦਾ ਮੋਟਾ ਤਾਂ ਨਹੀਂ ਸੀ ਪਰ ਬਹੁਤ ਮਜ਼ਬੂਤ ਲੱਗ ਰਿਹਾ ਸੀ। ਇਸ ਸਾਰੇ ਕ੍ਰਮ ਦੌਰਾਨ ਅਮਨ ਵਾਰ-ਵਾਰ ਆਪਣੀ ਗੱਲ ਦੁਹਰਾਉਂਦਾ ਗਿਆ। ਆਵਾਜ਼ 'ਚ ਬੇਨਤੀ ਦੇ ਨਾਲ ਰਹਿਮ ਦੀ ਅਰਜ਼ੋਈ ਵੀ ਸੀ। ਪਰ ਉਸ ਦੀਆਂ ਗੱਲਾਂ, ਜਿਰ੍ਹਾਪੂਰਨ ਅਰਜ਼ੋਈਆਂ ਦਾ ਕਮਾਂਡਰ ਦੇ ਮਸ਼ੀਨ ਵਰਗੇ ਦਿਲ ਉੱਪਰ ਭੋਰਾ ਵੀ ਅਸਰ ਨਹੀਂ ਹੋ ਰਿਹਾ ਸੀ। ਉਹ ਰੋਬੋਟ ਦੀ ਤਰ੍ਹਾਂ ਸਾਹਮਣੇ ਬੈਠਾ ਸੀ।

ਹੁਣ ਸਾਰੇ ਸਿਪਾਹੀ ਅਮਨ ਤੋਂ ਪਰੇ ਹੋ ਗਏ। ਕਮਾਂਡਰ ਨੇ ਆਪਣੇ ਸੱਜੇ ਹੱਥ ਨੂੰ ਥੋੜ੍ਹਾ ਜਿਹਾ ਚੁੱਕ ਕੇ ਥੰਮ 'ਚ ਲੱਗੀਆਂ ਕਈ ਤਰ੍ਹਾਂ ਦੀਆਂ ਹੱਥੀਆਂ ਕੋਲ ਖੜ੍ਹੇ ਇਕ ਸਿਪਾਹੀ ਨੂੰ ਇਸ਼ਾਰਾ ਕੀਤਾ। ਸਿਪਾਹੀ ਨੇ ਹੱਥੀ ਘੁੰਮਾਉਣੀ ਸ਼ੁਰੂ ਕਰ ਦਿੱਤੀ ਜਿਸ ਨਾਲ ਅਮਨ ਦੇ ਦੋਵੇਂ ਪੈਰ ਜ਼ਮੀਨ ਤੋਂ ਉੱਪਰ ਉੱਠਣੇ ਸ਼ੁਰੂ ਹੋ ਗਏ ਅਤੇ ਸਰੀਰ ਲਟਕਣ ਲੱਗ ਪਿਆ। ਹੱਥਾਂ 'ਚ ਵੀ ਖਿੱਚ ਪੈ ਗਈ ਜਿਸ ਨਾਲ ਅਮਨ ਦਾ ਸਾਰਾ ਸਰੀਰ ਜ਼ਮੀਨ ਦੇ ਲੱਗਭੱਗ ਸਮਾਂਤਰ ਜਿਹਾ ਹੋ ਗਿਆ ਸੀ, ਪਰ ਸਿਰ ਹੇਠਾਂ ਸੀ - ਇਹ ਅਤਿਅੰਤ ਤਕਲੀਫ਼ਦੇਹ ਹਾਲਤ ਸੀ। ਅਮਨ ਦੇ ਸਿਰ 'ਤੇ ਬੇਢਬੀ ਜਹੀ ਬੰਨ੍ਹੀ ਦਸਤਾਰ ਲਹਿ ਕੇ ਹੇਠਾਂ ਡਿੱਗ ਗਈ ਸੀ ਅਤੇ ਉਸ ਦੇ ਸੰਘਣੇ ਕੇਸ ਵੀ ਖੁੱਲ੍ਹ ਗਏ ਸਨ। ਇਸ ਅਵਸਥਾ 'ਚ ਕਮਾਂਡਰ ਨੇ ਸਿਪਾਹੀ ਨੂੰ ਹੱਥੀ ਰੋਕਣ ਦਾ ਇਸ਼ਾਰਾ ਕੀਤਾ। ਫਿਰ ਉਹ ਉੱਠ ਕੇ ਅਮਨ ਦੇ ਸਿਰ ਕੋਲ ਚਲਾ ਗਿਆ, ਉਸ ਦੇ ਕੇਸਾਂ ਨੂੰ ਫੜ ਕੇ ਸਿਰ ਨੂੰ ਉੱਪਰ ਚੁੱਕਿਆ ਅਤੇ ਬਹੁਤ ਹੀ ਕੁਰੱਖ਼ਤ ਆਵਾਜ਼ 'ਚ ਬੋਲਿਆ, "ਦੱਸ ਦੇ ਕਿਨ੍ਹਾਂ ਨਾਲ ਕੰਮ ਕਰਦਾ ਏਂ। ਨਹੀਂ ਤਾਂ ਤੇਰੀ ਰੇਲ ਬਣ ਜੂ।"

ਅਮਨ ਦਾ ਦਰਦ ਹੁਣ ਬਰਦਾਸ਼ਤ ਤੋਂ ਬਾਹਰ ਹੁੰਦਾ ਜਾ ਰਿਹਾ ਸੀ। ਕਰਾਹੁੰਦੀ ਆਵਾਜ਼ 'ਚ ਉਹ ਸਿਰਫ਼ ਏਨਾ ਹੀ ਬੋਲ ਸਕਿਆ, "ਸਰ ਜੀ, ਮੈਨੂੰ ਕੁਝ ਨਹੀਂ ਪਤਾ"। ਅਮਨ ਦੀਆਂ ਅੱਖਾਂ 'ਚ ਦਇਆ ਦੀ ਭੀਖ ਸੀ। ਉਸ ਨੇ ਹਾਲਾਤ ਦੇ ਅੱਗੇ ਆਪਣਾ ਆਪਾ ਲੱਗਭੱਗ ਸਮਰਪਿਤ ਕਰ ਦਿੱਤਾ ਸੀ। ਕਮਾਂਡਰ ਨੇ ਉਸ ਦੇ ਕੇਸ ਥੋੜ੍ਹੇ ਹੋਰ ਖਿੱਚੇ, ਫਿਰ ਸਿਪਾਹੀ ਨੂੰ ਇਸ਼ਾਰਾ ਕੀਤਾ। ਅਮਨ ਦਾ ਸਰੀਰ ਹੁਣ ਝੂਲਦਾ ਹੋਇਆ ਹਵਾ 'ਚ ਉਲਟਾ ਲਟਕ ਗਿਆ।

ਅਮਨ ਦੇ ਮੂੰਹ 'ਚੋਂ ਇਕ ਤਿੱਖੀ ਚੀਕ ਨਿੱਕਲੀ। ਉਸ ਦਾ ਸਿਰ ਪੂਰੀ ਤਰ੍ਹਾਂ ਘੁੰਮ ਚੁੱਕਾ ਸੀ ਅਤੇ ਅੱਖਾਂ ਦੇ ਸਾਹਮਣੇ ਸਭ ਕੁਝ ਉਲਟ-ਪੁਲਟ ਹੋ ਗਿਆ ਸੀ ਅਤੇ ਫਿਰ ਕੁਝ ਪਲ ਲਈ ਹਨੇਰਾ ਜਿਹਾ ਛਾ ਗਿਆ। ਅੰਦਰ ਆਂਦਰਾਂ 'ਚ ਇਕ ਅੰਤਰਨਾਦ ਜਿਹਾ ਉੱਠਿਆ, ਦਿਲ ਘਬਰਾਇਆ ਅਤੇ ਫਿਰ ਮੂੰਹ 'ਚੋਂ ਗੰਦਾ ਪਾਣੀ ਬਾਹਰ ਨਿੱਕਲ ਗਿਆ। ਥੋੜ੍ਹੇ ਚਿਰ ਤੱਕ ਸਰੀਰ ਬੇਹੋਸ਼ ਜਿਹਾ ਹੋ ਕੇ ਲਟਕਿਆ ਰਿਹਾ ਅਤੇ ਫਿਰ ਦਰਦ ਦੀ ਤੇਜ਼ ਲਹਿਰ ਜਹੀ ਉੱਠੀ। ਪਰ ਜ਼ੁਬਾਨ ਪੂਰੀ ਤਰ੍ਹਾਂ ਬੇਜਾਨ ਸੀ ਅਤੇ ਮੂੰਹ ਵਿੱਚੋਂ ਸਿਰਫ਼ ਕਰਾਹੁਣ ਦੀ ਆਵਾਜ਼ ਆ ਰਹੀ ਸੀ। ਇਹ ਅਵਸਥਾ ਕਾਫ਼ੀ ਚਿਰ ਤੱਕ ਬਣੀ ਰਹੀ। ਫਿਰ ਹੌਲੀ-ਹੌਲੀ ਉਸ ਨੂੰ ਹੋਸ਼ ਆਉਣ ਲੱਗੀ ਪਰ ਅਜੇ ਵੀ ਉਹ ਪੂਰੀ ਤਰ੍ਹਾਂ ਚੇਤੰਨ ਅਵਸਥਾ 'ਚ ਨਹੀਂ ਸੀ। ਉਸ ਦੀਆਂ ਅੱਖਾਂ ਦੇਖ ਤਾਂ ਰਹੀਆਂ ਸਨ ਪਰ ਸਭ ਕੁਝ ਉਲਟਾ-ਪੁਲਟਾ ਅਤੇ ਧੁੰਦਲਾ ਸੀ। ਉਸ ਦਾ ਸਰੀਰ ਇਕ ਵਾਰ ਫਿਰ ਹਵਾ 'ਚ ਘੁੰਮਣ ਲੱਗਾ ਅਤੇ ਸਭ ਕੁਝ ਸਿੱਧਾ ਹੋ ਗਿਆ। ਉਹ ਅਜੇ ਵੀ ਲਟਕਿਆ ਹੋਇਆ ਸੀ ਅਤੇ ਉਸ ਦੇ ਪੈਰ ਜ਼ਮੀਨ ਉੱਪਰ ਨਹੀਂ ਸਨ। ਕਮਾਂਡਰ ਹੁਣ ਉਸ ਦੇ ਐਨ ਸਾਹਮਣੇ ਸੀ। ਅਤੇ ਇਕ ਵਾਰ ਫਿਰ ਦਹਾੜਦੀ ਹੋਈ ਆਵਾਜ਼ ਆਈ। "ਦੱਸ ਦੇ ਪੁੱਤਰਾ ਨਹੀਂ ਤਾਂ ਤੇਰਾ ਮਾੜਾ ਹਾਲ ਹੋ ਜੂ।" ਅਮਨ ਨੇ ਦੇਖਿਆ ਕਿ ਕਮਾਂਡਰ ਦੇ ਹੱਥ ਵਿਚ ਇਕ ਚਮਕਦਾ ਹੋਇਆ ਡੰਡਾ ਸੀ।

ਅਮਨ ਬਿਲਕੁਲ ਸ਼ਾਂਤ ਰਿਹਾ। ਕਮਾਂਡਰ ਘੁੰਮ ਕੇ ਅਮਨ ਦੇ ਐਨ ਪਿੱਛੇ ਖੜ੍ਹਾ ਹੋ ਗਿਆ। "ਦੱਸਦਾਂ ਕਿ ਨਹੀਂ" ਇਸ ਦੇ ਨਾਲ ਹੀ ਅਮਨ ਦੇ ਚਿੱਤੜਾਂ ਉੱਪਰ ਇਕ ਤੋਂ ਬਾਅਦ ਇਕ ਤਿੰਨ-ਚਾਰ ਡੰਡੇ ਵੱਜ ਗਏ। ਅਮਨ ਦੀਆਂ ਚੀਕਾਂ ਨਾਲ ਸਾਰਾ ਕਮਰਾ ਗੂੰਜ ਉੱਠਿਆ। "ਅ ਆ ਾ ਾ ਾ ਾ ਆ ਾ ਾ ਾ ਾ ੲ ਈ ੀ ੀ ੀ ੀ ਈ ਊ ੂ ੂ ੂ ਊ ਹੁ ਹੂ ਹੂ ੂ ੂ ੂ ੂ ਹੂ ੂ ੂ ੂ" ਇਸ ਤੋਂ ਬਾਅਦ ਉਸ ਦਾ ਸਰੀਰ ਫਿਰ ਘੁੰਮਦੇ ਹੋਏ ਪੁੱਠਾ ਹੋ ਗਿਆ ਅਤੇ ਨਾਲ ਹੀ ਦੋਵੇਂ ਪੈਰ ਇਕ ਦੂਜੇ ਤੋਂ ਉਲਟ ਦਿਸ਼ਾ 'ਚ ਫੈਲਣ ਲੱਗੇ। ਫਿਰ ਦਰਦ ਦੀ ਤਿੱਖੀ ਲਹਿਰ ਪੂਰੇ ਸਰੀਰ 'ਚ ਫੈਲਣ ਲੱਗੀ। ਇਹ ਅਜਿਹਾ ਦਰਦ ਸੀ ਜੋ ਪੈਰਾਂ ਅਤੇ ਲੱਕ ਸਮੇਤ ਸਰੀਰ ਦੇ ਹੇਠਲੇ ਭਾਗ ਵਿਚ ਪੂਰੀ ਤਰ੍ਹਾਂ ਫੈਲ ਗਿਆ ਸੀ। ਪੁੱਠਾ ਹੋਇਆ ਸਰੀਰ, ਫੈਲੇ ਹੋਏ ਪੈਰ ਅਤੇ ਹੇਠਾਂ ਵੱਲ ਲਟਕ ਰਹੇ ਹੱਥ। ਅਮਨ ਦੇ ਬਰਦਾਸ਼ਤ ਦੀ ਹੱਦ ਮੁੱਕ ਚੁੱਕੀ ਸੀ ਅਤੇ ਉਸ ਦੀ ਚੇਤਨਾ ਵੀ ਹੌਲੀ-ਹੌਲੀ ਅਲੋਪ ਹੁੰਦੀ ਜਾ ਰਹੀ ਸੀ। ਫਿਰ ਜਿਉਂ ਹੀ ਉਸ ਦੇ ਹੱਥਾਂ 'ਚ ਖਿੱਚ ਵਧਦੀ ਮਹਿਸੂਸ ਹੋਈ, ਉਸ ਦੀ ਚੇਤਨਾ ਪੂਰੀ ਤਰ੍ਹਾਂ ਅਲੋਪ ਹੋ ਗਈ।

ਜਦੋਂ ਅਮਨ ਨੂੰ ਹੋਸ਼ ਆਈ ਤਾਂ ਉਹ ਲੱਕੜੀ ਦੇ ਇਕ ਤਖਤਪੋਸ਼ ਉੱਪਰ ਪਿਆ ਹੋਇਆ ਸੀ। ਉਸ ਦੇ ਹੱਥਾਂ ਅਤੇ ਪੈਰਾਂ 'ਚ ਅਜੇ ਵੀ ਦਰਦ ਸੀ। ਜਿਉਂ ਹੀ ਉਸ ਨੇ ਅੱਖਾਂ ਖੋਲ੍ਹੀਆਂ ਤਾਂ ਦੇਖਿਆ ਸਾਦਾ ਵਰਦੀ 'ਚ ਇਕ ਅਧੇੜ ਉਮਰ ਦਾ ਬੰਦਾ ਉਸ ਦੇ ਉੱਪਰ ਝੁਕਿਆ ਹੋਇਆ ਸੀ ਅਤੇ ਉਸ ਦੀ ਨਬਜ਼ ਚੈੱਕ ਕਰ ਰਿਹਾ ਸੀ। ਜਦੋਂ ਉਸ ਦੀਆਂ ਅੱਖਾਂ ਅਮਨ ਨਾਲ ਮਿਲੀਆਂ ਤਾਂ ਉਹ ਪੂਰੀ ਤਰ੍ਹਾਂ ਭਾਵਹੀਣ ਸਨ। ਥੋੜ੍ਹੀ ਦੇਰ ਨਬਜ਼ ਚੈੱਕ ਕਰਨ ਤੋਂ ਬਾਅਦ ਉਸ ਨੇ ਅਮਨ ਦਾ ਹੱਥ ਸਹਿਜ ਨਾਲ ਹੇਠਾਂ ਰੱਖ ਦਿੱਤਾ। ਉਸ ਦਾ ਹੱਥ ਗਰਮ ਸੀ। ਜਾਂ ਫਿਰ ਅਮਨ ਨੂੰ ਉਂਝ ਹੀ ਗਰਮਾਹਟ ਜਹੀ ਮਹਿਸੂਸ ਹੋਈ ਸੀ। ਇਸ ਤੋਂ ਬਾਅਦ ਆਪਣਾ ਇਕ ਛੋਟਾ ਜਿਹਾ ਬਸਤਾ ਸੰਭਾਲ ਕੇ ਉਹ ਦਰਵਾਜ਼ੇ ਵੱਲ ਤੁਰ ਪਿਆ।

ਇਹ ਸਭ ਅਮਨ ਦੀ ਸਮਝ ਤੋਂ ਬਾਹਰ ਸੀ। ਹੌਲੀ-ਹੌਲੀ ਅਮਨ ਦੀ ਚੇਤਨਾ ਪੂਰੀ ਤਰ੍ਹਾਂ ਵਾਪਸ ਆ ਰਹੀ ਸੀ। ਉਹ ਚੁੱਪਚਾਪ ਪਿਆ ਰਿਹਾ। ਹੌਲੀ-ਹੌਲੀ ਉਸ ਨੂੰ ਆਪਣੇ ਨਾਲ ਵਾਪਰੀਆਂ ਸਾਰੀਆਂ ਘਟਨਾਵਾਂ ਚੇਤੇ ਆਉਣ ਲੱਗੀਆਂ। ਉਹ ਕੁਟਾਪਾ, ਉਹ ਦਰਦ ਅਤੇ ਫਿਰ ਤਸੀਹਿਆਂ ਦੀ ਇੰਤਹਾ ਜਿਸ ਨੂੰ ਉਹ ਝੱਲ ਨਹੀਂ ਸਕਿਆ ਸੀ। ਉਸ ਨੇ ਮਹਿਸੂਸ ਕੀਤਾ ਹੁਣ ਉਸ ਦੇ ਸਰੀਰ ਉੱਪਰ ਕੱਪੜੇ ਵੀ ਸਨ। ਥੋੜ੍ਹੇ ਚਿਰ ਬਾਅਦ ਇਕ ਹੋਰ ਆਦਮੀ ਪੁਲਿਸ ਦੀ ਵਰਦੀ ਪਾਈ ਅੰਦਰ ਆਇਆ। ਉਸ ਦੇ ਸਿਰ ਉੱਪਰ ਪੱਗ ਨਹੀਂ ਸੀ ਅਤੇ ਉਹ ਕਲੀਨ-ਸ਼ੇਵ ਸੀ। ਦੇਖਣ ਨੂੰ ਉਹ ਅਫ਼ਸਰ ਹੀ ਲੱਗ ਰਿਹਾ ਸੀ। ਉਸ ਦੇ ਪਿੱਛੇ ਦੋ ਸਿਪਾਹੀ ਹੋਰ ਵੀ ਸਨ। ਫਿਰ ਉਹ ਸਾਦਾ ਵਰਦੀ ਵਾਲਾ ਅਧੇੜ ਬੰਦਾ ਅੰਦਰ ਆ ਕੇ ਅਮਨ ਦੇ ਇਕ ਪਾਸੇ ਖੜ੍ਹਾ ਹੋ ਗਿਆ।

ਉਹ ਅਫ਼ਸਰ ਤਖਤਪੋਸ਼ ਕੋਲ ਪਈ ਕੁਰਸੀ ਉੱਪਰ ਬੈਠ ਗਿਆ। "ਉੱਠੋ ਬੇਟੇ" ਉਸ ਦੀ ਆਵਾਜ਼ 'ਚ ਥੋੜ੍ਹੀ ਜਹੀ ਨਿਮਰਤਾ ਸੀ। ਦੋਵੇਂ ਸਿਪਾਹੀ ਅਮਨ ਦੇ ਕੋਲ ਆਏ ਅਤੇ ਉਸ ਨੂੰ ਉਠਾਉਣ ਲੱਗੇ। ਅਮਨ ਵੀ ਹੁਣ ਬਿਨਾਂ ਕੋਈ ਸਵਾਲ ਕੀਤੇ ਉੱਠਣ ਲੱਗਾ। ਉਹ ਹੌਲੀ-ਹੌਲੀ ਖੜ੍ਹਾ ਹੋਣ ਲੱਗਾ। ਦਰਦ ਤਾਂ ਸੀ ਪਰ ਏਨਾ ਨਹੀਂ ਕਿ ਉਹ ਡਿਗ ਜਾਵੇ। ਸਿਪਾਹੀਆਂ ਨੇ ਉਸ ਨੂੰ ਚੁੱਕ ਕੇ ਸਹਾਰਾ ਦੇ ਕੇ ਕੁਝ ਕਦਮ ਤੋਰਿਆ, ਫਿਰ ਉਸ ਦੇ ਦੋਵੇਂ ਹੱਥ ਛੱਡ ਦਿੱਤੇ। ਕਮਰੇ ਦੇ ਇਕ ਖੂੰਜੇ 'ਚ ਇਕ ਮੇਜ਼ ਪਿਆ ਸੀ। ਉਸ ਦੇ ਇਕ ਪਾਸੇ ਇਕ ਕੁਰਸੀ ਅਤੇ ਦੂਜੇ ਪਾਸੇ ਦੋ ਕੁਰਸੀਆਂ ਰੱਖੀਆਂ ਹੋਈਆਂ ਸਨ। ਉਹ ਅਫ਼ਸਰ ਆਪਣੀ ਜਗ੍ਹਾ ਤੋਂ ਚੱਲ ਕੇ ਇਕ ਕੁਰਸੀ ਉੱਪਰ ਬੈਠ ਗਿਆ ਅਤੇ ਦੂਜੇ ਪਾਸੇ ਪਈਆਂ ਦੋ ਕੁਰਸੀਆਂ ਵੱਲ ਇਸ਼ਾਰਾ ਕੀਤਾ, "ਇੱਧਰ ਬੈਠ ਜਾਓ"। ਅਫ਼ਸਰ ਇਕਦਮ ਸ਼ੁੱਧ ਹਿੰਦੀ ਬੋਲ ਰਿਹਾ ਸੀ।

ਅਮਨ ਚੁੱਪਚਾਪ ਇਕ ਕੁਰਸੀ ਉੱਪਰ ਬੈਠ ਗਿਆ। ਉਸ ਅਫ਼ਸਰ ਨੇ ਇਕ ਸਿਪਾਹੀ ਨੂੰ ਇਸ਼ਾਰਾ ਕੀਤਾ ਜਿਸ ਨੇ ਉਸ ਦੇ ਅੱਗੇ ਇਕ ਫ਼ਾਈਲ ਰੱਖ ਦਿੱਤੀ। ਅਫ਼ਸਰ ਨੇ ਫ਼ਾਈਲ ਖੋਲ੍ਹ ਕੇ ਅਮਨ ਦੇ ਅੱਗੇ ਕਰ ਦਿੱਤੀ ਅਤੇ ਫਿਰ ਹਿੰਦੀ 'ਚ ਬੋਲਿਆ "ਯਹਾਂ ਸਾਈਨ ਕਰ ਦੋ।"

"ਯੇ ਕਿਆ ਹੈ?" ਹੋਸ਼ 'ਚ ਆਉਣ ਤੋਂ ਬਾਅਦ ਅਮਨ ਨੇ ਪਹਿਲੀ ਵਾਰ

ਆਪਣੀ ਜ਼ੁਬਾਨ ਖੋਲ੍ਹੀ ਸੀ। "ਕਿਆ ਲਿਖਾ ਹੈ ਇਸ ਮੇਂ ?" ਅਮਨ ਜਾਣ-ਬੁੱਝ ਕੇ ਹਿੰਦੀ 'ਚ ਗੱਲ ਕਰ ਰਿਹਾ ਸੀ। "ਮੈਨੇ ਕਿਆ ਕੀਯਾ ਹੈ ਔਰ ਆਪ ਲੋਕ ਐਸਾ ਕਿਓਂ ਕਰ ਰਹੇ ਹੋ। ਮੈਂ ਯੂਨੀਵਰਸਿਟੀ ਮੇਂ ਪੜਤਾ ਹੂੰ ਔਰ ਕਿਸੀ ਕੋ ਨਹੀਂ ਜਾਨਤਾ ਹੂੰ। ਮੈਂ ਯੇਹ ਪਹਲੇ ਹੀ ਬੋਲ ਚੁੱਕਾ ਹੂੰ।"

ਇਸ ਵਾਰ ਉਹ ਅਫ਼ਸਰ ਬਹੁਤ ਹੀ ਸਹਿਜ ਤਰੀਕੇ ਨਾਲ ਬੋਲਿਆ, "ਯੇ ਤੁਮਹਾਰੀ ਰਿਹਾਈ ਕੇ ਕਾਗਜ਼ ਹੈਂ। ਹਮ ਤੁਮਹੇਂ ਛੋੜ ਰਹੇ ਹੈਂ। ਬਾਹਰ ਤੁਮਹਾਰੀ ਯੂਨੀਵਰਸਿਟੀ ਸੇ ਲੇਨੇ ਆਏ ਹੈਂ। ਇਸ ਪਰ ਸਾਈਨ ਕਰੋ ਫਿਰ ਤੁਮ ਜਾ ਸਕਤੇ ਹੋ।" ਅਫ਼ਸਰ ਨੇ ਆਪਣੀ ਵਰਦੀ ਦੀ ਜੇਬ ਵਿੱਚੋਂ ਪੈੱਨ ਕੱਢ ਕੇ ਅਮਨ ਵੱਲ ਵਧਾ ਦਿੱਤਾ ਅਤੇ ਨਾਲ ਹੀ ਦਸਖ਼ਤ ਵਾਲੀ ਜਗ੍ਹਾ ਵੱਲ ਇਸ਼ਾਰਾ ਵੀ ਕੀਤਾ।

ਅਮਨ ਪਹਿਲਾਂ ਸਿੱਧਾ ਦਸਖ਼ਤ ਕਰਨ ਲੱਗਾ ਸੀ। ਫਿਰ ਹੱਥ ਰੋਕ ਕੇ ਉਸ ਨੂੰ ਪੰਜਾਬੀ 'ਚ ਲਿਖੀ ਹੋਈ ਇਬਾਰਤ ਪੜ੍ਹਨ ਦੀ ਇੱਛਾ ਜਾਗੀ। ਪਰ ਇਹ ਉਸ ਦੇ ਲਈ ਸੌਖਾ ਨਹੀਂ ਸੀ। ਪੰਜਾਬੀ ਪੜ੍ਹਨੀ ਉਸ ਨੂੰ ਆਉਂਦੀ ਜ਼ਰੂਰ ਸੀ ਪਰ ਉਸ ਨੂੰ ਸ਼ਬਦਾਂ ਦਾ ਪੂਰਾ ਗਿਆਨ ਨਹੀਂ ਸੀ। ਉਸ ਨੇ ਅਫ਼ਸਰ ਵੱਲ ਦੇਖਿਆ, ਫਿਰ ਪੁੱਛਿਆ, "ਲੇਕਿਨ ਇਸ ਮੇਂ ਕਿਆ ਲਿਖਾ ਹੈ ? ਮੁਝੇ ਯੇਹ ਪਤਾ ਤੋ ਹੋਨਾ ਚਾਹੀਏ ਨਾ।"

ਅਫ਼ਸਰ ਨੇ ਇਸ ਵਾਰ ਹਲਕੀ ਜਹੀ ਮੁਸਕਰਾਹਟ ਨਾਲ ਅਮਨ ਨੂੰ ਸਮਝਾਉਂਦੇ ਹੋਏ ਕਿਹਾ, "ਅਰੇ ਇਸ ਮੇਂ ਕੁਛ ਵੀ ਨਹੀਂ ਹੈ। ਪੁਲਸ ਵਾਲੇ ਤੁਮਹੇਂ ਛੋਟੀ ਸੀ ਅਵਹੇਲਨਾ ਕੇ ਜੁਰਮ ਮੇਂ ਥਾਨੇ ਲਾਏ, ਪੂਛਤਾਛ ਕੀ, ਤੁਮਹਾਰੀ ਪਹਿਚਾਨ ਦੀ ਪੁਸ਼ਟੀ ਹੂਈ ਅਤੇ ਤੁਮਹੇਂ ਛੋੜ ਰਹੇ ਹੈਂ। ਆਗੇ ਸੇ ਆਪ ਯੇਹ ਅਵਹੇਲਨਾ ਨਹੀਂ ਕਰੋਗੇ ਇਸ ਕੀ ਜ਼ਿੰਮੇਦਾਰੀ ਆਪਕੀ ਯੂਨੀਵਰਸਿਟੀ ਕੇ ਏਕ ਪ੍ਰੋਫੈਸਰ ਨੇ ਲੇ ਲੀ ਹੈ। ਅਬ ਇਸਕੇ ਆਗੇ ਜ਼ਿਆਦਾ ਸਵਾਲ-ਜਵਾਬ ਮੇਂ ਮਤ ਪੜੋ; ਅਪਨੀ ਪੜਾਈ ਪਰ ਧਿਆਨ ਦੋ। ਚਲੋ ਅਬ ਸਾਈਨ ਕਰ ਦੋ, ਵੈਸੇ ਭੀ ਦੇਰ ਹੋ ਰਹੀ ਹੈ ਔਰ ਉਧਰ ਤੁਮਹਾਰਾ ਇੰਤਜ਼ਾਰ ਹੋ ਰਹਾ ਹੈ।" ਅਜਿਹਾ ਕਹਿੰਦੇ ਹੋਏ ਅਫ਼ਸਰ ਆਪਣੀ ਕੁਰਸੀ ਤੋਂ ਖੜ੍ਹਾ ਹੀ ਹੋ ਗਿਆ।

ਅਮਨ ਨੇ ਵੀ ਜ਼ਿਆਦਾ ਪੁੱਛਣਾ ਮੁਨਾਸਿਬ ਨਾ ਸਮਝਿਆ ਅਤੇ ਉਸ ਨੇ ਪੈੱਨ ਲੈ ਕੇ ਇਸ਼ਾਰਾ ਕੀਤੀ ਜਗ੍ਹਾ ਉੱਪਰ ਦਸਖ਼ਤ ਕਰ ਦਿੱਤੇ। ਅਫ਼ਸਰ ਨੇ ਫ਼ਾਈਲ ਚੁੱਕੀ ਅਤੇ ਇਕ ਸਿਪਾਹੀ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ - "ਇਸ ਕੋ ਬਾਹਰ ਲੇ ਜਾਓ।" ਇਹ ਕਹਿ ਕੇ ਉਹ ਉਸ ਕਮਰੇ 'ਚੋਂ ਬਾਹਰ ਨਿਕਲ ਗਿਆ।

ਇਸ ਦੌਰਾਨ ਇਕ ਸਿਪਾਹੀ ਨੇ ਉਸ ਨੂੰ ਉਸ ਦੀ ਪੱਗ ਦੇ ਦਿੱਤੀ ਅਤੇ ਕਮਰੇ ਤੋਂ ਬਾਹਰ ਲੱਗੇ ਸ਼ੀਸ਼ੇ ਵੱਲ ਇਸ਼ਾਰਾ ਕੀਤਾ। ਅਮਨ ਨੇ ਜਿਵੇਂ-ਕਿਵੇਂ ਸਿਰ ਉੱਪਰ ਪੱਗ ਲਪੇਟੀ ਅਤੇ ਫਿਰ ਕਮਰੇ 'ਚ ਆ ਗਿਆ। ਇਕ ਸਿਪਾਹੀ ਨੇ ਉਸ ਨੂੰ ਉਸ ਦੇ ਜੋੜੇ ਅਤੇ ਜੈਕਟ ਵੀ ਦੇ ਦਿੱਤੇ ਜਿਨ੍ਹਾਂ ਨੂੰ ਪਹਿਨਦੇ ਹੋਏ ਅਮਨ ਨੇ ਦੂਰ ਖੜ੍ਹੇ ਸਿਪਾਹੀ ਵੱਲ ਦੇਖਿਆ। ਇਹ ਉਹੀ ਸੀ ਜਿਸ ਨੂੰ ਇਕ ਦਿਨ ਪਹਿਲਾਂ ਯੂਨੀਵਰਸਿਟੀ ਦੇ ਪ੍ਰੋਫੈਸਰ ਸਿੰਗਲਾ ਦਾ ਪਤਾ ਦਿੱਤਾ ਸੀ

ਅਤੇ ਸੀਟੂ ਨੂੰ ਵੀ ਖ਼ਬਰ ਦੇਣ ਲਈ ਕਿਹਾ ਸੀ। ਅਮਨ ਨੇ ਦੇਖਿਆ ਉਸ ਦੀਆਂ ਨਜ਼ਰਾਂ 'ਚ ਇਕ ਸੰਤੁਸ਼ਟੀ ਜਹੀ ਸੀ। ਪਰ ਉਸ ਦੀਆਂ ਅੱਖਾਂ ਕੁਝ ਵੀ ਜ਼ਿਕਰ ਨਾ ਕਰਨ ਦਾ ਸੰਦੇਸ਼ ਵੀ ਦੇ ਰਹੀਆਂ ਸਨ। ਕਿਉਂਕਿ ਉੱਥੇ ਹੋਰ ਵੀ ਕਈ ਸਿਪਾਹੀ ਸਨ ਇਸ ਲਈ ਉਹ ਚੁੱਪ ਰਿਹਾ। ਅਜੇ ਉਹ ਜੁੱਤੀ ਪਾ ਕੇ ਉੱਠ ਹੀ ਰਿਹਾ ਸੀ ਕਿ ਉਦੋਂ ਹੀ ਉਸ ਨੇ ਲੰਘੀ ਰਾਤ ਕੈਦਖ਼ਾਨੇ 'ਚ ਬੰਦ ਮਹਿੰਦਰ ਨੂੰ ਵੀ ਦੇਖਿਆ। ਉਹ ਵੀ ਉਸੇ ਕਮਰੇ ਦੇ ਬਾਹਰ ਖੜ੍ਹਾ ਸੀ ਅਤੇ ਉਸੇ ਅਫ਼ਸਰ ਨੂੰ ਹੱਥ ਜੋੜ ਕੇ ਉਨ੍ਹਾਂ ਦਾ ਧੰਨਵਾਦ ਕਰ ਰਿਹਾ ਸੀ। ਫਿਰ ਅਮਨ ਨੂੰ ਵੀ ਕਮਰੇ ਤੋਂ ਬਾਹਰ ਲਿਜਾਇਆ ਗਿਆ। ਹੁਣ ਚਾਰ ਸਿਪਾਹੀ ਉਸ ਨੂੰ ਅਤੇ ਮਹਿੰਦਰ ਨੂੰ ਲੈ ਕੇ ਬਾਹਰ ਵੱਲ ਚੱਲ ਪਏ। ਅਮਨ ਨੇ ਜਾਂਦੇ ਹੋਏ ਅਫ਼ਸਰ ਵੱਲ ਦੇਖਿਆ ਤਾਂ ਉਸ ਨੇ ਉਸ ਨੂੰ "ਥਮਸ ਅੱਪ" ਦਾ ਇਸ਼ਾਰਾ ਕੀਤਾ। ਅਮਨ ਨੇ ਵੀ ਧੰਨਵਾਦੀ ਨਜ਼ਰਾਂ ਨਾਲ ਉਸ ਦਾ ਸ਼ੁਕਰਾਨਾ ਕੀਤਾ।

ਅਮਨ ਤੇ ਮਹਿੰਦਰ ਨੂੰ ਲੈ ਕੇ ਸਿਪਾਹੀ ਸਿੱਧਾ ਉੱਥੋਂ ਬਾਹਰ ਵੱਲ ਆ ਗਏ। ਹਨੇਰਾ ਹੋ ਰਿਹਾ ਸੀ ਅਤੇ ਹਥਿਆਰਬੰਦ ਪੁਲਿਸ ਰਸਤੇ ਦੇ ਦੋਵੇਂ ਪਾਸੇ ਤਾਇਨਾਤ ਸੀ। ਦੋਹਾਂ ਨੂੰ ਇਕ ਜਿਪਸੀ ਵਿਚ ਬਿਠਾਇਆ ਗਿਆ ਜਿਸ ਵਿਚ ਕੁਝ ਸਿਪਾਹੀ ਪਹਿਲਾਂ ਹੀ ਬੈਠੇ ਸਨ। ਫਿਰ ਉਹ ਜਿਪਸੀ ਚੱਲ ਪਈ। ਕੋਈ ਵੀ ਕਿਸੇ ਨਾਲ ਗੱਲ ਨਹੀਂ ਕਰ ਰਿਹਾ ਸੀ। ਪੰਦਰਾਂ ਮਿੰਟ ਵਿਚ ਜਿਪਸੀ ਸ਼ਹਿਰ ਦੇ ਸੁੰਨਸਾਨ ਰਸਤਿਆਂ ਉੱਪਰ ਪਹੁੰਚ ਗਈ। ਫਿਰ ਉਹ ਪੁਰਾਣੇ ਸ਼ਹਿਰ ਦੇ ਇਕ ਥਾਣੇ ਦੇ ਬਾਹਰ ਰੁਕੀ ਜਿੱਥੇ ਮਹਿੰਦਰ ਨੂੰ ਉਤਰਨ ਲਈ ਕਿਹਾ ਗਿਆ। ਅੱਗੇ ਬੈਠੇ ਅਫ਼ਸਰ ਜਾਪਦੇ ਪੁਲਸੀਏ ਨੇ ਪਿੱਛੇ ਮੁੜਦੇ ਹੋਏ ਮਹਿੰਦਰ ਵੱਲ ਇਸ਼ਾਰਾ ਕਰਦੇ ਹੋਏ ਕਿਹਾ "ਜਾਓ ਸਰਦਾਰ ਜੀ, ਥੋਡਾ ਪਰਵਾਰ ਥੋਨੂ ਥਾਣੇ ਲੈਣ ਆਇਆ ਵੇ"। ਇਕ ਪੁਲਸੀਏ ਨੇ ਮਹਿੰਦਰ ਦੇ ਹੱਥ ਵਿਚ ਇਕ ਕਾਗਜ਼ ਜਿਹਾ ਫੜਾ ਦਿੱਤਾ ਅਤੇ ਉਸ ਨੂੰ ਜਿਪਸੀ 'ਚੋਂ ਉਤਾਰ ਦਿੱਤਾ। ਇਸ ਤੋਂ ਬਾਅਦ ਜਿਪਸੀ ਚੱਲ ਪਈ। ਪੰਦਰਾਂ ਮਿੰਟ ਹੋਰ ਲੱਗੇ ਅਤੇ ਜਿਪਸੀ ਯੂਨੀਵਰਸਿਟੀ ਦੇ ਮੇਨ ਗੇਟ ਦੇ ਬਾਹਰ ਸੀ। ਅਗਲੀ ਸੀਟ ਉੱਪਰ ਬੈਠੇ ਪੁਲਸੀਏ ਨੇ ਉੱਤਰ ਕੇ ਗਾਰਡ ਨਾਲ ਗੱਲ ਕੀਤੀ ਅਤੇ ਗੇਟ ਖੋਲ੍ਹ ਦਿੱਤਾ ਗਿਆ। ਫਿਰ ਜਿਪਸੀ ਸਿੱਧੀ ਇਕ ਅਧਿਕਾਰੀ ਦੇ ਘਰ ਅੱਗੇ ਰੁਕੀ। ਅਧਿਕਾਰੀ ਆਪਣੇ ਗੇਟ ਉੱਪਰ ਹੀ ਖੜ੍ਹਾ ਸੀ ਅਤੇ ਉਸ ਦੇ ਨਾਲ ਅਮਨ ਦੇ ਹੌਸਟਲ ਦਾ ਵਾਰਡਨ ਵੀ ਖੜ੍ਹਾ ਸੀ। ਪੁਲਸੀਏ ਨੇ ਉੱਤਰ ਕੇ ਉਸ ਅਧਿਕਾਰੀ ਨੂੰ ਇਕ ਪੇਪਰ ਫੜਾ ਦਿੱਤਾ ਅਤੇ ਨਾਲ ਹੀ ਅਮਨ ਨੂੰ ਉਤਰਨ ਦਾ ਇਸ਼ਾਰਾ ਕੀਤਾ। ਅਧਿਕਾਰੀ ਨੇ ਪੇਪਰ ਉੱਪਰ ਸਾਈਨ ਕੀਤੇ ਅਤੇ ਅਮਨ ਦਾ ਹੱਥ ਫੜ ਕੇ ਹਲਕਾ ਜਿਹਾ ਆਪਣੇ ਵੱਲ ਖਿਚਿਆ। ਇਸ ਤੋਂ ਬਾਅਦ ਅਫ਼ਸਰ ਨੇ ਅਧਿਕਾਰੀ ਨੂੰ ਉਸ ਪੇਪਰ ਦੀ ਇਕ ਕਾਪੀ ਦਿੱਤੀ ਅਤੇ ਕਿਹਾ, "ਮੁੰਡਿਆਂ ਨੂੰ ਸਾਂਭ ਕੇ ਰੱਖੋ। ਨਹੀਂ ਤਾਂ ਹਰ ਵਾਰ ਐਹੋ ਜਿਹਾ ਮੌਕਾ ਨਹੀਂ ਆਉਣ ਵਾਲਾ। ਹਾਲਾਤ ਬਹੁਤ ਖ਼ਰਾਬ ਨੇ ਅਤੇ ਸਾਡੇ 'ਤੇ ਵਾਧੂ ਪ੍ਰੈਸ਼ਰ ਹੈਗਾ।"

ਅਧਿਕਾਰੀ ਨੇ ਪੁਲਿਸ ਅਫ਼ਸਰ ਦਾ ਧੰਨਵਾਦ ਕਰਦੇ ਹੋਏ ਸੰਖੇਪ ਜਿਹਾ ਜਵਾਬ ਦਿੱਤਾ "ਥੈਂਕਯੂ ਜੀ। ਵੀ ਵਿਲ ਟੇਕ ਕੇਅਰ।"

ਇਸ ਤੋਂ ਬਾਅਦ ਪੁਲਿਸ ਅਫ਼ਸਰ ਆਪਣੀ ਹਿੱਕ ਚੌੜੀ ਕਰਦੇ ਹੋਏ ਜਿਪਸੀ ਵਿਚ ਬੈਠ ਗਿਆ ਅਤੇ ਸਾਰੇ ਸਿਪਾਹੀ ਵੀ ਪਿੱਛੇ ਬੈਠ ਗਏ। ਜਿਪਸੀ ਗੇਟ ਵੱਲ ਚਲੀ ਗਈ।

ਅਧਿਕਾਰੀ ਨੇ ਅਮਨ ਵੱਲ ਦੇਖਿਆ, ਫਿਰ ਬਹੁਤ ਹੀ ਲਗਾਓ ਨਾਲ ਪੁੱਛਿਆ, "ਤੂੰ ਠੀਕ ਏਂ?"

ਅਮਨ ਨੇ ਸਿਰਫ਼ ਹਾਮੀ ਹੀ ਭਰੀ। ਕਹਿਣਾ ਤਾਂ ਉਹ ਬਹੁਤ ਕੁਝ ਚਾਹੁੰਦਾ ਸੀ। ਪਰ ਉਹ ਇਸ ਅਧਿਕਾਰੀ ਬਾਰੇ ਕੁਝ ਵੀ ਨਹੀਂ ਜਾਣਦਾ ਸੀ। ਇਸ ਲਈ ਜ਼ਿਆਦਾ ਕੁਝ ਨਹੀਂ ਬੋਲਿਆ।

"ਠੀਕ ਹੈ! ਹੁਣ ਤੂੰ ਜਾ ਕੇ ਆਰਾਮ ਕਰ। ਕੱਲ੍ਹ ਸਵੇਰੇ ਵਾਈਸ ਚਾਂਸਲਰ ਸਾਹਬ ਦੇ ਦਫ਼ਤਰ ਆ ਜਾਈਂ।" ਫਿਰ ਉਹ ਵਾਰਡਨ ਨੂੰ ਮੁਖ਼ਾਤਿਬ ਹੋ ਕੇ ਬੋਲਿਆ, "ਗਿੱਲ ਸਾਹਬ ਏਹ ਨੂੰ ਲੈ ਜਾਓ। ਕੱਲ੍ਹ ਸਵੇਰੇ ਨੌਂ ਵਜੇ ਏਹ ਨੂੰ ਵੀ.ਸੀ. ਦਫ਼ਤਰ ਭੇਜ ਦਿਓ।"

ਵਾਰਡਨ ਨੇ ਹਾਮੀ ਭਰੀ "ਠੀਕ ਹੈ ਸਰ ਜੀ"। ਉਸ ਤੋਂ ਬਾਅਦ ਵਾਰਡਨ ਨੇ ਅਮਨ ਦਾ ਹੱਥ ਫੜਿਆ ਅਤੇ ਬੋਲਿਆ, "ਚੱਲ ਕਾਕੇ"।

ਅਮਨ ਚੁੱਪਚਾਪ ਵਾਰਡਨ ਦੇ ਨਾਲ ਚੱਲ ਪਿਆ। ਰਾਤ ਦੇ ਕਰੀਬ ਸਾਢੇ ਅੱਠ ਵੱਜ ਰਹੇ ਸਨ। ਦਿਨ ਦੇ ਸਮੇਂ ਯੂਨੀਵਰਸਿਟੀ ਦੇ ਇਨ੍ਹਾਂ ਰਸਤਿਆਂ ਉੱਪਰ ਕਾਫ਼ੀ ਗਹਿਮਾ-ਗਹਿਮੀ ਰਹਿੰਦੀ ਹੈ। ਹਰੇ-ਭਰੇ ਲਾਅਨ ਅਤੇ ਸੰਘਣੇ ਰੁਖ਼ਾਂ ਦਰਮਿਆਨ ਕਈ ਦਫ਼ਤਰ, ਕੰਟੀਨ, ਨਿੱਕੀ ਜਹੀ ਮਾਰਕੀਟ, ਲਾਇਬ੍ਰੇਰੀ ਅਤੇ ਉਸ ਦੇ ਪਿੱਛੇ ਮੁੰਡਿਆਂ ਦੇ ਹੌਸਟਲ ਦੀ ਕਤਾਰ। ਇਸ ਸਮੇਂ ਇਹ ਸਾਰੀਆਂ ਥਾਵਾਂ ਸੁੰਨਸਾਨ ਪਈਆਂ ਸਨ। ਸਿਰਫ਼ ਇਕ-ਦੋ ਚੌਕੀਦਾਰ ਹੀ ਦਿਸੇ। ਇਸ ਦੌਰਾਨ ਉਨ੍ਹਾਂ ਦਰਮਿਆਨ ਕੋਈ ਗੱਲ ਨਹੀਂ ਹੋਈ। ਹੌਸਟਲ ਪਹੁੰਚੇ ਤਾਂ ਵਾਰਡਨ ਪਹਿਲਾਂ ਉਸ ਨੂੰ ਆਪਣੇ ਘਰ 'ਚ ਹੀ ਬਣੇ ਆਫ਼ਿਸ ਵਿਚ ਲੈ ਗਿਆ। ਉਸ ਨੂੰ ਉੱਥੇ ਬੈਠਣ ਲਈ ਆਖ ਕੇ ਉਹ ਆਫ਼ਿਸ ਦੇ ਅੰਦਰੋਂ ਹੀ ਆਪਣੇ ਘਰ ਵਿਚ ਚਲਾ ਗਿਆ। ਥੋੜ੍ਹੇ ਚਿਰ ਬਾਅਦ ਉਹ ਗਰਮਾ-ਗਰਮ ਦੁੱਧ ਵਿਚ ਥੋੜ੍ਹੀ ਹਲਦੀ ਪਾ ਕੇ ਲੈ ਆਇਆ। ਉਸ ਦੇ ਪਿੱਛੇ ਉਸ ਦੀ ਘਰਵਾਲੀ ਵੀ ਆ ਗਈ ਜੋ ਕਿ ਯੂਨੀਵਰਸਿਟੀ ਵਿਚ ਹੀ ਪੜ੍ਹਾਉਂਦੀ ਸੀ। ਉਸ ਦੇ ਹੱਥਾਂ 'ਚ ਵੀ ਇਕ ਪਲੇਟ ਸੀ ਜਿਸ ਵਿਚ ਛੋਟੀਆਂ-ਛੋਟੀਆਂ ਚਾਰ ਪਿੰਨੀਆਂ ਸਨ।

"ਥੈਂਕ ਯੂ ਸਰ", ਅਮਨ ਨੇ ਹੱਥ ਵਿਚ ਗਿਲਾਸ ਲੈਂਦੇ ਹੋਏ ਕਿਹਾ। ਪਿੰਨੀਆਂ ਦੀ ਪਲੇਟ ਮੈਡਮ ਨੇ ਅਮਨ ਦੇ ਸਾਹਮਣੇ ਰੱਖਦੇ ਹੋਏ ਕਿਹਾ, "ਆਹ ਲੈ ਲੈ। ਦੀਜ਼ ਵਿਲ ਵੀ ਗੁੱਡ ਫਾਰ ਯੂ"। ਅਮਨ ਨੇ 'ਥੈਂਕ-ਯੂ' ਕਹਿੰਦੇ ਹੋਏ ਇਕ ਪਿੰਨੀ ਚੁੱਕ ਲਈ।

ਫਿਰ ਵਾਰਡਨ ਨੇ ਗੱਲ ਸ਼ੁਰੂ ਕੀਤੀ। "ਇਸ ਸਮੇਂ ਤੈਨੂੰ ਆਰਾਮ ਦੀ ਸਖ਼ਤ ਜ਼ਰੂਰਤ ਹੈ। ਮੈਂ ਸੀਟੂ ਨੂੰ ਬੁਲਾ ਲਿਆ ਹੈ। ਅੱਜ ਰਾਤ ਤੂੰ ਉਸ ਦੇ ਕਮਰੇ 'ਚ ਹੀ ਰਹਿਣਾ। ਯੂ ਸ਼ੁੱਡ ਥੈਂਕ ਹਿਮ। ਉਸੇ ਨੇ ਤੇਰੀ ਤਲਾਸ਼ ਕੀਤੀ ਅਤੇ ਸਮੇਂ ਸਿਰ ਵੀ.ਸੀ. ਸਾਹਬ ਨੂੰ ਵੀ ਇਤਲਾਹ ਦਿੱਤੀ।"

ਅਜੇ ਇਹ ਗੱਲ ਚੱਲ ਹੀ ਰਹੀ ਸੀ ਕਿ ਸੀਟੂ ਉੱਥੇ ਆ ਗਿਆ। ਸਭ ਤੋਂ ਪਹਿਲਾਂ

ਉਸ ਨੇ ਵਾਰਡਨ ਦੇ ਪੈਰੀਂ ਹੱਥ ਲਾਏ ਅਤੇ ਫਿਰ ਅਮਨ ਵੱਲ ਵਧਿਆ। ਜਿਉਂ ਹੀ ਅਮਨ ਆਪਣੀ ਕੁਰਸੀ ਛੱਡ ਕੇ ਖੜ੍ਹਾ ਹੋਇਆ, ਸੀਟੂ ਨੇ ਉਸ ਨੂੰ ਆਪਣੀਆਂ ਬਾਹਵਾਂ 'ਚ ਲੈ ਲਿਆ। ਅਮਨ ਨੇ ਉਸ ਦੀਆਂ ਅੱਖਾਂ 'ਚ ਵੀ ਸੰਤੁਸ਼ਟੀ ਦੇਖੀ ਜੋ ਉਸ ਨੇ ਸ਼ਾਮ ਨੂੰ ਉਸ ਥਾਣਾਨੁਮਾ ਤਸੀਹਾ ਕੇਂਦਰ ਵਿਚ ਉਸ ਪੁਲਸੀਏ ਦੀਆਂ ਅੱਖਾਂ 'ਚ ਦੇਖੀ ਸੀ ਜਿਸ ਨੇ ਅਮਨ ਦੀ ਮੱਦਦ ਕਰਨ ਦਾ ਵਾਅਦਾ ਕੀਤਾ ਸੀ।

"ਕੀ ਹਾਲ ਏ ਤੇਰਾ ਬਾਈ", ਸੀਟੂ ਦੀਆਂ ਬਾਹਵਾਂ ਨੇ ਅਜੇ ਵੀ ਅਮਨ ਨੂੰ ਕਲਾਵੇ 'ਚ ਲਿਆ ਹੋਇਆ ਸੀ। ਫਿਰ ਉਸ ਦੇ ਦੋਹਾਂ ਹੱਥਾਂ ਨੂੰ ਆਪਣੇ ਹੱਥਾਂ 'ਚ ਲੈ ਕੇ ਉਸ ਨੇ ਅਮਨ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਦੇਖਿਆ। ਥੋੜ੍ਹੇ ਪਲਾਂ 'ਚ ਹੀ ਉਸ ਦੀਆਂ ਨਜ਼ਰਾਂ ਅਮਨ ਦੇ ਚਿਹਰੇ ਦਾ ਮੁਆਇਨਾ ਕਰ ਰਹੀਆਂ ਸਨ। ਫਿਰ ਇਕ ਆਤਮਵਿਸ਼ਵਾਸ ਨਾਲ ਭਰਿਆ ਦਿਲਾਸਾ, "ਤਕੜਾ ਦਿਸ ਰਿਹਾਂ।"

"ਚੱਲ ਹੁਣ ਇਸ ਨੂੰ ਲੈ ਜਾ। ਰਾਤ ਭਰ ਆਰਾਮ ਕਰਨ ਦੇਣਾ। ਸਵੇਰੇ ਵੀ.ਸੀ. ਸਾਹਬ ਦੇ ਕੋਲ ਜਾਣਾ ਹੈ।" ਵਾਰਡਨ ਨੇ ਸੀਟੂ ਨੂੰ ਬਹੁਤ ਹੀ ਨਰਮ ਲਹਿਜ਼ੇ 'ਚ ਕਿਹਾ।

ਫਿਰ ਸੀਟੂ ਨੇ ਹਾਮੀ ਭਰਦੇ ਹੋਏ ਕਿਹਾ, "ਠੀਕ ਐ ਸਰ ਜੀ।" ਇਸ ਤੋਂ ਬਾਅਦ ਮੁੜ ਵਾਰਡਨ ਦੇ ਪੈਰੀਂ ਹੱਥ ਲਾਏ ਅਤੇ ਅਮਨ ਵੱਲ ਮੁੜਦੇ ਹੋਏ ਬੋਲਿਆ, "ਚੱਲ ਬਾਈ ਚੱਲੀਏ।"

ਹੁਣ ਤੱਕ ਅਮਨ ਸਿਰਫ਼ ਕਹੀਆਂ ਹੋਈਆਂ ਗੱਲਾਂ ਦਾ ਪਾਲਣ ਕਰ ਰਿਹਾ ਸੀ। ਅਜਿਹਾ ਨਹੀਂ ਸੀ ਕਿ ਉਸ ਦੇ ਦਿਮਾਗ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਥਕੇਵਾਂ ਤਾਂ ਜ਼ਰੂਰ ਸੀ ਪਰ ਉਸ ਦੇ ਮਨ ਵਿਚ ਇਕ ਜੱਦੋਜਹਿਦ ਵੀ ਚੱਲ ਰਹੀ ਸੀ। ਜਦੋਂ ਉਹ ਜੀਪ ਵਿਚ ਬੈਠ ਕੇ ਸ਼ਹਿਰ ਤੋਂ ਹੁੰਦੇ ਹੋਏ ਯੂਨੀਵਰਸਿਟੀ ਆ ਰਿਹਾ ਸੀ ਤਾਂ ਉਸ ਸਮੇਂ ਤੋਂ ਉਸ ਨੂੰ ਆਪਣੇ ਨਾਲ ਬੀਤੀਆਂ ਤਮਾਮ ਘਟਨਾਵਾਂ ਦਾ ਪੂਰੀ ਤਰ੍ਹਾਂ ਅਹਿਸਾਸ ਸੀ। ਫਿਰ ਜਦੋਂ ਉਹ ਵਾਰਡਨ ਦੇ ਨਾਲ ਹੌਸਟਲ ਵੱਲ ਆ ਰਿਹਾ ਸੀ ਤਾਂ ਉਸ ਸਮੇਂ ਉਸ ਨੂੰ ਅਹਿਸਾਸ ਹੋ ਚੁੱਕਾ ਸੀ ਕਿ ਉਹ ਮੌਤ ਦੇ ਮੂੰਹ 'ਚੋਂ ਬਚ ਨਿੱਕਲਿਆ ਹੈ। ਪਰ ਅਜੇ ਤੱਕ ਉਹ ਇਨ੍ਹਾਂ ਘਟਨਾਵਾਂ ਦਾ ਪੂਰੀ ਤਰ੍ਹਾਂ ਮੁਲਾਂਕਣ ਨਹੀਂ ਕਰ ਸਕਿਆ ਸੀ। ਅਜਿਹਾ ਇਸ ਲਈ ਵੀ ਸੀ ਕਿਉਂਕਿ ਉਸ ਨੂੰ ਇਨ੍ਹਾਂ ਘਟਨਾਵਾਂ ਬਾਰੇ ਸੋਚਣ ਦਾ ਨਾ ਸਮਾਂ ਮਿਲਿਆ ਸੀ ਅਤੇ ਨਾ ਹੀ ਮੌਕਾ।

ਹੁਣ ਜਦੋਂ ਸੀਟੂ ਨੇ ਉਸ ਨੂੰ ਚੱਲਣ ਲਈ ਕਿਹਾ ਤਾਂ ਉਸ ਨੇ ਵੀ ਵਾਰਡਨ ਸਾਹਬ ਦੇ ਪੈਰੀਂ ਹੱਥ ਲਾਇਆ। ਇਹ ਪਹਿਲੀ ਵਾਰ ਸੀ ਕਿ ਅਮਨ ਨੇ ਕਿਸੇ ਅਧਿਆਪਕ ਦੇ ਚਰਨ ਛੂਹੇ ਸਨ। ਉਸ ਨੇ ਦਿਲੋਂ ਆਦਰ ਨਾਲ ਅਜਿਹਾ ਕੀਤਾ ਸੀ। ਬਚਪਨ 'ਚ ਜਦੋਂ ਮਾਂ-ਬਾਪ ਨੇ ਉਸ ਨੂੰ ਸੰਗੀਤ ਸਿਖਾਉਣ ਲਈ ਇਕ ਗੁਰੂ ਨਾਲ ਗੱਲ ਕੀਤੀ ਸੀ ਤਾਂ ਪਹਿਲੀ ਵਾਰ ਉਸ ਨੇ ਅਜਿਹਾ ਕੀਤਾ ਸੀ। ਫਿਰ ਨਾ ਉਹ ਗੁਰੂ ਰਿਹਾ ਨਾ ਸੰਗੀਤ ਅਤੇ ਨਾ ਹੀ ਉਸ ਨੇ ਕਦੇ ਕਾਨਵੈਂਟ ਸਕੂਲ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਦੇ ਪੈਰੀਂ ਹੱਥ ਲਾਇਆ ਸੀ ਜਿਨ੍ਹਾਂ ਨੂੰ ਬੱਚੇ ਸਿਸਟਰ, ਮਦਰ, ਬ੍ਰਦਰ ਤੇ ਫਾਦਰ ਕਹਿ ਕੇ ਸੰਬੋਧਨ ਕਰਦੇ ਸਨ। ਉਨ੍ਹਾਂ ਦੇ ਨਾਲ ਤਾਂ

ਇਕ ਵੱਖਰੇ ਹੀ ਸੰਬੰਧ ਸਨ।

ਹੁਣ ਅਮਨ ਅਤੇ ਸੀਟੂ ਹੌਸਟਲ ਵੱਲ ਤੁਰ ਪਏ। ਥੋੜ੍ਹੀ ਦੂਰ ਚੱਲਣ ਤੋਂ ਬਾਅਦ ਅਮਨ ਨੇ ਸੀਟੂ ਨੂੰ ਫਿਰ ਕਲਾਵੇ 'ਚ ਲੈ ਲਿਆ ਅਤੇ ਫੁੱਟ-ਫੁੱਟ ਕੇ ਰੋਣ ਲੱਗਾ। ਉਸ ਦੇ ਮੂੰਹ 'ਚੋਂ ਕੋਈ ਸ਼ਬਦ ਨਹੀਂ ਨਿੱਕਲ ਰਹੇ ਸਨ। ਸੀਟੂ ਨੇ ਵੀ ਉਸ ਦਾ ਸਿਰ ਆਪਣੀ ਛਾਤੀ ਨਾਲ ਲਗਾ ਲਿਆ ਅਤੇ ਹੌਲੀ-ਹੌਲੀ ਉਸ ਦੀ ਪਿੱਠ ਉੱਪਰ ਹੱਥ ਫੇਰਨ ਲੱਗਾ। ਉਹ ਦੋਵੇਂ ਇਕ ਖੁੱਲ੍ਹੀ ਜਗ੍ਹਾ ਉੱਪਰ ਖੜ੍ਹੇ ਸਨ। ਚਾਰੇ ਪਾਸੇ ਸੰਨਾਟਾ ਸੀ ਅਤੇ ਇਸ ਠੰਡ ਦੇ ਮੌਸਮ ਵਿਚ ਵੀ ਸੀਟੂ ਨੂੰ ਗਲੇ ਲਗਾ ਕੇ ਅਮਨ ਨੂੰ ਅਜੀਬ ਜਿਹਾ ਨਿੱਘ ਮਹਿਸੂਸ ਹੋ ਰਿਹਾ ਸੀ। ਇਹ ਇਕ ਨਵੇਂ ਰਿਸ਼ਤੇ ਦਾ ਨਿੱਘ ਸੀ। ਦੰਗਿਆਂ ਤੋਂ ਲੈ ਕੇ ਹੁਣ ਤੱਕ ਦੀ ਸਮੁੱਚੀ ਜੱਦੋਜਹਿਦ ਦੌਰਾਨ ਅਜਿਹੀ ਅਪਣੱਤ ਅਮਨ ਨੂੰ ਪਹਿਲੀ ਵਾਰ ਮਹਿਸੂਸ ਹੋਈ ਸੀ। ਬਚਪਨ ਦੇ ਦੋਸਤਾਂ ਨਾਲ ਮਨ 'ਚ ਜੋ ਦੂਰੀ ਬਣ ਗਈ ਸੀ ਉਸ ਖਾਲੀਪਣ ਨੂੰ ਸੀਟੂ ਦੀ ਗਲਵੱਕੜੀ ਨੇ ਇਕ ਹਲਕਾ ਅਤੇ ਮਿੱਠਾ ਜਿਹਾ ਨਿੱਘ ਦਿੱਤਾ। ਥੋੜ੍ਹੇ ਪਲ ਬਾਅਦ ਹੀ ਅਮਨ ਨੇ ਆਪਣੀ ਪਿੱਠ ਉੱਪਰ ਇਕ ਹੋਰ ਹੱਥ ਮਹਿਸੂਸ ਕੀਤਾ। ਅਮਨ ਹੁਣ ਸੀਟੂ ਤੋਂ ਵੱਖ ਹੋਇਆ ਅਤੇ ਘੁੰਮ ਕੇ ਦੇਖਿਆ ਤਾਂ ਇਕ ਹੋਰ ਚਿਹਰਾ ਸਾਹਮਣੇ ਆਇਆ। ਉਸ ਚਿਹਰੇ ਨੂੰ ਉਸ ਨੇ ਪਹਿਲਾਂ ਵੀ ਕਈ ਵਾਰ ਦੇਖਿਆ ਸੀ। ਕਦੇ ਸੀਟੂ ਨਾਲ ਤੇ ਕਦੇ ਇਕੱਲੇ ਜਾਂ ਫਿਰ ਹੋਰਾਂ ਨਾਲ।

ਸੀਟੂ ਨੇ ਉਸੇ ਸਮੇਂ ਉਸ ਦਾ ਤੁਆਰਫ਼ ਕਰਾਇਆ, "ਏਹ ਸਲੀਮ ਹੈਗਾ। ਆਪਣਾ ਹੀ ਯਾਰ ਹੈ। ਆਪਣੇ ਕਮਰੇ ਦੇ ਨਾਲ ਹੀ ਰਹਿੰਦਾ।" ਇਸ ਤੋਂ ਬਾਅਦ ਸਲੀਮ ਨੇ ਵੀ ਅਮਨ ਨੂੰ ਓਨੀ ਹੀ ਅਪਣੱਤ ਨਾਲ ਜੱਫੀ ਪਾਈ ਜਿਸ ਨਾਲ ਅਮਨ ਨੂੰ ਕਾਫ਼ੀ ਹੱਦ ਤੱਕ ਸਨੇਹਪੂਰਨ ਮਹਿਸੂਸ ਹੋਇਆ। ਅੱਜ ਅਮਨ ਨੂੰ ਪੰਜਾਬ ਆਏ ਹੋਏ ਤਿੰਨ ਮਹੀਨੇ ਤੋਂ ਉੱਪਰ ਹੋ ਗਏ ਸਨ ਅਤੇ ਉਸ ਨੂੰ ਪਹਿਲੀ ਵਾਰ ਇਸ ਜਗ੍ਹਾ ਨਾਲ ਅਪਣੱਤ ਮਹਿਸੂਸ ਹੋ ਰਹੀ ਸੀ।

"ਚਲੋ ਭਾਈ ਕਮਰੇ 'ਚ ਚੱਲਦੇ ਹਾਂ। ਇੱਥੇ ਬਹੁਤ ਠੰਡ ਹੈ।" ਸਲੀਮ ਨੇ ਬਹੁਤ ਹੀ ਅਪਣੱਤ ਨਾਲ ਕਿਹਾ। ਭਾਸ਼ਾ ਤਾਂ ਹਿੰਦੀ ਸੀ ਪਰ ਲਹਿਜ਼ਾ ਉਰਦੂ ਸੀ।

ਉਹ ਤਿੰਨੋਂ ਇਕ ਛੋਟੇ ਰਸਤਿਓਂ ਹੋ ਕੇ ਹੌਸਟਲ 'ਚ ਚਲੇ ਗਏ। ਇਸ ਤੋਂ ਬਾਅਦ ਉਹ ਪੌੜੀਆਂ ਚੜ੍ਹ ਕੇ ਪਹਿਲੀ ਮੰਜ਼ਿਲ ਉੱਪਰ ਬਣੇ ਕੋਨੇ ਵਾਲੇ ਕਮਰੇ ਵਿਚ ਪਹੁੰਚ ਗਏ। ਕਮਰੇ 'ਚ ਪਹੁੰਚਦੇ ਹੀ ਅਮਨ ਨੇ ਸੀਟੂ ਅੱਗੇ ਨਹਾਉਣ ਦੀ ਇੱਛਾ ਜ਼ਾਹਿਰ ਕੀਤੀ। "ਠਹਿਰ ਜਾ! ਮੈਂ ਪਾਣੀ ਥੋੜ੍ਹਾ ਗਰਮ ਕਰਦਾ ਹਾਂ।" ਸਲੀਮ ਜਾ ਕੇ ਸਾਹਮਣੇ ਬਣੇ ਬਾਥਰੂਮ ਤੋਂ ਪਾਣੀ ਦੀ ਬਾਲਟੀ ਭਰ ਲਿਆਇਆ ਅਤੇ ਸੀਟੂ ਨੇ ਉਸ ਵਿਚ ਹੈਂਗਰ ਨਾਲ ਫਸਾ ਕੇ ਰਾਡ ਲਗਾ ਦਿੱਤੀ। ਜਦੋਂ ਤੱਕ ਪਾਣੀ ਗਰਮ ਹੋ ਰਿਹਾ ਸੀ ਸੀਟੂ ਨੇ ਆਪਣੀ ਅਲਮਾਰੀ 'ਚੋਂ ਨਵੇਂ ਅੰਡਰ-ਗਾਰਮੈਂਟਸ, ਨਾਲ ਹੀ ਇਕ ਫਰੈੱਸ਼ ਤੌਲੀਆ ਅਤੇ ਸਾਫ਼ ਪਜਾਮੇ ਕੁੜਤੇ ਦੇ ਨਾਲ ਇਕ ਵੱਡੀ ਸ਼ਾਲ ਵੀ ਅਮਨ ਨੂੰ ਦੇ ਦਿੱਤੀ।

ਉੱਧਰ ਅਮਨ ਆਪਣਾ ਸਿਰ ਦੀਵਾਰ ਨਾਲ ਟਿਕਾ ਕੇ ਚੁੱਪਚਾਪ ਲੰਮਾ ਪਿਆ ਰਿਹਾ। ਜਦੋਂ ਪਾਣੀ ਗਰਮ ਹੋ ਗਿਆ ਤਾਂ ਉਹ ਹੌਲੀ ਜਹੇ ਉੱਠ ਕੇ ਪਾਣੀ ਦੀ ਬਾਲਟੀ

ਚੁੱਕਣ ਲੱਗਾ। ਉਸ ਦੇ ਕਦਮ ਲੜਖੜਾ ਗਏ ਅਤੇ ਉਹ ਵਾਪਸ ਬਿਸਤਰੇ ਉੱਪਰ ਲੁੜਕ ਗਿਆ। ਸੀਟੂ ਨੇ ਉਸ ਨੂੰ ਤੁਰੰਤ ਸਹਾਰਾ ਦਿੱਤਾ ਅਤੇ ਬਹੁਤ ਹੀ ਪਿਆਰ ਨਾਲ ਕਿਹਾ "ਬਾਈ ਧਿਆਨ ਨਾਲ। ਫ਼ਿਕਰ ਨਾ ਕਰ, ਥੋੜ੍ਹੀ ਕਮਜ਼ੋਰੀ ਹੈਗੀ ਏ।" ਅਮਨ ਚੁੱਪਚਾਪ ਬਿਸਤਰੇ ਉੱਪਰ ਪਿਆ ਰਿਹਾ। ਇਸ ਦਰਮਿਆਨ ਅਮਨ ਨੇ ਇਕ ਰਜਾਈ ਉਹਦੇ ਉੱਤੇ ਪਾ ਦਿੱਤੀ। ਫਿਰ ਅਮਨ ਉੱਠ ਨਾ ਸਕਿਆ। ਦੋ ਦਿਨਾਂ ਦਾ ਥਕੇਵਾਂ, ਸਰੀਰਕ ਤੇ ਮਾਨਸਿਕ ਜਬਰ ਜੋ ਅਮਨ ਨੇ ਅਜੇ ਤੱਕ ਕਿਸੇ ਨਾਲ ਸਾਂਝਾ ਨਹੀਂ ਸੀ ਕੀਤਾ। ਪਰ ਹੁਣ ਸੀਟੂ ਦੇ ਪਿਆਰ ਦੀ ਗਰਮਾਇਸ਼ ਅਤੇ ਆਰਾਮਦਾਇਕ ਬਿਸਤਰੇ ਉੱਪਰ ਰਜਾਈ ਦੇ ਨਿੱਘ ਨੇ ਅਮਨ ਨੂੰ ਨੀਂਦ ਦੀ ਬੁੱਕਲ 'ਚ ਲੈ ਲਿਆ ਸੀ।

ਅਮਨ ਸਵੇਰੇ ਸੁਵੱਖਤੇ ਉੱਠਣ ਵਾਲਾ ਇਨਸਾਨ ਸੀ। ਸੂਰਜ ਚੜ੍ਹਨ ਤੋਂ ਪਹਿਲਾਂ ਹੀ ਉਸ ਦੀ ਨੀਂਦ ਖੁੱਲ੍ਹ ਜਾਂਦੀ ਸੀ। ਉਸ ਦੀ ਕੋਸ਼ਿਸ਼ ਹੁੰਦੀ ਸੀ ਕਿ ਉਹ ਚੜ੍ਹਦੇ ਹੋਏ ਸੂਰਜ ਨੂੰ ਦੇਖੇ। ਬਚਪਨ ਤੋਂ ਹੀ ਉਹ ਹਰ ਸਵੇਰ ਜਾਂ ਤਾਂ ਨਦੀ ਉੱਪਰ ਬਣੇ ਪੁਲ ਉੱਪਰ ਖੜ੍ਹ ਕੇ ਸਵੇਰ ਦੇ ਸੂਰਜ ਨੂੰ ਨਿਹਾਰਦਾ ਸੀ ਜਾਂ ਫਿਰ ਆਪਣੇ ਘਰ ਦੀ ਤੀਸਰੀ ਮੰਜ਼ਿਲ ਦੀ ਛੱਤ ਉੱਪਰ ਖੜ੍ਹਕੇ ਇਕ ਕੱਪ ਚਾਹ ਦੀਆਂ ਚੁਸਕੀਆਂ ਨਾਲ ਸੂਰਜ 'ਚੋਂ ਨਿਕਲ ਰਹੀਆਂ ਕਿਰਨਾਂ ਨੂੰ ਆਪਣੇ ਚਿਹਰੇ ਉੱਪਰ ਮਹਿਸੂਸ ਕਰਦਾ ਸੀ। ਪਰ ਪੰਜਾਬ ਆਉਣ ਤੋਂ ਬਾਅਦ ਸੂਰਜ ਨੂੰ ਨਿਹਾਰਨ ਦਾ ਮੌਕਾ ਤਕਰੀਬਨ ਖ਼ਤਮ ਹੋ ਗਿਆ ਸੀ। ਪਰ ਉਸ ਦੀ ਨੀਂਦ ਸਵੇਰੇ ਸਾਝਰੇ ਹੀ ਖੁੱਲ੍ਹ ਜਾਂਦੀ ਸੀ। ਉਸ ਦਿਨ ਵੀ ਅਜਿਹਾ ਹੀ ਹੋਇਆ। ਕਮਰੇ ਦੇ ਅੰਦਰ ਅਤੇ ਬਾਹਰ ਅਜੇ ਹਨੇਰਾ ਸੀ ਪਰ ਪੰਛੀਆਂ ਨੇ ਚਹਿਕਣਾ ਸ਼ੁਰੂ ਕਰ ਦਿੱਤਾ ਸੀ। ਹੌਸਟਲ ਦੇ ਪਿੱਛੇ ਦੂਰ-ਦੂਰ ਤੱਕ ਖੇਤ ਸਨ ਜਿੱਥੋਂ ਦੀ ਹਲਚਲ ਵੀ ਸਵੇਰ ਹੋਣ ਦਾ ਐਲਾਨ ਕਰ ਰਹੀ ਸੀ। ਅਮਨ ਨੇ ਉੱਠਣਾ ਚਾਹਿਆ ਪਰ ਫਿਰ ਉਸੇ ਤਰ੍ਹਾਂ ਪਿਆ ਰਿਹਾ। ਖੱਬੀ ਬਾਂਹ ਨਾਲ ਆਪਣੀਆਂ ਅੱਖਾਂ ਢਕ ਕੇ ਲੰਮਾ ਪਿਆ ਰਿਹਾ। ਦੰਗਿਆਂ ਤੋਂ ਲੈ ਕੇ ਹੁਣ ਤੱਕ ਦੀ ਜ਼ਿੰਦਗੀ ਦੇ ਬਾਰੇ ਸੋਚਦਾ ਰਿਹਾ। ਉਸ ਨੂੰ ਆਪਣਾ ਪਰਿਵਾਰ ਵੀ ਚੇਤੇ ਆ ਰਿਹਾ ਸੀ। ਉਹ ਪਹਿਲੀ ਵਾਰ ਰਮਨ ਤੋਂ ਐਨੇ ਦਿਨ ਦੂਰ ਰਿਹਾ ਸੀ। ਤਿੰਨ ਮਹੀਨੇ ਤੋਂ ਉੱਪਰ ਹੋ ਗਏ ਸਨ ਉਹ ਆਪਣੇ ਪਰਿਵਾਰ ਤੋਂ ਦੂਰ ਸੀ। ਹੁਣ ਇਹ ਵਿਛੋੜਾ ਉਸ ਨੂੰ ਬੇਚੈਨ ਕਰ ਰਿਹਾ ਸੀ।

ਥੋੜ੍ਹੇ ਚਿਰ ਬਾਅਦ ਕੱਲ੍ਹ ਦੀ ਘਟਨਾ ਉਸ ਦੇ ਦਿਮਾਗ 'ਚ ਵਿਚਰਨ ਲੱਗੀ। ਕਮਾਂਡਰ ਦੇ ਬੇਕਿਰਕ ਤਸੀਹੇ, ਉਸ ਦੇ ਸਰੀਰ ਦਾ ਕੋਹਿਆ ਜਾਣਾ ਅਤੇ ਫਿਰ ਇਕ ਹਨੇਰਾ। ਕੀ ਹੋਇਆ ਸੀ ? ਜਦੋਂ ਹੋਸ਼ ਆਈ ਤਾਂ ਸਭ ਬਦਲ ਕਿਵੇਂ ਗਿਆ ? ਕੀ ਸੀਟੂ ਨੂੰ ਖ਼ਬਰ ਉਸ ਪੁਲਸੀਏ ਨੇ ਦਿੱਤੀ। ਜਾਂ ਫਿਰ ਸੀਟੂ ਨੇ ਉਸ ਨੂੰ ਪੁਲਿਸ ਦੀ ਜਿਪਸੀ ਵਿਚ ਦੇਖ ਲਿਆ ਸੀ ? ਅਤੇ ਜੇ ਅਜਿਹਾ ਨਾ ਹੁੰਦਾ ਤਾਂ ਕੀ ਹੁੰਦਾ ? ਉਸ ਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਮੌਤ ਦੇ ਮੂੰਹ 'ਚੋਂ ਵਾਪਸ ਆਇਆ ਹੋਵੇ।

ਇਸ ਪਲ ਅਮਨ ਨੂੰ ਉਹ ਦੋਸਤ ਵੀ ਚੇਤੇ ਆ ਰਹੇ ਸਨ ਜਿਨ੍ਹਾਂ ਨਾਲ ਉਸ ਦਾ ਬਚਪਨ ਬੀਤਿਆ ਸੀ। ਬਾਹਰਵੀਂ ਦੇ ਇਮਤਿਹਾਨ ਅਤੇ ਕਾਲਜ ਵਿਚ ਪੈਰ ਧਰਨ ਤੋਂ

ਬਾਅਦ ਉਸ ਨੂੰ ਉਨ੍ਹਾਂ ਨਵੇਂ ਦੋਸਤਾਂ ਦੀ ਵੀ ਯਾਦ ਆ ਰਹੀ ਸੀ ਜਿਨ੍ਹਾਂ ਨਾਲ ਉਹ ਆਪਣੀ ਆਉਣ ਵਾਲੀ ਜ਼ਿੰਦਗੀ ਦੇ ਉਦੇਸ਼ ਬਾਰੇ ਚਰਚਾ ਦੇ ਨਾਲ-ਨਾਲ ਵੱਖ-ਵੱਖ ਸਮਾਜਿਕ ਅਤੇ ਵਿਦਿਅਕ ਸਰਗਰਮੀਆਂ ਵਿਚ ਹਿੱਸਾ ਲੈਂਦਾ ਸੀ। ਕੁਝ ਦੋਸਤ ਅਜਿਹੇ ਵੀ ਸਨ ਜਿਨ੍ਹਾਂ ਦੇ ਜ਼ਰੀਏ ਉਸ ਦੀ ਜਾਣ-ਪਛਾਣ ਵੀਡੀਓ ਦੇ ਰੂਪ ਵਿਚ ਅੰਗਰੇਜ਼ੀ ਅਤੇ ਭਾਰਤੀ ਕਲਾ ਫਿਲਮਾਂ ਨਾਲ ਵੀ ਹੋਈ। ਅਤੇ ਉਸ ਦੇ ਬਚਪਨ ਦੇ ਪਲੇਠੇ ਪਿਆਰ ਵਰਗਾ ਵੀ ਕੁਝ ਸ਼ੁਰੂ ਹੋਇਆ ਸੀ ਜਿਸ ਦੌਰਾਨ ਦੋਸਤੀ ਅਤੇ ਫਿਰ ਦੰਗਾ ਹੋ ਗਿਆ।

ਇਸ ਦੌਰਾਨ ਕੁਝ ਅਜਿਹੇ ਦੋਸਤ ਵੀ ਬਣੇ ਜੋ ਭਾਰਤ ਦੀ ਅਧੂਰੀ ਆਜ਼ਾਦੀ ਅਤੇ ਨਕਸਲਵਾਦ ਦੀਆਂ ਗੱਲਾਂ ਵੀ ਕਰਦੇ ਸਨ। ਉਸ ਨੂੰ ਪਹਿਲੀ ਵਾਰ ਕੁਝ ਅਜਿਹਾ ਸਾਹਿਤ ਪੜ੍ਹਨ ਦਾ ਮੌਕਾ ਵੀ ਮਿਲਿਆ ਜਿਸ ਦੇ ਮੁਤਾਬਿਕ ਸਮਾਜਵਾਦੀ ਇਨਕਲਾਬ ਹੀ ਇਨਸਾਨ ਨੂੰ ਬਰਾਬਰੀ ਦਾ ਹੱਕ ਦੇ ਸਕਦਾ ਹੈ। ਇਹ ਇਕ ਅਜਿਹੇ ਸਮਾਜ ਦਾ ਮੂਲ ਮੰਤਰ ਹੈ ਜਿਸ ਨਾਲ ਸਮਾਜ ਵਿਚ ਸਮਾਜਿਕ ਅਤੇ ਆਰਥਕ ਬਰਾਬਰੀ ਦਾ ਨਿਰਮਾਣ ਹੁੰਦਾ ਹੈ। ਦੁਨੀਆ ਦੇ ਸਾਰੇ ਦੇਸ਼ਾਂ ਦਾ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿੱਚੋਂ ਦੀ ਗੁਜ਼ਰਦਿਆਂ ਇਨਕਲਾਬ ਦੇ ਜ਼ਰੀਏ ਸਮਾਜਵਾਦ ਦੇ ਪੜਾਅ 'ਚ ਪਹੁੰਚਣਾ ਲੱਗਭੱਗ ਤੈਅ ਹੈ। ਕਈ ਦੇਸ਼ ਇਸ ਪੜਾਅ 'ਚ ਪਹੁੰਚ ਚੁੱਕੇ ਹਨ। ਇਸ ਪ੍ਰਸੰਗ 'ਚ ਉਸ ਨੂੰ ਮੈਕਸਿਮ ਗੋਰਕੀ ਦੀ 'ਮਾਂ' ਅਤੇ ਆਸਤਰੋਵਸਕੀ ਦੀ 'ਅਸਲੀ ਇਨਸਾਨ ਦੀ ਕਹਾਣੀ' ਵੀ ਪੜ੍ਹਨ ਨੂੰ ਮਿਲੀ। ਇਨ੍ਹਾਂ ਦੋਹਾਂ ਕਿਤਾਬਾਂ ਵਿਚ ਪਾਵੇਲ ਦੇ ਕਿਰਦਾਰ ਨੇ ਉਸ ਨੂੰ ਥੋੜ੍ਹਾ ਬੇਚੈਨ ਵੀ ਕੀਤਾ। ਉਹ ਸਮਾਜਵਾਦ ਦੀ ਤੁਲਨਾ ਗੁਰੂ ਨਾਨਕ ਦੁਆਰਾ ਦਿਖਾਏ ਰਾਹ – ਮਿਹਨਤ ਦੀ ਕਮਾਈ ਅਤੇ ਕਮਾਈ ਦੇ ਹਿੱਸੇ ਨਾਲ ਸੇਵਾ ਦੀ ਭਾਵਨਾ - ਨਾਲ ਵੀ ਕਰਨ ਲੱਗ ਪਿਆ ਸੀ। ਇਸੇ ਦੌਰਾਨ ਬਲਰਾਜ ਸਾਹਨੀ, ਸ਼ਬਾਨਾ ਆਜ਼ਮੀ, ਨਸੀਰੂਦੀਨ ਅਤੇ ਸਮਿਤਾ ਪਾਟਿਲ ਦੀਆਂ ਕਈ ਫਿਲਮਾਂ ਨੇ ਉਸ ਦੇ ਮਨ ਉੱਪਰ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ ਸੀ। ਪਰ ਉਸੇ ਸਮੇਂ ਦੰਗਿਆਂ ਨੇ ਉਸ ਦੀ ਜ਼ਿੰਦਗੀ ਦੀ ਦਿਸ਼ਾ ਹੀ ਬਦਲ ਦਿੱਤੀ। ਜਦੋਂ ਉਹ ਇਨ੍ਹਾਂ ਖ਼ਿਆਲਾਂ ਵਿਚ ਗੁਆਚਿਆ ਹੋਇਆ ਸੀ ਤਾਂ ਅਲਾਰਮ ਦੀ ਘੰਟੀ ਵੱਜੀ ਅਤੇ ਕਮਰੇ 'ਚ ਦੂਜੇ ਬਿਸਤਰੇ ਉੱਪਰ ਸੁੱਤੇ ਪਏ ਸੀਟੂ ਨੇ ਉੱਠ ਕੇ ਅਲਾਰਮ ਬੰਦ ਕਰ ਦਿੱਤਾ। ਥੋੜ੍ਹਾ ਚਿਰ ਸ਼ਾਂਤੀ ਰਹੀ। ਫਿਰ ਸੀਟੂ ਨੇ ਉੱਠ ਕੇ ਕਮਰੇ ਦੀ ਬੱਤੀ ਜਗਾ ਦਿੱਤੀ।

ਇਸ ਦਰਮਿਆਨ ਅਮਨ ਨੇ ਵੀ ਅੱਖਾਂ ਖੋਲ੍ਹ ਲਈਆਂ ਅਤੇ ਹੁਣ ਉਹ ਆਪਣੇ ਪੁਰਾਣੇ ਸ਼ਹਿਰ ਦੇ ਖ਼ਿਆਲਾਂ 'ਚੋਂ ਨਿਕਲਕੇ ਪੰਜਾਬ ਦੀ ਯੂਨੀਵਰਸਿਟੀ ਦੇ ਹੋਸਟਲ ਵਿਚ ਆ ਗਿਆ ਸੀ। ਸੀਟੂ ਨੇ ਅਮਨ ਵੱਲ ਦੇਖਿਆ ਅਤੇ ਮੁਸਕਰਾ ਪਿਆ। ਸੀਟੂ ਜਦੋਂ ਹੱਸਦਾ ਸੀ ਤਾਂ ਉਸ ਦੀ ਗੱਲ੍ਹ ਉੱਪਰ ਬਹੁਤ ਹੀ ਪਿਆਰਾ ਅਤੇ ਨਿੱਕਾ ਜਿਹਾ ਟੋਆ ਪੈ ਜਾਂਦਾ ਸੀ ਜਿਸ ਨਾਲ ਉਸ ਦੇ ਚਿਹਰੇ ਉੱਪਰ ਇਕ ਅਜੀਬ ਜਿਹਾ ਸੰਮੋਹਣ ਪੈਦਾ ਹੋ ਜਾਂਦਾ ਸੀ। ਉਸ ਦੀ ਸ਼ਕਲ ਵੀ ਜ਼ਿਆਦਾਤਰ ਅਮਨ ਦੇ ਪੁਰਾਣੇ ਅਤੇ ਪਿੱਛੇ ਰਹਿ ਗਏ ਦੋਸਤ ਬਿਨੈ ਨਾਲ ਮਿਲਦੀ-ਜੁਲਦੀ ਸੀ। ਇਹ ਪਹਿਲਾ ਮੌਕਾ ਸੀ ਜਦੋਂ ਅਮਨ ਸੀਟੂ ਦੇ ਏਨਾ ਕਰੀਬ ਸੀ ਅਤੇ

ਏਨਾ ਨੇੜਿਓਂ ਉਸ ਨੂੰ ਦੇਖ ਰਿਹਾ ਸੀ। ਉਹ ਸਿਰਫ਼ ਕਦੇ-ਕਦਾਈਂ ਮਿਲਦੇ ਸਨ ਉਹ ਵੀ ਥੋੜ੍ਹੇ ਸਮੇਂ ਲਈ। ਉਨ੍ਹਾਂ ਦਰਮਿਆਨ ਸਿਰਫ਼ ਕਿੰਨੇ ਹੀ ਮੁੱਦਿਆਂ ਉੱਪਰ ਗੱਲਾਂ ਅਤੇ ਥੋੜ੍ਹੀ ਬਹੁਤ ਬਹਿਸ ਜਾਂ ਚਰਚਾ ਹੀ ਹੁੰਦੀ ਸੀ। ਇਹ ਸੱਚ ਹੈ ਕਿ ਸੀਟੂ ਨੂੰ ਅਮਨ ਦਾ ਦਲਬੀਰ ਨਾਲ ਮਿਲਣਾ-ਜੁਲਣਾ ਅਤੇ ਜ਼ਿਆਦਾ ਸਮਾਂ ਗੁਜ਼ਾਰਨਾ ਪਸੰਦ ਨਹੀਂ ਸੀ।

"ਹਾਂਜੀ ਕਿਵੇਂ ਲੱਗ ਰਿਹੈ ? ਨੀਂਦ ਪੂਰੀ ਹੋ ਗਈ ?" ਸੀਟੂ ਨੇ ਆਪਣੀ ਮੁਸਕਰਾਹਟ ਬਰਕਰਾਰ ਰੱਖਦੇ ਹੋਏ ਅਮਨ ਨੂੰ ਬਹੁਤ ਹੀ ਪਿਆਰ ਨਾਲ ਪੁੱਛਿਆ।

ਥੋੜ੍ਹਾ ਚਿਰ ਅਮਨ ਉਸੇ ਤਰ੍ਹਾਂ ਸ਼ਾਂਤ ਭਾਵ ਨਾਲ ਸੀਟੂ ਨੂੰ ਨਿਹਾਰਦਾ ਰਿਹਾ। ਫਿਰ ਸਹਿਜ ਨਾਲ ਉੱਠ ਕੇ ਬੈਠਣ ਲੱਗਾ। ਸੀਟੂ ਨੇ ਉਸ ਨੂੰ ਥੋੜ੍ਹਾ ਜਿਹਾ ਸਹਾਰਾ ਦਿੱਤਾ, ਫਿਰ ਉਸ ਦੇ ਕੋਲ ਬੈਠ ਗਿਆ। ਅਮਨ ਨੇ ਵੀ ਸੀਟੂ ਦੇ ਹੱਥਾਂ ਨੂੰ ਆਪਣੇ ਹੱਥ 'ਚ ਲੈ ਕੇ ਬਹੁਤ ਹੀ ਪਿਆਰ ਨਾਲ ਕਿਹਾ, "ਚੰਗਾ ਲੱਗ ਰਿਹੈ।"

"ਗੁੱਡ, ਮੈਂ ਥੱਲਿਓਂ ਚਾਹ ਲੈ ਕੇ ਆਉਂਦਾ। ਆਪਾਂ ਨਾਸ਼ਤਾ ਵੀ ਏਥੇ ਕਮਰੇ 'ਚ ਮੰਗਵਾ ਲਵਾਂਗੇ। ਫੇਰ ਵੀ.ਸੀ. ਦਫ਼ਤਰ ਚੱਲਦੇ ਹਾਂ।" ਏਨਾ ਕਹਿ ਕੇ ਸੀਟੂ ਉੱਠਣ ਲੱਗਾ।

ਅਮਨ ਨੇ ਸੀਟੂ ਦੀ ਬਾਂਹ ਫੜਕੇ ਉਸ ਨੂੰ ਬੈਠੇ ਰਹਿਣ ਦਾ ਇਸ਼ਾਰਾ ਕਰਦੇ ਹੋਏ ਕਿਹਾ, "ਇਕ ਗੱਲ ਦੱਸੀਂ ਸੀਟੂ। ਵੀ.ਸੀ. ਸਾਹਬ ਨੂੰ ਮੇਰੀ ਖ਼ਬਰ ਕਿਵੇਂ ਲੱਗੀ। ਤੁਸੀਂ ਜਾਂ ਹੋਰ ਕੋਈ ਵੀ ਸੀਗਾ ?"

"ਮੈਂ ਤੈਨੂੰ ਪੁਲਿਸ ਦੀ ਜਿਪਸੀ 'ਚ ਦੇਖ ਲਿਆ ਸੀ।" ਸੀਟੂ ਨੇ ਬਹੁਤ ਹੀ ਧੀਰਜ ਨਾਲ ਅਮਨ ਦੇ ਸਵਾਲ ਦਾ ਜਵਾਬ ਦਿੱਤਾ। "ਫੇਰ ਸਿੰਗਲਾ ਸਾਹਬ ਨੂੰ ਕਿਸੇ ਰਾਹੀਂ ਫ਼ੋਨ 'ਤੇ ਖ਼ਬਰ ਮਿਲ ਗਈ ਸੀ। ਉਸ ਬੰਦੇ ਨੇ ਆਪਣਾ ਨਾਮ ਨਹੀਂ ਦੱਸਿਆ ਸੀ। ਸਿਰਫ਼ ਏਨਾ ਹੀ ਕਿਹਾ ਸੀ ਕਿ ਖ਼ਬਰ ਪੱਕੀ ਹੈ ਅਤੇ ਜੋ ਵੀ ਕਰਨਾ ਹੈ, ਛੇਤੀ ਕਰ ਲੈਣਾ।"

ਥੋੜ੍ਹਾ ਚਿਰ ਦੋਵੇਂ ਚੁੱਪ ਰਹੇ। ਉਸ ਤੋਂ ਬਾਅਦ ਸੀਟੂ ਅਮਨ ਦੇ ਮੋਢੇ 'ਤੇ ਹੱਥ ਧਰ ਕੇ ਬੋਲਿਆ। "ਜੋ ਵੀ ਹੋਇਆ ਓਹ ਨਹੀਂ ਸੀ ਹੋਣਾ ਚਾਹੀਦਾ। ਸ਼ਾਇਦ ਪੁਲਿਸ ਨੂੰ ਕੋਈ ਭੁਲੇਖਾ ਸੀ ਤੇਰੇ ਬਾਰੇ।"

ਅਮਨ ਨੂੰ ਪਤਾ ਨਹੀਂ ਸੀ ਕਿ ਸੀਟੂ ਨੂੰ ਉਸ ਉੱਪਰ ਹੋਏ ਤਸ਼ੱਦਦ ਬਾਰੇ ਪਤਾ ਹੈ ਜਾਂ ਨਹੀਂ। ਅਮਨ ਨੇ ਸਿਰਫ਼ ਏਨਾ ਹੀ ਕਿਹਾ, "ਯਾਰ ਸੀਟੂ, ਮੈਂ ਕੁਝ ਦਿਨਾਂ ਲਈ ਘਰ ਜਾਣਾ ਚਾਹੁੰਦਾ ਹਾਂ। ਆਪਣੇ ਮੰਮੀ ਪਾਪਾ ਦੇ ਕੋਲ।"

"ਠੀਕ ਹੈ। ਟਰਮ ਵੀ ਤਾਂ ਹੁਣ ਪੂਰਾ ਹੋ ਗਿਆ ਹੈ। ਪੇਪਰ ਦੇਣ ਆ ਜਾਈਂ। ਅੱਜ ਵੀ.ਸੀ. ਤੋਂ ਪੁੱਛ ਲਈਂ। ਚਲੋ ਹੁਣ ਤਿਆਰ ਹੁੰਦੇ ਹਾਂ। ਮੈਂ ਚਾਹ ਤੇ ਨਾਸ਼ਤਾ ਉੱਤੇ ਹੀ ਲੈ ਆਉਣ ਵਾਸਤੇ ਕਹਿ ਦਿੰਦਾ ਹਾਂ।" ਸੀਟੂ ਇਹ ਕਹਿ ਕੇ ਕਮਰੇ ਤੋਂ ਬਾਹਰ ਚਲਾ ਗਿਆ।

# 3. ਦੰਗਈ ਤੇ ਦੋਸਤ

ਅਮਨ ਦੇ ਵੱਡੇ ਭਰਾ ਕਰਨ ਨੇ ਚੰਡੀਗੜ੍ਹ ਦੇ ਉੱਪਨਗਰ ਮੋਹਾਲੀ ਨੂੰ ਆਪਣਾ ਨਵਾਂ ਸ਼ਹਿਰ ਚੁਣਿਆ ਸੀ। ਅਮਨ ਨੇ ਵੀ ਉੱਥੇ ਚੰਡੀਗੜ੍ਹ ਦੇ ਇਕ ਕਾਲਜ ਵਿਚ ਦਾਖ਼ਲਾ ਲੈ ਲਿਆ ਸੀ। ਨਵੇਂ ਕਾਲਜ ਅਤੇ ਨਵੇਂ ਸ਼ਹਿਰ ਦੇ ਫ਼ੈਸਲੇ ਲੈਣ ਦਰਮਿਆਨ ਮਹੀਨਿਆਂ ਦਾ ਫ਼ਾਸਲਾ ਨਹੀਂ ਸੀ। ਅਮਨ ਦੀ ਪੜ੍ਹਾਈ ਦੇ ਵੀ ਲੱਗਭੱਗ ਦੋ ਸਾਲ ਖ਼ਰਾਬ ਹੋ ਗਏ ਸਨ। ਪਿਛਲੀ ਯੂਨੀਵਰਸਿਟੀ ਵਿਚ ਪੜ੍ਹਾਈ ਦੌਰਾਨ ਵਾਪਰੀ ਘਟਨਾ ਨਾਲ ਨਵੇਂ ਸ਼ਹਿਰ ਦੇ ਕਾਲਜ ਦੇ ਸਫ਼ਰ 'ਚ ਅਮਨ ਦੀ ਜ਼ਿੰਦਗੀ ਦੀ ਸੋਚ ਵਿਚ ਵੀ ਇਕ ਮਹੱਤਵਪੂਰਨ ਤਬਦੀਲੀ ਆ ਗਈ ਸੀ। ਅਮਨ ਦੀਆਂ ਭਾਵਨਾਵਾਂ ਉੱਪਰ ਹੁਣ ਤਰਕ ਆਪਣੀ ਜਗ੍ਹਾ ਬਣਾ ਰਿਹਾ ਸੀ। ਉਹ ਭਾਵੁਕ ਤਾਂ ਹੁਣ ਵੀ ਸੀ, ਪਰ ਹੁਣ ਉਸਨੇ ਜ਼ਿੰਦਗੀ ਦੀਆਂ ਘਟਨਾਵਾਂ ਦੇ ਵਿਸ਼ਲੇਸ਼ਣ ਵਿਚ ਉਸ ਦੇ ਕਾਰਨਾਂ ਅਤੇ ਹਾਲਤਾਂ ਨੂੰ ਮਹੱਤਵ ਦੇਣਾ ਸ਼ੁਰੂ ਕਰ ਦਿੱਤਾ ਸੀ। ਇਹ ਤਬਦੀਲੀ ਖ਼ੁਦ-ਬਖ਼ੁਦ ਨਹੀਂ ਆਈ ਸੀ। ਇਸ ਦੇ ਪਿੱਛੇ ਵੀ ਹਾਲਤਾਂ ਸਨ ਅਤੇ ਇਸ ਦਾ ਮੁੱਖ ਨਾਇਕ ਸੁਖਦੇਵ ਸੀ। ਸੁਖਦੇਵ ਜੋ ਅਮਨ ਦੇ ਚਾਚੇ ਦਾ ਮੁੰਡਾ ਹੀ ਨਹੀਂ ਸਗੋਂ ਉਸ ਦੀਆਂ ਮੁਸ਼ਕਲ ਹਾਲਤਾਂ 'ਚ ਇਕ ਰਾਹ-ਦਸੇਰਾ ਬਣਕੇ ਆਇਆ ਸੀ। ਸੁਖਦੇਵ ਨੇ ਅਮਨ ਦੀ ਜ਼ਿੰਦਗੀ ਦੀ ਧਾਰਾ ਹੀ ਨਹੀਂ ਬਦਲੀ, ਉਸ ਨੂੰ ਡੁੱਬਣੋਂ ਵੀ ਬਚਾਇਆ ਸੀ।

ਪੰਜਾਬ ਦੀ ਯੂਨੀਵਰਸਿਟੀ ਵਿਚ ਵਾਪਰੀ ਘਟਨਾ ਤੋਂ ਬਾਅਦ ਅਮਨ ਆਪਣੇ ਮਾਤਾ-ਪਿਤਾ ਨੂੰ ਮਿਲਣਾ ਚਾਹੁੰਦਾ ਸੀ। ਸੀਟੂ ਦੇ ਆਖੇ ਅਨੁਸਾਰ ਵੀ.ਸੀ. ਨਾਲ ਮੀਟਿੰਗ ਦੌਰਾਨ ਉਸ ਨੇ ਇਸ ਗੱਲ ਦਾ ਜ਼ਿਕਰ ਕੀਤਾ ਅਤੇ ਇਜਾਜ਼ਤ ਲੈ ਕੇ ਆਪਣੇ ਪੁਰਾਣੇ ਸ਼ਹਿਰ ਨੂੰ ਰਵਾਨਾ ਹੋ ਗਿਆ। ਪੂਰੇ ਪੰਜ ਮਹੀਨੇ ਬਾਅਦ ਉਹ ਮੁੜ ਸ਼ਹਿਰ ਨੂੰ ਪਰਤ ਰਿਹਾ ਸੀ। ਮਨ ਵਿਚ ਇਕ ਅਜੀਬ ਜਹੀ ਖਿੱਚ ਸੀ। ਸ਼ਹਿਰ ਦੇ ਪ੍ਰਤੀ ਉਸ ਦਾ ਪਿਆਰ ਲੱਗਭੱਗ ਖ਼ਤਮ ਹੋ ਗਿਆ ਸੀ। ਜਿਉਂ-ਜਿਉਂ ਉਸ ਦੀ ਟਰੇਨ ਪੱਟੜੀਆਂ ਉੱਪਰ ਖਟ-ਖਟ ਦੀ ਆਵਾਜ਼ ਨਾਲ ਚੱਲ ਰਹੀ ਸੀ ਅਮਨ ਦਾ ਦਿਲ ਉਸ ਤੋਂ ਵੀ ਜ਼ਿਆਦਾ ਤੇਜ਼ੀ ਨਾਲ ਧੜਕ ਰਿਹਾ ਸੀ। ਸਫ਼ਰ ਲੰਮਾ ਸੀ। ਪੂਰਾ ਦਿਨ ਤੇ ਫਿਰ ਪੂਰੀ ਰਾਤ। ਇਸ ਦੌਰਾਨ ਉਸ ਦਾ ਆਪਣੇ ਫ਼ੈਸਲੇ ਉੱਪਰੋਂ ਭਰੋਸਾ ਵਾਰ-ਵਾਰ ਟੁੱਟ ਰਿਹਾ ਸੀ। ਉਹ ਸ਼ਹਿਰ ਕਿਉਂ ਜਾ ਰਿਹਾ ਹੈ ? ਉਹ ਆਪਣੇ ਭਰਾਵਾਂ ਕੋਲ ਵੀ ਤਾਂ ਜਾ ਸਕਦਾ ਸੀ ਜੋ ਉਦੋਂ ਪੰਜਾਬ ਵਿਚ ਹੀ ਸਨ ਅਤੇ ਆਪਣੇ ਕੰਮ ਦੇ ਸਿਲਸਿਲੇ 'ਚ ਪੰਜਾਬ ਦੇ ਸ਼ਹਿਰਾਂ ਦਾ ਮੁਆਇਨਾ ਕਰ ਰਹੇ ਸਨ। ਭਾਵਨਾਵਾਂ ਦੇ ਵਹਿਣ 'ਚ ਵਹਿ ਕੇ ਚੁੱਕਿਆ ਗਿਆ ਉਸ ਦਾ ਇਹ ਕਦਮ ਟਰੇਨ ਦੇ ਸਫ਼ਰ ਨਾਲ ਡਾਵਾਂਡੋਲ ਹੋ ਰਿਹਾ ਸੀ। ਮਾਤਾ-ਪਿਤਾ ਨੂੰ ਮਿਲਣ ਦੀ ਚਾਹਤ ਹੁਣ ਫਿੱਕੀ ਪੈ ਰਹੀ ਸੀ ਅਤੇ ਸ਼ਹਿਰ ਤੋਂ ਅਰੁਚੀ ਵਧ ਰਹੀ ਸੀ। ਉਸ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਹ ਇਕ ਅਜਨਬੀ ਹੈ ਜੋ ਅਣਮੰਨੇ ਮਨ

ਨਾਲ ਸ਼ਹਿਰ ਨੂੰ ਜਾ ਰਿਹਾ ਹੈ।

ਜਦੋਂ ਉਹ ਘਰ ਪੁੱਜਾ ਤਾਂ ਉਸ ਦੇ ਪਿਤਾ ਜੀ ਨੂੰ ਥੋੜ੍ਹੀ ਹੈਰਾਨੀ ਹੋਈ ਸੀ। ਜਦੋਂ ਪੜ੍ਹਾਈ ਬਾਰੇ ਪੁੱਛਿਆ ਤਾਂ ਉਸ ਨੇ ਇਹੀ ਕਿਹਾ ਕਿ ਠੀਕ ਚੱਲ ਰਹੀ ਹੈ। ਪਰ ਕੋਈ ਖ਼ਾਸ ਗੱਲਾਂ ਨਾ ਹੋ ਸਕੀਆਂ। ਪਿਤਾ ਜੀ ਨੇ ਵੀ ਕੰਮ ਘਟਾ ਦਿੱਤਾ ਸੀ। ਕਿਉਂਕਿ ਸ਼ਹਿਰ ਦਾ ਮਾਹੌਲ ਅਜੇ ਵੀ ਦੰਗਿਆਂ ਦੇ ਅਸਰ 'ਚੋਂ ਪੂਰੀ ਤਰ੍ਹਾਂ ਨਿਕਲ ਨਹੀਂ ਸਕਿਆ ਸੀ। ਸਿੱਖ ਪਰਿਵਾਰਾਂ ਦੀ ਹਿਜ਼ਰਤ ਜਾਰੀ ਸੀ। ਅਮਨ ਦੇ ਮਿੱਤਰ ਉਸ ਨੂੰ ਮਿਲੇ ਜ਼ਰੂਰ ਸਨ ਪਰ ਪਹਿਲਾਂ ਵਾਲੀ ਗੱਲ ਨਹੀਂ ਸੀ। ਅਮਨ ਦਾ ਆਪਣਾ ਹੀ ਦਿਲ ਉਨ੍ਹਾਂ ਨੂੰ ਮਿਲਣ ਲਈ ਰੁਚਿਤ ਨਹੀਂ ਸੀ। ਉਹ ਸਾਰਾ ਦਿਨ ਘਰ ਵਿਚ ਹੀ ਪਿਆ ਰਹਿੰਦਾ ਸੀ। ਨਾ ਸਵੇਰ ਦੀ ਸੈਰ ਅਤੇ ਨਾ ਹੀ ਛੱਤ ਉੱਪਰ ਜਾ ਕੇ ਚੜ੍ਹਦੇ ਸੂਰਜ ਦਾ ਨਿੱਘ ਲੈਣ ਦੀ ਇੱਛਾ ਸੀ। ਉਹ ਚੁੱਪਚਾਪ ਆਪਣੇ ਕਮਰੇ 'ਚ ਪਿਆ ਰਹਿੰਦਾ ਜਾਂ ਪੜ੍ਹਨ ਦੀ ਕੋਸ਼ਿਸ਼ ਕਰਦਾ। ਕਿਤਾਬਾਂ ਤੋਂ ਉਸ ਦਾ ਮਨ ਲੱਗਭੱਗ ਉਚਾਟ ਹੋ ਚੁੱਕਾ ਸੀ। ਪੰਜਾਬ ਦੀ ਘਟਨਾ ਉਸ ਨੇ ਆਪਣੇ ਪਿਤਾ ਜੀ ਨਾਲ ਸਾਂਝੀ ਨਹੀਂ ਕੀਤੀ ਅਤੇ ਨਾ ਹੀ ਉਸ ਨੂੰ ਇਹ ਸਹੀ ਪ੍ਰਸੰਗ 'ਚ ਸਮਝ ਹੀ ਆ ਰਹੀ ਸੀ। ਉਹ ਤਾਂ ਬਸ ਆਪਣੇ ਮਨ 'ਚ ਘੁਟਣ ਜਹੀ ਮਹਿਸੂਸ ਕਰ ਰਿਹਾ ਸੀ। ਤੇ ਉਦੋਂ ਹੀ ਉਸ ਦੀ ਮੁਲਾਕਾਤ ਸੁਖਦੇਵ ਨਾਲ ਹੋਈ।

ਸੁਖਦੇਵ ਅਮਨ ਦੇ ਵੱਡੇ ਤਾਇਆ ਜੀ ਦਾ ਸਭ ਤੋਂ ਛੋਟਾ ਮੁੰਡਾ ਸੀ। ਤਾਏ, ਚਾਚਿਆਂ ਅਤੇ ਭੂਆ ਦੇ ਬੱਚਿਆਂ ਨੂੰ ਮਿਲਾ ਕੇ ਅਮਨ ਦਾ ਪਰਿਵਾਰ ਵਾਹਵਾ ਵੱਡਾ ਸੀ। ਆਪਣੇ ਸਕੇ ਭਰਾਵਾਂ ਨੂੰ ਛੱਡ ਕੇ ਅਮਨ ਦਾ ਹੋਰ ਭਰਾਵਾਂ ਨਾਲ ਮੇਲ-ਜੋਲ ਬਹੁਤ ਘੱਟ ਸੀ। ਇਸ ਦਾ ਮੁੱਖ ਕਾਰਨ ਇਕ ਤਾਂ ਉਨ੍ਹਾਂ 'ਚ ਉਮਰ ਦਾ ਪਾੜਾ ਸੀ। ਸਾਰੇ ਉਸ ਤੋਂ ਵੱਡੇ ਹੀ ਸੀ। ਕੁਝ ਵੱਡੇ ਭਰਾ ਤਾਂ ਅਜਿਹੇ ਵੀ ਸਨ ਜੋ ਅਮਨ ਦੇ ਪਿਤਾ ਜੀ ਨਾਲ ਬਹਿੰਦੇ ਉੱਠਦੇ ਸਨ। ਇੱਕੋ ਤਰ੍ਹਾਂ ਦਾ ਵਪਾਰ ਜਿਸ ਵਿਚ ਉਨ੍ਹਾਂ ਦਾ ਨਿੱਤ ਦਾ ਮੇਲਜੋਲ। ਸੁਖਦੇਵ ਵੀ ਉਨ੍ਹਾਂ 'ਚੋਂ ਹੀ ਸੀ। ਉਮਰ 'ਚ ਉਹ ਅਮਨ ਤੋਂ ਲੱਗਭੱਗ ਦਸ ਸਾਲ ਵੱਡਾ ਸੀ ਪਰ ਸੱਤ ਭਰਾਵਾਂ 'ਚੋਂ ਸਭ ਤੋਂ ਛੋਟਾ। ਅਮਨ ਜਦੋਂ ਪੰਜਵੀਂ ਜਮਾਤ ਵਿਚ ਸੀ ਤਾਂ ਸੁਖਦੇਵ ਅਤੇ ਉਸ ਦੇ ਇਕ ਸਾਲ ਵੱਡੇ ਭਰਾ ਨੇ ਕਾਲਜ ਵਿਚ ਦਾਖ਼ਲਾ ਲੈ ਲਿਆ ਸੀ। ਕਿਉਂਕਿ ਸਿੱਖ ਪਰਿਵਾਰਾਂ ਦੇ ਬੱਚੇ ਜ਼ਿਆਦਾਤਰ ਪਰਿਵਾਰਕ ਕਾਰੋਬਾਰ 'ਚ ਹੀ ਸ਼ਾਮਿਲ ਹੁੰਦੇ ਸਨ, ਸੁਖਦੇਵ ਦੇ ਵੀ ਤਕਰੀਬਨ ਸਾਰੇ ਭਰਾ ਸ਼ਹਿਰ ਵਿਚ ਹੀ ਰਹਿੰਦੇ ਸਨ ਅਤੇ ਆਪਣੇ ਪਿਤਾ ਨਾਲ ਕਾਰੋਬਾਰ 'ਚ ਹੱਥ ਵਟਾਉਂਦੇ ਸਨ। ਸੁਖਦੇਵ ਅਤੇ ਉਸ ਦੇ ਵੱਡੇ ਭਰਾ ਨੇ ਕਾਲਜ ਵਿਚ ਦਾਖ਼ਲਾ ਲਿਆ ਜ਼ਰੂਰ ਸੀ ਪਰ ਇਕ ਦੋ ਸਾਲ 'ਚ ਹੀ ਉਨ੍ਹਾਂ ਨੇ ਪੜ੍ਹਾਈ ਨਾਲੋਂ ਨਾਤਾ ਤੋੜ ਲਿਆ ਸੀ। ਇਸ ਦਾ ਇਕ ਕਾਰਨ ਉਸ ਸਮੇਂ ਦੀ ਬਦਲਦੀ ਰਾਜਨੀਤੀ ਵੀ ਸੀ। ਐਮਰਜੈਂਸੀ ਦੌਰਾਨ ਸ਼ਹਿਰ ਦੇ ਕਾਲਜ ਵਿਚ ਰਾਜਨੀਤੀ ਨੇ ਬਹੁਤ ਹੀ ਤੇਜ਼ੀ ਨਾਲ ਪ੍ਰਵੇਸ਼ ਕੀਤਾ। ਜੈ ਪ੍ਰਕਾਸ਼ ਨਰਾਇਣ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨ ਵਿਚ ਬਿਹਾਰ ਦੇ ਕਈ ਨੌਜਵਾਨਾਂ ਨੇ ਖੁੱਲ੍ਹ ਕੇ ਹਿੱਸਾ ਲਿਆ। ਸੁਖਦੇਵ ਅਤੇ ਉਸ ਦੇ ਭਰਾ ਪਹਿਲਾਂ ਤੋਂ ਹੀ ਕਾਲਜ ਵਿਚ ਪੜ੍ਹਾਈ ਤੋਂ ਇਲਾਵਾ

ਹੋਰ ਸਰਗਰਮੀਆਂ 'ਚ ਜ਼ਿਆਦਾ ਰੁਚੀ ਰੱਖਦੇ ਸਨ, ਜਿਵੇਂ ਹੀਰੋਗਿਰੀ, ਦਿਖਾਵਾ, ਮੋਟਰਸਾਈਕਲ ਅਤੇ ਧਿਆਨ ਖਿੱਚਣ ਦੀ ਲਾਲਸਾ ਉਨ੍ਹਾਂ ਦੀ ਜ਼ਿੰਦਗੀ ਸੀ। ਅੰਦੋਲਨ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ 'ਚ ਵੀ ਇਹੀ ਮਨੋਰਥ ਸੀ। ਨਾਲ ਹੀ ਕਾਲਜ ਵਿਚ ਜ਼ਿਆਦਾ ਤਾਂ ਨਹੀਂ ਪਰ ਕੁੜੀਆਂ ਵੀ ਸਨ। ਜਮਾਤਾਂ 'ਚ ਜਾ ਕੇ ਵਿਦਿਆਰਥੀਆਂ ਨੂੰ ਜਮਾਤਾਂ ਦੇ ਬਾਈਕਾਟ ਦਾ ਭਾਸ਼ਣ ਦੇ ਕੇ ਉਹ ਆਪਣੇ-ਆਪ ਨੂੰ ਕਾਲਜ ਦਾ ਹੀਰੋ ਅਤੇ ਆਗੂ ਸਮਝਦੇ ਸਨ। ਉਨ੍ਹਾਂ ਦੀ ਰੁਚੀ ਰਾਜਨੀਤੀ ਨਾਲੋਂ ਆਗੂਆਂ 'ਚ ਜ਼ਿਆਦਾ ਸੀ। ਇਸ ਤੋਂ ਇਲਾਵਾ ਸੁਖਦੇਵ ਅਤੇ ਉਸ ਦੇ ਭਰਾ ਦਾ ਆਪਣੇ ਮੁਹੱਲੇ 'ਚ ਵੀ ਥੋੜ੍ਹਾ ਬਹੁਤ ਰਸੂਖ਼ ਤਾਂ ਹੈ ਹੀ ਸੀ।

ਐਮਰਜੈਂਸੀ ਤੋਂ ਬਾਅਦ ਨਵੀਂ ਸਰਕਾਰ ਦਾ ਬਣਨਾ ਅਤੇ ਕਾਲਜ ਦੇ ਇਮਤਿਹਾਨ ਦੇ ਨਤੀਜੇ 'ਚ ਦੋਹਾਂ ਭਰਾਵਾਂ ਦੀ ਅਸਫ਼ਲਤਾ ਨੇ ਉਨ੍ਹਾਂ ਨੂੰ ਕਾਰੋਬਾਰ ਵਿਚ ਧੱਕ ਦਿੱਤਾ। ਪਹਿਲਾਂ ਤਾਂ ਉਹ ਆਪਣੇ ਪਿਤਾ ਜੀ ਦੇ ਕਾਰੋਬਾਰ 'ਚ ਸਿਖਲਾਈ ਲੈਣ ਲੱਗੇ। ਇੱਥੇ ਹੀ ਸੁਖਦੇਵ ਨੂੰ ਅਸਲੀ ਜ਼ਿੰਦਗੀ ਦੀਆਂ ਦੋਚਿੱਤੀਆਂ ਦਾ ਸਾਹਮਣਾ ਕਰਨਾ ਪਿਆ। ਜੋ ਕਾਰੋਬਾਰ ਸਿੱਧਾ-ਸਿੱਧਾ ਹੋ ਸਕਦਾ ਹੈ ਉਸ ਵਿਚ ਟੇਢੇਪਣ ਦੀ ਕੀ ਜ਼ਰੂਰਤ ? ਦਸ ਦੀ ਖ਼ਰੀਦ ਨੂੰ ਵੀਹ 'ਚ ਵੇਚਣਾ ਜਾਂ ਫਿਰ ਸੌ ਨਾਲ ਦੋ ਸੌ ਕਮਾਉਣ ਵਿਚ ਤਾਂ ਉਸ ਨੂੰ ਕਾਰੋਬਾਰ ਦੀ ਆਰਥਿਕਤਾ ਸਮਝ ਆਉਂਦੀ ਸੀ। ਪਰ ਦਸ ਨੂੰ ਪੰਜਾਹ ਦਾ ਦੱਸ ਕੇ ਸੱਠ 'ਚ ਵੇਚਣ ਨੂੰ ਉਹ ਕਾਰੋਬਾਰ ਨਹੀਂ ਠੱਗੀ ਸਮਝਦਾ ਸੀ। ਤੇ ਇਸ ਦੇ ਲਈ ਉਹ ਆਪਣੇ ਮਨ ਨੂੰ ਸਮਝਾਉਣ 'ਚ ਕਾਮਯਾਬ ਨਹੀਂ ਹੋ ਰਿਹਾ ਸੀ। ਪਿਤਾ ਜੀ ਨਾਲ ਉਸ ਦਾ ਪੇਚਾ ਪੈ ਗਿਆ ਕਿ ਜਦੋਂ ਮੁਨਾਫ਼ਾ ਮਿਲ ਰਿਹਾ ਹੈ ਤਾਂ ਠੱਗੀ ਚੋਰੀ ਕਿਉਂ ? ਪਿਤਾ ਜੀ ਦਾ ਕਹਿਣਾ ਸੀ ਕਿ ਤੂੰ ਏਸ ਧੰਦੇ 'ਚ ਕਾਮਯਾਬ ਨਹੀਂ ਹੋ ਸਕਦਾ। ਫਿਰ ਉਸ ਦੇ ਲਈ ਇਕ ਵੱਖਰਾ ਮੋਟਰ ਪਾਰਟਸ ਦਾ ਕਾਰੋਬਾਰ ਖੋਲ੍ਹਿਆ ਗਿਆ ਜਿਸ ਵਿਚ ਥੋੜ੍ਹੀ ਛੋਟ ਤਾਂ ਸੀ ਪਰ ਪਿਤਾ ਜੀ ਨਾਲ ਇੱਥੇ ਵੀ ਮੱਤਭੇਦ ਸੀ। ਪੂਰਾ ਦਿਨ ਉਹ ਦੁਕਾਨ 'ਚ ਬੈਠਦਾ, ਈਮਾਨਦਾਰੀ ਦੇ ਚਾਰ ਪੈਸੇ ਵੀ ਕਮਾਉਂਦਾ ਪਰ ਪਿਤਾ ਜੀ ਨੂੰ ਲੱਗਦਾ ਕਿ ਹੋਰ ਲੋਕ ਇਸ ਧੰਦੇ ਵਿਚ ਚਾਰ ਗੁਣਾਂ ਕਮਾਉਂਦੇ ਹਨ ਅਤੇ ਉਸ ਦੇ ਬੇਟੇ ਦੀ ਕਮਾਈ ਤਾਂ ਸਿਰਫ਼ ਦਾਲ-ਰੋਟੀ ਹੀ ਦੇ ਸਕੇਗੀ। ਹੋਰ ਭਰਾਵਾਂ ਵਾਂਗ ਉਨ੍ਹਾਂ ਦਾ ਇਹ ਬੇਟਾ ਆਪਣੀ ਕਾਰ ਕੋਠੀ ਨਹੀਂ ਬਣਾ ਸਕਦਾ।

ਇਸ ਦੌਰਾਨ ਸੁਖਦੇਵ ਦਾ ਕਾਲਜ ਦੇ ਪੁਰਾਣੇ ਮਿੱਤਰਾਂ ਨਾਲ ਸੰਪਰਕ ਬਣਿਆ ਰਿਹਾ। ਉਨ੍ਹਾਂ ਵਿੱਚੋਂ ਕੁਝ ਅਜਿਹੇ ਵੀ ਸਨ ਜੋ ਜੇ.ਪੀ. ਅੰਦੋਲਨ ਤੋਂ ਹੁੰਦੇ ਹੋਏ ਜਮਾਤੀ ਸੰਘਰਸ਼, ਜ਼ਮੀਨੀ ਲੜਾਈ, ਜਾਤੀ ਮੁਕਤੀ ਦੀ ਰਾਜਨੀਤੀ ਦੀ ਵੀ ਸਮਝ ਬਣਾ ਰਹੇ ਸਨ। ਉਨ੍ਹਾਂ ਦੇ ਲਈ ਭਾਰਤ ਦੀ ਆਜ਼ਾਦੀ ਅਜੇ ਪੂਰੀ ਨਹੀਂ ਹੋਈ ਸੀ ਅਤੇ ਉਹ ਭਗਤ ਸਿੰਘ ਵੱਲੋਂ ਦਰਸਾਏ ਸਮਾਜਵਾਦੀ ਸਮਾਜ ਨੂੰ ਹੀ ਪੂਰਨ ਆਜ਼ਾਦੀ ਮੰਨਦੇ ਸਨ। ਇਹ ਉਹ ਦੋਸਤ ਸਨ ਜੋ ਆਪਣੇ ਆਪਣੇ ਮੁਹੱਲੇ ਦੀਆਂ ਸੱਭਿਆਚਾਰਕ ਸੰਸਥਾਵਾਂ ਅਤੇ ਕਲੱਬਾਂ ਦੇ ਮੈਂਬਰ ਹੀ ਨਹੀਂ ਸਗੋਂ ਅਹੁਦੇਦਾਰ ਵੀ ਸਨ। ਦੁਰਗਾ ਪੂਜਾ, ਸਰਸਵਤੀ ਪੂਜਾ ਅਤੇ ਛਠ ਵਰਗੇ

ਤਿਓਹਾਰ 'ਚ ਇਨ੍ਹਾਂ ਸੰਸਥਾਵਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਸੀ। ਸੁਖਦੇਵ ਵੀ ਇਨ੍ਹਾਂ ਮਿੱਤਰਾਂ ਨਾਲ ਇਨ੍ਹਾਂ ਪ੍ਰੋਗਰਾਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦਾ ਸੀ। ਇਨ੍ਹਾਂ ਮਿੱਤਰਾਂ ਜ਼ਰੀਏ ਉਹ ਕੁਝ ਅਜਿਹੇ ਲੋਕਾਂ ਦੇ ਸੰਪਰਕ 'ਚ ਆਇਆ ਜਿਨ੍ਹਾਂ ਨੇ ਉਸ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਇਸ ਟੀਚੇ 'ਚ ਉਹ ਆਪਣੀ ਭੂਮਿਕਾ ਵੀ ਦੇਖਣ ਲੱਗਾ। ਹੁਣ ਉਸ ਦਾ ਧਿਆਨ ਆਪਣੇ ਕਾਰੋਬਾਰ ਨਾਲੋਂ ਜ਼ਿਆਦਾ ਜ਼ਿੰਦਗੀ ਦੀ ਇਸ ਨਵੀਂ ਧਾਰਾ 'ਚ ਵਗਣਾ ਸ਼ੁਰੂ ਹੋ ਗਿਆ। ਕ੍ਰਾਈਮ ਥ੍ਰਿਲਰ, ਫੰਤਾਸੀ ਅਤੇ ਐਕਸ਼ਨ ਨਾਲ ਭਰਪੂਰ ਕਿਤਾਬਾਂ ਦੀ ਜਗ੍ਹਾ ਗ਼ੁਲਾਮਦਾਰੀ ਪ੍ਰਥਾ ਤੋਂ ਮੁਕਤੀ ਅਤੇ ਸਮਾਜਵਾਦੀ ਇਨਕਲਾਬ ਉੱਪਰ ਆਧਾਰਿਤ ਕਿਤਾਬਾਂ, ਕਹਾਣੀਆਂ ਅਤੇ ਜੀਵਨੀਆਂ ਨੇ ਲੈ ਲਈ। ਫਿਰ ਉਹ ਹੌਲੀ-ਹੌਲੀ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਜਲ, ਜੰਗਲ ਤੇ ਜ਼ਮੀਨ ਦੇ ਮੁੱਦੇ 'ਤੇ ਚੱਲ ਰਹੇ ਸੰਘਰਸ਼ਾਂ ਬਾਰੇ ਪੜ੍ਹਨ ਅਤੇ ਸਮਝਣ ਲੱਗਾ। ਸੁਖਦੇਵ ਦੇ ਘਰ ਦਾ ਮਾਹੌਲ ਅਜਿਹਾ ਸੀ ਜਿਸ ਵਿਚ ਛੋਟੇ ਆਪਣੇ ਵੱਡੇ ਭਰਾਵਾਂ ਦੇ ਪੈਰੀਂ ਹੱਥ ਲਾਉਂਦੇ ਸਨ। ਵੱਡੇ ਭਰਾ ਜਾਣਦੇ ਸਨ ਕਿ ਛੋਟੇ ਭਰਾ ਨਾ ਸਿਰਫ਼ ਉਨ੍ਹਾਂ ਨੂੰ ਆਦਰ ਨਾਲ ਸੰਬੋਧਨ ਕਰਨਗੇ ਸਗੋਂ ਗੱਲਬਾਤ ਦੌਰਾਨ ਛੋਟੇ ਨਾ ਤਾਂ ਉਨ੍ਹਾਂ ਦੀਆਂ ਗੱਲਾਂ ਉੱਪਰ ਸਵਾਲ ਖੜ੍ਹੇ ਕਰਨਗੇ ਅਤੇ ਨਾ ਹੀ ਉੱਥੇ ਕਿਸੇ ਸਵਾਲ ਦੀ ਗੁੰਜਾਇਸ਼ ਸੀ। ਇਕ ਪਾਸੇ ਘਰ ਦਾ ਇਹ ਮਾਹੌਲ ਜਿਸ ਵਿਚ ਉਸ ਦੇ ਪਿਤਾ ਜੀ ਅਤੇ ਵੱਡੇ ਭਰਾਵਾਂ ਦਾ ਉਸ ਦੇ ਕਾਰੋਬਾਰ 'ਚ ਨਾਕਾਮੀਆਂ ਬਾਰੇ ਆਏ ਦਿਨ ਵਿਅੰਗ ਤੇ ਤਾਹਨੇ ਕੱਸਣਾ ਅਤੇ ਦੂਜੇ ਪਾਸੇ ਉਸ ਦੇ ਮਿੱਤਰਾਂ ਨਾਲ ਲੋਕਾਂ ਦੀ ਮੁਕਤੀ ਅਤੇ ਹੋਰ ਰਚਨਾਤਮਕ ਕੰਮਾਂ ਬਾਰੇ ਚਰਚਾ ਨਾਲ ਸੁਖਦੇਵ ਦੇ ਆਮ ਵਿਹਾਰ ਅਤੇ ਬੋਲਚਾਲ 'ਚ ਵੀ ਤਬਦੀਲੀ ਆਉਣ ਲੱਗੀ। ਇਸ ਤਬਦੀਲੀ ਦਾ ਸੁਖਦੇਵ ਦੇ ਪਿਤਾ ਜੀ ਅਤੇ ਵੱਡੇ ਭਰਾਵਾਂ ਨੇ ਵੀ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ ਸੀ। ਵੱਡਿਆਂ ਨਾਲ ਬਹਿਸ ਅਤੇ ਘਰ 'ਚ ਆਉਣ ਵਾਲੀਆਂ ਕਿਤਾਬਾਂ ਨੇ ਪਿਤਾ ਜੀ ਅਤੇ ਵੱਡੇ ਭਰਾਵਾਂ ਨੂੰ ਚੁਕੰਨੇ ਹੀ ਨਹੀਂ ਕੀਤਾ, ਇਹ ਉਨ੍ਹਾਂ ਲਈ ਚਿੰਤਾ ਦਾ ਵਿਸ਼ਾ ਵੀ ਬਣ ਗਿਆ। ਮੋਟਰ ਪਾਰਟਸ ਦੀ ਦੁਕਾਨ 'ਤੇ ਸੁਖਦੇਵ ਨੂੰ ਮਿਲਣ ਆਉਣ ਵਾਲੇ ਲੋਕਾਂ ਨੇ ਵੀ ਪਰਿਵਾਰ 'ਚ ਚਰਚਾ ਛੇੜ ਦਿੱਤੀ ਸੀ। ਇਸ ਦਰਮਿਆਨ ਸੁਖਦੇਵ ਦੇ ਪਿਤਾ ਜੀ ਦੇਸ਼ ਦੀ ਰਾਜਧਾਨੀ ਵਿਚ ਵੀ ਨਿਵੇਸ਼ ਕਰਨ ਦੀ ਯੋਜਨਾ ਬਣਾ ਰਹੇ ਸਨ। ਇਕ ਬੇਟਾ ਮੈਡੀਕਲ ਦੀ ਪੜ੍ਹਾਈ ਤੋਂ ਬਾਅਦ ਇਕ ਧਨੀ ਪਰਿਵਾਰ 'ਚ ਵਿਆਹ ਕਰਕੇ ਪਹਿਲਾਂ ਹੀ ਉੱਥੇ ਜਾ ਵਸਿਆ ਸੀ। ਇਸ ਲਈ ਭਰਾਵਾਂ ਨੇ ਤੈਅ ਕਰਕੇ ਸੁਖਦੇਵ ਨੂੰ ਵੀ ਉੱਥੇ ਭੇਜਣ ਦਾ ਫ਼ੈਸਲਾ ਕਰ ਲਿਆ।

ਸ਼ੁਰੂ 'ਚ ਸੁਖਦੇਵ ਨੇ ਇਸ ਗੱਲ ਦਾ ਵਿਰੋਧ ਕੀਤਾ। ਕਿਉਂਕਿ ਉਹ ਆਪਣੇ ਮਿੱਤਰਾਂ ਤੋਂ ਜੁਦਾ ਨਹੀਂ ਸੀ ਹੋਣਾ ਚਾਹੁੰਦਾ। ਦੂਜਾ ਉਨ੍ਹਾਂ ਨਾਲ ਮਿਲ ਕੇ ਉਹ ਲੋਕਾਂ ਦੀ ਮੁਕਤੀ ਲਈ ਕੰਮ ਕਰਨਾ ਚਾਹੁੰਦਾ ਸੀ। ਇਸ ਮੁੱਦੇ 'ਤੇ ਉਸ ਨੇ ਆਪਣੇ ਸਾਥੀਆਂ ਨਾਲ ਵੀ ਚਰਚਾ ਕੀਤੀ। ਕੁਝ ਦਿਨਾਂ ਤੱਕ ਇਹ ਮੁੱਦਾ ਬਣਿਆ ਰਿਹਾ ਅਤੇ ਫਿਰ ਸੁਖਦੇਵ ਨੂੰ ਆਪਣੇ ਪਿਤਾ ਜੀ ਦਾ ਫ਼ੈਸਲਾ ਮੰਨ ਲੈਣ ਦੀ ਸਲਾਹ ਦਿੱਤੀ ਗਈ। ਇਕ ਵੱਡੇ ਸ਼ਹਿਰ ਵਿਚ ਜਾ ਕੇ

ਇਕ ਨਵੇਂ ਘੇਰੇ 'ਚ ਲੋਕਾਂ 'ਚ ਕੰਮ ਕਰਨ ਦੀ ਗੱਲ ਰੱਖੀ ਗਈ। ਇਹ ਸੁਝਾਅ ਸੁਖਦੇਵ ਦੀ ਸ਼ਖ਼ਸੀਅਤ, ਪਹਿਰਾਵੇ ਅਤੇ ਕੌਮ ਨੂੰ ਮੱਦੇਨਜ਼ਰ ਰੱਖ ਕੇ ਦਿੱਤਾ ਗਿਆ ਸੀ। ਇਕ ਲੰਮੀ ਚਰਚਾ, ਵਿਚਾਰ-ਵਟਾਂਦਰੇ ਅਤੇ ਕਈ ਸਾਥੀਆਂ ਨਾਲ ਨਿੱਜੀ ਤੌਰ 'ਤੇ ਸਲਾਹ ਕਰਨ ਤੋਂ ਬਾਅਦ ਸੁਖਦੇਵ ਅਤੇ ਉਸ ਦਾ ਭਰਾ ਦਿੱਲੀ ਵਿਚ ਕਾਰੋਬਾਰ ਕਰਨ ਦੇ ਆਪਣੇ ਪਿਤਾ ਜੀ ਤੇ ਹੋਰ ਭਰਾਵਾਂ ਦੇ ਫ਼ੈਸਲੇ ਨਾਲ ਸਹਿਮਤ ਹੋ ਗਏ।

ਇਸ ਤਰ੍ਹਾਂ ਥੋੜ੍ਹੇ ਸਾਲ ਆਪਣੇ ਪਿਤਾ ਜੀ ਦੇ ਕਾਰੋਬਾਰ 'ਚ ਸਿਖਲਾਈ ਅਤੇ ਫਿਰ ਥੋੜ੍ਹੇ ਸਾਲ ਆਪਣਾ ਵੱਖਰਾ ਕਾਰੋਬਾਰ ਕਰਨ ਤੋਂ ਬਾਅਦ ਸੁਖਦੇਵ ਅਤੇ ਉਸ ਦੇ ਵੱਡੇ ਭਰਾ ਨੇ ਦਿੱਲੀ ਵਿਚ ਕੰਮ ਸ਼ੁਰੂ ਕੀਤਾ। ਸੁਖਦੇਵ ਦੇ ਪਿਤਾ ਜੀ ਨੇ ਆਪਣੇ ਹਰ ਬੱਚੇ ਦੇ ਲਈ ਵੱਖਰਾ ਕਾਰੋਬਾਰ ਜ਼ਰੂਰ ਸਥਾਪਿਤ ਕੀਤਾ ਸੀ, ਪਰ ਇਨ੍ਹਾਂ ਸਾਰੇ ਕਾਰੋਬਾਰਾਂ 'ਚ ਉਨ੍ਹਾਂ ਦਾ ਇਕ ਹਿੱਸਾ ਹੁੰਦਾ ਸੀ। ਇਸ ਕਰਕੇ ਉਸ ਕਾਰੋਬਾਰ 'ਚ ਉਨ੍ਹਾਂ ਦੀ ਸਹਿਮਤੀ ਤੋਂ ਬਗੈਰ ਕਿਸੇ ਵੀ ਤਰ੍ਹਾਂ ਫ਼ੈਸਲਾ ਨਹੀਂ ਸੀ ਲਿਆ ਜਾ ਸਕਦਾ। ਕਹਿਣ ਨੂੰ ਤਾਂ ਸੁਖਦੇਵ ਦੇ ਸਾਰੇ ਭਰਾਵਾਂ ਦਾ ਆਪੋ ਆਪਣਾ ਕਾਰੋਬਾਰ ਸੀ ਪਰ ਉਹ ਪੂਰੀ ਤਰ੍ਹਾਂ ਉਸ ਦੇ ਫ਼ੈਸਲੇ ਨਹੀਂ ਲੈ ਸਕਦੇ ਸਨ। ਇਸ ਮਾਮਲੇ 'ਚ ਸੁਖਦੇਵ ਦੇ ਪਿਤਾ ਜੀ ਪੂਰੀ ਤਰ੍ਹਾਂ ਪੇਸ਼ੇਵਰ ਸਨ ਅਤੇ ਇਹ ਕਲਾ ਉਨ੍ਹਾਂ ਨੇ ਆਪਣੇ ਪਿਤਾ ਜੀ ਤੋਂ ਸਿੱਖੀ ਸੀ ਜੋ 1920 ਦੇ ਕਰੀਬ ਪਾਕਿਸਤਾਨ ਤੋਂ ਦੱਖਣੀ ਬਿਹਾਰ ਵਰਗੇ ਦੂਰ-ਦਰਾਜ ਰਾਜ ਵਿਚ ਆਪਣਾ ਕਾਰੋਬਾਰ ਸਥਾਪਤ ਕਰ ਰਹੇ ਸਨ। ਉਸ ਸਮੇਂ ਸੁਖਦੇਵ ਦੇ ਪਿਤਾ ਜੀ ਜਵਾਨੀ 'ਚ ਪੈਰ ਧਰ ਰਹੇ ਸਨ।

ਸੁਖਦੇਵ ਦਾ ਦਿੱਲੀ ਵਿਚ ਆਉਣ ਦਾ ਮੁੱਖ ਮਕਸਦ ਕਾਰੋਬਾਰ ਨਾ ਹੋ ਕੇ ਸਮਾਜਿਕ ਕੰਮ ਕਰਨਾ ਸੀ। ਦੂਜਾ ਉਹ ਆਪਣੀ ਜ਼ਿੰਦਗੀ ਅਤੇ ਕੰਮ 'ਚ ਆਪਣੇ ਪਿਤਾ ਜੀ ਤੇ ਵੱਡੇ ਭਰਾਵਾਂ ਦੀ ਦਖ਼ਲਅੰਦਾਜ਼ੀ ਤੋਂ ਵੀ ਦੂਰ ਰਹਿਣਾ ਚਾਹੁੰਦਾ ਸੀ। ਦਿੱਲੀ ਵਿਚ ਉਹ ਕੁਝ ਸਮਾਜਿਕ ਸੰਸਥਾਵਾਂ ਦੇ ਸੰਪਰਕ 'ਚ ਆਇਆ ਅਤੇ ਫਿਰ ਸਹਿਜੇ-ਸਹਿਜੇ ਸਮਾਜਿਕ ਅਤੇ ਰਾਜਨੀਤਕ ਕਾਰਜਾਂ 'ਚ ਆਪਣਾ ਦਾਇਰਾ ਵਧਾਉਣ ਲੱਗਾ। ਇਸ ਦੌਰਾਨ ਉਸ ਨੇ ਕਈ ਨਵੇਂ ਮਿੱਤਰ ਬਣਾਏ ਅਤੇ ਉਨ੍ਹਾਂ ਵਿੱਚੋਂ ਕੁਝ ਤਾਂ ਦਿੱਲੀ ਯੂਨੀਵਰਸਿਟੀ 'ਚ ਪੜ੍ਹਾ ਰਹੇ ਸਨ ਅਤੇ ਕੁਝ ਪੜ੍ਹ ਰਹੇ ਸਨ। ਇਸ ਤੋਂ ਇਲਾਵਾ ਉਹ ਥੋੜ੍ਹਾ ਬਹੁਤ ਕਾਰੋਬਾਰ ਵੀ ਕਰ ਰਿਹਾ ਸੀ ਜਿਸ ਵਿਚ ਉਸ ਦਾ ਹਮਉਮਰ ਭਰਾ ਵੀ ਸਾਥ ਦੇ ਰਿਹਾ ਸੀ। ਕਿਉਂਕਿ ਇਸ ਵਿਚ ਪਿਤਾ ਜੀ ਦਾ ਵੀ ਹਿੱਸਾ ਸੀ, ਇਸ ਕਰਕੇ ਉਨ੍ਹਾਂ ਦੀ ਦਖ਼ਲਅੰਦਾਜ਼ੀ ਪੂਰੀ ਤਰ੍ਹਾਂ ਖ਼ਤਮ ਨਹੀਂ ਸੀ ਹੋਈ। ਉਹ ਵਿਚ-ਵਿਚ ਆਉਂਦੇ ਰਹਿੰਦੇ ਸਨ ਅਤੇ ਸੁਖਦੇਵ ਦੇ ਕਾਰੋਬਾਰੀ ਕੰਮ ਦੇ ਨਾਲ ਉਸ ਦੀਆਂ ਹੋਰ ਸਰਗਰਮੀਆਂ ਉੱਪਰ ਵੀ ਨਜ਼ਰ ਰੱਖ ਰਹੇ ਸਨ। ਇਸ ਮਾਮਲੇ 'ਚ ਦਿੱਲੀ ਵਿਚ ਸੁਖਦੇਵ ਦੇ ਤੀਜੇ ਡਾਕਟਰ ਭਰਾ ਨਾਲ ਵੀ ਸਲਾਹ-ਮਸ਼ਵਰਾ ਕਰਦੇ ਰਹਿੰਦੇ ਸਨ। ਕੁਝ ਸਾਲ ਤਾਂ ਇੰਝ ਹੀ ਚੱਲਦਾ ਰਿਹਾ। ਦੋਵੇਂ ਭਰਾ ਆਪਣਾ-ਆਪਣਾ ਕੰਮ ਕਰਦੇ ਸਨ ਪਰ ਸੁਖਦੇਵ ਦੀ ਰੁਚੀ ਅਤੇ ਸਮਾਂ ਸਹਿਜੇ-ਸਹਿਜੇ ਸਮਾਜਿਕ ਕਾਰਜਾਂ 'ਚ ਜ਼ਿਆਦਾ ਵਧਣ ਲੱਗਾ। ਕਿਉਂਕਿ ਸੁਖਦੇਵ ਦੇ ਪਰਿਵਾਰ 'ਚ ਮਹੱਤਵਪੂਰਨ ਪਰਿਵਾਰਕ ਸਮਾਜਿਕ ਫ਼ੈਸਲੇ

ਲੈਣਾ ਪਿਤਾ ਜੀ ਦੀ ਜ਼ਿੰਮੇਵਾਰੀ ਸੀ, ਇਸ ਤਰ੍ਹਾਂ ਪਹਿਲਾਂ ਇਕ ਭਰਾ ਦਾ ਵਿਆਹ ਕੀਤਾ ਗਿਆ ਅਤੇ ਉਸ ਤੋਂ ਬਾਅਦ ਸੁਖਦੇਵ ਦਾ ਵੀ ਵਿਆਹ ਹੋ ਗਿਆ। ਇਕ ਘਰ ਤਿੰਨ ਭਰਾ, ਤਿੰਨ ਨੂੰਹਾਂ ਅਤੇ ਕੁਝ ਬੱਚੇ। ਇਸ ਹਿਸਾਬ ਨਾਲ ਸਾਰਿਆਂ ਦੀਆਂ ਜ਼ਿੰਮੇਵਾਰੀਆਂ ਵੀ ਵਧਣ ਲੱਗੀਆਂ। ਥੋੜ੍ਹੀ ਬਹੁਤ ਕਸ਼-ਮਕਸ਼ ਤਾਂ ਹੁੰਦੀ ਸੀ ਪਰ ਇਨ੍ਹਾਂ ਤਿੰਨਾਂ ਭਰਾਵਾਂ 'ਚ ਇਕ ਚੰਗਾ ਤਾਲਮੇਲ ਸੀ। ਇਕ ਤਾਂ ਉਹ ਹਮਉਮਰ ਸਨ, ਦੂਜਾ ਆਪਣੇ ਕਾਰੋਬਾਰ ਨੂੰ ਛੱਡਕੇ ਰੋਜ਼ਮਰਾ ਜ਼ਿੰਦਗੀ ਦੀਆਂ ਪਰਿਵਾਰਕ ਸਰਗਰਮੀਆਂ 'ਚ ਉਨ੍ਹਾਂ ਦੀ ਸੋਚ ਵਿਚ ਜ਼ਿਆਦਾ ਫ਼ਰਕ ਨਹੀਂ ਸੀ। ਇਹ ਅਜਿਹਾ ਸਮਾਂ ਸੀ ਜਿਸ ਵਿਚ ਸਭ ਕੁਝ ਤੈਅ ਸੀ ਤੇ ਉਸ ਵਿਚ ਸਾਰਿਆਂ ਦੀ ਭੂਮਿਕਾ ਤੈਅ ਸੀ ਅਤੇ ਸਾਰੇ ਜਾਣਦੇ ਸਨ ਇਕ ਦੂਜੇ ਨਾਲ ਕਿਹੋ ਜਿਹਾ ਸਲੂਕ ਹੋਣਾ ਚਾਹੀਦਾ ਹੈ।

ਸੁਖਦੇਵ ਦੀ ਪਤਨੀ ਵੀ ਕਾਫ਼ੀ ਖੁੱਲ੍ਹੇ ਖ਼ਿਆਲਾਂ ਦੀ ਸੀ ਅਤੇ ਉਸ ਨੇ ਵੀ ਆਪਣੀ ਪੜ੍ਹਾਈ ਜਾਰੀ ਰੱਖਣ ਦਾ ਫ਼ੈਸਲਾ ਲਿਆ ਜਿਸ ਵਿਚ ਸੁਖਦੇਵ ਨੇ ਉਸ ਦਾ ਪੂਰਾ ਸਾਥ ਦਿੱਤਾ। ਇਸ ਪਰਿਵਾਰ ਵਿਚ ਅਜਿਹਾ ਪਹਿਲੀ ਵਾਰ ਹੋਇਆ ਸੀ ਕਿ ਕਿਸੇ ਬਹੂ ਨੇ ਵਿਆਹ ਤੋਂ ਬਾਅਦ ਪੜ੍ਹਾਈ ਬਾਰੇ ਸੋਚਿਆ ਅਤੇ ਉਸ ਵਿਚ ਪਤੀ ਨੇ ਵੀ ਸਾਥ ਦਿੱਤਾ ਹੋਵੇ ਅਤੇ ਪਿਤਾ ਜੀ ਨੇ ਵੀ ਮੰਨ ਲਿਆ ਹੋਵੇ। ਮਾਹੌਲ ਬਦਲ ਰਿਹਾ ਸੀ ਤਾਂ ਸੋਚ ਵਿਚ ਵੀ ਤਬਦੀਲੀ ਆਉਣੀ ਹੀ ਸੀ। ਫਿਰ ਕਿੱਥੇ ਉਹ ਬਿਹਾਰ ਦਾ ਨਿੱਕਾ ਜਿਹਾ ਸ਼ਹਿਰ ਅਤੇ ਕਿੱਥੇ ਇਹ ਦੇਸ਼ ਦੀ ਰਾਜਧਾਨੀ; ਜਿੱਥੇ ਸੁਖਦੇਵ ਦਾ ਦੇਸ਼ ਦੀ ਮੰਨੀ-ਪ੍ਰਮੰਨੀ ਯੂਨੀਵਰਸਿਟੀ ਵਿਚ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਦੇ ਨਾਲ-ਨਾਲ ਸਮਾਜ 'ਚ ਸਤਿਕਾਰਤ ਹਸਤੀਆਂ, ਲੇਖਕਾਂ, ਬੁੱਧੀਜੀਵੀਆਂ ਅਤੇ ਰਾਜਨੀਤਕ ਲੋਕਾਂ ਨਾਲ ਬਹਿਸ 'ਚ ਹਿੱਸਾ ਲੈਣਾ।

ਦੇਸ਼ ਦਾ ਮਾਹੌਲ ਬਦਲ ਰਿਹਾ ਸੀ। ਐਮਰਜੈਂਸੀ ਤੋਂ ਬਾਅਦ ਜਨਤਾ ਪਾਰਟੀ ਦੇ ਨਾਂ ਨਾਲ ਜੋ ਨਵੀਂ ਸਰਕਾਰ ਬਣੀ ਸੀ, ਜੋ ਕਿਸੇ ਇਕ ਵਿਚਾਰਧਾਰਾ ਦੀ ਰਾਜਨੀਤਕ ਪਾਰਟੀ ਨਾ ਹੋ ਕੇ ਵੱਖ-ਵੱਖ ਵਿਚਾਰਧਾਰਾਵਾਂ ਦਾ ਐਮਰਜੈਂਸੀ ਵਿਰੁੱਧ ਮੰਚ ਸੀ, ਉਸ ਦਾ ਲੱਗਭੱਗ ਭੋਗ ਪੈ ਗਿਆ ਸੀ। ਜੈ ਪ੍ਰਕਾਸ਼ ਨਰਾਇਣ, ਜਿਸ ਦੇ ਨਾਂ ਅਤੇ ਸੱਦੇ 'ਤੇ ਇਹ ਮੰਚ ਬਣਿਆ ਸੀ, ਜਿਸ ਵਿਚ ਪੂਰੇ ਦੇਸ਼ ਅਤੇ ਖ਼ਾਸ ਕਰਕੇ ਬਿਹਾਰ ਦੇ ਨੌਜਵਾਨਾਂ ਨੇ ਸਭ ਤੋਂ ਜ਼ਿਆਦਾ ਵੱਧ-ਚੜ੍ਹ ਕੇ ਹਿੱਸਾ ਲਿਆ ਸੀ, ਉਹ ਸਭ ਤਿੱਤਰ-ਬਿੱਤਰ ਹੋ ਗਏ ਸਨ। ਉਹ ਆਗੂ ਵੀ ਚਲਾਣਾ ਕਰ ਗਏ ਸਨ। ਫਿਰ ਜਦੋਂ ਇਨ੍ਹਾਂ ਖੇਤਰਾਂ 'ਚ ਦਲਿਤਾਂ ਦੇ ਕਤਲੇਆਮ ਦੀਆਂ ਘਟਨਾਵਾਂ 'ਚ ਵਾਧਾ ਹੋਣ, ਇਸ ਮੰਚ ਦੇ ਚੋਟੀ ਦੇ ਆਗੂਆਂ ਦਰਮਿਆਨ ਮੁੱਖ ਰੂਪ 'ਚ ਕਾਂਗਰਸ ਅਤੇ ਇੰਦਰਾ ਗਾਂਧੀ ਨੂੰ ਸਜ਼ਾ ਦੇਣ ਦੇ ਸਵਾਲ ਨੂੰ ਲੈ ਕੇ ਆਪਸੀ ਮੱਤਭੇਦ ਆ ਗਏ, ਮੰਚ ਦਾ ਟੁੱਟਣਾ, ਨਵੇਂ ਆਗੂ ਦਾ ਸੱਤਾ 'ਚ ਉਸੇ ਇੰਦਰਾ ਗਾਂਧੀ ਵਾਲੀ ਕਾਂਗਰਸ ਦੀ ਮੱਦਦ ਨਾਲ ਸੱਤਾਧਾਰੀ ਹੋਣਾ, ਮੰਡਲ ਕਮਿਸ਼ਨ ਦੀ ਨੀਂਹ ਰੱਖੇ ਜਾਣਾ ਅਤੇ ਫਿਰ ਲੜ-ਝਗੜ ਕੇ ਸੱਤਾ ਹੱਥੋਂ ਨਿਕਲ ਜਾਣਾ, ਇਹ ਸਭ ਵਾਪਰਿਆ ਤੇ ਇਸ ਤੋਂ ਬਾਅਦ ਕਈ

ਨੌਜਵਾਨਾਂ ਨੇ ਤਾਂ ਵੋਟ ਇਨਕਲਾਬ ਤੋਂ ਨਿਰਾਸ਼ ਹੋ ਕੇ ਹੋਰ ਰਾਜਨੀਤਕ ਜਾਂ ਇਨਕਲਾਬੀ ਬਦਲ ਵੱਲ ਦੇਖਣਾ ਸ਼ੁਰੂ ਕਰ ਦਿੱਤਾ ਸੀ।

ਇਸ ਦੌਰਾਨ ਸੁਖਦੇਵ ਐਮਰਜੈਂਸੀ ਦੌਰਾਨ ਬਣੇ ਇਕ ਜਮਹੂਰੀ ਅਧਿਕਾਰ ਸੰਗਠਨ ਦੇ ਸੰਪਰਕ 'ਚ ਵੀ ਆਇਆ ਅਤੇ ਉਨ੍ਹਾਂ ਦੀਆਂ ਹਫ਼ਤਾਵਾਰ ਮੀਟਿੰਗਾਂ 'ਚ ਵੀ ਸ਼ਾਮਲ ਹੋਣ ਲੱਗਾ। ਉਸ ਨੇ ਬਿਹਾਰ ਵਿਚ ਆਪਣੇ ਸਾਥੀਆਂ ਦੀ ਜਾਣਕਾਰੀ ਦੇ ਆਧਾਰ 'ਤੇ ਉੱਥੇ ਭੂਮੀਪਤੀਆਂ ਦੁਆਰਾ ਅਤੇ ਜਾਤੀ 'ਤੇ ਆਧਾਰਤ ਕਤਲੇਆਮ ਦੇ ਮੁੱਦਿਆਂ ਨੂੰ ਇਨ੍ਹਾਂ ਮੀਟਿੰਗਾਂ 'ਚ ਲਗਾਤਾਰ ਉਠਾਉਣਾ ਸ਼ੁਰੂ ਕਰ ਦਿੱਤਾ। ਇਸ ਦੇ ਸਿੱਟੇ ਵਜੋਂ ਇਨ੍ਹਾਂ ਮੁੱਦਿਆਂ ਉੱਪਰ ਦਿੱਲੀ ਦੇ ਅਖ਼ਬਾਰਾਂ ਅਤੇ ਹੋਰ ਪ੍ਰਕਾਸ਼ਨਾਵਾਂ 'ਚ ਇਨ੍ਹਾਂ ਘਟਨਾਵਾਂ ਦੀ ਚਰਚਾ ਹੋਣ ਲੱਗੀ ਸੀ। ਇਸ ਕ੍ਰਮ 'ਚ ਸੁਖਦੇਵ ਦਾ ਸਮਾਜਿਕ ਅਤੇ ਰਾਜਨੀਤਕ ਦਾਇਰਾ ਵਧਣਾ ਸ਼ੁਰੂ ਹੋ ਗਿਆ ਸੀ।

ਇਸੇ ਦੌਰਾਨ ਪੰਜਾਬ ਦੇ ਹਾਲਾਤ ਵੀ ਨਵਾਂ ਰੁਖ਼ ਅਖ਼ਤਿਆਰ ਕਰ ਰਹੇ ਸਨ। ਕੁਝ ਸਾਲਾਂ ਤੋਂ ਰਾਜਾਂ ਨੂੰ ਵਧੇਰੇ ਖ਼ੁਦਮੁਖਤਿਆਰੀ, ਪਾਣੀ ਦੀ ਨਿਆਂਇਕ ਵੰਡ, ਸਿੱਖ ਧਰਮ ਅਤੇ ਕੌਮ ਦੇ ਮੁੱਦੇ, ਫ਼ੌਜ ਵਿਚ ਸਿੱਖਾਂ ਦਾ ਸਥਾਨ ਅਤੇ ਉਨ੍ਹਾਂ ਦੀ ਪਛਾਣ, ਪੰਜਾਬੀ ਭਾਸ਼ਾ ਦਾ ਵਿਕਾਸ ਅਤੇ ਇਸ ਨਾਲ ਜੁੜੇ ਕਈ ਮੁੱਦੇ, ਇਨ੍ਹਾਂ ਨੂੰ ਲੈ ਕੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਨੰਦਪੁਰ ਸਾਹਿਬ ਮਤੇ ਦੇ ਮੱਦੇਨਜ਼ਰ ਐਮਰਜੈਂਸੀ ਦੌਰਾਨ ਕੀਤੇ ਗਏ ਕੇਂਦਰੀ ਸੱਤਾ ਦੇ ਕੇਂਦਰੀਕਰਨ ਦੀ ਜਗ੍ਹਾ ਰਾਜਾਂ ਨੂੰ ਵੱਧ ਅਧਿਕਾਰ ਅਤੇ ਖ਼ੁਦਮੁਖਤਿਆਰੀ ਵਰਗੇ ਮੁੱਦਿਆਂ ਉੱਪਰ ਅੰਦੋਲਨ ਅਤੇ ਕਈ ਮੋਰਚੇ ਲਗਾਏ ਜਾ ਰਹੇ ਸਨ। ਜਦੋਂ ਜਨਤਾ ਪਾਰਟੀ ਦੀ ਸਰਕਾਰ ਸੀ ਉਦੋਂ ਸ਼੍ਰੋਮਣੀ ਅਕਾਲੀ ਦਲ ਵੀ ਉਸ ਮੰਚ ਦਾ ਹਿੱਸਾ ਸੀ। ਉਸ ਸਮੇਂ ਵੀ ਅਕਾਲੀ ਦਲ ਨੇ ਰਾਜਾਂ ਨੂੰ ਵਧੇਰੇ ਖ਼ੁਦਮੁਖਤਿਆਰੀ ਦਾ ਮੁੱਦਾ ਚੁੱਕਿਆ ਸੀ। ਉਨ੍ਹਾਂ ਨੇ ਭਾਰਤ ਨੂੰ ਗਾਂਧੀ ਪਰਿਵਾਰ ਦੀ "ਲੋਕਤੰਤਰੀ ਰਾਜਸ਼ਾਹੀ" ਦੇ ਖ਼ਤਰਿਆਂ ਤੋਂ ਜਨਤਾ ਪਾਰਟੀ ਦੇ ਆਗੂਆਂ ਨੂੰ ਜਾਣੂੰ ਕਰਾਇਆ ਸੀ। ਦੇਸ਼ ਦੇ ਕਈ ਹੋਰ ਆਗੂ ਵੀ ਇਸ ਗੱਲ ਦੀ ਸ਼ੰਕਾ ਜ਼ਾਹਿਰ ਕਰ ਰਹੇ ਸਨ ਕਿ ਗਾਂਧੀ ਪਰਿਵਾਰ ਭਾਰਤ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗ ਪਿਆ ਹੈ ਅਤੇ ਇਸ ਨਾਲ ਦੇਸ਼ ਦੇ ਲੋਕਤੰਤਰ ਦੇ ਰਾਜਤੰਤਰ ਵੱਲ ਜਾਣ ਦਾ ਖ਼ਤਰਾ ਹੈ।

ਦਿੱਲੀ ਪੰਜਾਬ ਤੋਂ ਦੂਰ ਨਹੀਂ ਸੀ ਅਤੇ ਸਿੱਖਾਂ ਦੇ ਇਸ ਅੰਦੋਲਨ ਤੇ ਮੋਰਚਿਆਂ ਦੀ ਅੱਗ ਦਾ ਸੇਕ ਦਿੱਲੀ ਅਤੇ ਫਿਰ ਦੇਸ਼ ਦੇ ਕਈ ਹੋਰ ਰਾਜਾਂ 'ਚ ਵੀ ਮਹਿਸੂਸ ਕੀਤਾ ਜਾ ਰਿਹਾ ਸੀ। ਕਈ ਆਗੂ ਅਤੇ ਮੀਡੀਆ ਏਜੰਸੀਆਂ ਇਕ ਧਰਮ ਦੇ ਫਿਰਕੇ ਵੱਲੋਂ ਵਿੱਢੇ ਗਏ ਇਸ ਅੰਦੋਲਨ ਨੂੰ ਵੱਖਵਾਦ ਕਰਾਰ ਦੇ ਰਹੇ ਸਨ। ਕੇਂਦਰ ਅਤੇ ਪੰਜਾਬ ਵਿਚ ਸੱਤਾਧਾਰੀ ਕਾਂਗਰਸ ਪਾਰਟੀ ਪੰਜਾਬ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਚੁੱਕੀਆਂ ਗਈਆਂ ਇਨ੍ਹਾਂ ਮੰਗਾਂ ਨੂੰ ਕਦੇ ਧਾਰਮਿਕ ਕਰਾਰ ਦਿੰਦੀ ਤੇ ਕਦੇ ਉੱਥੋਂ ਦੇ ਕੁਝ ਆਗੂਆਂ ਨਾਲ ਗੱਲਬਾਤ ਦੇ ਹੱਕ 'ਚ ਵੀ ਆ ਜਾਂਦੀ। ਅੰਦੋਲਨ ਤੇਜ਼ ਹੁੰਦਾ ਜਾ ਰਿਹਾ ਸੀ ਅਤੇ ਕੇਂਦਰ ਸਰਕਾਰ ਵਾਰ-ਵਾਰ ਕੁਝ

ਵਾਅਦੇ ਕਰਦੀ ਤੇ ਫਿਰ ਪਿੱਛੇ ਹੱਟ ਜਾਂਦੀ। ਪੰਜਾਬ ਦੀ ਰਾਜ ਸਰਕਾਰ ਵੀ ਰਾਜਨੀਤੀ ਦੀ ਬਿਸਾਤ ਵਿਛਾ ਰਹੀ ਸੀ। ਮੋਰਚੇ ਨੂੰ ਚਲਾਉਣ ਵਾਲੇ ਮੁੱਖ ਆਗੂਆਂ ਦੇ ਹੱਥੋਂ ਇਸ ਅੰਦੋਲਨ ਦੀ ਵਾਗਡੋਰ ਨਿਕਲਦੀ ਜਾ ਰਹੀ ਸੀ। ਕੁਝ ਅਜਿਹੇ ਆਗੂ ਵੀ ਉੱਭਰ ਕੇ ਸਾਹਮਣੇ ਆ ਰਹੇ ਸਨ ਜਿਨ੍ਹਾਂ ਨੂੰ ਲੱਗਦਾ ਸੀ ਕਿ ਮੌਜੂਦਾ ਭਾਰਤੀ ਸੰਵਿਧਾਨ ਦੇ ਤਹਿਤ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਨਹੀਂ ਜਾਣਗੀਆਂ, ਇਸ ਲਈ ਜਾਂ ਤਾਂ ਸੰਵਿਧਾਨ ਵਿਚ ਤਬਦੀਲੀ ਕੀਤੀ ਜਾਵੇ ਨਹੀਂ ਤਾਂ ਪੰਜਾਬ ਨੂੰ ਵੱਖ ਹੋਣਾ ਪਵੇਗਾ। ਇਨ੍ਹਾਂ ਵਿੱਚੋਂ ਕੁਝ ਅਜਿਹੇ ਵੀ ਸਨ ਜੋ ਭਾਰਤ ਦੀ ਸੱਤਾ ਨਾਲ ਸਿੱਧੀ ਟੱਕਰ ਲੈਣ ਲਈ ਵੀ ਕਮਰ ਕੱਸ ਰਹੇ ਸਨ।

ਅਜਿਹੇ ਮਾਹੌਲ ’ਚ ਸੁਖਦੇਵ ਨੂੰ ਆਪਣੇ ਸਮਾਜਿਕ ਅਤੇ ਰਾਜਨੀਤਕ ਦਾਇਰੇ ’ਚ ਇਕ ਸਿੱਖ ਨੌਜਵਾਨ ਦੇ ਰੂਪ ’ਚ ਕਈ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹਾਲਾਂਕਿ ਪੰਜਾਬ ਦੀ ਮੌਜੂਦਾ ਰਾਜਨੀਤੀ ਅਤੇ ਉੱਥੇ ਚੱਲ ਰਹੇ ਅੰਦੋਲਨ ਨਾਲ ਸੁਖਦੇਵ ਦਾ ਕੋਈ ਸਿੱਧਾ ਸੰਬੰਧ ਨਹੀਂ ਸੀ ਪਰ ਭਾਰਤ ਵਿਚ ਕਿਸੇ ਇਨਸਾਨ ਦੀ ਪਛਾਣ ਮੁੱਖ ਰੂਪ ’ਚ ਉਸ ਦੇ ਦਾਇਰੇ, ਧਰਮ ਅਤੇ ਕੌਮ ਤੋਂ ਹੀ ਤੈਅ ਕੀਤੀ ਜਾਂਦੀ ਹੈ। ਉਸ ਦੇ ਵਿਚਾਰ, ਆਦਰਸ਼ ਅਤੇ ਕਾਰਜ ਖੇਤਰ ਦਾ ਮਹੱਤਵ ਇਸ ਵਿਚ ਘੱਟ ਮਾਇਨੇ ਰੱਖਦੇ ਹਨ। ਦੂਜਾ ਸੁਖਦੇਵ ਦਾ ਪੰਜਾਬ ਵਿਚ ਸੰਪਰਕ ਨਾਮਾਤਰ ਹੀ ਸੀ ਇਸ ਲਈ ਉੱਥੋਂ ਦੀ ਰਾਜਨੀਤੀ ਬਾਰੇ ਉਸ ਦੀ ਸਮਝ ਜ਼ਿਆਦਾ ਨਹੀਂ ਸੀ। ਉਸਨੇ ਕਦੇ ਵੀ ਧਰਮ ਦੇ ਆਧਾਰ ’ਤੇ ਚਲਾਏ ਜਾਣ ਵਾਲੇ ਅੰਦੋਲਨਾਂ ਨੂੰ ਬਹੁਤੀ ਤਰਜੀਹ ਨਹੀਂ ਦਿੱਤੀ ਸੀ। ਪਰ ਉਹ ਇਸ ਅੰਦੋਲਨ ਨਾਲ ਆਮ ਜਨਤਾ ’ਚ ਸਿੱਖਾਂ ਪ੍ਰਤੀ ਪਨਪ ਰਹੀਆਂ ਸਵਾਲੀਆ ਭਾਵਨਾਵਾਂ ਤੋਂ ਫ਼ਿਕਰਮੰਦ ਜ਼ਰੂਰ ਸੀ।

ਭਾਰਤ ਸਰਕਾਰ ਨੇ ਪੰਜਾਬ ਵਿਚ ਚੱਲ ਰਹੇ ਇਸ ਅੰਦੋਲਨ ਦੇ ਕੁਝ ਆਗੂਆਂ ਨਾਲ ਕੁਝ ਮੁੱਦਿਆਂ ਉੱਪਰ ਗੱਲਬਾਤ ਜ਼ਰੂਰ ਕੀਤੀ ਸੀ। ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ ਅਤੇ ਹੁਣ ਅੰਦੋਲਨ ਦੀ ਪੂਰੀ ਵਾਗਡੋਰ ਉਨ੍ਹਾਂ ਆਗੂਆਂ ਦੇ ਹੱਥ ’ਚ ਨਾ ਹੋਣ ਕਾਰਨ ਉਹ ਭਾਰਤ ਸਰਕਾਰ ਵੱਲੋਂ ਤਜਵੀਜ਼ ਕੀਤੇ ਸਮਝੌਤੇ ਨੂੰ ਮੰਨਣ ਦੀ ਸਮਰੱਥਾ ’ਚ ਨਹੀਂ ਰਹਿ ਗਏ ਸਨ। ਫਿਰ ਇਕ ਮੋੜ ਅਜਿਹਾ ਆਇਆ, ਜਿਸ ਦਾ ਸੁਖਦੇਵ ਅਤੇ ਉਸ ਸਾਰੇ ਸਾਥੀਆਂ ਅਤੇ ਜਥੇਬੰਦੀ ਨੂੰ ਡਰ ਸੀ। ਭਾਰਤ ਦੀ ਸਰਕਾਰ ਨੇ ਫ਼ੌਜ ਦੀ ਵਰਤੋਂ ਕੀਤੀ ਅਤੇ ਸਿੱਖਾਂ ਦੇ ਸਭ ਤੋਂ ਮੁਕੱਦਸ ਤੇ ਸਭ ਤੋਂ ਵੱਡੇ ਮੰਨੇ ਜਾਂਦੇ ਧਾਰਮਿਕ ਸਥਾਨ ਹਰਿਮੰਦਰ ਸਾਹਿਬ ’ਤੇ ਹਮਲਾ ਕਰ ਦਿੱਤਾ। ਤਿੰਨ ਦਿਨ ਤੱਕ ਚੱਲਣ ਵਾਲੇ ਇਸ ਸਿਲਸਿਲੇ ’ਚ ਹਰਿਮੰਦਰ ਸਾਹਿਬ ਦੇ ਨਾਲ-ਨਾਲ ਪੰਜਾਬ ਦੇ ਕਈ ਹਿੱਸਿਆਂ ਤੋਂ ਹਕੂਮਤੀ ਜਬਰ ਦੀਆਂ ਖ਼ਬਰਾਂ ਵੀ ਆਉਣ ਲੱਗੀਆਂ। ਦਹਿਸ਼ਤਗਰਦਾਂ ਨਾਲ ਨਜਿੱਠਣ ਦੇ ਨਾਂ ’ਤੇ ਬੇਕਸੂਰ ਸਿੱਖ ਨੌਜਵਾਨਾਂ ਦੀਆਂ ਹੱਤਿਆਵਾਂ ਹੋਈਆਂ। ਦਰਬਾਰ ਸਾਹਿਬ ਵਿਚ ਨਿਰਦੋਸ਼ ਸ਼ਰਧਾਲੂਆਂ ਦੀ ਹੱਤਿਆ ਦੇ ਇਲਜ਼ਾਮ ਵੀ ਲੱਗੇ। ਸਰਕਾਰ ਨੇ ਇਸ ਨੂੰ ਵੱਖਵਾਦੀਆਂ ਵੱਲੋਂ ਦੇਸ਼ ਦੀ ਅਖੰਡਤਾ ਅਤੇ ਪੰਜਾਬ ਵਿਚ ਨਿਰਦੋਸ਼ ਹਿੰਦੂਆਂ ਉੱਪਰ ਹੋ ਰਹੇ ਹਮਲਿਆਂ ਅਤੇ ਹੱਤਿਆਵਾਂ ਵਿਰੁੱਧ ਚੁੱਕਿਆ ਕਦਮ ਦੱਸਿਆ।

ਸੁਖਦੇਵ ਅਤੇ ਉਸ ਦੇ ਸਾਥੀਆਂ ਜਾਂ ਫਿਰ ਉਸ ਦੀ ਜਥੇਬੰਦੀ ਦੀ ਸਮਝ ਬਿਲਕੁਲ ਸਾਫ਼ ਸੀ। ਇਸ ਸਮੱਸਿਆ ਲਈ ਕੇਂਦਰ ਦੀ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ। ਮਸਲੇ ਦੀ ਜੜ੍ਹ ਇਸੇ ਦੇਸ਼ ਦੇ ਅੰਦਰ ਸੀ ਅਤੇ ਇਸ ਨੂੰ ਬਹੁਤ ਹੀ ਸਮਝਦਾਰੀ ਨਾਲ ਹੱਲ ਕਰਨ ਦੀ ਬਜਾਏ ਕਾਂਗਰਸ ਨੇ ਇਸ ਦੀ ਵਰਤੋਂ ਆਪਣੇ ਰਾਜਨੀਤਕ ਲਾਹੇ ਲਈ ਕੀਤੀ। ਪੰਜਾਬ ਵਿਚ ਕਈ ਨਿਰਦੋਸ਼ ਮਾਰੇ ਗਏ ਅਤੇ ਇਸ ਦੇ ਲਈ ਕੇਂਦਰ ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।

ਇਸ ਦਰਮਿਆਨ ਸੁਖਦੇਵ ਦੀ ਪਤਨੀ ਰਾਣੀ ਆਪਣੇ ਪਹਿਲੇ ਬੱਚੇ ਦਾ ਇੰਤਜ਼ਾਰ ਕਰ ਰਹੀ ਸੀ। ਦੋਵੇਂ ਬਹੁਤ ਖ਼ੁਸ਼ ਸਨ। ਸੁਖਦੇਵ ਤੇ ਰਾਣੀ ਕਾਰੋਬਾਰ, ਸਮਾਜਿਕ ਕੰਮ ਅਤੇ ਪੜ੍ਹਾਈ ਦੇ ਨਾਲ-ਨਾਲ ਪਰਿਵਾਰਕ ਜ਼ਿੰਮੇਵਾਰੀ ਬਖ਼ੂਬੀ ਨਿਭਾ ਰਹੇ ਸਨ। ਉਨ੍ਹਾਂ ਦੋਹਾਂ ਦਾ ਪਰਿਵਾਰ ਤੋਂ ਇਲਾਵਾ ਇਕ ਬਹੁਤ ਲੰਮਾ-ਚੌੜਾ ਸਮਾਜਿਕ ਦਾਇਰਾ ਬਣ ਚੁੱਕਾ ਸੀ। ਇਸ ਦਾਇਰੇ 'ਚ ਉਨ੍ਹਾਂ ਦੇ ਕਈ ਮਿੱਤਰ ਅਜਿਹੇ ਸਨ ਜੋ ਤਕਰੀਬਨ ਰੋਜ਼ਾਨਾ ਮਿਲਦੇ ਸਨ ਅਤੇ ਉਨ੍ਹਾਂ ਦਾ ਘਰ ਵਿਚ ਨਿੱਤ ਆਉਣ-ਜਾਣ ਸੀ। ਇਨ੍ਹਾਂ ਮਿੱਤਰਾਂ ਦਾ ਸੁਖਦੇਵ ਦੇ ਭਰਾਵਾਂ ਨਾਲ ਵੀ ਦੋਸਤਾਨਾ ਰਿਸ਼ਤਾ ਸੀ ਅਤੇ ਘਰ ਵਿਚ ਉਨ੍ਹਾਂ ਦਾ ਖਾਣ-ਪੀਣ ਤਾਂ ਚੱਲਦਾ ਹੀ ਰਹਿੰਦਾ ਸੀ। ਇਹ ਮਿੱਤਰ ਇਕ ਦੂਜੇ ਦੇ ਦੁੱਖ-ਸੁੱਖ ਵਿਚ ਵੀ ਸ਼ਾਮਿਲ ਹੁੰਦੇ ਸਨ।

ਸਾਰਾ ਕੁਝ ਬਕਾਇਦਗੀ ਨਾਲ ਚੱਲ ਰਿਹਾ ਸੀ। ਸੁਖਦੇਵ ਦਾ ਬਿਹਾਰ ਵੀ ਆਉਣ-ਜਾਣ ਰਹਿੰਦਾ ਸੀ। ਬਚਪਨ ਦੇ ਦੋਸਤਾਂ ਨੂੰ ਮਿਲਕੇ ਉਸ ਨੂੰ ਖ਼ੁਸ਼ੀ ਹੁੰਦੀ ਸੀ ਇਸ ਲਈ ਉਸ ਦੀ ਕੋਸ਼ਿਸ਼ ਹੁੰਦੀ ਕਿ ਗਾਹੇ-ਬਗਾਹੇ ਜਦੋਂ ਵੀ ਮਨ ਕਰੇ ਜਾਂ ਫਿਰ ਪਰਿਵਾਰ ਜਾਂ ਦੋਸਤਾਂ 'ਚ ਕੋਈ ਵਿਆਹ-ਸ਼ਾਦੀ ਹੋਵੇ, ਬਿਹਾਰ ਦੇ ਸਥਾਨਕ ਤਿਓਹਾਰ ਹੋਣ, ਇਨ੍ਹਾਂ ਸਾਰਿਆਂ 'ਚ ਵੀ ਸੁਖਦੇਵ ਆਪਣੇ ਦੋਸਤਾਂ ਨੂੰ ਮਿਲਣ ਚਲਾ ਜਾਂਦਾ ਸੀ। ਏਨਾ ਹੀ ਨਹੀਂ ਉਸ ਦੇ ਬਿਹਾਰ ਦੇ ਉਹ ਦੋਸਤ ਜੋ ਉਸ ਦੇ ਸਮਾਜਿਕ ਅਤੇ ਰਾਜਨੀਤਕ ਕੰਮ ਨਾਲ ਵੀ ਜੁੜੇ ਹੋਏ ਸਨ, ਉਨ੍ਹਾਂ ਦਾ ਵੀ ਸੁਖਦੇਵ ਦੇ ਦਿੱਲੀ ਵਾਲੇ ਦਾਇਰੇ ਨਾਲ ਮੇਲਜੋਲ ਹੁੰਦਾ ਰਹਿੰਦਾ ਸੀ। ਇਸ ਤੋਂ ਬਾਅਦ ਸੁਖਦੇਵ ਦੀ ਜ਼ਿੰਦਗੀ 'ਚ ਇਕ ਭੂਚਾਲ ਜਿਹਾ ਆ ਗਿਆ। ਸਿਰਫ਼ ਸੁਖਦੇਵ ਹੀ ਨਹੀਂ, ਸੁਖਦੇਵ ਦੇ ਬਿਹਾਰ ਵਿਚ ਰਹਿੰਦੇ ਪਰਿਵਾਰ, ਸ਼ਹਿਰ ਅਤੇ ਦੇਸ਼ ਦੇ ਪੂਰੇ ਸਿੱਖ ਭਾਈਚਾਰੇ ਉੱਪਰ ਵੀ ਇਕ ਬਿਜਲੀ ਜਹੀ ਆ ਡਿਗੀ।

31 ਅਕਤੂਬਰ 1984। ਭਾਰਤੀ ਇਤਿਹਾਸ ਦਾ ਇਹ ਬਹੁਤ ਹੀ ਦਰਦਨਾਕ ਪਲ ਸੀ ਜਿਸ ਨੂੰ ਸਿੱਖ ਭਾਈਚਾਰਾ, ਖ਼ਾਸ ਕਰਕੇ ਪੰਜਾਬ ਤੋਂ ਬਾਹਰ ਰਹਿਣ ਵਾਲੇ ਕਦੇ ਨਹੀਂ ਭੁੱਲ ਸਕਣਗੇ। ਇਕ ਅਜਿਹਾ ਪਲ ਜਿਸ ਨੂੰ ਭਾਰਤ 'ਚ ਪੂਰੇ ਘੱਟਗਿਣਤੀ ਭਾਈਚਾਰੇ ਨੂੰ ਦੇਸ਼ ਦਾ ਦੁਸ਼ਮਣ ਕਰਾਰ ਦੇ ਕੇ ਉਸ ਦਾ ਖ਼ੂਨ-ਖਰਾਬਾ ਅਤੇ ਕਤਲੇਆਮ ਉਸੇ ਤਰ੍ਹਾਂ ਕੀਤਾ ਗਿਆ ਜਿਵੇਂ ਦੇਸ਼ ਦੀ ਵੰਡ ਦੇ ਸਮੇਂ ਹੋਇਆ ਸੀ। ਉਸ ਦਿਨ ਸੁਖਦੇਵ ਬਿਹਾਰ ਤੋਂ ਆਏ ਆਪਣੇ ਇਕ ਪਿਆਰੇ ਮਿੱਤਰ ਨਾਲ ਬਿਹਾਰ 'ਚ ਆਪਣੇ ਸ਼ਹਿਰ ਨੂੰ ਜਾ ਰਿਹਾ ਸੀ। ਇਹ ਉਹ ਸਮਾਂ ਸੀ ਜਦੋਂ ਦਿੱਲੀ ਤੋਂ ਸੁਖਦੇਵ ਦੇ ਸ਼ਹਿਰ ਨੂੰ ਰੋਜ਼ਾਨਾ ਦੋ ਟਰੇਨਾਂ ਜਾਂਦੀਆਂ ਸਨ। ਸਵੇਰੇ ਪੰਜ

ਵਜੇ ਵਾਲੀ ਤਕਰੀਬਨ ਚੌਵੀ ਘੰਟੇ ਦਾ ਪੈਂਡਾ ਤੈਅ ਕਰਨ ਤੋਂ ਬਾਅਦ ਅਗਲੇ ਦਿਨ ਸਵੇਰੇ ਚਾਰ ਵਜੇ ਪਹੁੰਚਦੀ ਸੀ। ਹਾਲਾਂਕਿ ਇਹ ਅਕਸਰ ਦੇਰ ਨਾਲ ਹੀ ਪਹੁੰਚਦੀ ਸੀ। ਇਹ ਟਰੇਨ ਜਦੋਂ ਸ਼ੁਰੂ ਹੋਈ ਸੀ ਤਾਂ ਇਸ ਨੂੰ ਭਾਰਤ ਸਰਕਾਰ ਨੇ ਦੱਖਣੀ ਬਿਹਾਰ 'ਚ ਰਹਿਣ ਵਾਲੇ ਸਿੱਖਾਂ ਨੂੰ ਗੁਰੂ ਨਾਨਕ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਚਿੰਨ੍ਹ ਵਜੋਂ ਭੇਂਟ ਕੀਤਾ ਸੀ। ਇਹ ਟਰੇਨ ਟਾਟਾਨਗਰ ਅਤੇ ਹਰਿਮੰਦਰ ਸਾਹਿਬ ਦੇ ਸ਼ਹਿਰ ਅੰਮ੍ਰਿਤਸਰ ਨੂੰ ਸਿੱਧਾ ਜੋੜਦੀ ਸੀ। ਇਸ ਤੋਂ ਪਹਿਲਾਂ ਦਿੱਲੀ ਜਾਣ ਲਈ ਦੋ ਟਰੇਨਾਂ ਬਦਲ ਕੇ ਛੱਤੀ ਤੋਂ ਚਾਲੀ ਘੰਟੇ ਲੱਗਦੇ ਸਨ। ਕਈ ਵਾਰ ਇੰਝ ਵੀ ਹੁੰਦਾ ਸੀ ਕਿ ਪਹਿਲੀ ਟਰੇਨ ਆਪਣੇ ਸਮੇਂ ਤੋਂ ਬਹੁਤ ਦੇਰ ਨਾਲ ਚੱਲ ਰਹੀ ਹੁੰਦੀ ਤਾਂ ਦੂਜੀ ਟਰੇਨ ਨਿਕਲ ਜਾਂਦੀ ਸੀ। ਅਜਿਹੀ ਹਾਲਤ 'ਚ ਜਾਂ ਤਾਂ ਲੋਕ ਆਪਣਾ ਅਗਲਾ ਸਫ਼ਰ ਰੱਦ ਕਰਕੇ ਵਾਪਸੀ ਦੀ ਟਰੇਨ ਲੈ ਲੈਂਦੇ ਸਨ ਜਾਂ ਫਿਰ ਕਿਸੇ ਹੋਰ ਟਰੇਨ ਦੇ ਇੰਤਜ਼ਾਰ 'ਚ ਉੱਥੇ ਹੀ ਪਲੈਟਫਾਰਮ ਉੱਪਰ ਆਪਣਾ ਬਿਸਤਰਾ ਵਿਛਾ ਲੈਂਦੇ ਸਨ। ਇਸ ਤਰ੍ਹਾਂ ਉਨ੍ਹਾਂ ਦਾ ਪੂਰਾ ਸਫ਼ਰ ਕਦੇ ਅਠਤਾਲੀ ਤੇ ਕਦੇ ਸੱਠ ਘੰਟੇ 'ਚ ਤੈਅ ਹੁੰਦਾ ਸੀ। ਅਮਨ ਦੇ ਨਾਨਕੇ ਰਾਜਸਥਾਨ 'ਚ ਸਨ ਅਤੇ ਬਚਪਨ 'ਚ ਉਸ ਦੇ ਮਾਤਾ ਜੀ ਉਸ ਨੂੰ ਤੇ ਉਸ ਦੇ ਛੋਟੇ ਭਰਾ ਨੂੰ ਲੈ ਕੇ ਸਫ਼ਰ ਕਰਦੇ ਸਨ। ਇਹ ਪੂਰਾ ਸਫ਼ਰ ਲੱਗਭੱਗ ਢਾਈ ਤੋਂ ਲੈ ਕੇ ਤਿੰਨ ਦਿਨ ਦਾ ਹੁੰਦਾ ਸੀ। ਪਹਿਲਾਂ ਅਮਨ ਦੇ ਪਿਤਾ ਜੀ ਆਪਣੇ ਕਿਸੇ ਮੁਲਾਜ਼ਮ ਨੂੰ ਬੱਚਿਆਂ ਦੀਆਂ ਛੁੱਟੀਆਂ ਤੋਂ ਤਕਰੀਬਨ ਮਹੀਨਾ ਪਹਿਲਾਂ ਭੇਜ ਕੇ ਦੂਜੀ ਟਰੇਨ ਦੀ ਰਿਜ਼ਰਵੇਸ਼ਨ ਕਰਵਾਇਆ ਕਰਦੇ ਸਨ। ਜਿਸ ਦਿਨ ਦੀ ਰਿਜ਼ਰਵੇਸ਼ਨ ਮਿਲਦੀ ਸੀ ਉਸ ਦਿਨ ਫਿਰ ਇਕ ਮੁਲਾਜ਼ਮ ਉਨ੍ਹਾਂ ਨੂੰ ਦੂਜੀ ਟਰੇਨ ਚੜ੍ਹਾਉਣ ਲਈ ਪਰਿਵਾਰ ਦੇ ਨਾਲ ਜਾਂਦਾ ਹੁੰਦਾ ਸੀ। ਪਰ ਜਿਸ ਦਿਨ ਦਿੱਲੀ ਤੋਂ ਹੁੰਦੇ ਹੋਏ ਅੰਮ੍ਰਿਤਸਰ ਜਾਣ ਵਾਲੀ ਇਹ ਪਹਿਲੀ ਟਰੇਨ ਚੱਲੀ ਤਾਂ ਸ਼ਹਿਰ ਦੀ ਪੂਰੀ ਸਿੱਖ ਬਿਰਾਦਰੀ ਨੇ ਇਸ ਟਰੇਨ ਦੇ ਆਗਮਨ ਦਾ ਪਲੈਟਫਾਰਮ ਉੱਪਰ ਅਰਦਾਸ ਕਰਕੇ ਵਿਸ਼ਾਲ ਸਵਾਗਤ ਕੀਤਾ ਅਤੇ ਮੁਸਾਫ਼ਰਾਂ ਲਈ ਲੰਗਰ ਵੀ ਚਲਾਇਆ। ਫਿਰ ਕੁਝ ਸਾਲਾਂ ਬਾਅਦ ਇਕ ਹੋਰ ਟਰੇਨ ਦੀ ਸ਼ੁਰੂਆਤ ਹੋਈ ਜੋ ਰਾਂਚੀ ਨੂੰ ਚੰਡੀਗੜ੍ਹ ਨਾਲ ਜੋੜਦੀ ਸੀ। ਇਹ ਟਰੇਨ ਦਿੱਲੀ ਪਹੁੰਚਣ ਲਈ ਪਹਿਲੀ ਟਰੇਨ ਤੋਂ ਥੋੜ੍ਹਾ ਘੱਟ ਸਮਾਂ ਲੈਂਦੀ ਸੀ। ਇਸ ਟਰੇਨ ਦੇ ਚੱਲਣ ਨਾਲ ਹੋਰ ਲੋਕਾਂ ਤੋਂ ਇਲਾਵਾ ਸਿੱਖਾਂ ਨੂੰ ਕੁਝ ਜ਼ਿਆਦਾ ਹੀ ਫ਼ਾਇਦਾ ਹੋਇਆ ਸੀ। ਪਰਿਵਾਰਕ ਮਿਲਣੀ ਤੋਂ ਇਲਾਵਾ ਉਨ੍ਹਾਂ ਦੇ ਵਪਾਰ 'ਚ ਵੀ ਵਾਧਾ ਹੋਇਆ ਸੀ। ਹੁਣ ਉਨ੍ਹਾਂ ਦੀਆਂ ਦੁਕਾਨਾਂ ਜ਼ਿਆਦਾ ਵਪਾਰ ਦੇਣ ਲੱਗੀਆਂ ਸਨ।

ਉਸ 31 ਅਕਤੂਬਰ 1984 ਨੂੰ ਦਿਨ ਦੇ ਤਕਰੀਬਨ ਗਿਆਰਾਂ ਵਜੇ ਸਵੇਰੇ ਸੁਖਦੇਵ ਜਦੋਂ ਨਵੀਂ ਦਿੱਲੀ ਦੇ ਰੇਲਵੇ ਸਟੇਸ਼ਨ ਤੋਂ ਚੰਡੀਗੜ੍ਹ ਵਾਲੀ ਟਰੇਨ ਉੱਪਰ ਚੜ੍ਹਨ ਲੱਗਾ ਤਾਂ ਉਸ ਨੂੰ ਕੁਝ ਮੁਸਾਫ਼ਰਾਂ ਦੇ ਹਵਾਲੇ ਨਾਲ ਇਹ ਪਤਾ ਲੱਗਾ ਕਿ ਪ੍ਰਧਾਨ ਮੰਤਰੀ ਗੋਲੀਆਂ ਲੱਗਣ ਨਾਲ ਫੱਟੜ ਹੋ ਗਈ ਹੈ ਅਤੇ ਇਸ ਸਮੇਂ ਉਹ ਹਸਪਤਾਲ 'ਚ ਸੀ। ਉਸ ਨੂੰ ਇਹ ਖ਼ਬਰ ਹਿੰਦੁਸਤਾਨ ਟਾਈਮਜ਼ ਦੇ ਦਫ਼ਤਰ ਦੇ ਬਾਹਰ ਲੱਗੇ ਨਿਊਜ਼ ਫਲੈਸ਼ ਉੱਪਰ ਦਿਸੀ

ਸੀ। ਇਸ ਤੋਂ ਇਲਾਵਾ ਇਸ ਖ਼ਬਰ ਬਾਰੇ ਕਿਸੇ ਨੂੰ ਕੋਈ ਹੋਰ ਜ਼ਿਆਦਾ ਜਾਣਕਾਰੀ ਨਹੀਂ ਸੀ। ਸੁਖਦੇਵ ਅਤੇ ਉਸ ਦੇ ਮਿੱਤਰ ਨੇ ਇਸ ਖ਼ਬਰ ਨੂੰ ਉਂਞ ਤਾਂ ਬਹੁਤ ਗੰਭੀਰਤਾ ਨਾਲ ਲਿਆ ਸੀ ਪਰ ਆਉਣ ਵਾਲੇ ਸਮੇਂ 'ਚ ਜੋ ਹੋਣ ਵਾਲਾ ਸੀ ਉਸ ਦੀ ਕਲਪਨਾ ਵੀ ਨਹੀਂ ਕੀਤੀ ਸੀ। ਉਹ ਸਮਾਂ ਜਿਸ ਨੇ ਭਾਰਤ ਵਿਚ ਇਕ ਹੋਰ ਨਵੇਂ ਭਾਈਚਾਰੇ ਨੂੰ ਘੱਟਗਿਣਤੀ ਦੇ ਰੂਪ 'ਚ ਜਨਮ ਲੈਂਦੇ ਦੇਖਿਆ ਅਤੇ ਇਸ ਭਾਈਚਾਰੇ ਨੂੰ ਬਹੁਗਿਣਤੀ ਵਾਲਿਆਂ ਨੇ ਦੇਸ਼ ਤੋਂ ਵੱਖ ਕਰ ਦਿੱਤਾ, ਕੁਝ ਹੱਦ ਤੱਕ ਉਸੇ ਤਰ੍ਹਾਂ ਜਿਵੇਂ ਸੰਤਾਲੀ ਦੀ ਵੰਡ ਨੇ ਕੀਤਾ ਸੀ। ਅਗਲੇ ਤਿੰਨ ਦਿਨਾਂ ਤੱਕ ਦੇਸ਼ ਵਿਚ ਫੈਲੀ ਘ੍ਰਿਣਾ ਅਤੇ ਖ਼ੂਨ-ਖਰਾਬੇ ਨੇ ਸਿਰਫ਼ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਹੀ 3000 ਤੋਂ ਵਧੇਰੇ ਸਿੱਖਾਂ ਦੀ ਬੇਕਿਰਕੀ ਨਾਲ ਹੱਤਿਆ ਕਰ ਦਿੱਤੀ, ਸਿੱਖ ਬਿਰਾਦਰੀ ਦੇ 50000 ਤੋਂ ਜ਼ਿਆਦਾ ਲੋਕਾਂ ਨੂੰ ਰਾਹਤ ਕੈਂਪਾਂ ਵਿਚ ਸ਼ਰਣ ਲੈਣ ਲਈ ਮਜਬੂਰ ਹੋਣਾ ਪਿਆ ਕਿਉਂਕਿ ਉਨ੍ਹਾਂ ਦੇ ਘਰ ਤਬਾਹ ਹੋ ਗਏ ਸਨ ਅਤੇ ਇਸ ਬਿਰਾਦਰੀ ਦੇ ਕਈ ਪਰਿਵਾਰਾਂ ਦੇ ਜੀਆਂ 'ਚ, ਜੋ ਪੰਜਾਬ ਤੋਂ ਬਾਹਰ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਖ਼ੁਸ਼ੀ ਨਾਲ ਰੋਟੀ-ਰੋਜ਼ੀ ਕਮਾ ਰਹੇ ਸਨ, ਪੰਜਾਬ ਵਿਚ ਹਿਜ਼ਰਤ ਕਰਨ ਦੀ ਬਹਿਸ ਛੇੜ ਦਿੱਤੀ ਸੀ।

ਸੁਖਦੇਵ ਦੇ ਮਨ ਵਿਚ ਇਕ ਵਾਰ ਵੀ ਇਹ ਖ਼ਿਆਲ ਨਹੀਂ ਆਇਆ ਕਿ ਉਸ ਨੂੰ ਆਪਣਾ ਸਫ਼ਰ ਰੱਦ ਕਰ ਦੇਣਾ ਚਾਹੀਦਾ ਹੈ। ਨਵੀਂ ਦਿੱਲੀ ਦੇ ਪਲੈਟਫਾਰਮ ਉੱਪਰ ਅਤੇ ਉਸ ਟਰੇਨ ਵਿਚ ਸਿੱਖ ਭਾਈਚਾਰੇ ਤੋਂ ਇਲਾਵਾ ਕਈ ਲੋਕ ਸਨ। ਸਭ ਕੁਝ ਆਮ ਲੱਗ ਰਿਹਾ ਸੀ। ਟਰੇਨ ਆਪਣੇ ਤੈਅਸ਼ੁਦਾ ਸਮੇਂ 'ਤੇ ਚੱਲ ਪਈ। ਸੁਖਦੇਵ ਅਤੇ ਉਸ ਦਾ ਗ਼ੈਰਸਿੱਖ ਬੰਗਾਲੀ ਸਾਥੀ ਆਪੋ-ਆਪਣੀ ਰਾਖਵੀਂ ਜਗ੍ਹਾ ਉੱਪਰ ਬੈਠ ਗਏ। ਉਸ ਡੱਬੇ ਵਿਚ ਉਸ ਤੋਂ ਬਿਨਾਂ ਇਕ ਹੋਰ ਸਿੱਖ ਨੌਜਵਾਨ ਵੀ ਸੀ। ਪੂਰੇ ਡੱਬੇ 'ਚ ਇੰਦਰਾ ਗਾਂਧੀ ਉੱਪਰ ਹੋਇਆ ਹਮਲਾ ਚਰਚਾ ਦਾ ਵਿਸ਼ਾ ਬਣਦਾ ਜਾ ਰਿਹਾ ਸੀ। ਉਸ ਚਰਚਾ ਦਾ ਮੁੱਖ ਨੁਕਤਾ ਇਸ ਹਮਲੇ ਦੀ ਨਿਖੇਧੀ ਹੀ ਸੀ।

"ਜੋ ਵੀ ਹੋਇਆ ਉਹ ਮਾੜਾ ਹੋਇਆ। ਹਿੰਸਾ ਕਿਸੇ ਮਸਲੇ ਦਾ ਹੱਲ ਨਹੀਂ ਹੈ। ਰਾਜਨੀਤਕ ਮਸਲਿਆਂ ਨੂੰ ਰਾਜਨੀਤਕ ਢੰਗ ਨਾਲ ਹੀ ਹੱਲ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵਿਅਕਤੀ ਵਿਸ਼ੇਸ਼ ਦੀ ਹੱਤਿਆ ਨਾਲ ਕੁਝ ਬਦਲਣ ਵਾਲਾ ਨਹੀਂ ਹੈ।"

ਉਸ ਡੱਬੇ 'ਚ ਚੱਲ ਰਹੀ ਚਰਚਾ ਦਾ ਮੁੱਖ ਨਤੀਜਾ ਲੱਗਭੱਗ ਇਹੀ ਨਿਕਲ ਰਿਹਾ ਸੀ।

ਉਸ ਸਮੇਂ ਕਿਸੇ ਨੂੰ ਵੀ ਇਹ ਨਹੀਂ ਪਤਾ ਸੀ ਕਿ ਪ੍ਰਧਾਨ ਮੰਤਰੀ ਦੀ ਹੱਤਿਆ ਦਾ ਮੁੱਖ ਜ਼ਿੰਮੇਵਾਰ ਕੌਣ ਹੈ। ਕਿਉਂਕਿ ਸੁਖਦੇਵ ਸਮਾਜਿਕ ਅਤੇ ਰਾਜਨੀਤਕ ਕੰਮਾਂ ਵਿਚ ਮਹਿਜ਼ ਰੁਚੀ ਹੀ ਨਹੀਂ ਸੀ ਰੱਖਦਾ ਸਗੋਂ ਉਨ੍ਹਾਂ ਵਿਚ ਹਿੱਸਾ ਲੈਂਦਾ ਸੀ ਇਸ ਲਈ ਡੱਬੇ ਵਿਚ ਚੱਲ ਰਹੀ ਚਰਚਾ 'ਚ ਵੀ ਉਹ ਖੁੱਲ੍ਹ ਕੇ ਹਿੱਸਾ ਲੈ ਰਿਹਾ ਸੀ। ਸ਼ਾਮ ਦੇ ਤਕਰੀਬਨ ਛੇ ਵਜੇ ਸਨ ਜਦੋਂ ਕਿਸੇ ਹਮਸਫ਼ਰ ਨੇ ਪ੍ਰਧਾਨ ਮੰਤਰੀ ਦੀ ਮੌਤ ਦੀ ਪੁਸ਼ਟੀ ਕੀਤੀ।

"ਉਸ ਦੀ ਹੱਤਿਆ ਉਸ ਦੇ ਅੰਗ ਰੱਖਿਅਕਾਂ ਨੇ ਕੀਤੀ ਹੈ। ਤੇ ਉਹ ਸਿੱਖ ਸਨ।"

ਸੁਖਦੇਵ ਦੇ ਮਨ ਵਿਚ ਪਹਿਲੀ ਵਾਰ ਡਰ ਉਪਜਿਆ। ਉਸ ਨੂੰ ਪਹਿਲੀ ਵਾਰ ਇਹ ਅੰਦੇਸ਼ਾ ਹੋਇਆ ਕਿ ਕਿਉਂਕਿ ਪ੍ਰਧਾਨ ਮੰਤਰੀ ਦੀ ਹੱਤਿਆ 'ਚ ਸਿੱਖ ਸ਼ਾਮਲ ਹਨ ਇਸ ਕਰਕੇ ਸਿੱਖਾਂ ਉੱਪਰ ਹਮਲੇ ਹੋ ਸਕਦੇ ਹਨ। ਉਸ ਨੂੰ ਇਸ ਗੱਲ ਦਾ ਵੀ ਸ਼ੱਕ ਹੋਇਆ ਕਿ ਉਸ ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਅਜਿਹਾ ਖ਼ਿਆਲ ਉਸ ਨੂੰ ਖ਼ਬਰ ਸੁਣਨ ਤੋਂ ਬਾਅਦ ਇਕਦਮ ਨਹੀਂ ਆਇਆ ਸੀ ਪਰ ਥੋੜ੍ਹੇ ਸਮੇਂ ਬਾਅਦ ਇਹ ਹੌਲੀ-ਹੌਲੀ ਜ਼ਿਹਨ 'ਚ ਪ੍ਰਵੇਸ਼ ਕਰਦਾ ਜਾ ਰਿਹਾ ਸੀ। ਇਸ ਅੰਦੇਸ਼ੇ ਬਾਰੇ ਉਸ ਨੇ ਆਪਣੇ ਮਿੱਤਰ ਨਾਲ ਵੀ ਜ਼ਿਕਰ ਕੀਤਾ। ਉਸ ਦੇ ਮਿੱਤਰ ਨੇ ਉਸ ਨੂੰ ਦਿਲਾਸਾ ਦਿੱਤਾ ਅਤੇ ਕਿਹਾ ਕਿ ਕਿਉਂਕਿ ਹੁਣ ਉਹ ਦਿੱਲੀ ਤੋਂ ਕਾਫ਼ੀ ਦੂਰ ਆ ਚੁੱਕੇ ਹਨ ਅਤੇ ਉਨ੍ਹਾਂ ਦੀ ਮੰਜ਼ਿਲ ਸ਼ਹਿਰ ਵੀ ਅਜੇ ਕਾਫ਼ੀ ਦੂਰ ਹਨ। ਇਸ ਕਰਕੇ ਹੁਣ ਇਸ ਬਾਰੇ ਕੁਝ ਕੀਤਾ ਵੀ ਨਹੀਂ ਜਾ ਸਕਦਾ। ਇਸ ਲਈ ਇਸ ਉੱਪਰ ਵਿਸ਼ੇਸ਼ ਚਿੰਤਾ ਕਰਨੀ ਵੀ ਬੇਕਾਰ ਹੀ ਹੈ।

ਸੁਖਦੇਵ ਨੇ ਆਪਣੇ ਮਿੱਤਰ ਨੂੰ ਇਹ ਵੀ ਕਿਹਾ "ਦੇਖ ਭਾਈ। ਗੁੱਸੇ 'ਚ ਕੁਝ ਝਗੜਾ ਹੋ ਵੀ ਸਕਦਾ ਹੈ। ਪਿਛਲੇ ਕੁਝ ਸਾਲਾਂ ਤੋਂ ਲੋਕਾਂ 'ਚ ਗੁੱਸਾ ਤਾਂ ਪਨਪ ਹੀ ਰਿਹਾ ਹੈ ਇਸ ਕਰਕੇ ਥੋੜ੍ਹਾ ਬਹੁਤ ਕੁਝ ਹੋ ਵੀ ਸਕਦਾ ਹੈ। ਤੇ ਜੇ ਅਜਿਹਾ ਹੁੰਦਾ ਹੈ ਤਾਂ ਸਾਨੂੰ ਇਸ ਸਥਿਤੀ ਲਈ ਤਿਆਰ ਰਹਿਣਾ ਚਾਹੀਦਾ ਹੈ।"

ਥੋੜ੍ਹੇ ਸਮੇਂ ਬਾਅਦ ਟਰੇਨ ਕਾਨਪੁਰ ਪਹੁੰਚ ਗਈ ਅਤੇ ਇੱਥੇ ਉਸ ਦਾ ਸ਼ੱਕ ਕੁਝ ਹੱਦ ਤੱਕ ਸਹੀ ਸਿੱਧ ਹੋਇਆ। ਜਿਉਂ ਹੀ ਟਰੇਨ ਰੁਕੀ ਤਾਂ ਥੋੜ੍ਹੇ ਚਿਰ ਬਾਅਦ ਪਤਾ ਲੱਗਾ ਕਿ ਕੁਝ ਸਿੱਖਾਂ ਦੀ ਕੁੱਟਮਾਰ ਕੀਤੀ ਗਈ ਹੈ। ਪਰ ਕੁੱਟਮਾਰ ਕਰਨ ਵਾਲੇ ਸਿੱਖਾਂ ਨੂੰ ਕੁੱਟ ਕੇ ਨਾਅਰੇ ਲਗਾਉਂਦੇ ਹੋਏ ਚਲੇ ਗਏ। ਇਹ ਵਾਕਿਆ ਥੋੜ੍ਹੀ ਹੀ ਦੇਰ ਦਾ ਸੀ ਅਤੇ ਫਿਰ ਸਭ ਕੁਝ ਆਮ ਜਿਹਾ ਨਜ਼ਰ ਆਉਣ ਲੱਗਾ ਸੀ। ਸੁਖਦੇਵ ਜਿਸ ਡੱਬੇ 'ਚ ਸਫ਼ਰ ਕਰ ਰਿਹਾ ਸੀ ਉੱਥੇ ਇਸ ਹਮਲੇ ਦੀ ਕੋਈ ਖ਼ਾਸ ਚਰਚਾ ਵੀ ਨਹੀਂ ਹੋਈ ਸੀ। ਟਰੇਨ ਨੇ ਆਪਣਾ ਅਗਲਾ ਸਫ਼ਰ ਸ਼ੁਰੂ ਕਰ ਦਿੱਤਾ।

ਅਗਲਾ ਪੜਾਅ ਇਲਾਹਾਬਾਦ ਸੀ। ਇੱਥੇ ਬਿਲਕੁਲ ਅਮਨ-ਚੈਨ ਸੀ। ਕਿਸੇ ਵੀ ਅਸੁਖਾਵੀਂ ਘਟਨਾ ਦਾ ਕੋਈ ਸੰਕੇਤ ਨਹੀਂ ਸੀ। ਇਸ ਸਥਿਤੀ ਨਾਲ ਸੁਖਦੇਵ ਅਤੇ ਉਸ ਦੇ ਸਾਥੀ ਨੂੰ ਥੋੜ੍ਹਾ ਰਾਹਤ ਮਿਲੀ। ਪਲੈਟਫਾਰਮ ਉੱਪਰ ਸਭ ਕੁਝ ਆਮ ਸੀ। ਰਾਤ ਦੇ ਗਿਆਰਾਂ ਵੱਜ ਰਹੇ ਸਨ ਅਤੇ ਕੁਝ ਦੁਕਾਨਾਂ ਵੀ ਖੁੱਲ੍ਹੀਆਂ ਸਨ। ਇੱਥੋਂ ਤੱਕ ਕਿ ਇਕ ਬੁੱਕ ਸਟਾਲ ਉੱਪਰ ਅਖ਼ਬਾਰ ਦਾ ਦੇਰ ਰਾਤਰੀ ਐਡੀਸ਼ਨ ਵੀ ਵਿਕ ਰਿਹਾ ਸੀ। ਸੁਖਦੇਵ ਨੇ ਵੀ ਟਰੇਨ ਤੋਂ ਉੱਤਰ ਕੇ ਉਹ ਅਖ਼ਬਾਰ ਖ਼ਰੀਦਿਆ। ਇਸ ਅਖ਼ਬਾਰ ਵਿਚ ਦੋ ਹਤਿਆਰਿਆਂ ਦਾ ਨਾਮ ਦਿੱਤਾ ਗਿਆ ਸੀ ਜਿਸ ਨੇ ਉਨ੍ਹਾਂ ਦੇ ਮਜ਼ਹਬ ਦੀ ਪਛਾਣ ਪੱਕੀ ਕਰ ਦਿੱਤੀ ਸੀ। ਪ੍ਰਧਾਨ ਮੰਤਰੀ ਦੇ ਦੋਵੇਂ ਹਤਿਆਰੇ ਉਸ ਦੇ ਸਿੱਖ ਅੰਗ-ਰੱਖਿਅਕ ਹੀ ਸਨ। ਇਹ ਖ਼ਬਰ ਪੜ੍ਹ ਕੇ ਸੁਖਦੇਵ ਦੇ ਮਨ 'ਚ ਥੋੜ੍ਹੀ ਘਬਰਾਹਟ ਹੋਈ, ਉਸ ਦੀ ਵਿਆਕੁਲਤਾ ਵਧੀ। ਪਰ ਇਲਾਹਾਬਾਦ ਦੀ ਆਮ ਸਥਿਤੀ ਦੇਖ ਕੇ ਮਨ ਥੋੜ੍ਹਾ ਸ਼ਾਂਤ ਵੀ ਹੋਇਆ। ਦਰਅਸਲ ਸੁਖਦੇਵ ਅਤੇ ਉਸ ਦੇ

ਮਿੱਤਰ ਨੂੰ ਸ਼ੱਕ ਸੀ ਕਿ ਇਲਾਹਾਬਾਦ ਵਿਚ ਸਥਿਤੀ ਜ਼ਿਆਦਾ ਮਾੜੀ ਹੋਵੇਗੀ ਕਿਉਂਕਿ ਇਹ ਸ਼ਹਿਰ ਗਾਂਧੀ (ਨਹਿਰੂ) ਖ਼ਾਨਦਾਨ ਨਾਲ ਜੁੜਿਆ ਹੋਇਆ ਸੀ ਇਸ ਲਈ ਇੱਥੋਂ ਦੇ ਲੋਕਾਂ 'ਚ ਜ਼ਿਆਦਾ ਗੁੱਸਾ ਹੋਵੇਗਾ। ਗੱਡੀ ਮੁੜ ਚੱਲ ਪਈ ਅਤੇ ਸਾਰੇ ਲੋਕ ਸੌਣ ਲਈ ਆਪੋ ਆਪਣੇ ਬਿਸਤਰੇ ਵਿਛਾ ਕੇ ਚੁੱਪਚਾਪ ਲੰਮੇ ਪੈ ਗਏ।

ਰਾਤ ਤਾਂ ਠੀਕ-ਠਾਕ ਹੀ ਲੰਘੀ ਸੀ ਪਰ ਸਵੇਰ ਦਾ ਆਲਮ ਕੁਝ ਹੋਰ ਹੀ ਸੀ। ਸੁਖਦੇਵ ਆਪਣੇ ਡੱਬੇ ਦੀ ਸਭ ਤੋਂ ਉੱਪਰਲੀ ਬਰਥ ਉੱਪਰ ਸੀ। ਉਸ ਨੂੰ ਨੀਂਦ ਬਹੁਤ ਪਿਆਰੀ ਸੀ। ਉਹ ਬਹੁਤ ਗੂੜ੍ਹੀ ਨੀਂਦ ਸੌਂਦਾ ਸੀ। ਦਿੱਲੀ ਵਿਚ ਉਸ ਦੇ ਮਿੱਤਰ ਅਕਸਰ ਕਹਿੰਦੇ ਸਨ ਕਿ ਨੀਂਦ ਦੇ ਮਾਮਲੇ 'ਚ ਸੁਖਦੇਵ ਬਹੁਤ ਭਾਗਾਂ ਵਾਲਾ ਸੀ। ਬਿਲਕੁਲ ਲੰਮੀਆਂ ਤਾਣ ਕੇ ਸੌਂਦਾ ਸੀ। "ਕਿਤੇ ਵੀ, ਕਦੇ ਵੀ, ਕਿਸੇ ਵੀ ਹਾਲਾਤ 'ਚ" ਉਸ ਨੂੰ ਨੀਂਦ ਆ ਜਾਂਦੀ ਸੀ। ਦਿੱਲੀ ਵਿਚ ਸੁਖਦੇਵ ਅਕਸਰ ਡੀ.ਟੀ.ਸੀ. ਬਸ ਵਿਚ ਸਫ਼ਰ ਕਰਦਾ ਸੀ। ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦੀ ਮੰਜ਼ਿਲ ਤੱਕ ਇਹ ਬਸ ਕਿੰਨੀ ਦੇਰ ਤੱਕ ਪਹੁੰਚੇਗੀ। ਉਹ ਉਸ ਦੌਰਾਨ ਵੀ ਨੀਂਦ ਦੀ ਝਪਕੀ ਲੈ ਲੈਂਦਾ ਸੀ। ਕਈ ਵਾਰ ਤਾਂ ਇਹ ਵੀ ਦੇਖਿਆ ਗਿਆ ਸੀ ਕਿ ਬਸ ਵਿਚ ਸੀਟ ਨਾ ਮਿਲਣ 'ਤੇ ਵੀ ਜਨਾਬ ਡੰਡੇ ਦੇ ਸਹਾਰੇ ਖੜ੍ਹੇ ਹੋ ਕੇ ਜਾਂ ਫਿਰ ਉੱਪਰਲਾ ਰਾਡ ਫੜ ਕੇ ਆਪਣੀ ਬਾਂਹ ਉੱਪਰ ਸਿਰ ਟਿਕਾ ਕੇ ਸੁੱਤੇ ਪਏ ਹਨ। ਟਰੇਨ 'ਚ ਉਸ ਦੀ ਕੋਸ਼ਿਸ਼ ਹੁੰਦੀ ਸੀ ਕਿ ਉਸ ਨੂੰ ਸਭ ਤੋਂ ਉੱਪਰ ਵਾਲੀ ਬਰਥ ਮਿਲੇ ਤਾਂ ਕਿ ਉਸ ਦੀ ਨੀਂਦ 'ਚ ਕੋਈ ਵਿਘਨ ਨਾ ਪਵੇ ਅਤੇ ਉਹ ਆਰਾਮ ਨਾਲ ਕਿਤਾਬ ਪੜ੍ਹੇ ਤੇ ਸੌਂ ਜਾਵੇ।

ਪਰ ਇਕ ਨਵੰਬਰ ਦੀ ਇਹ ਸਵੇਰ ਆਉਣ ਵਾਲੇ ਹਾਦਸੇ ਦੀ ਦਸਤਕ ਦੇ ਰਹੀ ਸੀ। ਸੁਖਦੇਵ ਅਜੇ ਆਪਣੀ ਉੱਪਰ ਵਾਲੀ ਬਰਥ ਉੱਪਰ ਸੌਂ ਹੀ ਰਿਹਾ ਸੀ ਕਿ ਹੇਠਾਂ ਕੁਝ ਹਲਚਲ ਜਹੀ ਮਚ ਰਹੀ ਸੀ। ਥੱਲੇ ਵਾਲੀ ਬਰਥ ਉੱਪਰ ਬੈਠਾ ਇਕ ਮੁਸਾਫ਼ਰ ਬੀ.ਬੀ.ਸੀ. ਦੀਆਂ ਖ਼ਬਰਾਂ ਸੁਣ ਰਿਹਾ ਸੀ। ਉਸ ਦੇ ਆਲੇ-ਦੁਆਲੇ ਬੈਠੇ ਮੁਸਾਫ਼ਰ ਇਸ ਖ਼ਬਰ ਉੱਪਰ ਚਰਚਾ ਕਰ ਰਹੇ ਸਨ। ਸਾਰਿਆਂ ਨੂੰ ਪਤਾ ਸੀ ਕਿ ਉੱਥੇ ਸਿੱਖ ਮੁਸਾਫ਼ਰ ਵੀ ਹਨ। ਸੁਖਦੇਵ ਬਿਲਕੁਲ ਸ਼ਾਂਤ ਸੀ ਅਤੇ ਨਾਲ ਦੇ ਮੁਸਾਫ਼ਰਾਂ ਦਰਮਿਆਨ ਚੱਲ ਰਹੀ ਚਰਚਾ ਵਿਚ ਸ਼ਾਮਿਲ ਨਹੀਂ ਹੋ ਰਿਹਾ ਸੀ। ਉਸ ਨੂੰ ਸ਼ੱਕ ਸੀ ਕਿ ਉਸ ਦੀ ਕਹੀ ਕਿਸੇ ਵੀ ਗੱਲ ਨੂੰ ਗ਼ਲਤ ਹੀ ਲਿਆ ਜਾਵੇਗਾ। ਫਿਰ ਉਨ੍ਹਾਂ ਵਿੱਚੋਂ ਕਿਸੇ ਮੁਸਾਫ਼ਰ ਨੇ ਕਿਹਾ, "ਸਰਦਾਰਾਂ ਨੇ ਉਸ ਨੂੰ ਮਾਰ ਦਿੱਤਾ।"

ਜਿਉਂ ਹੀ ਉਸ ਮੁਸਾਫ਼ਰ ਨੇ ਇਹ ਗੱਲ ਕਹੀ, ਬੀ.ਬੀ.ਸੀ. ਉੱਪਰ ਖ਼ਬਰਾਂ ਸੁਣ ਰਹੇ ਮੁਸਾਫ਼ਰ ਨੇ ਜਵਾਬ 'ਚ ਕਿਹਾ, "ਸਾਲੇ ਸਰਦਾਰਾਂ ਨੂੰ ਤਾਂ ਸਬਕ ਸਿਖਾਉਣਾ ਹੀ ਪਵੇਗਾ। ਪਿਛਲੇ ਚਾਰ-ਪੰਜ ਸਾਲ ਤੋਂ ਇਨ੍ਹਾਂ ਨੇ ਨੱਕ 'ਚ ਦਮ ਕਰ ਰੱਖਿਆ ਹੈ।"

ਪਰ ਹੋਰ ਮੁਸਾਫ਼ਰ ਜੋ ਇਸ ਚਰਚਾ ਨੂੰ ਸੁਣ ਰਹੇ ਸਨ ਇਸ ਨਾਲ ਸਹਿਮਤ ਨਹੀਂ ਸਨ। "ਅਜਿਹਾ ਨਹੀਂ ਹੈ। ਤੁਸੀਂ ਗ਼ਲਤ ਕਹਿ ਰਹੇ ਹੋ। ਸਿਰਫ਼ ਏਸ ਲਈ ਕਿ ਇਕ ਸਿੱਖ ਨੇ ਹੱਤਿਆ ਕੀਤੀ ਹੈ, ਇਸ ਦਾ ਮਤਲਬ ਇਹ ਨਹੀਂ ਕਿ ਸਾਰੇ ਸਿੱਖਾਂ ਨੂੰ ਸਬਕ ਸਿਖਾਇਆ

ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਦਾ ਰਵੱਈਆ ਬਿਲਕੁਲ ਗ਼ਲਤ ਹੈ।"

ਸੁਖਦੇਵ ਦਾ ਮਿੱਤਰ ਵੀ ਉੱਠ ਚੁੱਕਾ ਸੀ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਨੂੰ ਬਹੁਤ ਰਾਹਤ ਮਿਲੀ ਅਤੇ ਉਨ੍ਹਾਂ ਨੂੰ ਯਕੀਨ ਹੋ ਰਿਹਾ ਸੀ ਕਿ ਇਨ੍ਹਾਂ ਮੁਸਾਫ਼ਰਾਂ ਵਿੱਚੋਂ ਜ਼ਿਆਦਾਤਰ ਦੇ ਵਿਚਾਰ ਅਜਿਹੇ ਹਨ ਜੋ ਉਨ੍ਹਾਂ ਦੀ ਸਮਝਦਾਰੀ ਨੂੰ ਦਰਸਾਉਂਦੇ ਹਨ। ਉਨ੍ਹਾਂ ਵਿਚ ਇਨਸਾਨੀਅਤ ਜ਼ਿੰਦਾ ਹੈ। ਇਸ ਲਈ ਜੇਕਰ ਉਨ੍ਹਾਂ ਨਾਲ ਕੁਝ ਗ਼ਲਤ ਹੋਵੇਗਾ ਤਾਂ ਉਹ ਜ਼ਰੂਰ ਉਨ੍ਹਾਂ ਦੇ ਨਾਲ ਖੜ੍ਹੇ ਹੋਣਗੇ। ਦੋਵੇਂ ਮਿੱਤਰ ਕਾਫ਼ੀ ਤਸੱਲੀ ਮਹਿਸੂਸ ਕਰ ਰਹੇ ਸਨ।

ਸਵੇਰੇ ਜਦੋਂ ਸੁਖਦੇਵ ਬਾਥਰੂਮ ਜਾ ਰਿਹਾ ਸੀ ਤਾਂ ਉਸ ਨੇ ਇਹ ਵੀ ਦੇਖਿਆ ਕਿ ਦੂਜਾ ਸਿੱਖ ਨੌਜਵਾਨ ਜੋ ਉਸੇ ਡੱਬੇ ਵਿਚ ਸਫ਼ਰ ਕਰ ਰਿਹਾ ਸੀ, ਉਹ ਕਾਫ਼ੀ ਘਬਰਾਇਆ ਹੋਇਆ ਸੀ। ਕਾਨਪੁਰ ਵਿਚ ਕੁਝ ਸਿੱਖਾਂ ਦੀ ਕੁੱਟਮਾਰ ਦੀ ਘਟਨਾ ਤੋਂ ਬਾਅਦ ਉਸ ਨੇ ਡਰ ਕੇ ਟਰੇਨ ਵਿਚ ਹੀ ਆਪਣੇ ਕੇਸ ਕੱਟ ਲਏ ਸਨ। ਬਾਥਰੂਮ ਦੇ ਬਾਹਰ ਜਦੋਂ ਉਹ ਮਿਲੇ ਤਾਂ ਸੁਖਦੇਵ ਨੇ ਦੇਖਿਆ ਕਿ ਕੱਲ੍ਹ ਤੱਕ ਜਿਸ ਦੇ ਸਿਰ ਉੱਪਰ ਪੱਗ ਸੀ ਅੱਜ ਉਸ ਦੇ ਕੇਸ ਕੱਟੇ ਹੋਏ ਸਨ। ਹਾਲਾਂਕਿ ਗ਼ੌਰ ਨਾਲ ਦੇਖਣ 'ਤੇ ਮੱਥੇ ਉੱਪਰ ਸਾਲਾਂ ਤੋਂ ਪੱਗ ਬੰਨਣ ਦੇ ਨਿਸ਼ਾਨ ਜ਼ਰੂਰ ਦਿਸ ਰਹੇ ਸਨ। ਉਸ ਨੇ ਸੁਖਦੇਵ ਨੂੰ ਵੀ ਅਜਿਹਾ ਕਰਨ ਦੀ ਸਲਾਹ ਦਿੱਤੀ।

ਸੁਖਦੇਵ ਦੇ ਮਨ 'ਚ ਕਦੇ ਵੀ ਕੇਸ ਕੱਟਣ ਦਾ ਖ਼ਿਆਲ ਨਹੀਂ ਆਇਆ ਸੀ। ਉਸ ਨੂੰ ਲੱਗ ਰਿਹਾ ਸੀ ਕਿ ਸਥਿਤੀ ਏਨੀ ਵੀ ਭਿਆਨਕ ਨਹੀਂ ਹੈ ਕਿ ਸਿੱਖਾਂ ਨੂੰ ਆਪਣੀ ਜਾਨ ਬਚਾਉਣ ਲਈ ਆਪਣੇ ਕੇਸ ਕੱਟਣੇ ਪੈਣ। ਦੂਜਾ ਇਹ ਵੀ ਸੀ ਕਿ ਹੁਣ ਉਹ ਖ਼ਤਰੇ ਤੋਂ ਬਹੁਤ ਦੂਰ ਸਨ। ਇਹ ਗੱਲ ਉਸ ਨੇ ਉਸ ਦੂਜੇ ਸਿੱਖ ਮੁਸਾਫ਼ਰ ਨੂੰ ਵੀ ਆਖੀ।

"ਹੁਣ ਡਰਨ ਦੀ ਜ਼ਰੂਰਤ ਨਹੀਂ ਹੈ। ਉਂਝ ਵੀ ਸਾਡੀ ਗੱਡੀ ਬਿਹਾਰ ਵਿਚ ਦਾਖ਼ਲ ਹੋ ਰਹੀ ਹੈ। ਇਹ ਤਾਂ ਆਪਣਾ ਹੀ ਘਰ ਹੈ। ਏਥੇ ਕਿਸ ਗੱਲ ਦਾ ਡਰ।"

ਸੁਖਦੇਵ ਮੁੱਢ ਤੋਂ ਹੀ ਨਿਡਰ ਇਨਸਾਨ ਸੀ। ਕਾਲਜ ਅਤੇ ਉਸ ਤੋਂ ਵੀ ਪਹਿਲਾਂ ਉਸ ਨੇ ਕਦੇ ਦਬਾਅ ਹੇਠ ਕੰਮ ਨਹੀਂ ਸੀ ਕੀਤਾ। ਘਰ ਵੀ ਜਦੋਂ ਵੱਡੇ ਭਰਾ ਕਦੇ ਡਾਂਟਦੇ-ਝਿੜਕਦੇ ਜਾਂ ਫਿਰ ਕੁੱਟ ਵੀ ਦਿੰਦੇ ਤਾਂ ਉਹ ਉਨ੍ਹਾਂ ਨੂੰ ਗ਼ਲਤ ਕਰਾਰ ਦਿੰਦਾ ਸੀ। ਮੁਹੱਲੇ ਦੀਆਂ ਲੜਾਈਆਂ 'ਚ ਵੀ ਉਹ ਤੇ ਉਸ ਦਾ ਵੱਡਾ ਭਰਾ ਨਿਡਰਤਾ ਲਈ ਮਸ਼ਹੂਰ ਸਨ। ਮੁਹੱਲੇ ਦੀਆਂ ਕੁਝ ਗਲੀਆਂ ਉੱਪਰ ਤਾਂ ਜਿਵੇਂ ਇਨ੍ਹਾਂ ਦੋਹਾਂ ਭਰਾਵਾਂ ਦਾ ਰਾਜ ਜਿਹਾ ਸੀ। ਸ਼ਾਮ ਨੂੰ ਜਦੋਂ ਇਹ ਭਰਾ ਤਿਆਰ ਹੋ ਕੇ, ਚਾਲੀ ਇੰਚ ਦੀ ਖੁੱਲ੍ਹੀ ਮੋਹਰੀ ਵਾਲੀ ਪੈਂਟ ਪਹਿਨ ਕੇ ਉਸ ਦੇ ਨਾਲ ਮਿਲਦੀ-ਜੁਲਦੀ ਵੱਡੇ-ਵੱਡੇ ਡਾਗ ਕਾਲਰ ਵਾਲੀ ਫਿਟਿੰਗ ਸ਼ਰਟ ਅਤੇ ਪੱਗ ਬੰਨ੍ਹ ਕੇ ਇਨ੍ਹਾਂ ਗਲੀਆਂ 'ਚ ਨਿਕਲਦੇ ਸਨ ਤਾਂ ਉਨ੍ਹਾਂ ਦੇ ਹਮਉਮਰ ਨੌਜਵਾਨ ਸਤਿਕਾਰ ਨਾਲ ਸਿਰ ਹਿਲਾ ਦਿੰਦੇ ਸਨ। ਇਹ ਗੱਲ ਨਹੀਂ ਕਿ ਉਨ੍ਹਾਂ ਦਾ ਖ਼ੌਫ਼ ਸੀ। ਸਗੋਂ ਉਨ੍ਹਾਂ ਦੀ ਸ਼ਖ਼ਸੀਅਤ 'ਚ ਇਕ ਰੋਹਬ ਸੀ। ਸੁਖਦੇਵ ਦਾ ਤਾਂ ਕੱਦਕਾਠ ਹੀ ਅਜਿਹਾ ਸੀ। ਛੇ ਫੁੱਟ ਢਾਈ ਇੰਚ ਕੱਦ, ਚੌੜੀ ਹਿੱਕ, ਕਸਰਤ ਨਾਲ ਕਮਾਇਆ ਸਰੀਰ ਅਤੇ ਫ਼ੁਰਤੀ। ਵੱਡਾ

ਭਰਾ ਵੀ ਕੁਝ ਅਜਿਹਾ ਹੀ ਸੀ। ਸ਼ਹਿਰ ਦਾ ਮਸ਼ਹੂਰ ਫੁਟਬਾਲ ਖਿਡਾਰੀ। ਰੋਜ਼ ਸਵੇਰੇ ਉੱਠ ਕੇ ਸ਼ਹਿਰ ਦੇ ਸਭ ਤੋਂ ਵੱਡੇ ਮੈਦਾਨ ਵਿਚ ਚੱਕਰ ਲਾਉਣਾ ਅਤੇ ਫਿਰ ਕਈ ਘੰਟੇ ਦਾ ਅਭਿਆਸ। ਦੋਵੇਂ ਹੀ ਆਪਣੇ ਕਈ ਚਚੇਰੇ ਭਰਾਵਾਂ ਲਈ, ਜੋ ਉਮਰ 'ਚ ਅਜੇ ਉਨ੍ਹਾਂ ਤੋਂ ਛੋਟੇ ਸਨ ਅਤੇ ਮੁਹੱਲੇ ਦੇ ਕਈ ਨੌਜਵਾਨਾਂ ਦੇ ਲਈ ਆਦਰਸ਼ ਸਨ। ਕਈ ਤਾਂ ਅਜਿਹੇ ਵੀ ਸਨ ਜੋ ਇਨ੍ਹਾਂ ਦੇ ਨਾਂ 'ਤੇ ਆਪਣੀ ਹੀਰੋਗਿਰੀ ਵੀ ਜਮਾ ਲੈਂਦੇ ਸਨ। ਇਸ ਲਈ ਜਦੋਂ ਟਰੇਨ 'ਚ ਉਸ ਦੇ ਨਾਲ ਵਾਲੇ ਸਿੱਖ ਮੁਸਾਫ਼ਰ ਨੇ ਕੇਸ ਕੱਟਣ ਦੀ ਸਲਾਹ ਦਿੱਤੀ ਤਾਂ ਸੁਖਦੇਵ ਨੂੰ ਇਸ ਸੁਝਾਅ ਵਿਚ ਬੁਜ਼ਦਿਲੀ ਦੀ ਝਲਕ ਦਿਸੀ। ਇਸ ਵਿਚ ਉਸ ਦੀ ਧਾਰਮਿਕ ਭਾਵਨਾ ਨੂੰ ਠੇਸ ਪਹੁੰਚਾਉਣ ਵਾਲੀ ਕੋਈ ਗੱਲ ਨਹੀਂ ਸੀ। ਦਰਅਸਲ ਉਹ ਧਾਰਮਿਕ ਹੈ ਹੀ ਨਹੀਂ ਸੀ। ਧਰਮ ਦੇ ਮਾਮਲੇ 'ਚ ਤਾਂ ਉਹ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ ਅਤੇ ਉਸ ਦੇ ਲੇਖ "ਮੈਂ ਨਾਸਤਿਕ ਕਿਉਂ ਹਾਂ" ਨਾਲ ਵੀ ਕਾਫ਼ੀ ਹੱਦ ਤੱਕ ਸਹਿਮਤ ਸੀ। ਉਸ ਦੇ ਮਨ ਵਿਚ ਕਈ ਵਾਰ ਕੇਸ ਕਟਵਾਉਣ ਦੀ ਇੱਛਾ ਵੀ ਜਾਗੀ ਸੀ। ਪਰ ਉਹ ਆਪਣੀ ਮਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਦਾ ਸੀ ਜੋ ਰੋਜ਼ ਸਵੇਰੇ ਸੂਰਜ ਚੜ੍ਹਨ ਤੋਂ ਕਾਫ਼ੀ ਪਹਿਲਾਂ ਇਸ਼ਨਾਨ ਕਰਕੇ ਗੁਰਦੁਆਰੇ 'ਚ ਪਾਠ ਕਰਨ ਜਾਂਦੀ ਸੀ। ਸੁਖਦੇਵ ਦੇ ਘਰ ਦੇ ਬਾਹਰ ਕਦਮ ਰੱਖੋ ਤਾਂ ਸਭ ਤੋਂ ਪਹਿਲਾਂ ਗੁਰਦੁਆਰਾ ਹੀ ਦਿਸਦਾ ਸੀ ਜੋ ਕਿ ਘਰ ਤੋਂ ਸਿਰਫ਼ ਚਾਰ ਕਦਮ ਦੇ ਫ਼ਾਸਲੇ 'ਤੇ ਸੀ। ਉਸ ਦੇ ਸਾਰੇ ਭਰਾ ਅਤੇ ਭਾਬੀਆਂ ਵੀ ਦਿਨ ਵਿਚ ਘੱਟੋਘੱਟ ਇਕ ਵਾਰ ਤਾਂ ਗੁਰਦੁਆਰੇ ਜਾਂਦੇ ਹੀ ਸਨ। ਹਰ ਧਾਰਮਿਕ ਸਮਾਗਮ 'ਚ ਸ਼ਹਿਰ ਦੇ ਹੋਰ ਸਿੱਖ ਪਰਿਵਾਰਾਂ ਦੇ ਨਾਲ ਵੱਧ-ਚੜ੍ਹ ਕੇ ਸ਼ਾਮਿਲ ਵੀ ਹੁੰਦੇ ਸਨ। ਹੁਣ ਵੀ ਅਜਿਹਾ ਹੀ ਸੀ। ਰਾਜਨੀਤੀ ਤਾਂ ਉਹ ਸਮਝਦਾ ਹੀ ਸੀ। ਧਰਮ, ਧਾਰਮਿਕ ਅਤੇ ਫਿਰਕਾਪ੍ਰਸਤੀ ਦੀ ਰਾਜਨੀਤੀ ਅਤੇ ਸੱਤਾ ਦੇ ਸੰਬੰਧ ਉੱਪਰ ਵੀ ਉਸ ਦੀ ਸੋਚ ਵਿਗਿਆਨਕ ਸੀ। ਪਰ ਉਹ ਕਿਸੇ ਦੀ ਧਾਰਮਿਕ ਭਾਵਨਾ ਨੂੰ ਠੇਸ ਨਹੀਂ ਸੀ ਪਹੁੰਚਾ ਸਕਦਾ। ਸੁਖਦੇਵ ਦੇ ਪਿਤਾ ਜੀ, ਉਸ ਦੇ ਭਰਾ ਅਤੇ ਮਾਂ ਨੂੰ ਵੀ ਧਰਮ ਦੇ ਪ੍ਰਤੀ ਸੁਖਦੇਵ ਦੇ ਵਿਚਾਰਾਂ ਬਾਰੇ ਚੰਗੀ ਤਰ੍ਹਾਂ ਪਤਾ ਸੀ। ਪਰ ਉਨ੍ਹਾਂ ਸਾਰਿਆਂ ਲਈ ਸੁਖਦੇਵ ਦਾ ਕੇਸ ਨਾ ਕਟਵਾਉਣਾ ਅਤੇ ਸਿਰ ਉੱਪਰ ਦਸਤਾਰ ਬੰਨ੍ਹਣਾ ਹੀ ਮਾਇਨੇ ਰੱਖਦਾ ਸੀ। ਕਈ ਵਾਰ ਤਾਂ ਸੁਖਦੇਵ ਨੂੰ ਇੰਝ ਵੀ ਲੱਗਦਾ ਸੀ ਕਿ ਦਰਅਸਲ ਉਹ ਸਿੱਖ ਧਰਮ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਗੁਰੂਆਂ ਦੁਆਰਾ ਮਾਨਵਤਾ ਤੇ ਬਰਾਬਰੀ ਦੇ ਉਪਦੇਸ਼ ਦਾ ਪਾਲਣ ਕਰਨ ਦੀ ਕੋਸ਼ਿਸ ਵੀ ਕਰਦਾ ਹੈ। ਉਸ ਨੂੰ ਇੰਝ ਮਹਿਸੂਸ ਹੋ ਰਿਹਾ ਸੀ ਕਿ ਅੱਜ ਜੇ ਉਸ ਨੇ ਕੇਸ ਕੱਟ ਲਏ ਤਾਂ ਕਈ ਲੋਕਾਂ ਨੂੰ ਤਾਂ ਨਿਸ਼ਚੇ ਹੀ ਇਸ ਹਾਲਤ 'ਚ ਲਿਆ ਹੋਇਆ ਇਹ ਫ਼ੈਸਲਾ ਜਾਇਜ਼ ਹੀ ਲੱਗੇਗਾ। ਪਰ ਉਹ ਆਪਣੀ ਮਾਂ ਦੀਆਂ ਭਾਵਨਾਵਾਂ ਤੋਂ ਦਿਲੀ ਤੌਰ 'ਤੇ ਵਾਕਫ਼ ਸੀ। ਉਹ ਮਾਂ ਜੋ ਦੇਸ਼ ਦੀ ਵੰਡ ਦੇ ਸਮੇਂ ਵੀ ਆਪਣੀ ਧਾਰਮਿਕ ਪਛਾਣ ਨੂੰ ਬਚਾ ਕੇ ਕਈ ਦਿਨਾਂ ਦਾ ਪੈਦਲ ਸਫ਼ਰ ਕਰਕੇ ਨਵੀਂ ਬਣੀ ਸਰਹੱਦ ਨੂੰ ਜ਼ਿੰਦਾ ਪਾਰ ਕਰਨ 'ਚ ਕਾਮਯਾਬ ਹੋਈ ਸੀ। ਇਸ ਲਈ ਜੇ ਕੇਸ ਕੱਟ ਕੇ ਉਹ ਸਹੀ ਸਲਾਮਤ ਘਰ ਪਹੁੰਚ ਵੀ ਗਿਆ ਤਾਂ ਵੀ ਉਸ ਦੀ ਮਾਂ ਨੂੰ ਇਸ ਫ਼ੈਸਲੇ 'ਚ ਇਕ ਬਹਾਨੇ ਦੀ ਗੁੰਜਾਇਸ਼

ਜ਼ਰੂਰ ਦਿਸੇਗੀ। ਸੁਖਦੇਵ ਨੂੰ ਇਹ ਵੀ ਲੱਗ ਰਿਹਾ ਸੀ ਕਿ ਵੱਡੇ ਭਰਾ ਅਤੇ ਪਿਤਾ ਜੀ ਵੀ ਸੁਖਦੇਵ ਦੇ ਕੇਸ ਕੱਟਣ 'ਚ ਉਸ ਦੀ ਰਾਜਨੀਤੀ ਅਤੇ ਧਰਮ ਦੇ ਪ੍ਰਤੀ ਉਸ ਦੇ ਵਿਚਾਰਾਂ ਦੇ ਮੁਕਾਬਲੇ ਉਸ ਦੀ ਜਾਨ ਬਚਾਉਣ ਦੀ ਦਲੀਲ ਨੂੰ ਘੱਟ ਤਰਜੀਹ ਦੇਣਗੇ।

ਸੁਖਦੇਵ ਦਾ ਇਹ ਵੀ ਮੰਨਣਾ ਸੀ ਕਿ ਜਿਸ ਤਰ੍ਹਾਂ ਦੇ ਸਮਾਜਿਕ ਅਤੇ ਰਾਜਨੀਤਕ ਕੰਮਾਂ ਨਾਲ ਉਹ ਜੁੜਿਆ ਹੋਇਆ ਸੀ ਉਸ ਵਿਚ ਅਚਾਨਕ ਕੇਸ ਕੱਟਣਾ ਸਹੀ ਨਹੀਂ ਹੈ। ਇਸ ਦੇ ਦੋ ਕਾਰਨ ਹਨ। ਪਹਿਲਾ ਇਹ ਕਿ ਉਸ ਦੇ ਕੇਸਾਂ ਅਤੇ ਦਸਤਾਰ, ਯਾਨੀ ਉਸ ਦੀ ਇਕ ਸਿੱਖ ਨੌਜਵਾਨ ਦੇ ਰੂਪ 'ਚ ਪਛਾਣ ਨਾਲ ਉਸ ਦੇ ਕੰਮ ਜਾਂ ਸਮਾਜਿਕ ਖੇਤਰ ਵਿਚ ਕਦੇ ਰੁਕਾਵਟ ਨਹੀਂ ਪਈ ਹੈ। ਜੇ ਦੇਖਿਆ ਜਾਵੇ ਤਾਂ ਸਿੱਖ ਨੌਜਵਾਨ ਦੇ ਰੂਪ ਉਸ ਦੀ ਪਛਾਣ ਨੇ ਉਸ ਦੇ ਸਮਾਜਿਕ ਕੰਮਾਂ 'ਚ ਕੁਝ ਚੰਗਾ ਪ੍ਰਭਾਵ ਹੀ ਪਾਇਆ ਹੈ। ਦੂਜਾ, ਜਦੋਂ ਤੱਕ ਉਹ ਬਿਹਾਰ ਦੇ ਉਸ ਛੋਟੇ ਜਹੇ ਸੁੰਦਰ ਸ਼ਹਿਰ ਵਿਚ ਸੀ, ਕੇਸ ਕੱਟਣਾ ਆਪਣੇ ਆਪ 'ਚ ਇਕ ਬਹੁਤ ਵੱਡੀ ਘਟਨਾ ਹੋਣੀ ਸੀ। ਪਰਿਵਾਰਕ ਸਮੱਸਿਆ ਤਾਂ ਹੈ ਹੀ ਸੀ, ਉਸ ਦੇ ਪਿਤਾ ਜੀ ਦਾ ਇਕ ਸਮਾਜਿਕ ਰੁਤਬਾ ਵੀ ਸੀ। ਖ਼ਾਸ ਕਰਕੇ ਸ਼ਹਿਰ ਦੇ ਸਿੱਖ ਭਾਈਚਾਰੇ ਵਿਚ। ਉਹ ਗੁਰਦੁਆਰੇ ਦੇ ਪ੍ਰਧਾਨ ਵੀ ਰਹਿ ਚੁੱਕੇ ਸਨ, ਆਪਣੇ ਖ਼ਾਨਦਾਨ 'ਚ ਉਨ੍ਹਾਂ ਦੇ ਤਕਰੀਬਨ ਸਾਰੇ ਭਰਾ ਉਨ੍ਹਾਂ ਤੋਂ ਛੋਟੇ ਸਨ ਅਤੇ ਇੱਥੋਂ ਤੱਕ ਕਿ ਪੂਰੇ ਖ਼ਾਨਦਾਨ ਅਤੇ ਬਹੁਤ ਹੱਦ ਤੱਕ ਭਾਈਚਾਰੇ 'ਚ ਕਿਸੇ ਵੀ ਮਹੱਤਵਪੂਰਨ ਫ਼ੈਸਲੇ 'ਚ ਉਨ੍ਹਾਂ ਦੀ ਰਾਇ ਮਾਇਨੇ ਹੀ ਨਹੀਂ ਸੀ ਰੱਖਦੀ ਸਗੋਂ 'ਚੱਲਦੀ' ਸੀ। ਆਪਣੇ ਮੁੱਢਲੇ ਦੌਰ ਤੋਂ ਹੀ ਉਨ੍ਹਾਂ ਨੇ ਆਪਣੇ ਸਾਰੇ ਭਰਾਵਾਂ ਨੂੰ ਪਹਿਲਾਂ ਕਾਰੋਬਾਰ 'ਚ ਸ਼ਾਮਲ ਕੀਤਾ, ਫਿਰ ਉਨ੍ਹਾਂ ਦੇ ਵੱਖਰੇ ਕਾਰੋਬਾਰ 'ਚ ਸਹਿਯੋਗ ਦਿੱਤਾ ਅਤੇ ਫਿਰ ਉਨ੍ਹਾਂ ਦੇ ਵਿਆਹਾਂ 'ਚ ਵੀ ਯੋਗਦਾਨ ਪਾਇਆ। ਪੂਰੇ ਖ਼ਾਨਦਾਨ 'ਚ ਸ਼ਾਇਦ ਹੀ ਕੋਈ ਅਜਿਹਾ ਵਿਆਹ ਹੋਵੇਗਾ - ਭਰਾਵਾਂ ਤੋਂ ਲੈ ਕੇ ਉਨ੍ਹਾਂ ਦੇ ਬੱਚਿਆਂ ਤੱਕ - ਜਿਸ ਵਿਚ ਉਨ੍ਹਾਂ ਦੀ ਸਹਿਮਤੀ ਨਾ ਲਈ ਗਈ ਹੋਵੇ। ਉਨ੍ਹਾਂ ਦੀ ਸ਼ਖ਼ਸੀਅਤ ਹੀ ਅਜਿਹੀ ਸੀ। ਦੇਖਣ 'ਚ ਹੀ ਉਹ ਸੁਖਦੇਵ ਦੇ ਪਿਤਾ ਜੀ ਲੱਗਦੇ ਸਨ – ਲੰਮੇ–ਚੌੜੇ। ਮਾਣ–ਸਤਿਕਾਰ ਤਾਂ ਹੈ ਹੀ ਸੀ, ਖ਼ਾਨਦਾਨ ਦੇ ਬੱਚਿਆਂ 'ਚ ਉਨ੍ਹਾਂ ਦਾ ਖ਼ੌਫ਼ ਵੀ ਸੀ। ਜਦੋਂ ਵੀ ਉਨ੍ਹਾਂ ਦੇ ਕਿਸੇ ਭਰਾ ਦੇ ਬੱਚੇ ਆਪਣੇ ਪਿਤਾ ਜੀ ਦੀ ਗੱਲ ਨਾ ਮੰਨਦੇ ਜਾਂ ਬਗ਼ਾਵਤ ਦੇ ਲੱਛਣ ਦਿਸਦੇ ਤਾਂ ਉਨ੍ਹਾਂ ਨੂੰ ਸੁਖਦੇਵ ਦੇ ਪਿਤਾ ਜੀ ਦਾ ਖ਼ੌਫ਼ ਦਿੱਤਾ ਜਾਂਦਾ ਸੀ। ਆਪਣੇ ਸੱਤ ਬੇਟਿਆਂ ਨਾਲ ਤਾਂ ਉਨ੍ਹਾਂ ਦਾ ਨਿੱਤ ਦਰਬਾਰ ਲੱਗਦਾ ਸੀ ਜਿਸ ਵਿਚ ਕਾਰੋਬਾਰ ਅਤੇ ਪਰਿਵਾਰਕ ਮੁੱਦਿਆਂ ਉੱਪਰ ਚਰਚਾ ਹੁੰਦੀ ਸੀ। ਸੱਤ ਪੁੱਤਰਾਂ 'ਚ ਸੁਖਦੇਵ ਘਰ 'ਚੋਂ ਸਭ ਤੋਂ ਛੋਟਾ ਸੀ। ਇਕ ਛੋਟੀ ਭੈਣ ਵੀ ਸੀ। ਭਾਈਚਾਰੇ 'ਚ ਚਰਚਾ ਸੀ ਕਿ ਇਸ ਖ਼ਾਨਦਾਨ 'ਚ ਪੁੱਤਰਾਂ ਦੇ ਮਾਮਲੇ 'ਚ ਭਗਵਾਨ ਦੀ ਦੇਣ ਹੈ। ਅਜਿਹੇ ਹਾਲਾਤ 'ਚ ਸੁਖਦੇਵ ਦੀ ਰਾਜਨੀਤਕ ਸਮਝ 'ਚ ਧਰਮ ਦੇ ਨਾਮ 'ਤੇ ਸਿਰਫ਼ ਕੇਸਾਂ ਨੂੰ ਕੱਟਣਾ ਅਤੇ ਪੱਗ ਬੰਨ੍ਹਣਾ ਇਕ ਚਿੰਨ੍ਹ ਤੋਂ ਵਧਕੇ ਕੁਝ ਵੀ ਨਹੀਂ ਸੀ। ਜਦੋਂ ਕਦੇ ਘਰ ਵਿਚ ਕੇਸਾਂ ਨੂੰ ਲੈ ਕੇ ਚਰਚਾ ਕਰਨ ਦਾ ਮੌਕਾ ਮਿਲਿਆ, ਜੋ ਕਿ ਬਹੁਤ ਹੀ ਦੁਰਲੱਭ ਸੀ, ਤਾਂ ਉਸ ਦੇ ਪਿਤਾ ਜੀ ਨੇ ਸਾਫ਼

ਸ਼ਬਦਾਂ 'ਚ ਕਿਹਾ ਸੀ, "ਇਸ ਸ਼ਹਿਰ ਤੇ ਭਾਈਚਾਰੇ ਵਿਚ ਮੇਰੀ ਇੱਜ਼ਤ ਹੈ। ਜਦੋਂ ਤੱਕ ਮੈਂ ਹਾਂ, ਆਸ ਰੱਖਦਾ ਹਾਂ ਕਿ ਇਹ ਬਣੀ ਰਹੇਗੀ।"

ਉਸ ਦਿਨ ਟਰੇਨ ਵਿਚ ਕੁਝ ਹੋਰ ਲੋਕਾਂ ਨੇ ਵੀ ਸੁਖਦੇਵ ਨੂੰ ਕਈ ਵਾਰ ਕੇਸ ਕੱਟਣ ਦੀ ਸਲਾਹ ਦਿੱਤੀ ਸੀ। ਫਿਰ ਵੀ ਸੁਖਦੇਵ ਨੇ ਨਾਂਹ ਕਰ ਦਿੱਤੀ। ਜਿਸ ਸਿੱਖ ਨੌਜਵਾਨ ਨੇ ਕੇਸ ਕੱਟ ਲਏ ਸਨ ਉਹ ਸੱਚੀਓਂ ਹੀ ਡਰਿਆ ਹੋਇਆ ਸੀ। ਉਸ ਦਾ ਸਟੇਸ਼ਨ ਹੁਣ ਜ਼ਿਆਦਾ ਦੂਰ ਵੀ ਨਹੀਂ ਸੀ, ਫਿਰ ਵੀ ਉਹ ਲਗਾਤਾਰ ਖ਼ਤਰਾ ਮਹਿਸੂਸ ਕਰ ਰਿਹਾ ਸੀ ਅਤੇ ਡਰ ਦੇ ਮਾਰੇ ਆਪਣੇ ਰੱਬ ਤੇ ਆਪਣੇ ਗੁਰੂਆਂ ਨੂੰ ਵਾਰ-ਵਾਰ ਧਿਆ ਰਿਹਾ ਸੀ।

"ਵਾਹੇਗੁਰੂ ਵਾਹੇਗੁਰੂ ! ਵਾਹੇਗੁਰੂ ਵਾਹੇਗੁਰੂ ! ਵਾਹੇਗੁਰੂ ਵਾਹੇਗੁਰੂ !

ਵਾਹੇਗੁਰੂ ਮੇਹਰ ਕਰੀਂ।"

ਉਸ ਦੀ ਘਬਰਾਹਟ ਦੀ ਹੱਦ ਦੇਖ ਕੇ ਸੁਖਦੇਵ ਨੂੰ ਕੁਝ ਹੱਦ ਤੱਕ ਚਿੰਤਾ ਵੀ ਹੋ ਰਹੀ ਸੀ। ਹਾਲਾਂਕਿ ਉਸ ਨੇ ਆਪਣੇ ਕੇਸ ਕੱਟ ਲਏ ਸਨ, ਫਿਰ ਵੀ ਉਸ ਨੂੰ ਡਰ ਸੀ ਉਸਦਾ ਕੀ ਬਣੇਗਾ। ਸੁਖਦੇਵ ਨੇ ਉਸ ਨੂੰ ਬਹੁਤ ਦਿਲਾਸਾ ਦਿੱਤਾ, "ਹੁਣ ਖ਼ਤਰੇ ਵਾਲੀ ਕੋਈ ਗੱਲ ਨਹੀਂ ਹੈ। ਹੁਣ ਅਸੀਂ ਆਪਣੇ ਇਲਾਕੇ 'ਚ ਹਾਂ। ਏਸ ਇਲਾਕੇ ਦੇ ਲੋਕਾਂ ਤੋਂ ਅਸੀਂ ਜਾਣੂੰ ਹਾਂ।"

ਸੁਖਦੇਵ ਨੇ ਉਸ ਨੂੰ ਇਹ ਵੀ ਕਿਹਾ ਕਿ ਜੇ ਫਿਰ ਵੀ ਉਸ ਨੂੰ ਖ਼ਤਰਾ ਹੈ ਤਾਂ ਉਹ ਉਸ ਦੇ ਨਾਲ ਉਸ ਦੇ ਸ਼ਹਿਰ ਜਾ ਸਕਦਾ ਹੈ। ਸੁਖਦੇਵ ਦਾ ਸ਼ਹਿਰ ਅਜੇ ਵੀ ਤਕਰੀਬਨ ਤਿੰਨ ਘੰਟੇ ਦੂਰ ਸੀ।

"ਜੇ ਤੁਹਾਨੂੰ ਡਰ ਹੈ ਤਾਂ ਸਾਡੇ ਨਾਲ ਸਾਡੇ ਸ਼ਹਿਰ ਚੱਲੋ। ਤੁਸੀਂ ਉੱਥੇ ਚਾਰ ਪੰਜ ਦਿਨ ਸਾਡੇ ਘਰ 'ਚ ਰੁਕੋ ਅਤੇ ਜਦੋਂ ਸਥਿਤੀ ਸ਼ਾਂਤ ਹੋ ਜਾਵੇ ਤੁਸੀਂ ਆਪਣੇ ਘਰ ਚਲੇ ਜਾਣਾ।"

ਇਸ ਤਰ੍ਹਾਂ ਗੱਲ ਕਰਦੇ-ਕਰਦੇ ਉਸ ਸਿੱਖ ਨੌਜਵਾਨ ਦਾ ਸ਼ਹਿਰ ਆ ਗਿਆ। ਜਦੋਂ ਟਰੇਨ ਸਟੇਸ਼ਨ ਉੱਪਰ ਪਹੁੰਚੀ ਤਾਂ ਸਭ ਕੁਝ ਸਹਿਜ ਲੱਗ ਰਿਹਾ ਸੀ। ਇਸ ਦੇ ਬਾਵਜੂਦ ਆਪਣੀ ਸੁਰੱਖਿਆ ਦੇ ਮੱਦੇਨਜ਼ਰ ਸੁਖਦੇਵ ਆਪਣੇ ਮਿੱਤਰ ਦੀ ਸਲਾਹ 'ਤੇ ਬਾਥਰੂਮ 'ਚ ਜਾ ਕੇ ਲੁਕ ਗਿਆ ਸੀ। ਥੋੜ੍ਹੀ ਹੀ ਦੇਰ 'ਚ ਸੁਖਦੇਵ ਦੇ ਮਿੱਤਰ ਨੇ ਉਸ ਨੂੰ ਆਵਾਜ਼ ਦੇ ਕੇ ਕਿਹਾ,

"ਯਹਾਂ ਸਭ ਕੁਛ ਠੀਕ ਹੈ। ਕੋਨੋ ਡਰੇ ਕੇ ਬਾਤ ਨਈਖੇ। ਅਸਟੇਸਨ ਪਰ ਹਿੰਦੂ ਸਿਖ ਸਬ ਘੂਮ ਰਹੇ ਹੈਂ।"

ਸੁਖਦੇਵ ਨੇ ਫਿਰ ਵੀ ਦੁਬਾਰਾ ਪੁੱਛਿਆ, "ਸਰਦਾਰ ਲੋਗ ਵੀ ਹੈਂ ?"

ਮਿੱਤਰ ਨੇ ਫਿਰ ਕਿਹਾ, "ਹਾਂ ਦੋਸਤ, ਸਰਦਾਰ ਭਾਈ ਭੀ ਹੈਂ। ਆਪ ਆਈਏ ਨਾ ..."

ਸੁਖਦੇਵ ਬਾਥਰੂਮ 'ਚੋਂ ਬਾਹਰ ਆਉਂਦੇ ਹੋਏ ਬੋਲਿਆ, "ਇਸ ਦਾ ਮਤਲਬ ਸਭ

ਕੁਝ ਠੀਕ ਹੈ। ਜੋ ਵੀ ਸੀ ਕੱਲ੍ਹ ਦੀ ਘਟਨਾ ਨੂੰ ਲੈ ਕੇ ਕੁਝ ਲੋਕਾਂ ’ਚ ਗੁੱਸਾ ਸੀ। ਹੁਣ ਸ਼ਾਂਤੀ ਹੈ।”

ਬਾਹਰ ਪਲੈਟਫਾਰਮ ’ਤੇ ਪੂਰਾ ਅਮਨ-ਅਮਾਨ ਸੀ। ਕਿਸੇ ਵੀ ਗੜਬੜ ਦਾ ਖ਼ਦਸ਼ਾ ਨਜ਼ਰ ਨਹੀਂ ਆ ਰਿਹਾ ਸੀ। ਇਹ ਸਭ ਦੇਖ ਕੇ ਸੁਖਦੇਵ ਦੇ ਨਾਲ ਸਫ਼ਰ ਕਰ ਰਹੇ ਸਿੱਖ ਨੌਜਵਾਨ ਨੂੰ ਵੀ ਕਾਫ਼ੀ ਤਸੱਲੀ ਹੋਈ ਅਤੇ ਉਸ ਨੇ ਥੋੜ੍ਹਾ ਹੌਸਲਾ ਫੜ ਲਿਆ। ਸੁਖਦੇਵ ਅਤੇ ਉਸ ਦੇ ਸਾਥੀ ਨੇ ਉਸ ਨੂੰ ਪੂਰਾ ਭਰੋਸਾ ਦਿਵਾਇਆ। ਏਨਾ ਹੀ ਨਹੀਂ, ਟਰੇਨ ਤੋਂ ਉੱਤਰਨ ਵਾਲੇ ਉਸੇ ਸ਼ਹਿਰ ਦੇ ਇਕ ਹੋਰ ਮੁਸਾਫ਼ਰ ਨੇ ਵੀ ਉਸ ਦਾ ਹੌਸਲਾ ਹੀ ਨਹੀਂ ਵਧਾਇਆ, ਉਸ ਨੂੰ ਸੁਰੱਖਿਅਤ ਉਸ ਦੇ ਘਰ ਤੱਕ ਛੱਡਣ ਦੀ ਜ਼ਿੰਮੇਵਾਰੀ ਵੀ ਓਟੀ।

“ਤੁਸੀਂ ਫ਼ਿਕਰ ਨਾ ਕਰੋ। ਮੈਂ ਇਨ੍ਹਾਂ ਭਾਈ ਸਾਹਿਬ ਨੂੰ ਕਿਸੇ ਵੀ ਹਾਲਤ ’ਚ ਇਨ੍ਹਾਂ ਦੇ ਘਰ ਛੱਡਣ ਦੀ ਜ਼ਿੰਮੇਵਾਰੀ ਲੈਂਦਾ ਹਾਂ।”

ਇਹ ਸੁਣ ਕੇ ਉਹ ਸਿੱਖ ਨੌਜਵਾਨ ਉਸ ਮੁਸਾਫ਼ਰ ਨਾਲ ਟਰੇਨ ਤੋਂ ਉੱਤਰ ਕੇ ਘਰ ਚਲਾ ਗਿਆ। ਉਸ ਤੋਂ ਬਾਅਦ ਟਰੇਨ ਚੱਲ ਪਈ।

“ਬਹੁਤਾ ਘਬਰਾ ਰਿਹਾ ਸੀ,” ਸੁਖਦੇਵ ਨੇ ਵਾਪਸ ਆਪਣੀ ਸੀਟ ਉੱਪਰ ਬੈਠਦੇ ਹੋਏ ਕਿਹਾ। ਉਸ ਦੀ ਆਵਾਜ਼ ’ਚ ਆਪਣੇ ਆਪ ਨੂੰ ਹੌਂਸਲਾ ਅਤੇ ਦਿਲਾਸਾ ਦੇਣ ਦਾ ਭਾਵ ਸੀ। ਪਰ ਹਰ ਪੜਾਅ ’ਤੇ ਉਸ ਦੇ ਭਾਵ ’ਚ ਤਬਦੀਲੀਆਂ ਆ ਰਹੀਆਂ ਸਨ। ਜਿਉਂ-ਜਿਉਂ ਗੱਡੀ ਉਸ ਦੇ ਸ਼ਹਿਰ ਦੇ ਨਜ਼ਦੀਕ ਪਹੁੰਚ ਰਹੀ ਸੀ, ਉਸ ਨੂੰ ਇਕ ਰਾਹਤ ਜਹੀ ਮਹਿਸੂਸ ਹੋ ਰਹੀ ਸੀ। ਇਕ-ਇਕ ਪਲ ਦਾ ਸਫ਼ਰ ਉਸ ਨੂੰ ਉਤੇਜਿਤ ਕਰ ਰਿਹਾ ਸੀ।

ਹੁਣ ਇਹ ਡੱਬਾ ਕਾਫ਼ੀ ਖਾਲੀ ਹੋ ਗਿਆ ਸੀ। ਸਨਅਤੀ ਸ਼ਹਿਰ ਹੋਣ ਕਾਰਨ ਬਹੁਤ ਸਾਰੇ ਮੁਸਾਫ਼ਰ ਪਿਛਲੇ ਸਟੇਸ਼ਨ ’ਤੇ ਉੱਤਰ ਗਏ ਸਨ। ਸੁਖਦੇਵ ਅਤੇ ਉਸ ਦਾ ਮਿੱਤਰ ਹੁਣ ਆਰਾਮ ਨਾਲ ਗੱਪਾਂ ਮਾਰਨ ਲੱਗੇ ਅਤੇ ਖੁੱਲ੍ਹ ਕੇ ਸਥਿਤੀ ਉੱਪਰ ਚਰਚਾ ਕਰ ਰਹੇ ਸਨ। ਸੁਖਦੇਵ ਦੇ ਮਿੱਤਰ ਨੇ ਕਿਹਾ,

“ਅਬ ਤੋ ਪਹੁੰਚ ਹੀ ਗਏ ਹੈਂ। ਏਕ ਸਟੇਸ਼ਨ ਔਰ, ਫਿਰ ਅਪਨਾ ਸ਼ਹਰ। ਅਬ ਕਯਾ ਫ਼ਿਕਰ ਹੈ। ਕਯਾ ਸੋਚਤੇ ਹੋ ? ਅਗਲੇ ਸਟੇਸ਼ਨ ਮੇਂ ਕੁਛ ਗੜਬੜ ਕੀ ਸੰਭਾਵਨਾ ਹੈ ?”

ਸੁਖਦੇਵ ਨੇ ਬਹੁਤ ਹੀ ਸਹਿਜਤਾ ਨਾਲ ਜਵਾਬ ਦਿੱਤਾ, “ਨਹੀਂ ਯਾਰ। ਅਬ ਤੋ ਏਕਦਮੇ ਸੇਫ਼ ਹੈਂ। ਅਬ ਤੋ ਐਸਾ ਹੈ ਕਿ ਅਗਰ 20-30 ਲੋਗ ਭੀ ਹੋਂਗੇ ਤੋ ਉਸ ਮੇਂ 15 ਤੋ ਜਾਨ-ਪਹਿਚਾਨ ਕੇ ਹੋਂਗੇ। ਔਰ ਅਗਰ ਦਸ ਪੀਟਨੇ ਵਾਲੇ ਹੋਂਗੇ ਤੋ ਕਰੀਬ ਪੰਦਰਾਂ ਲੋਗ ਬਚਾਨੇ ਵਾਲੇ ਵੀ ਹੋਂਗੇ। ਇਸ ਲੀਏ ਕੌਨੋ ਫ਼ਿਕਰ ਕੀ ਬਾਤ ਨਹੀਂ ਹੈ।” ਤੇ ਦੋਵੇਂ ਖਿੜਖਿੜਾ ਕੇ ਹੱਸਣ ਲੱਗੇ।

ਪਰ ਇਨ੍ਹਾਂ ਦੋਸਤਾਂ ਦਾ ਇਹ ਹਾਸਾ ਮਹਿਜ਼ ਕੁਝ ਪਲਾਂ ਦਾ ਹੀ ਸੀ। ਜਿਵੇਂ ਤੂਫ਼ਾਨ ਤੋਂ ਪਹਿਲੀ ਸ਼ਾਂਤੀ। ਹੁਣ ਟਰੇਨ ਸਟੇਸ਼ਨ ਉੱਪਰ ਪਹੁੰਚ ਗਈ ਸੀ। ਉਂਝ ਤਾਂ ਸੁਖਦੇਵ ਦਾ ਘਰ ਅਗਲੇ ਹੀ ਸਟੇਸ਼ਨ ਉੱਪਰ ਸੀ। ਪਰ ਇਸ ਸ਼ਹਿਰ ’ਚ ਵੀ ਸੁਖਦੇਵ ਦਾ ਆਉਣ-ਜਾਣ ਹੁੰਦਾ

ਰਹਿੰਦਾ ਸੀ। ਪਿਤਾ ਜੀ ਤੇ ਪੂਰੇ ਪਰਿਵਾਰ ਦਾ ਜੰਗਲਾਂ ਅਤੇ ਹੋਰ ਠੇਕੇਦਾਰੀ ਦੇ ਕੰਮ ਦੇ ਕਾਰਨ ਪੂਰੇ ਜ਼ਿਲ੍ਹੇ 'ਚ ਹੀ ਨਹੀਂ, ਉਸ ਦੇ ਬਾਹਰ ਤੱਕ ਦੇ ਛੋਟੇ ਵੱਡੇ ਸ਼ਹਿਰ ਅਤੇ ਜੰਗਲਾਂ ਤੋਂ ਉਹ ਚੰਗੀ ਤਰ੍ਹਾਂ ਜਾਣੂ ਸਨ। ਦੂਜਾ ਸੁਖਦੇਵ ਦੇ ਕਈ ਮਿੱਤਰ ਵੀ ਇਸ ਸ਼ਹਿਰ 'ਚ ਸਨ। ਇਸ ਲਈ ਸੁਖਦੇਵ ਦਾ ਇੱਥੇ ਆਉਣਾ-ਜਾਣਾ ਅਤੇ ਰਹਿਣਾ ਵੀ ਹੁੰਦਾ ਰਹਿੰਦਾ ਸੀ।

ਜਦੋਂ ਟਰੇਨ ਸਟੇਸ਼ਨ 'ਤੇ ਪਹੁੰਚੀ ਤਾਂ ਕੁਝ ਅਸਹਿਜ ਜਹੀ ਸਥਿਤੀ ਦਿਸੀ। ਜਿਸ ਪਲੈਟਫਾਰਮ ਉੱਪਰ ਆਮ ਦਿਨਾਂ 'ਚ ਮੁਸ਼ਕਲ ਨਾਲ ਪੰਜਾਹ ਜਾਂ ਸੱਠ ਲੋਕ ਹੁੰਦੇ ਸਨ ਉੱਥੇ ਅੱਜ ਪੂਰੀ ਭੀੜ ਉਮੜੀ ਹੋਈ ਸੀ। ਜਿਵੇਂ ਕੋਈ ਜਲਸਾ ਹੋ ਰਿਹਾ ਹੋਵੇ। ਘੱਟੋਘੱਟ ਪੰਜ ਸੌ ਤੋਂ ਜ਼ਿਆਦਾ ਲੋਕ ਉੱਥੇ ਖੜ੍ਹੇ ਸਨ। ਇਸ ਭੀੜ ਨੂੰ ਦੇਖਦੇ ਹੀ ਸੁਖਦੇਵ ਚੌਕੰਨਾ ਹੋ ਗਿਆ। ਉਸ ਦੇ ਮਨ 'ਚ ਭੈੜੇ ਖ਼ਿਆਲ ਆਉਣੇ ਸ਼ੁਰੂ ਹੋ ਗਏ ਕਿ ਸ਼ਾਇਦ ਇੱਥੇ ਕੋਈ ਗੜਬੜ ਤਾਂ ਹੈ। ਇਸ ਲਈ ਬਚਾਅ ਦੇ ਨਜ਼ਰੀਏ ਨਾਲ ਸੁਖਦੇਵ ਨੇ ਦੁਬਾਰਾ ਬਾਥਰੂਮ 'ਚ ਵੜ ਕੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ ਅਤੇ ਉਸ ਦਾ ਮਿੱਤਰ ਦਰਵਾਜ਼ੇ ਦੇ ਬਾਹਰ ਖੜ੍ਹਾ ਹੋ ਗਿਆ। ਅਜੇ ਕੁਝ ਪਲ ਹੀ ਬੀਤੇ ਸਨ ਕਿ ਬਾਥਰੂਮ ਦਾ ਸ਼ੀਸ਼ਾ ਠੱਕ ਦੀ ਆਵਾਜ਼ ਨਾਲ ਟੁੱਟ ਗਿਆ ਅਤੇ ਉੱਚੀ-ਉੱਚੀ ਰੌਲਾ ਸੁਣਾਈ ਦੇਣ ਲੱਗਾ, "ਯਹਾਂ ਛੁਪਾ ਹੈ ਏਕ ਸਰਦਾਰ। ਨਿਕਾਲੋ ਇਸਕੋ ਬਾਹਰ। ਮਾਰੋ, ਮਾਰੋ, ਖ਼ਤਮ ਕਰ ਦੋ ਸਾਲੇ ਕੋ।" ਇਸ ਤੋਂ ਕੁਝ ਹੀ ਦੇਰ ਬਾਅਦ ਇਹ ਹਜੂਮ ਹੱਲਾ ਮਚਾਉਂਦਾ ਹੋਇਆ ਬਾਥਰੂਮ ਦਾ ਦਰਵਾਜ਼ਾ ਭੰਨਣ ਲੱਗਾ।

ਬਾਹਰੋਂ ਧਾੜ-ਧਾੜ ਦੀ ਆਵਾਜ਼ ਵਧਦੀ ਜਾ ਰਹੀ ਸੀ ਅਤੇ ਅੰਦਰ ਸੁਖਦੇਵ ਦੇ ਦਿਲ ਦੀ ਧੜਕਣ ਉਸ ਤੋਂ ਵੀ ਕਈ ਗੁਣਾ ਤੇਜ਼ ਰਫ਼ਤਾਰ ਫੜਦੀ ਜਾ ਰਹੀ ਸੀ। ਇਹੀ ਉਹ ਪਲ ਸੀ ਜਦੋਂ ਇਨਸਾਨ ਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ। ਜਦੋਂ ਉਸ ਦੀ ਸੋਚ, ਸਮਝ, ਬੁੱਧੀ ਜਿਸ ਨਾਲ ਉਹ ਆਪਣੀਆਂ ਇੰਦਰੀਆਂ, ਅੰਗਾਂ ਅਤੇ ਅਕਲ ਨੂੰ ਕੰਟਰੋਲ ਕਰਦਾ ਹੈ, ਸਭ ਕਮਜ਼ੋਰ ਹੋਣ ਲੱਗਦੇ ਹਨ। ਤੇਜ਼ ਗਤੀ ਨਾਲ ਕੰਮ ਕਰਨ ਵਾਲੇ ਇਹ ਸਭ ਬੇਕਾਰ ਹੋ ਜਾਂਦੇ ਹਨ ਕਿਉਂਕਿ ਇਹ ਸਾਰਾ ਕੁਝ ਇਨ੍ਹਾਂ ਦੇ ਲਈ ਅਣਕਿਆਸਿਆ ਹੁੰਦਾ ਹੈ। ਇਹ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ ਜੋ ਇਨਸਾਨ ਦੀਆਂ ਕਲਪਨਾਵਾਂ ਤੋਂ ਪਰੇ ਹਨ ਅਤੇ ਉਹ ਇਨ੍ਹਾਂ ਨਾਲ ਨਜਿੱਠਣ ਦੇ ਸਮਰੱਥ ਨਹੀਂ ਰਹਿ ਜਾਂਦਾ।

ਭਾਰਤੀ ਰੇਲ ਦਾ ਇਕ ਬਾਥਰੂਮ ਦਾ ਦਰਵਾਜ਼ਾ ਉਨ੍ਹਾਂ ਫ਼ਸਾਦੀਆਂ ਦੇ ਵਾਰਾਂ ਨੂੰ ਕਿੱਥੋਂ ਤੱਕ ਝੱਲ ਲੈਂਦਾ। ਉਹ ਛੋਟੀ ਜਹੀ ਚਿਟਕਣੀ ਕੁਝ ਹੀ ਧੱਕਿਆਂ ਨਾਲ ਟੁੱਟ ਗਈ। ਦਰਵਾਜ਼ਾ ਵੀ ਪੂਰੇ ਜ਼ੋਰ ਨਾਲ ਖੁੱਲ੍ਹਿਆ ਅਤੇ ਭੀੜ ਨੇ ਸੁਖਦੇਵ ਨੂੰ ਧੂਹ ਕੇ ਬਾਹਰ ਕੱਢ ਲਿਆ ਅਤੇ ਫਿਰ ਬੇਰਹਿਮੀ ਨਾਲ ਕੁੱਟਮਾਰ ਸ਼ੁਰੂ ਹੋ ਗਈ।

ਜੋ ਫ਼ਸਾਦੀ ਟਰੇਨ ਦੇ ਅੰਦਰ ਘੁਸ ਕੇ ਦਰਵਾਜ਼ਾ ਤੋੜ ਕੇ ਸੁਖਦੇਵ ਨੂੰ ਬਾਹਰ ਧੂਹ ਲਿਆਏ ਸਨ ਉਂਝ ਤਾਂ ਉਨ੍ਹਾਂ ਦੀ ਗਿਣਤੀ ਜ਼ਿਆਦਾ ਨਹੀਂ ਸੀ। ਉਹ ਤਕਰੀਬਨ 15 ਜਾਂ 20 ਜਣੇ ਹੀ ਸਨ। ਪਰ ਉਨ੍ਹਾਂ ਦਾ ਘੋਰ ਰਵੱਈਆ ਅਤੇ ਕਾਤਲਾਨਾ ਮਨਸ਼ਾ ਦਰਿੰਦਗੀ ਭਰਿਆ ਸੀ। ਇਹ ਫ਼ਸਾਦੀ ਲੰਘੀ ਸ਼ਾਮ ਸਮੇਂ ਕੁੱਟਮਾਰ ਕਰਨ ਵਾਲੀ ਭੀੜ ਵਰਗੇ ਨਹੀਂ ਸਨ।

ਇਹ ਗਿਣੀ-ਮਿੱਥੀ ਯੋਜਨਾ ਤਹਿਤ ਸਿਰਫ਼ ਕੁੱਟਮਾਰ ਕਰਨ ਲਈ ਨਹੀਂ ਸਗੋਂ ਜਾਨੋਂ ਮਾਰਨ ਲਈ ਆਏ ਸਨ। ਉਨ੍ਹਾਂ ਦਾ ਕ੍ਰੋਧ ਅਤੇ ਉਨ੍ਹਾਂ ਦੀ ਮਨਸ਼ਾ ਉਨ੍ਹਾਂ ਦੇ ਚਿਹਰਿਆਂ ਉੱਪਰ ਨਜ਼ਰ ਆਉਂਦੀ ਸੀ। ਉਨ੍ਹਾਂ ਦਾ ਹਮਲਾ ਪੂਰੀ ਤਰ੍ਹਾਂ ਕਾਤਲਾਨਾ ਸੀ। ਦੂਜਾ, ਰੇਲ ਦੇ ਉਸ ਛੋਟੇ ਜਹੇ ਡੱਬੇ ਦੇ ਛੋਟੇ ਜਹੇ ਬਾਥਰੂਮ ਵਿਚ ਸੁਖਦੇਵ ਕੋਲ ਕੋਈ ਚਾਰਾ ਵੀ ਨਹੀਂ ਸੀ। ਉਹ ਪੂਰੀ ਤਰ੍ਹਾਂ ਘਿਰ ਗਿਆ ਸੀ। ਤਿੰਨ ਪਾਸੇ ਬਾਥਰੂਮ ਦੀਆਂ ਦੀਵਾਰਾਂ। ਚੌਥੇ ਪਾਸੇ ਛੋਟਾ ਜਿਹਾ ਦਰਵਾਜ਼ਾ ਅਤੇ ਉਸ ਦੇ ਬਾਹਰ ਚਾਰ ਕਦਮ ਦੀ ਪਤਲੀ ਜਹੀ ਗਲੀ ਜੋ ਇਨ੍ਹਾਂ ਫ਼ਸਾਦੀਆਂ ਦੇ ਕਬਜ਼ੇ 'ਚ ਸੀ। ਸੁਖਦੇਵ ਪੂਰੀ ਤਰ੍ਹਾਂ ਘਿਰ ਚੁੱਕਾ ਸੀ।

ਫਿਰ ਸ਼ੁਰੂ ਹੋਇਆ ਲੱਤਾਂ ਘਸੁੰਨਾਂ ਦਾ ਦੌਰ। ਸੁਖਦੇਵ ਨੂੰ ਬਾਥਰੂਮ 'ਚੋਂ ਧੂਹ ਕੇ ਬਾਹਰ ਪਲੈਟਫਾਰਮ ਉੱਪਰ ਲਿਆਂਦਾ ਗਿਆ। ਇਸ ਸਭ ਦੇ ਦਰਮਿਆਨ ਸੁਖਦੇਵ ਦਾ ਮਿੱਤਰ ਭੀੜ 'ਚ ਘੁਸ ਕੇ ਉਸ ਨੂੰ ਬਚਾਉਣ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਸੀ। ਉਹ ਚੀਕ ਰਿਹਾ ਸੀ। ਹਾਲ-ਦੁਹਾਈ ਪਾ ਰਿਹਾ ਸੀ। "ਉਸ ਨੂੰ ਛੱਡ ਦਿਓ। ਉਸ ਨੂੰ ਛੱਡ ਦਿਓ।" ਉਹ ਸੁਖਦੇਵ ਤੱਕ ਪਹੁੰਚਣ ਦਾ ਅਣਥੱਕ ਯਤਨ ਕਰ ਰਿਹਾ ਸੀ ਅਤੇ ਭੀੜ ਉਸ ਨੂੰ ਉਸ ਤੱਕ ਪਹੁੰਚਣ ਨਹੀਂ ਦੇ ਰਹੀ ਸੀ। ਹਰ ਪਲ ਸੁਖਦੇਵ ਉਸ ਦੀ ਪਹੁੰਚ ਤੋਂ ਦੂਰ ਹੁੰਦਾ ਜਾ ਰਿਹਾ ਸੀ। ਉਸ ਦੀਆਂ ਨਿਰਾਸ਼ਾ ਨਾਲ ਬੁਝੀਆਂ ਅੱਖਾਂ ਸਾਫ਼ ਬਿਆਨ ਕਰ ਰਹੀਆਂ ਸਨ ਕਿ ਉਹ ਵੀ ਆਪਣੇ ਮਿੱਤਰ ਨੂੰ ਬਚਾਉਣ 'ਚ ਨਾਕਾਮਯਾਬ ਹੋ ਰਿਹਾ ਸੀ। ਉਸ ਦੀ ਮਾਨਸਿਕ ਸਥਿਤੀ ਵੀ ਸੁਖਦੇਵ ਵਰਗੀ ਹੀ ਹੁੰਦੀ ਜਾ ਰਹੀ ਸੀ। ਪਲ-ਪਲ ਟੁੱਟਣ ਵਰਗੀ।

ਉੱਧਰ ਸੁਖਦੇਵ ਦੀ ਹਾਲਤ ਵੀ ਵਿਗੜ ਰਹੀ ਸੀ। ਇਸ ਛੋਟੇ ਜਹੇ ਦੌਰ 'ਚ ਕੁਝ ਪਲਾਂ ਦਾ ਫ਼ਾਸਲਾ ਸੀ ਜਿਸ ਵਿਚ ਦੋਹਾਂ ਮਿੱਤਰਾਂ ਦੀਆਂ ਨਜ਼ਰਾਂ ਆਪਸ ਵਿਚ ਟਕਰਾਈਆਂ ਸਨ। ਇਕ ਪਾਸੇ ਕੁਝ ਨਾ ਕਰ ਸਕਣ ਦੀ ਨਿਰਾਸ਼ਾ। ਦੂਜੇ ਪਾਸੇ, ਸੁਖਦੇਵ ਨੂੰ ਵੀ ਕੁਝ ਨਹੀਂ ਸੁੱਝ ਰਿਹਾ ਸੀ ਅਤੇ ਆਪਣਾ ਅੰਤ ਕਰੀਬ ਦਿਸ ਰਿਹਾ ਸੀ।

ਕਹਿੰਦੇ ਨੇ ਕਿ ਜਦੋਂ ਵੀ ਕੋਈ ਸਮਾਨ ਟੁੱਟਦਾ ਹੈ ਤਾਂ ਇਕ ਹੀ ਵਾਰ 'ਚ ਖ਼ਤਮ ਹੋ ਜਾਂਦਾ ਹੈ। ਸ਼ੀਸ਼ੇ ਦਾ ਗਲਾਸ ਹੱਥੋਂ ਛਲਕਿਆ ਨਹੀਂ ਕਿ ਫਰਸ਼ ਉੱਪਰ ਡਿਗਦੇ ਹੀ ਚੂਰ-ਚੂਰ ਹੋ ਕੇ ਉਸ ਦੇ ਟੁਕੜੇ ਖਿੱਲਰ ਜਾਂਦੇ ਹਨ। ਪਰ ਜ਼ਿੰਦਗੀ ਤਾਂ ਜਾਂਦੇ-ਜਾਂਦੇ ਰੁਖ਼ਸਤ ਹੁੰਦੀ ਹੈ। ਜ਼ਿੰਦਗੀ ਅਤੇ ਮੌਤ ਦਰਮਿਆਨ ਦਾ ਰਸਤਾ ਕਈ ਵਾਰ ਸਰਲ ਅਤੇ ਸਿੱਧਾ-ਸਪਾਟ ਨਹੀਂ ਹੁੰਦਾ। ਕਈ ਦੁਰਘਟਨਾਵਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਜਾਨ ਨਿੱਕਲਦੇ-ਨਿੱਕਲਦੇ ਨਿੱਕਲਦੀ ਹੈ। ਇਸ ਛੋਟੇ ਜਹੇ ਫ਼ਾਸਲੇ 'ਚ ਕਈ ਵਾਰ ਜ਼ਿੰਦਗੀ ਨੂੰ ਬਚਣ ਦਾ ਮੌਕਾ ਮਿਲਦਾ ਹੈ। ਜਿਸ ਨਾਲ ਇਨਸਾਨ ਖ਼ੁਦਾ ਨਾ ਖਾਸਤਾ ਜੇ ਬਚ ਜਾਵੇ ਤਾਂ ਅਜਿਹੀ ਹਾਲਤ 'ਚ ਉਹ ਆਪਣੇ ਰੱਬ ਜਾਂ ਖ਼ੁਦਾ ਦੀ ਮਿਹਰਬਾਨੀ ਕਰਾਰ ਦਿੰਦਾ ਹੈ। ਸੁਖਦੇਵ ਦੇ ਮਾਮਲੇ 'ਚ ਵੀ ਇਨ੍ਹਾਂ ਮੌਕਿਆਂ ਨੇ ਜਨਮ ਲੈਣਾ ਸੀ। ਅਜੇ ਦੰਗਈ ਸੁਖਦੇਵ ਨੂੰ ਧੂਹ ਕੇ ਭੀੜ ਤੋਂ ਦੂਰ ਲਿਜਾਣ ਦੀ ਕੋਸ਼ਿਸ਼ ਕਰ ਰਹੇ ਸਨ ਜਿੱਥੇ ਉਸ ਦੀ ਆਰਾਮ ਨਾਲ ਕੁੱਟਮਾਰ ਕਰ ਸਕਣ। ਓਦੋਂ ਹੀ ਸੁਖਦੇਵ ਨੂੰ ਭੀੜ ਵਿਚ ਇਕ ਜਾਣਿਆ-ਪਛਾਣਿਆ ਚਿਹਰਾ ਨਜ਼ਰ

ਆਇਆ। ਉਹ ਸੀ ਰਵੀ ਕੁਮਾਰ। ਉਨ੍ਹਾਂ ਦੀ ਦੋਸਤੀ ਤਾਂ ਨਹੀਂ ਸੀ ਅਤੇ ਨਾ ਹੀ ਸੁਖਦੇਵ ਦੇ ਸਮਾਜਿਕ ਕੰਮ ਨਾਲ ਉਸ ਦਾ ਕੋਈ ਸੰਬੰਧ ਸੀ। ਪਰ ਉਨ੍ਹਾਂ ਦੋਹਾਂ ਨੇ ਕੁਝ ਸਮਾਂ ਇਕੱਠਿਆਂ ਜ਼ਰੂਰ ਗੁਜ਼ਾਰਿਆ ਸੀ। ਇਕ ਪਿਕਨਿਕ ਦੌਰਾਨ ਕੁਝ ਦੋਸਤਾਂ ਨਾਲ ਉਹ ਸੁਖਦੇਵ ਨੂੰ ਮਿਲਿਆ ਸੀ। ਸੁਖਦੇਵ ਦੇ ਕੁਝ ਦੋਸਤਾਂ ਨੇ ਹੀ ਉਸ ਦਾ ਤੁਆਰਫ਼ ਕਰਾਇਆ ਸੀ। ਇਸ ਤਰ੍ਹਾਂ ਉਹ ਉਸ ਦੇ ਦੋਸਤ ਦਾ ਦੋਸਤ ਸੀ। ਅਤੇ ਦੋਸਤ ਦਾ ਦੋਸਤ, ਦੋਸਤ ਹੀ ਹੁੰਦਾ ਹੈ। ਛੋਟੇ ਸ਼ਹਿਰਾਂ 'ਚ ਰੇਲਵੇ ਪਲੈਟਫਾਰਮ ਵੀ ਸਵੇਰ ਦੀ ਸੈਰ ਦੀ ਜਗ੍ਹਾ ਹੁੰਦੀ ਹੈ। ਕਿਉਂਕਿ ਰਵੀ ਕੁਮਾਰ ਵੀ ਸਟੇਸ਼ਨ ਦੇ ਲਾਗੇ ਹੀ ਰਹਿੰਦਾ ਸੀ, ਇਸ ਕਰਕੇ ਉਸ ਦਿਨ ਵੀ ਉਹ ਸੈਰ ਕਰਨ ਲਈ ਉੱਥੇ ਆਇਆ ਸੀ ਅਤੇ ਭੀੜ ਦੇਖ ਕੇ ਥੋੜ੍ਹਾ ਉਤਸੁਕ ਹੋ ਗਿਆ ਸੀ। ਉਹ ਉਸ ਫ਼ਸਾਦੀ ਭੀੜ ਦਾ ਹਿੱਸਾ ਤਾਂ ਨਹੀਂ ਸੀ ਪਰ ਉੱਥੋਂ ਦੀ ਗਹਿਮਾ-ਗਹਿਮੀ ਨੂੰ ਦੇਖ ਕੇ ਥੋੜ੍ਹਾ ਉਤਸੁਕ ਜ਼ਰੂਰ ਸੀ। ਇਸ ਖਿੱਚ-ਧੂਹ ਦੌਰਾਨ ਜਦੋਂ ਸੁਖਦੇਵ ਦੀ ਨਜ਼ਰ ਉਸ ਉੱਪਰ ਪਈ ਤਾਂ ਉਸ ਨੂੰ ਆਸ ਦੀ ਇਕ ਕਿਰਨ ਦਿਸੀ, ਜਿਵੇਂ ਡੁੱਬਦੇ ਨੂੰ ਤਿਣਕੇ ਦਾ ਸਹਾਰਾ। ਸੁਭਾਵਿਕ ਹੀ ਉਸ ਨੇ ਆਵਾਜ਼ ਮਾਰੀ,

"ਰਵੀ ਭਾਈ। ਬਚਾ ਲੋ ਮੁਝੇ।"

ਰਵੀ ਕੁਮਾਰ ਨੇ ਆਪਣਾ ਨਾਂ ਸੁਣਕੇ ਜਦੋਂ ਸੁਖਦੇਵ ਦੀ ਹਾਲਤ ਦੇਖੀ ਤਾਂ ਉਸ ਨੂੰ ਬਚਾਉਣ ਲਈ ਵਾਹੋਦਾਹੀ ਭੱਜਿਆ। ਉਹ ਭੀੜ 'ਚ ਵੜਣ ਦੀ ਕੋਸ਼ਿਸ਼ ਕਰਨ ਲੱਗਾ। ਪਰ ਹਰ ਵਾਰ ਉਸ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਹ ਵਾਰ-ਵਾਰ ਚੀਕ ਕੇ ਉਸ ਭੀੜ ਦੇ ਲੋਕਾਂ ਨੂੰ ਖਿੱਚ ਕੇ ਸੁਖਦੇਵ ਨੂੰ ਛੁਡਾਉਣ ਦੀ ਵਾਹ ਲਾਉਣ ਲੱਗਾ।

"ਅਰੇ ਛੱਡੋ ਏਸ ਨੂੰ। ਕਿਉਂ ਮਾਰ ਰਹੇ ਹੋ ਏਸ ਨੂੰ। ਛੱਡ ਦਿਓ ਏਸ ਨੂੰ। ਛੱਡੋ.. ਭਰਾਵੋ.. ਕੀ ਕਰ ਰਹੇ ਹੋ।"

ਇਸ ਧੱਕਾਮੁੱਕੀ 'ਚ ਰਵੀ ਕੁਮਾਰ ਵੀ ਜ਼ਮੀਨ 'ਤੇ ਡਿਗ ਪਿਆ। "ਸਾਲਿਆ ਤੂੰ ਏਹ ਨੂੰ ਬਚਾਉਣ ਆਇਆਂ ? ਏਹ ਸਰਦਾਰ ਹੈ। ਦਿਸਦਾ ਨਹੀਂ ਤੈਨੂੰ। ਮਾਰੋ ਏਹ ਨੂੰ ਵੀ.." ਭੀੜ ਵਿੱਚੋਂ ਇਹ ਆਵਾਜ਼ਾਂ ਆਉਣ ਲੱਗੀਆਂ।

ਇਹ ਫ਼ਸਾਦੀ ਭੀੜ ਜੋ ਅਜੇ ਤੱਕ ਆਪਣੀ ਸਾਰੀ ਉਤੇਜਨਾ ਅਤੇ ਤਾਕਤ ਸੁਖਦੇਵ ਉੱਪਰ ਲਗਾ ਰਹੀ ਸੀ, ਉਸ ਨੂੰ ਇਕ ਪਾਸੇ ਧੂਹ ਰਹੀ ਸੀ, ਉਸ ਦਾ ਇਕ ਹਿੱਸਾ ਹੁਣ ਰਵੀ ਕੁਮਾਰ ਦੁਆਲੇ ਹੋ ਗਿਆ ਸੀ। ਹੁਣ ਲੱਤਾਂ ਘਸੁੰਨ ਅਤੇ ਡੰਡੇ ਉਸ ਉੱਪਰ ਵਰ੍ਹਨ ਲੱਗੇ ਸਨ। ਇਸ ਛਿਣ 'ਚ ਜਿਨ੍ਹਾਂ ਨੇ ਸੁਖਦੇਵ ਨੂੰ ਦਬੋਚਿਆ ਹੋਇਆ ਸੀ ਉਨ੍ਹਾਂ ਦੀ ਜਕੜ ਹੁਣ ਢਿੱਲੀ ਪੈ ਗਈ ਸੀ। ਸੁਖਦੇਵ ਨੇ ਅਜੇ ਤੱਕ ਸਮਰਪਣ ਨਹੀਂ ਕੀਤਾ ਸੀ। ਜਦੋਂ ਤੋਂ ਉਸ ਨੂੰ ਟਰੇਨ ਦੇ ਬਾਥਰੂਮ 'ਚੋਂ ਧੂਹ ਕੇ ਪਲੈਟਫਾਰਮ 'ਤੇ ਲਿਜਾਇਆ ਗਿਆ ਸੀ ਉਸ ਵੱਲੋਂ ਮੁਕਾਬਲਾ ਲਗਾਤਾਰ ਜਾਰੀ ਸੀ। ਉਹ ਪੂਰਾ ਤਾਣ ਲਗਾ ਕੇ ਛੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ। ਸੋ ਜਿਉਂ ਹੀ ਜਕੜ ਢਿੱਲੀ ਹੋਈ ਉਸ ਨੂੰ ਉਨ੍ਹਾਂ ਦੇ ਹੱਥੋਂ ਛੁੱਟਣ ਦਾ ਮੌਕਾ ਮਿਲ ਗਿਆ। ਫਿਰ ਛੁੱਟਦੇ ਹੀ ਉਹ ਪੂਰੀ ਤਾਕਤ ਨਾਲ ਭੱਜਿਆ। ਓਸ ਪਲੈਟਫਾਰਮ ਤੋਂ ਚੰਗੀ ਤਰ੍ਹਾਂ ਜਾਣੂ

ਹੋਣ ਕਾਰਨ ਉਹ ਸਿੱਧਾ ਮੇਨ ਗੇਟ ਵੱਲ ਨੂੰ ਭੱਜਿਆ। ਜਿਉਂ ਹੀ ਉਹ ਗੇਟ ਲਾਗੇ ਪਹੁੰਚਿਆ ਤਾਂ ਅਚਾਨਕ ਉੱਥੇ ਖੜ੍ਹੇ ਇਕ ਵਿਅਕਤੀ ਨੇ ਉਸ ਦਾ ਰਸਤਾ ਕੁਝ ਇਸ ਤਰੀਕੇ ਨਾਲ ਰੋਕਿਆ ਕਿ ਉਹ ਉਸ ਗੇਟ ਤੋਂ ਬਾਹਰ ਨਹੀਂ ਸੀ ਨਿੱਕਲ ਸਕਦਾ। ਉਸ ਵਿਅਕਤੀ ਨੇ ਝਟਕੇ ਨਾਲ ਸੁਖਦੇਵ ਨੂੰ ਆਪਣੀ ਗ੍ਰਿਫ਼ਤ ਵਿਚ ਜਕੜ ਲਿਆ। ਪਰ ਜਦੋਂ ਇਨਸਾਨ ਅਜਿਹੀ ਮੁਸੀਬਤ ’ਚ ਫਸ ਜਾਂਦਾ ਹੈ ਤਾਂ ਛਟਪਟਾਹਟ ’ਚ ਉਸ ਦੀ ਤਾਕਤ ਕਈ ਗੁਣਾਂ ਵਧ ਜਾਂਦੀ ਹੈ। ਅਤੇ ਇੱਥੇ ਤਾਂ ਜਾਨ ਦਾ ਮਾਮਲਾ ਸੀ। ਦੂਜਾ, ਹੁਣੇ-ਹੁਣੇ ਤਾਂ ਉਹ ਇਸ ਤੋਂ ਕਈ ਜ਼ਿਆਦਾ ਲੋਕਾਂ ਦੇ ਹੱਥੋਂ ਨਿਕਲਿਆ ਸੀ, ਅਤੇ ਇੱਥੇ ਤਾਂ ਸਿਰਫ਼ ਇੱਕੋ ਜਣਾ ਸੀ। ਸੁਖਦੇਵ ਨੂੰ ਉਸ ਦੀ ਜਕੜ ’ਚੋਂ ਨਿਕਲਣ ਲਈ ਜ਼ਿਆਦਾ ਜ਼ੋਰ ਨਹੀਂ ਲਾਉਣਾ ਪਿਆ। ਛੁੱਟਦੇ ਸਾਰ ਉਹ ਮੁੜ ਭੱਜਿਆ। ਪਰ ਇਸ ਵਾਰ ਉਸ ਮੇਨ ਗੇਟ ਦੀ ਉਲਟ ਦਿਸ਼ਾ ’ਚ। ਆਪਣੀ ਪੂਰੀ ਤਾਕਤ ਨਾਲ। ਸਾਹਮਣੇ ਇਕ ਲੋਹੇ ਦੀ ਵਾੜ ਸੀ ਜੋ ਉਹ ਇਕ ਪਲ ’ਚ ਹੀ ਛਾਲ ਮਾਰ ਕੇ ਟੱਪ ਗਿਆ। ਹੁਣ ਉਹ ਭੀੜ ਦੀ ਗ੍ਰਿਫ਼ਤ ’ਚੋਂ ਨਿੱਕਲ ਚੁੱਕਾ ਸੀ ਅਤੇ ਪੂਰੀ ਤੇਜ਼ੀ ਨਾਲ ਭੱਜ ਰਿਹਾ ਸੀ। ਭੀੜ ਵਿੱਚੋਂ ਕੁਝ ਲੋਕ ਅਜੇ ਵੀ ਉਸ ਦਾ ਪਿੱਛਾ ਕਰ ਰਹੇ ਸਨ। ਸੁਖਦੇਵ ਅਤੇ ਉਨ੍ਹਾਂ ਦਰਮਿਆਨ ਫ਼ਾਸਲਾ ਵਧਦਾ ਜਾ ਰਿਹਾ ਸੀ। ਵਰ੍ਹਿਆਂ ਤੋਂ ਸ਼ਹਿਰ ਦੇ ਸਭ ਤੋਂ ਵੱਡੇ ਸਕੂਲ ਦੇ ਮੈਦਾਨ ਦੀ ਦੌੜ, ਅਤੇ ਮੌਤ ਨਾਲ ਨਜਿੱਠਣ ਦੀ ਲਾਲਸਾ ਨੇ ਉਸ ਦੇ ਅੰਦਰ ਕਈ ਗੁਣਾਂ ਤਾਕਤ ਪੈਦਾ ਕਰ ਦਿੱਤੀ ਸੀ। ਪਰ ਅਜੇ ਹੋਰ ਰੁਕਾਵਟਾਂ ਵੀ ਸਨ, ਅਤੇ ਉਹ ਵੀ ਭਾਰੀ, ਵਿਕਰਾਲ ਅਤੇ ਭਿਆਨਕ।

ਸੁਖਦੇਵ ਦਾ ਸਟੇਸ਼ਨ ਦੇ ਮੇਨ ਗੇਟ ਵੱਲ ਭੱਜਣ ਦਾ ਮੁੱਖ ਉਦੇਸ਼ ਉਸ ਦਿਸ਼ਾ ’ਚ ਜਾਣਾ ਸੀ ਜਿੱਥੇ ਉਸ ਦੇ ਇਕ ਪੁਰਾਣੇ ਮਿੱਤਰ ਦਾ ਘਰ ਸੀ। ਉਸ ਦੇ ਘਰ ਵਿਚ ਸੁਖਦੇਵ ਨੂੰ ਆਪਣੀ ਸੁਰੱਖਿਆ ਦਾ ਪੂਰਾ ਭਰੋਸਾ ਸੀ। ਪਰ ਹਰ ਪਲ ਉਸ ਦੇ ਰਾਹ ਵਿਚ ਨਵੇਂ ਅੜਿੱਕੇ ਖੜ੍ਹੇ ਹੋ ਰਹੇ ਸਨ। ਪਹਿਲਾਂ ਬਾਥਰੂਮ ’ਚ ਕਾਬੂ ਆ ਜਾਣਾ, ਨਾਲ ਵਾਲੇ ਮਿੱਤਰ ਦਾ ਬਚਾ ਨਾ ਸਕਣਾ, ਫਿਰ ਇਕ ਹੋਰ ਮਿੱਤਰ ਦਾ ਮਿਲਣਾ ਪਰ ਉਸ ਦਾ ਵੀ ਨਾਕਾਮਯਾਬ ਰਹਿਣਾ, ਫਿਰ ਛੁੱਟਣਾ ਪਰ ਆਪਣੇ ਟੀਚੇ ਤੱਕ ਨਾ ਪਹੁੰਚ ਸਕਣਾ। ਇਮਤਿਹਾਨ ਦੀਆਂ ਘੜੀਆਂ ਤੋਂ ਬਾਅਦ ਕਿਤੇ ਜਾ ਕੇ ਤਾਂ ਅੰਤ ਹੋਣਾ ਹੀ ਸੀ। ਜਦੋਂ ਆਖ਼ਰੀ ਰੁਕਾਵਟ ਨੂੰ ਪਾਰ ਕਰਕੇ ਸੁਖਦੇਵ ਸਾਹਮਣੇ ਵਾਲੀ ਗਲੀ ’ਚ ਸਰਪਟ ਦੌੜ ਰਿਹਾ ਸੀ ਤਾਂ ਉਸ ਦੇ ਸਾਹਮਣੇ ਜੋ ਆਇਆ ਉਸ ਦੀ ਨਾ ਤਾਂ ਉਸ ਨੂੰ ਜਾਣਕਾਰੀ ਸੀ ਨਾ ਹੀ ਭਿਣਕ ਸੀ। ਇਕ ਉੱਚੀ ਦੀਵਾਰ ਜੋ ਉਸ ਗਲੀ ਦੇ ਮੁਹਾਣੇ ਨੂੰ ਬੰਦ ਕਰਦੀ ਸੀ। ਯਾਨੀ ਕਿ ਇਕ ਡੈੱਡ ਐਂਡ - ਇਕ ਬੰਦ ਗਲੀ। ਇਹ ਇਕ ਅਜਿਹੀ ਅਵਸਥਾ ਸੀ ਕਿ ਅੱਗੇ ਲੰਘਿਆ ਨਹੀਂ ਜਾ ਸਕਦਾ ਅਤੇ ਪਿੱਛੇ ਤਕਰੀਬਨ ਵੀਹ-ਤੀਹ ਫ਼ਸਾਦੀਆਂ ਦੀ ਭੀੜ। ਹਾਲਾਂਕਿ ਸਥਿਤੀ ਪਹਿਲਾਂ ਨਾਲੋਂ ਥੋੜ੍ਹੀ ਬਿਹਤਰ ਸੀ। ਪਹਿਲਾਂ ਚਾਰ ਪੰਜ ਸੌ ਲੋਕਾਂ ’ਚ ਘਿਰਿਆ ਸੁਖਦੇਵ ਅਤੇ ਹੁਣ ਵੀਹ-ਤੀਹ ਫ਼ਸਾਦੀ ਜੋ ਅਜੇ ਵੀ ਉਸ ਦੀ ਜਾਨ ਲੈਣ ਲਈ ਉਸ ਦੇ ਪਿੱਛੇ ਭੱਜੇ ਆ ਰਹੇ ਸਨ। ਨਿਸ਼ਚੇ ਹੀ ਉਨ੍ਹਾਂ ਦੀ ਗਿਣਤੀ ਬਹੁਤ ਘਟ ਗਈ ਸੀ ਪਰ ਉਨ੍ਹਾਂ ਦਾ ਇਰਾਦਾ ਬਹੁਤ ਖ਼ਤਰਨਾਕ ਸੀ।

ਸੁਖਦੇਵ ਹੁਣ ਘਿਰਿਆ ਹੋਇਆ ਖੜ੍ਹਾ ਸੀ। ਜੋ ਦੂਰੀ ਉਸ ਨੇ ਆਪਣੇ ਅਤੇ ਉਸ ਭੜਕੀ ਹੋਈ ਭੀੜ ਦਰਮਿਆਨ ਪੂਰੀ ਤਾਕਤ ਨਾਲ ਬਣਾਈ ਸੀ, ਉਹ ਹੁਣ ਸਿਮਟਦੀ ਜਾ ਰਹੀ ਸੀ। ਕੁਝ ਪਲਾਂ 'ਚ ਹੀ ਉਹ ਉਨ੍ਹਾਂ ਦੀ ਗ੍ਰਿਫ਼ਤ 'ਚ ਫਸ ਚੁੱਕਾ ਸੀ। ਇਕ ਵਾਰ ਫਿਰ ਸ਼ੁਰੂ ਹੋਈ ਲੱਤਾਂ, ਘਸੁੰਨਾਂ, ਡੰਡਿਆਂ ਅਤੇ ਲੋਹੇ ਦੀਆਂ ਰਾਡਾਂ ਦੀ ਬੌਛਾੜ। ਸੁਖਦੇਵ ਨੂੰ ਹੁਣ ਮਹਿਸੂਸ ਹੋ ਗਿਆ ਸੀ ਕਿ ਇੱਥੇ ਹੀ ਉਸ ਦਾ ਅੰਤ ਹੈ। ਪਰ ਉਸ ਦਾ ਅਚੇਤ ਮਨ ਅਜੇ ਵੀ ਚੁਕੰਨਾ ਸੀ। ਉਸ 'ਚ ਅਜੇ ਵੀ ਬਚਣ ਦੀ ਚਾਹਤ ਸੀ। ਭਗਤ ਕਬੀਰ ਜੀ ਦੇ ਸਲੋਕ "ਪੁਰਜਾ ਪੁਰਜਾ ਕਟ ਮਰੇ, ਕਬਹੂ ਨਾ ਛਾਡੇ ਖੇਤ" ਉਹ ਬਚਪਨ ਤੋਂ ਗੁਰਪੁਰਬ ਤੋਂ ਪਹਿਲਾਂ ਨਿਕਲਣ ਵਾਲੀਆਂ ਪ੍ਰਭਾਤ ਫੇਰੀਆਂ 'ਚ ਸੁਣਦਾ ਆਇਆ ਸੀ। ਜਿਉਂ ਹੀ ਉਸ ਉੱਪਰ ਡੰਡੇ ਸਰੀਏ ਵਰ੍ਹਨ ਲੱਗੇ ਉਹ ਆਪਣੀ ਛਾਤੀ ਅਤੇ ਪੇਟ ਉੱਪਰ ਹੋਣ ਵਾਲੇ ਵਾਰਾਂ ਤੋਂ ਬਚਣ ਲਈ ਪੁੱਠਾ ਹੋ ਕੇ ਜ਼ਮੀਨ 'ਤੇ ਪੈ ਗਿਆ। ਆਪਣੇ ਹੱਥਾਂ ਨਾਲ ਸਿਰ ਨੂੰ ਢਕ ਲਿਆ। ਪੱਗ ਤਾਂ ਪਹਿਲਾਂ ਹੀ ਲਹਿ ਚੁੱਕੀ ਸੀ, ਹੁਣ ਸਿਰਫ਼ ਉਸ ਦੇ ਦੋਵੇਂ ਹੱਥ ਹੀ ਸਿਰ ਦੀ ਢਾਲ ਸਨ। ਉਸ ਨੂੰ ਇਹ ਪਤਾ ਸੀ ਕਿ ਇਸ ਤਰ੍ਹਾਂ ਦੀ ਕੁੱਟ 'ਚ ਮਨੁੱਖ ਦੀ ਮੌਤ ਜ਼ਿਆਦਾਤਰ ਸਰੀਰ ਦੇ ਅਗਲੇ ਹਿੱਸੇ ਉੱਪਰ ਹੋਣ ਵਾਲੇ ਵਾਰਾਂ ਨਾਲ ਹੁੰਦੀ ਹੈ। ਇਹ ਗਿਆਨ ਉਸ ਨੇ ਆਪਣੀ ਵਿਹਾਰਕ ਜ਼ਿੰਦਗੀ ਤੋਂ ਹੀ ਸਿੱਖਿਆ ਸੀ। ਸ਼ਹਿਰ ਵਿੱਚ ਜਦ ਵੀ ਲੜਾਈਆਂ ਹੁੰਦੀਆਂ ਸਨ ਤਾਂ ਕੁੱਟਣ ਅਤੇ ਕੁੱਟੇ ਜਾਣ ਵਾਲੇ ਦੋਹਾਂ ਨੂੰ ਇਹ ਗੱਲ ਪਤਾ ਹੁੰਦੀ ਸੀ।

"ਸਬਕ ਸਿਖਾਉਣ ਲਈ ਕੁੱਟਣਾ ਹੈ, ਸਿਰ ਅਤੇ ਪੇਟ ਦਾ ਬਚਾ ਕਰਕੇ ਕੁੱਟਣਾ।"

"ਕੁੱਟ ਪੈਣ ਲੱਗੇ ਤਾਂ ਸਿਰ ਅਤੇ ਪੇਟ ਬਚਾ ਲਓ।"

ਹੁਣ ਸੁਖਦੇਵ ਜ਼ਮੀਨ ਉੱਤੇ ਸੀ ਅਤੇ ਮੁੱਖ ਤੌਰ 'ਤੇ ਉਸ ਦੀ ਪਿੱਠ, ਪੈਰ ਅਤੇ ਸਰੀਰ ਦੇ ਪਿਛਲੇ ਕੁਝ ਹੋਰ ਹਿੱਸਿਆਂ ਉੱਪਰ ਹੀ ਵਾਰ ਹੋ ਰਹੇ ਸਨ। ਇਹ ਵਾਰ ਘਾਤਕ ਹੀ ਸਨ। ਜਿਨ੍ਹਾਂ ਹੱਥਾਂ ਨੇ ਸਿਰ ਢਕਿਆ ਹੋਇਆ ਸੀ ਉੱਥੇ ਵੀ ਠਾਹ-ਠਾਹ ਡੰਡੇ ਅਤੇ ਸਰੀਏ ਵੱਜ ਰਹੇ ਸਨ। ਦਰਦ ਝੱਲਣ ਦੀ ਇੰਤਹਾ ਹੋ ਚੁੱਕੀ ਸੀ। ਹੌਲੀ-ਹੌਲੀ ਉਸ ਦੀ ਚੇਤਨਾ ਜਵਾਬ ਦਿੰਦੀ ਜਾ ਰਹੀ ਸੀ। ਫਿਰ ਹਨੇਰਾ ਛਾ ਗਿਆ। ਇਹ ਪੂਰਾ ਘਟਨਾਕ੍ਰਮ ਏਨੀ ਤੇਜ਼ੀ ਨਾਲ ਵਾਪਰਿਆ ਕਿ ਨਾ ਸੁਖਦੇਵ ਨੂੰ ਕੁਝ ਕਹਿਣ ਦਾ ਮੌਕਾ ਮਿਲਿਆ ਤੇ ਨਾ ਕੋਈ ਹੋਰ ਕੁਝ ਬੋਲਿਆ। ਇਹ ਸ਼ਿਕਵੇ ਸ਼ਿਕਾਇਤਾਂ ਹੁਣ ਸਿਰਫ਼ ਕਹਾਣੀ ਬਣ ਕੇ ਰਹਿ ਗਏ ਸਨ। ਕੌਣ ਕਿਸ ਨੂੰ ਮਾਰ ਰਿਹਾ ਸੀ ਇਹ ਸਿਰਫ਼ ਮਜ਼੍ਹਬ ਦਾ ਹੀ ਤਮਾਸ਼ਾ ਬਣਕੇ ਰਹਿ ਰਿਹਾ ਸੀ।

ਮਾਰਨ ਵਾਲੇ ਹੁਣ ਵੀ ਮਾਰ ਰਹੇ ਸਨ। ਜਦੋਂ ਸੁਖਦੇਵ ਦੇ ਸਰੀਰ ਦੀ ਹਿਲਜੁਲ ਅਤੇ ਵਿਰੋਧ ਖ਼ਤਮ ਹੋ ਗਿਆ ਤਾਂ ਉਨ੍ਹਾਂ ਹਤਿਆਰਿਆਂ ਨੇ ਵੀ ਉਸ ਨੂੰ ਮਰ ਚੁੱਕਾ ਕਰਾਰ ਦੇ ਕੇ ਆਪਣੀ ਫ਼ਤਹਿ ਦਰਜ ਕਰ ਲਈ।

"ਇੰਦਰਾ ਗਾਂਧੀ ਅਮਰ ਰਹੇ। ਦੇਸ਼ ਕੇ ਗ਼ਦਾਰੋਂ ਕੋ ਗੋਲੀ ਮਾਰੋ ਸਾਲੋਂ ਕੋ" ਦੇ ਨਾਅਰੇ ਲਾਉਂਦਾ ਇਹ ਕਾਤਲਾਨਾ ਹਜੂਮ ਹੋਰ 'ਗ਼ਦਾਰਾਂ' ਨਾਲ ਨਜਿੱਠਣ ਲਈ ਚਲ ਪਿਆ।

ਉਸ ਦਿਨ ਉਸ ਸ਼ਹਿਰ ਦੇ ਉਸ ਸਟੇਸ਼ਨ ਉੱਪਰ ਕੁਲ-ਮਿਲਾ ਕੇ ਚਾਰ ਮੌਤਾਂ ਹੋਈਆਂ ਸਨ। ਅਤੇ ਇਹ ਚਾਰੇ ਭਾਰਤੀ ਫ਼ੌਜ ਦੇ ਸੈਨਿਕ ਸਨ। ਸੁਖਦੇਵ ਬਚ ਗਿਆ ਸੀ। ਉਸ ਦੀ ਜ਼ਿੰਦਗੀ ਦੇ ਸਵਾਸ ਅਜੇ ਚੱਲ ਰਹੇ ਸਨ।

ਦੇਸ਼ ਦੇ ਵੱਖ-ਵੱਖ ਥਾਵਾਂ 'ਤੇ ਉਸ ਦਿਨ ਜੋ ਦੰਗੇ ਸ਼ੁਰੂ ਹੋਏ ਸਨ, ਜਿਸ ਨੂੰ ਕਤਲੇਆਮ ਨਾਂ ਦੇਣਾ ਉਚਿਤ ਹੋਵੇਗਾ, ਉਸ ਵਿਚ ਮੁੱਖ ਰੁਪ 'ਚ ਚਾਰ-ਪੰਜ ਸ਼ਹਿਰਾਂ 'ਚ ਹੀ ਸਿੱਖਾਂ ਦਾ ਕਤਲੇਆਮ ਹੋਇਆ ਸੀ। ਦਿੱਲੀ 'ਚ ਹੋਈਆਂ ਹੱਤਿਆਵਾਂ ਅਤੇ ਹੋਰ ਸ਼ਹਿਰਾਂ 'ਚ ਹੋਈਆਂ ਹੱਤਿਆਵਾਂ 'ਚ ਇਕ ਫ਼ਰਕ ਸੀ। ਹੱਤਿਆਵਾਂ ਮੂਲ ਰੂਪ 'ਚ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਹੋਈਆਂ ਸਨ। ਉੱਥੇ ਹੱਤਿਆ ਕਰਨਾ ਮੁੱਖ ਮਨੋਰਥ ਸੀ ਅਤੇ ਫ਼ਸਾਦੀਆਂ ਵੱਲੋਂ ਹੱਤਿਆ ਕਰਨ ਦੇ ਵੱਖ-ਵੱਖ ਤਰੀਕਿਆਂ ਦੀ ਬਹੁਤ ਹੀ ਵਿਉਂਤਬਧ ਰੂਪ 'ਚ ਵਰਤੋਂ ਕੀਤੀ ਗਈ ਸੀ। ਮਿੱਟੀ ਦਾ ਤੇਲ ਅਤੇ ਪੈਟਰੋਲ, ਗੱਡੀਆਂ ਦੇ ਟਾਇਰ ਅਤੇ ਹੋਰ ਜਲਣਸ਼ੀਲ ਪਦਾਰਥਾਂ ਦੀ ਵੱਡੇ ਪੈਮਾਨੇ 'ਤੇ ਵਰਤੋਂ ਹੋਈ ਸੀ। ਹਾਲਾਂਕਿ ਅਜਿਹਾ ਹੀ ਕੁਝ ਬਿਹਾਰ ਦੇ ਇਕ ਹੋਰ ਸ਼ਹਿਰ ਬੋਕਾਰੋ ਵਿਚ ਵੀ ਹੋਇਆ ਸੀ। ਜਦਕਿ ਹੋਰ ਸ਼ਹਿਰਾਂ ਵਿਚ ਹਮਲਾ ਘੱਟ ਯੋਜਨਾਬੱਧ ਸੀ। ਜੋ ਵੀ ਹੱਤਿਆਵਾਂ ਹੋਈਆਂ ਸਨ ਉਹ ਜਲਣ ਨਾਲ ਘੱਟ ਅਤੇ ਕੁੱਟਮਾਰ ਨਾਲ ਜ਼ਿਆਦਾ ਹੋਈਆਂ ਸਨ।

ਜਦੋਂ ਸੁਖਦੇਵ ਨੂੰ ਕੁੱਟਣ ਤੋਂ ਬਾਅਦ ਉਸ ਨੂੰ ਮਰ ਚੁੱਕਾ ਸਮਝਕੇ ਉਹ ਦੰਗਈ ਉੱਥੋਂ ਚਲੇ ਗਏ ਤਾਂ ਉਦੋਂ ਸੁਖਦੇਵ ਦੇ ਸਰੀਰ ਵਿਚ ਜਾਨ ਸੀ। ਸੁਖਦੇਵ ਵੱਲੋਂ ਪੁੱਠਾ ਹੋ ਕੇ ਜ਼ਮੀਨ ਨਾਲ ਚਿਪਕਕੇ ਆਪਣੇ ਹੱਥਾਂ ਨੂੰ ਸਿਰ ਦੀ ਢਾਲ ਬਣਾਉਣ ਨਾਲ ਉਸ ਦੀ ਜਾਨ ਬਚ ਗਈ ਸੀ। ਉਹ ਕਾਫ਼ੀ ਦੇਰ ਉੱਥੇ ਬੇਹੋਸ਼ ਪਿਆ ਰਿਹਾ। ਤਕਰੀਬਨ ਅੱਧੇ ਪੌਣੇ ਘੰਟੇ ਬਾਅਦ ਉਸ ਨੂੰ ਹੌਲੀ-ਹੌਲੀ ਹੋਸ਼ ਆਉਣ ਲੱਗੀ। ਉਸ ਨੂੰ ਆਪਣੇ ਆਲੇ-ਦੁਆਲੇ ਕੁਝ ਵੀ ਸਾਫ਼ ਨਜ਼ਰ ਨਹੀਂ ਆ ਰਿਹਾ ਸੀ। ਸਿਰਫ਼ ਇਕ ਧੁੰਦਲੀ ਜਹੀ ਯਾਦ ਅਤੇ ਧੁੰਦਲੀ ਜਹੀ ਛਾਂ। ਥੋੜ੍ਹਾ ਸਮਾਂ ਹੋਰ ਗੁਜ਼ਰਿਆ ਅਤੇ ਉਸ ਨੂੰ ਆਪਣੇ ਜਿਉਂਦਾ ਬਚ ਜਾਣ ਦਾ ਅਹਿਸਾਸ ਹੋਣ ਲੱਗਾ। ਉਹ ਉਸੇ ਤਰ੍ਹਾਂ ਲੇਟਿਆ ਰਿਹਾ। ਪੂਰੇ ਸਰੀਰ 'ਚ ਦਰਦ ਮਹਿਸੂਸ ਹੋ ਰਿਹਾ ਸੀ। ਪਰ ਉਹ ਕਰਾਹ ਨਹੀਂ ਰਿਹਾ ਸੀ। ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਉਸ ਦੇ ਆਸ-ਪਾਸ ਕੀ ਹੋ ਰਿਹਾ ਸੀ। ਫਿਰ ਇਹ ਵੀ ਅਹਿਸਾਸ ਹੋਇਆ ਕਿ ਉਸ ਨੂੰ ਉੱਠਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਸ ਨੂੰ ਇਲਾਜ ਦੀ ਜ਼ਰੂਰਤ ਹੈ। ਉਸ ਨੂੰ ਕਿਸੇ ਹਸਪਤਾਲ ਜਾਂ ਦਵਾਖ਼ਾਨੇ ਜਾਣਾ ਚਾਹੀਦਾ ਹੈ।

ਫਿਰ ਉਹ ਉੱਠਿਆ ਅਤੇ ਕਈ ਵਾਰ ਡਿਗਿਆ ਵੀ। ਉਹ ਕੋਸ਼ਿਸ਼ ਕਰਦਾ ਰਿਹਾ ਅਤੇ ਫਿਰ ਉਹ ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ। ਉਸ ਦੇ ਸਿਰ ਦੇ ਇਕ ਹਿੱਸੇ ਉੱਪਰ ਡੂੰਘੀ ਸੱਟ ਕਾਰਨ ਉਸ ਦੀ ਇਕ ਅੱਖ ਬੰਦ ਸੀ। ਸਿਰ ਵਿਚ ਤਿੱਖਾ ਦਰਦ ਹੋ ਰਿਹਾ ਸੀ। ਇਕ ਹੱਥ ਨਾਲ ਸਿਰ ਨੂੰ ਦਬਾਕੇ ਉਹ ਤੁਰ ਪਿਆ। ਉਸ ਨੂੰ ਨਹੀਂ ਪਤਾ ਉਹ ਰਾਹ ਵਿਚ ਕਿੰਨੀ ਵਾਰ ਡਿਗਿਆ, ਰੁਕਿਆ, ਬੈਠਾ, ਪਰ ਉਹ ਤੁਰਦਾ ਰਿਹਾ। ਥੋੜ੍ਹੀ ਦੇਰ ਉਸ ਨੂੰ ਇਕ ਪੁਲਿਸ

ਥਾਣਾ ਦਿਸਿਆ। ਉਹ ਲੜਖੜਾਉਂਦਾ ਹੋਇਆ ਥਾਣੇ ਦੇ ਅਹਾਤੇ 'ਚ ਪਹੁੰਚਿਆ, ਫਿਰ ਘਿਸਰਦਾ ਹੋਇਆ ਥਾਣੇ ਦੇ ਅੰਦਰ ਚਲਾ ਗਿਆ। ਉੱਥੇ ਜੋ ਵੀ ਸੀ ਉਸ ਦੇ ਸਾਹਮਣੇ ਡਿਗ ਕੇ ਮੁੜ ਬੇਹੋਸ਼ ਹੋ ਗਿਆ।

ਹਿੰਦੀ ਵਿਚ ਇਕ ਮਸ਼ਹੂਰ ਕਹਾਵਤ ਹੈ, "ਮਾਰਨੇ ਵਾਲੇ ਸੇ ਬਚਾਨੇ ਵਾਲਾ ਬੜਾ ਹੋਤਾ ਹੈ।"

ਸੁਖਦੇਵ ਨੂੰ ਜ਼ਿੰਦਗੀ ਨਾਲ ਇਸ਼ਕ ਸੀ। ਨਿਡਰ ਅਤੇ ਬਹਾਦਰ ਤਾਂ ਉਹ ਹੈ ਹੀ ਸੀ, ਹਰ ਪਲ ਉਹ ਜ਼ਿੰਦਗੀ ਨੂੰ ਜਿਉਂਦਾ ਸੀ। ਆਪਣੇ ਘਰ ਵਿਚ ਵੀ ਸਾਰਿਆਂ ਤੋਂ ਅਲਹਿਦਾ ਸੀ। ਪਾਸ਼ ਦੀ ਇਕ ਮਸ਼ਹੂਰ ਕਵਿਤਾ ਦੀਆਂ ਚੰਦ ਸਤਰਾਂ ਹਨ

"ਘਰ ਤੋਂ ਨਿਕਲਣਾ ਕੰਮ ਤੇ
ਤੇ ਕੰਮ ਤੋਂ ਘਰ ਜਾਣਾ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।"

ਇਹ ਸਤਰਾਂ ਸੁਖਦੇਵ ਦੇ ਮਨ 'ਚ ਪੂਰੀ ਤਰ੍ਹਾਂ ਵਸ ਗਈਆਂ ਸਨ। ਪਰ ਉਸ ਨੂੰ ਆਪਣੇ ਘਰ ਦੀਆਂ ਪਰੰਪਰਾਵਾਂ ਦੀਆਂ ਹੱਦਾਂ ਨੇ ਬੰਨ੍ਹ ਰੱਖਿਆ ਸੀ। ਉਸ ਨੂੰ ਪਤਾ ਸੀ ਇਸ਼ਕ ਏਨਾ ਸੌਖਾ ਨਹੀਂ ਹੁੰਦਾ। ਉਸ ਦੀ ਤਮੰਨਾ ਸੀ ਕਿ ਉਹ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਆਪਣੀ ਮਰਜ਼ੀ ਨਾਲ ਘੁੰਮੇ। ਉਸ ਸਮੇਂ ਉਹ ਸਕੂਲੀ ਪੜ੍ਹਾਈ ਪਾਸ ਕਰਕੇ ਕਾਲਜ ਜਾਣ ਦੇ ਕ੍ਰਮ 'ਚ ਹੀ ਸੀ। ਆਪਣੇ ਤਿੰਨ ਮਿੱਤਰਾਂ ਨਾਲ ਮਿਲ ਕੇ, ਆਪਣੇ ਆਪਣੇ ਘਰਾਂ ਤੋਂ ਪੈਸਾ ਚੋਰੀ ਕਰਕੇ, ਘਰਦਿਆਂ ਨੂੰ ਦੱਸੇ ਬਿਨਾਂ, ਬਿਨਾਂ ਕਿਸੇ ਤੈਅਸ਼ੁਦਾ ਯੋਜਨਾ ਦੇ ਉਹ ਘਰੋਂ ਨਿੱਕਲ ਤੁਰੇ। ਘਰਦਿਆਂ ਨੂੰ ਇਨ੍ਹਾਂ ਮਿੱਤਰਾਂ ਨੇ ਬਾਦ 'ਚ ਚਿੱਠੀ ਲਿਖ ਕੇ ਆਪਣੇ 'ਮਿਸ਼ਨ' ਦੀ ਇਤਲਾਹ ਦਿੱਤੀ। ਇਨ੍ਹਾਂ ਸਾਰੇ ਮਿੱਤਰਾਂ ਦੇ ਪਰਿਵਾਰ ਤਕਰੀਬਨ ਇੱਕੋ ਜਹੀ ਸੋਚ ਵਾਲੇ ਸਨ ਜਿੱਥੇ ਬਾਪ ਦਾ ਹੁਕਮ ਸਿਰ ਮੱਥੇ 'ਤੇ ਹੁੰਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਪੂਰੀ ਤਰ੍ਹਾਂ ਅਹਿਸਾਸ ਸੀ ਕਿ ਵਾਪਸ ਘਰ ਪਰਤਣ 'ਤੇ ਉਨ੍ਹਾਂ ਨੂੰ ਵਾਹਵਾ ਕੁੱਟ ਪੈ ਸਕਦੀ ਹੈ। ਪਰ ਉਹ ਆਪਣੇ ਮਿਸ਼ਨ ਦੇ ਫ਼ੈਸਲੇ 'ਤੇ ਪੂਰੀ ਤਰ੍ਹਾਂ ਅਡੋਲ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਜੇ ਪੂਰੇ ਮਹੀਨੇ ਦੀਆਂ ਖ਼ੁਸ਼ੀਆਂ ਲਈ ਉਨ੍ਹਾਂ ਨੂੰ ਆਪਣੇ ਪਿਤਾ ਜੀ ਜਾਂ ਹੋਰ ਬਜ਼ੁਰਗਾਂ ਦਾ ਕੁਝ ਘੰਟਿਆਂ ਦਾ ਕ੍ਰੋਧ ਜਾਂ ਫਿਰ ਕੁੱਟ ਦਾ ਵੀ ਸਾਹਮਣਾ ਕਰਨਾ ਪਵੇ ਤਾਂ ਇਹ ਸੌਦਾ ਫ਼ਾਇਦੇਮੰਦ ਹੀ ਹੈ। ਇਸ ਦੀ ਖ਼ਾਤਰ ਉਹ ਹਰ ਇਮਤਿਹਾਨ ਵਿੱਚੋਂ ਲੰਘਣ ਲਈ ਤਿਆਰ ਸਨ। ਉਨ੍ਹਾਂ ਦੀ ਦੁਨੀਆ ਤਾਂ ਤਾਰਿਆਂ ਤੋਂ ਵੀ ਵਧਕੇ ਸੀ ਅਤੇ ਇਸ ਵਿਚ ਮੁਸ਼ਕਲਾਂ ਤਾਂ ਆਉਂਦੀਆਂ ਹੀ ਰਹਿੰਦੀਆਂ ਹਨ ਪਰ ਖ਼ੁਸ਼ੀਆਂ ਉਸ ਤੋਂ ਜ਼ਿਆਦਾ ਮਿਲਦੀਆਂ ਹਨ। ਜਿਵੇਂ ਮਸ਼ਹੂਰ ਸ਼ਾਇਰ ਇਕਬਾਲ ਨੇ ਤਾਂ ਲਿਖਿਆ ਹੀ ਹੈ

"ਸਿਤਾਰੋਂ ਕੇ ਆਗੇ ਜਹਾਂ ਔਰ ਭੀ ਹੈਂ
ਅਭੀ ਇਸ਼ਕ ਦੇ ਇਮਤਿਹਾਂ ਔਰ ਭੀ ਹੈਂ"

ਆਪਣੇ ਟੁੱਟੇ ਹੋਏ ਸਰੀਰ ਨੂੰ ਸੰਭਾਲ ਕੇ ਸੁਖਦੇਵ ਦਾ ਘਿਸਰ ਕੇ ਥਾਣੇ ਪਹੁੰਚਣਾ ਇਸੇ ਇਮਤਿਹਾਨ ਦੀ ਇਕ ਕੜੀ ਸੀ। ਜਿਵੇਂ ਫਿਰ ਹਰ ਇਮਤਿਹਾਨ ਦਾ ਇਕ ਫ਼ਲ ਤਾਂ ਮਿਲਦਾ ਹੀ ਹੈ। ਜਦੋਂ ਸੁਖਦੇਵ ਨੂੰ ਹੋਸ਼ ਆਈ ਤਾਂ ਉਸ ਦਾ ਸਿਰ ਆਪਣੇ ਮਿੱਤਰ ਰਮੇਸ਼ ਦੀ ਗੋਦ ਵਿਚ ਸੀ। ਇਹ ਉਹੀ ਮਿੱਤਰ ਸੀ ਸਟੇਸ਼ਨ ਤੋਂ ਜਿਸ ਦੇ ਘਰ ਵੱਲ ਭੱਜ ਕੇ ਉਹ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਰਮੇਸ਼ ਦੇ ਨਾਲ ਉਸ ਦਾ ਭਤੀਜਾ ਤੇ ਇਕ ਸਾਥੀ ਹੋਰ ਵੀ ਸੀ। ਰਮੇਸ਼ ਨੂੰ ਸੁਖਦੇਵ ਉੱਪਰ ਹਮਲੇ ਦੀ ਖ਼ਬਰ ਉਸੇ ਸਾਥੀ ਰਵੀ ਕੁਮਾਰ ਤੋਂ ਮਿਲੀ ਸੀ ਜਿਸ ਨੇ ਸੁਖਦੇਵ ਨੂੰ ਸਟੇਸ਼ਨ ਉੱਪਰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਦੰਗਈਆਂ ਨੇ ਉਸ ਨੂੰ ਕੁੱਟਿਆ ਵੀ ਸੀ। ਕੁੱਟਮਾਰ ਤੋਂ ਬਾਅਦ ਰਵੀ ਕੁਮਾਰ ਸਿੱਧਾ ਰਮੇਸ਼ ਦੇ ਘਰ ਗਿਆ ਅਤੇ ਜਾਂਦੇ ਹੀ ਚੀਕਿਆ, "ਵੀਰੇ, ਆਪਣਾ ਦੋਸਤ ਸੁਖਦੇਵ ਚੇਤੇ ਹੈ ਨਾ। ਸਟੇਸ਼ਨ 'ਤੇ ਉਸ ਦੀ ਬਹੁਤ ਕੁੱਟਮਾਰ ਹੋ ਰਹੀ ਹੈ। ਛੇਤੀ ਚਲੋ, ਨਹੀਂ ਤਾਂ ਲੋਕ ਉਸ ਨੂੰ ਮਾਰ ਦੇਣਗੇ।"

ਰਮੇਸ਼ ਉਸ ਸਮੇਂ ਘਰ 'ਚ ਬੈਠ ਕੇ ਰੇਡੀਓ ਉੱਪਰ ਪ੍ਰਧਾਨ ਮੰਤਰੀ ਦੀ ਹੱਤਿਆ ਬਾਰੇ ਸੁਣ ਰਿਹਾ ਸੀ। ਉਸ ਦਾ ਇਕ ਦੋਸਤ ਅਤੇ ਭਤੀਜਾ ਵੀ ਉਸ ਦੇ ਨਾਲ ਸਨ। "ਕੀ ਕਹਿ ਰਹੇ ਹੋ ਤੁਸੀਂ।"

"ਭਰਾ ਸਵਾਲ-ਜਵਾਬ ਦਾ ਸਮਾਂ ਨਹੀਂ ਹੈ। ਦੇਰੀ ਕਰਾਂਗੇ ਤਾਂ ਬਹੁਤ ਗੜਬੜ ਹੋ ਜਾਵੇਗੀ। ਅਸੀਂ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। ਦੇਖੋ ਨਾ, ਮੇਰੀ ਵੀ ਕੁੱਟਮਾਰ ਹੋਈ ਹੈ।"

ਰਮੇਸ਼ ਰਵੀ ਕੁਮਾਰ ਨੂੰ ਮੱਲ੍ਹਮ-ਪੱਟੀ ਕਰਾਉਣ ਦੀ ਤਾਕੀਦ ਕਰਕੇ ਆਪਣੇ ਸਾਥੀ ਤੇ ਭਤੀਜੇ ਨੂੰ ਨਾਲ ਲੈ ਕੇ ਸਟੇਸ਼ਨ ਵੱਲ ਭੱਜ ਤੁਰਿਆ। ਥੋੜ੍ਹੀ ਜਹੀ ਖੋਜ-ਖ਼ਬਰ ਹੀ ਕਰਨੀ ਪਈ। ਉਸ ਛੋਟੇ ਸ਼ਹਿਰ ਵਿਚ ਉਸਨੇ ਉਸ ਨੂੰ ਥਾਣੇ 'ਚ ਲੱਭ ਲਿਆ।

ਜਦੋਂ ਸੁਖਦੇਵ ਨੂੰ ਹੋਸ਼ ਆਈ ਉਦੋਂ ਰਮੇਸ਼ ਤੋਂ ਰਿਹਾ ਨਹੀਂ ਗਿਆ ਅਤੇ ਉਹ ਧਾਹਾਂ ਮਾਰਕੇ ਰੋਣ ਲੱਗ ਪਿਆ ਸੀ। "ਈ ਕਾ ਹੋ ਗਯਾ ਬੌਸ। ਦੇਖ ਕਾ ਹਾਲ ਹੋ ਗਯਾ ਤੇਰਾ।"

"ਦੇਖਾ ਅਭੀ ਰੋਵੇ ਕਾ ਵਕਤ ਨਈਖੇ। ਹਮੇਂ ਅਸਪਤਾਲ ਲੇਕਰ ਚਲ..." ਕਰਾਹੁੰਦੇ ਹੋਏ ਸੁਖਦੇਵ ਨੇ ਆਪਣੀਆਂ ਧੁੰਦਲੀਆਂ ਨਜ਼ਰਾਂ ਨਾਲ ਰਮੇਸ਼ ਨੂੰ ਅਰਜ਼ ਕੀਤੀ। "ਤੁਮ ਹਮੇਂ ਮਿਲ ਗਏ ਹੋ ਯਹੀ ਬਹੁਤ ਅੱਛਾ ਹੂਆ ਹੈ।" ਸੁਖਦੇਵ ਨੇ ਇਹ ਕਹਿ ਕੇ ਦੁਬਾਰਾ ਅੱਖਾਂ ਮੀਟ ਲਈਆਂ।

ਇਸ ਦਰਮਿਆਨ ਰਮੇਸ਼ ਨੇ ਆਪਣੇ ਸਾਥੀ ਅਤੇ ਭਤੀਜੇ ਨਾਲ ਮਿਲ ਕੇ ਸੁਖਦੇਵ ਨੂੰ ਚੁੱਕ ਕੇ ਇਕ ਰਿਕਸ਼ੇ 'ਚ ਬਿਠਾਇਆ ਅਤੇ ਹਸਪਤਾਲ ਵੱਲ ਚੱਲ ਪਏ। ਸ਼ਹਿਰ ਛੋਟਾ ਸੀ ਸੋ ਹਸਪਤਾਲ ਵੀ ਦੂਰ ਨਹੀਂ ਸੀ। ਸੁਖਦੇਵ ਨੂੰ ਵਿਚ-ਵਿਚ ਹੋਸ਼ ਆਉਂਦੀ ਰਹੀ ਅਤੇ ਉਹ ਕੁਝ ਨਾ ਕੁਝ ਬੋਲਦਾ ਰਿਹਾ। ਰਮੇਸ਼ ਉਸ ਨਾਲ ਲਗਾਤਾਰ ਗੱਲਬਾਤ ਜਾਰੀ ਰੱਖਕੇ ਉਸ ਨੂੰ ਹੌਸਲਾ ਦਿੰਦਾ ਰਿਹਾ। ਥਾਣੇ ਤੋਂ ਹਸਪਤਾਲ ਦੇ ਰਸਤੇ ਤੋਂ ਥੋੜ੍ਹੀ ਦੂਰ ਦੋ-ਤਿੰਨ ਸੌ ਦੇ ਕਰੀਬ ਲੋਕਾਂ ਦੀ ਭੀੜ ਅਜੇ ਵੀ ਸੀ। ਹਸਪਤਾਲ ਪਹੁੰਚ ਕੇ ਰਮੇਸ਼ ਦੇ ਸਾਥੀ ਅਤੇ ਭਤੀਜੇ ਨੇ ਫਟਾਫਟ ਡਾਕਟਰ ਨੂੰ ਲੱਭਿਆ। ਇਸ ਦੌਰਾਨ ਸੁਖਦੇਵ ਨੇ ਰਮੇਸ਼ ਨੂੰ ਦੱਸਿਆ ਕਿ ਉਸ ਨੂੰ

ਬਹੁਤ ਠੰਡ ਲੱਗ ਰਹੀ ਹੈ। ਰਮੇਸ਼ ਨੇ ਆਪਣੇ ਕਿਸੇ ਜਾਣ-ਪਛਾਣ ਵਾਲੇ ਨੂੰ ਭੇਜ ਕੇ ਗਰਮ ਦੁੱਧ ਮੰਗਵਾਇਆ ਜਿਸ ਨੂੰ ਪੀ ਕੇ ਸੁਖਦੇਵ ਨੂੰ ਥੋੜ੍ਹੀ ਰਾਹਤ ਮਹਿਸੂਸ ਹੋਈ। ਖ਼ੂਨ ਕਾਫ਼ੀ ਮਾਤਰਾ 'ਚ ਵਹਿ ਚੁੱਕਾ ਹੋਣ ਕਾਰਨ ਰਮੇਸ਼ ਦੇ ਭਤੀਜੇ ਨੇ ਹੀ ਸੁਖਦੇਵ ਨੂੰ ਆਪਣਾ ਖ਼ੂਨ ਵੀ ਦਿੱਤਾ। ਸਿਰ ਉੱਪਰ ਵੀ ਡੂੰਘੀ ਸੱਟ ਸੀ ਜਿਸ ਨੂੰ ਡਾਕਟਰ ਨੇ ਟਾਂਕੇ ਲਾ ਦਿੱਤੇ। ਇਹ ਪਹਿਲੀ ਵਾਰ ਸੀ ਜਦੋਂ ਸੁਖਦੇਵ ਨੂੰ ਟਾਂਕੇ ਲਗਾਏ ਗਏ ਸਨ।

ਮੁੱਢਲਾ ਇਲਾਜ ਤਾਂ ਹੋ ਗਿਆ ਸੀ, ਥੋੜ੍ਹਾ ਖ਼ੂਨ ਵੀ ਮਿਲ ਗਿਆ ਸੀ ਪਰ ਸੁਖਦੇਵ ਦੇ ਜ਼ਖ਼ਮ ਬਹੁਤ ਡੂੰਘੇ ਸਨ। ਭਾਵੇਂ ਮਾਨਸਿਕ ਤੌਰ 'ਤੇ ਉਹ ਮਜ਼ਬੂਤ ਸੀ ਪਰ ਸਰੀਰ ਨੂੰ ਬਿਹਤਰ ਇਲਾਜ ਦੀ ਜ਼ਰੂਰਤ ਸੀ। ਡੰਡਿਆਂ ਅਤੇ ਸਰੀਏ ਦੇ ਵਾਰਾਂ ਨਾਲ ਪਿੱਠ ਅਤੇ ਬਾਹਵਾਂ ਦੀਆਂ ਹੱਡੀਆਂ ਦੇ ਟੁੱਟਣ ਦਾ ਸ਼ੱਕ ਸੀ। ਸਿਰ ਉੱਪਰ ਡੂੰਘੀ ਸੱਟ ਕਾਰਨ ਉਸ ਦੀ ਚੇਤਨਾ ਵਾਰ-ਵਾਰ ਜਵਾਬ ਦੇ ਰਹੀ ਸੀ। ਲੇਕਿਨ ਇਸ ਦੀ ਜਾਂਚ ਅਤੇ ਇਲਾਜ ਦੀਆਂ ਸਹੂਲਤਾਂ ਇਸ ਛੋਟੇ ਜਹੇ ਸ਼ਹਿਰ ਵਿਚ ਮੌਜੂਦ ਨਹੀਂ ਸਨ। ਸਿਰਫ਼ ਇਕ ਹੀ ਸਰਕਾਰੀ ਹਸਪਤਾਲ ਸੀ ਜਿਸ ਵਿਚ ਮਸ਼ੀਨਾਂ ਉਂਝ ਹੀ ਘੱਟ ਸਨ ਅਤੇ ਉਨ੍ਹਾਂ ਵਿੱਚੋਂ ਵੀ ਅੱਧੀਆਂ ਤਾਂ ਅਕਸਰ ਮੁਰੰਮਤ ਦੀ ਉਡੀਕ 'ਚ ਬੰਦ ਪਈਆਂ ਰਹਿੰਦੀਆਂ ਸਨ। ਅਜਿਹੇ ਮਾਮਲਿਆਂ 'ਚ ਡਾਕਟਰ ਮਰੀਜਾਂ ਨੂੰ ਦੂਜੇ ਲਾਗੇ ਦੇ ਸ਼ਹਿਰ ਲੈ ਜਾਣ ਦੀ ਸਲਾਹ ਦਿੰਦੇ ਸਨ। ਸੁਖਦੇਵ ਦਾ ਸ਼ਹਿਰ ਤਾਂ ਅਗਲਾ ਸਟੇਸ਼ਨ ਹੀ ਸੀ ਜਿੱਥੇ ਸਰਕਾਰੀ ਦੇ ਨਾਲ-ਨਾਲ ਕੁਝ ਨਿੱਜੀ ਹਸਪਤਾਲ ਵੀ ਸਨ। ਇਸ ਲਈ ਡਾਕਟਰ ਨੇ ਰਮੇਸ਼ ਨੂੰ ਉੱਥੇ ਲੈ ਜਾਣ ਦੀ ਸਲਾਹ ਦਿੱਤੀ।

ਪਰ ਸ਼ਹਿਰ ਜਾਣ ਕਿਵੇਂ। ਸੈਂਕੜਿਆਂ ਦੀ ਗਿਣਤੀ 'ਚ ਫ਼ਸਾਦੀ ਅਨਸਰ ਬਾਹਰ ਸੜਕਾਂ ਉੱਪਰ ਤਾਂਡਵ ਮਚਾ ਰਹੇ ਸਨ। ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਸੀ। ਇਹ ਗੱਲ ਨਹੀਂ ਸੀ ਕਿ ਪੁਲਿਸ ਫੋਰਸ ਮੌਜੂਦ ਨਹੀਂ ਸੀ। ਜਦੋਂ ਸੁਖਦੇਵ ਨੂੰ ਟਰੇਨ ਵਿੱਚੋਂ ਧੂਹ ਕੇ ਬਾਹਰ ਪਲੈਟਫਾਰਮ ਉੱਪਰ ਲਿਆਂਦਾ ਗਿਆ ਉਸ ਸਮੇਂ ਕਈ ਬੰਦੂਕਧਾਰੀ ਪੁਲਸੀਏ ਵੀ ਮੌਜੂਦ ਸਨ। ਪਰ ਉਨ੍ਹਾਂ ਦੀ ਭੂਮਿਕਾ ਇਸ ਸਾਰੇ ਘਟਨਾਕ੍ਰਮ 'ਚ ਮੂਕ ਦਰਸ਼ਕ ਤੋਂ ਜ਼ਿਆਦਾ ਨਹੀਂ ਸੀ। ਉਹ ਵੀ ਮਹਿਜ਼ ਤਮਾਸ਼ਬੀਨ ਬਣ ਕੇ ਤਮਾਸ਼ੇ ਦਾ ਨਜ਼ਾਰਾ ਲੈ ਰਹੇ ਸਨ। ਜੇ ਉਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਭੋਰਾ ਵੀ ਨਿਭਾਈ ਹੁੰਦੀ, ਫ਼ਸਾਦੀਆਂ ਉੱਪਰ ਲਾਠੀਚਾਰਜ ਕੀਤਾ ਹੁੰਦਾ ਜਾਂ ਹਵਾਈ ਫ਼ਾਇਰ ਕੀਤੇ ਹੁੰਦੇ ਤਾਂ ਇਕ ਵੀ ਜਾਨ ਨਾ ਜਾਂਦੀ।

ਇਹ ਗੱਲ ਨਹੀਂ ਸੀ ਕਿ ਸਾਰਾ ਸ਼ਹਿਰ ਹੀ ਪੂਰੇ ਸਿੱਖ ਭਾਈਚਾਰੇ ਨੂੰ ਗ਼ਦਾਰ ਸਮਝ ਕੇ ਉਨ੍ਹਾਂ ਦੇ ਲਹੂ ਦਾ ਤਿਹਾਇਆ ਹੋ ਗਿਆ ਸੀ। ਰਵੀ ਕੁਮਾਰ, ਰਮੇਸ਼ ਅਤੇ ਉਨ੍ਹਾਂ ਦੇ ਸਾਥੀਆਂ ਵਰਗੇ ਕਈ ਹੋਰ ਵੀ ਸਨ ਜੋ ਹਾਲਾਤ ਤੋਂ ਫ਼ਿਕਰਮੰਦ ਹੀ ਨਹੀਂ, ਇਸ ਨੂੰ ਨਜਾਇਜ਼ ਅਤੇ ਅਮਾਨਵੀ ਵੀ ਕਹਿ ਰਹੇ ਸਨ। ਕੁਝ ਅਜਿਹੇ ਅਧਿਕਾਰੀ ਵੀ ਸਨ ਜਿਨ੍ਹਾਂ ਨੇ ਆਪਣੇ ਪੱਧਰ 'ਤੇ ਇਸ ਹਾਦਸੇ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ। ਜਦੋਂ ਟਰੇਨ ਸਟੇਸ਼ਨ 'ਤੇ ਪਹੁੰਚ ਰਹੀ ਸੀ ਤਾਂ ਉੱਥੋਂ ਦੇ ਤਜ਼ਰਬੇਕਾਰ ਸਟੇਸ਼ਨ ਮਾਸਟਰ ਨੇ ਪਲੈਟਫਾਰਮ ਉੱਪਰ ਹਥਿਆਰਾਂ ਨਾਲ ਲੈਸ ਸੈਂਕੜਿਆਂ ਦੀ ਤਾਦਾਦ 'ਚ ਮੌਜੂਦ ਫ਼ਸਾਦੀਆਂ ਨੂੰ ਦੇਖ ਕੇ ਹਾਲਾਤ

ਦੀ ਨਜ਼ਾਕਤ ਨੂੰ ਸਮਝਦੇ ਹੋਏ ਟਰੇਨ ਨੂੰ ਨਾ ਰੁਕਣ ਦਾ ਸੰਕੇਤ ਭੇਜ ਦਿੱਤਾ ਸੀ। ਪਰ ਟਰੇਨ ਦੇ ਡਰਾਈਵਰ ਨੂੰ ਇਹ ਸੰਕੇਤ ਸਮਝ ਨਹੀਂ ਆਇਆ। ਹਰ ਵਾਰ ਇਸ ਸਟੇਸ਼ਨ 'ਤੇ ਟਰੇਨ ਰੋਕਣ ਵਾਲੇ ਡਰਾਈਵਰ ਨੇ ਜਦੋਂ ਸਿਗਨਲ ਡਾਊਨ ਦੇਖਿਆ ਤਾਂ ਉਸ ਨੂੰ ਉਸ ਵਿਚ ਤਕਨੀਕੀ ਖਰਾਬੀ ਹੀ ਦਿਸੀ। ਆਪਣੀ ਬੁੱਧੀ ਅਨੁਸਾਰ ਉਸ ਨੇ ਟਰੇਨ ਉਸ ਪਲੈਟਫਾਰਮ 'ਤੇ ਰੋਕ ਦਿੱਤੀ।

ਜਦੋਂ ਫ਼ਸਾਦੀਆਂ ਨੇ ਉਸ ਟਰੇਨ ਉੱਪਰ ਹੱਲਾ ਬੋਲਿਆ ਤਾਂ ਹਰ ਡੱਬੇ ਵਿਚ ਘੁਸ ਕੇ ਉਨ੍ਹਾਂ ਨੇ ਸਿੱਖ ਭਾਈਚਾਰੇ ਦੇ ਬੰਦਿਆਂ ਨੂੰ ਲੱਭਿਆ ਸੀ। ਇਹ ਟਰੇਨ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਕਈ ਅਜਿਹੇ ਸ਼ਹਿਰਾਂ ਵਿੱਚੋਂ ਦੀ ਲੰਘੀ ਸੀ ਜਿੱਥੇ ਸਿੱਖ ਭਾਈਚਾਰੇ ਦੇ ਲੋਕ ਰਹਿੰਦੇ ਸਨ। ਉਹ ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਮੁੱਖ ਤੌਰ 'ਤੇ ਇਸੇ ਟਰੇਨ 'ਚ ਸਫ਼ਰ ਕਰਦੇ ਸਨ। ਇਸ ਲਈ ਹਰ ਡੱਬੇ 'ਚ ਇਸ ਭਾਈਚਾਰੇ ਦੇ ਮੁਸਾਫ਼ਰਾਂ ਦੀ ਸੰਭਾਵਨਾ ਤਾਂ ਹੈ ਹੀ ਸੀ। ਇਸ ਦੇ ਬਾਵਜੂਦ ਹੋਰ ਭਾਈਚਾਰੇ ਦੇ ਕਈ ਅਜਿਹੇ ਵਿਅਕਤੀ ਵੀ ਸਨ ਜਿਨ੍ਹਾਂ ਦੀ ਬੁੱਧੀ ਨਿਆਂਪੂਰਨ ਸੀ। ਜਿਵੇਂ ਕਿ ਇਕ ਡੱਬੇ 'ਚ ਰਾਂਚੀ ਦੀ ਇਕ ਮਸ਼ਹੂਰ ਇੰਜੀਨੀਅਰਿੰਗ ਸੰਸਥਾ ਦੇ ਕਈ ਵਿਦਿਆਰਥੀ ਵੀ ਸਫ਼ਰ ਕਰ ਰਹੇ ਸਨ। ਕਾਨਪੁਰ ਵਿਚ ਸਿੱਖਾਂ ਉੱਪਰ ਪਹਿਲੇ ਹਮਲੇ ਸਮੇਂ ਉਨ੍ਹਾਂ ਨੇ ਆਪਣੇ ਡੱਬੇ 'ਚ ਸਫ਼ਰ ਕਰ ਰਹੇ ਆਪਣੇ ਨਾਲ ਦੇ ਸਿੱਖ ਮੁਸਾਫ਼ਰਾਂ ਨੂੰ ਬਚਾਉਣ 'ਚ ਸਹਿਯੋਗ ਹੀ ਨਹੀਂ ਦਿੱਤਾ ਸਗੋਂ ਜ਼ਿੰਮੇਵਾਰੀ ਵੀ ਓਟੀ ਸੀ। ਪਹਿਲਾਂ ਇਲਾਹਾਬਾਦ ਅਤੇ ਫਿਰ ਇਸ ਸਟੇਸ਼ਨ ਉੱਪਰ ਉਨ੍ਹਾਂ ਨੇ ਪੂਰੀ ਤਰ੍ਹਾਂ ਪਹਿਰੇਦਾਰ ਬਣ ਕੇ ਸਿੱਖ ਮੁਸਾਫ਼ਰਾਂ ਨੂੰ ਸੀਟਾਂ ਥੱਲੇ ਲੁਕੋਕੇ ਅਤੇ ਫਿਰ ਉਨ੍ਹਾਂ ਸੀਟਾਂ ਨੂੰ ਚਾਦਰਾਂ ਨਾਲ ਢਕ ਕੇ ਕਈ ਜਾਨਾਂ ਬਚਾਈਆਂ ਸਨ। ਕੁਝ ਅਜਿਹੇ ਵੀ ਸਨ ਜੋ ਕੁਝ ਨਾ ਕਰ ਸਕਣ ਦੀ ਗਿਲਾਨੀ ਕਈ ਸਾਲ ਝੱਲਦੇ ਰਹੇ। ਸੁਖਦੇਵ ਦੇ ਨਾਲ ਸਫ਼ਰ ਕਰ ਰਹੇ ਮਿੱਤਰ ਨੇ ਕਾਨਪੁਰ ਵਿਚ ਤਾਂ ਸੁਖਦੇਵ ਨੂੰ ਬਾਥਰੂਮ 'ਚ ਲੁਕੋਕੇ ਖ਼ੁਦ ਬਾਹਰ ਖੜ੍ਹਾ ਹੋ ਕੇ ਬਚਾ ਲਿਆ ਸੀ। ਪਰ ਇਸ ਸਟੇਸ਼ਨ ਉੱਪਰ ਉਸ ਦੀ ਸਕੀਮ ਕਾਮਯਾਬ ਨਹੀਂ ਹੋ ਸਕੀ ਸੀ। ਦੰਗਈ ਸੁਖਦੇਵ ਨੂੰ ਉਸ ਦੇ ਸਾਹਮਣੇ ਧੂਹ ਕੇ ਲੈ ਗਏ ਸਨ। ਇਸ ਘਟਨਾ ਨਾਲ ਉਹ ਏਨਾ ਡੌਰ-ਭੌਰ ਹੋ ਗਿਆ ਸੀ ਕਿ ਉਸ ਨੂੰ ਹੋਸ਼ ਹੀ ਨਹੀਂ ਰਿਹਾ ਸੀ। ਕਦੋਂ ਟਰੇਨ ਦੁਬਾਰਾ ਚੱਲੀ ਅਤੇ ਕਦੋਂ ਉਹ ਮੰਜ਼ਿਲ 'ਤੇ ਪਹੁੰਚਿਆ, ਉਸ ਨੂੰ ਇਸ ਦੀ ਕੋਈ ਹੋਸ਼ ਨਹੀਂ ਸੀ। ਉਹ ਕਈ ਦਿਨਾਂ ਤੱਕ ਇਸ ਸਦਮੇ 'ਚ ਆਪਣੇ ਅੰਦਰ ਛੁਪੀ ਗਿਲਾਨੀ ਨਾਲ ਘੁੱਟ-ਘੁੱਟ ਕੇ ਮਰਦਾ ਹੀ ਰਿਹਾ।

ਰਮੇਸ਼ ਦੇ ਸਾਹਮਣੇ ਹੁਣ ਸਭ ਤੋਂ ਵੱਡੀ ਪ੍ਰੇਸ਼ਾਨੀ ਏਹੀ ਸੀ ਕਿ ਸੁਖਦੇਵ ਦੇ ਸ਼ਹਿਰ ਅਤੇ ਘਰ 'ਚ ਉਸ ਦੀ ਸੂਚਨਾ ਪਹੁੰਚ ਜਾਵੇ ਤਾਂ ਕਿ ਉਸ ਦਾ ਸਹੀ ਤਰੀਕੇ ਨਾਲ ਇਲਾਜ ਹੋਵੇ। ਉਸ ਨੂੰ ਇਹ ਵੀ ਖ਼ਤਰਾ ਸੀ ਕਿ ਜੇ ਇਹ ਸੂਹ ਦੰਗਈਆਂ ਤੱਕ ਪੁੱਜ ਗਈ ਤਾਂ ਫਿਰ ਸਾਰੀ ਮਿਹਨਤ ਉੱਪਰ ਪਾਣੀ ਤਾਂ ਫਿਰੇਗਾ ਹੀ, ਉਸ ਦਾ ਬੁਰਾ ਨਤੀਜਾ ਵੀ ਉਸ ਨੂੰ ਝੱਲਣਾ ਪਵੇਗਾ। ਰਮੇਸ਼ ਦਾ ਘਰ ਸਟੇਸ਼ਨ ਦੇ ਸਾਹਮਣੇ ਹੋਣ ਕਾਰਨ ਕੁਝ ਸਟੇਸ਼ਨ ਅਧਿਕਾਰੀਆਂ ਨਾਲ ਉਸ ਦੀ ਵਾਹਵਾ ਜਾਣ-ਪਛਾਣ ਸੀ। ਉਹ ਸਮਾਂ ਨਾ ਗਵਾਉਂਦੇ ਹੋਏ ਸੁਖਦੇਵ ਦੀ

ਜ਼ਿੰਮੇਵਾਰੀ ਆਪਣੇ ਭਤੀਜੇ ਅਤੇ ਸਾਥੀ ਨੂੰ ਸੌਂਪ ਕੇ ਉਨ੍ਹਾਂ ਨੂੰ ਮਿਲਣ ਲਈ ਨਿਕਲ ਗਿਆ। ਟਰੇਨ ਸਟੇਸ਼ਨ ਤੋਂ ਜਾ ਚੁੱਕੀ ਸੀ। ਹੁਣ ਉੱਥੇ ਸ਼ਾਂਤੀ ਸੀ। ਇਸ ਸਮੇਂ ਕਿਸੇ ਹੋਰ ਟਰੇਨ ਦਾ ਸਮਾਂ ਨਹੀਂ ਸੀ ਇਸ ਲਈ ਦੰਗਈ ਵੀ ਸ਼ਹਿਰ ਵੱਲ ਚਲੇ ਗਏ ਸਨ। ਦੂਰ ਕਿਤਿਓਂ ਆਵਾਜ਼ ਅਜੇ ਵੀ ਆ ਰਹੀ ਸੀ। "ਜਦ ਤਕ ਸੂਰਜ ਚਾਂਦ ਰਹੇਗਾ ਇੰਦਰਾ ਤੇਰਾ ਨਾਮ ਰਹੇਗਾ"।

ਰਮੇਸ਼ ਨੇ ਸੁਖਦੇਵ ਨੂੰ ਉਸ ਦੇ ਸ਼ਹਿਰ ਭੇਜਣ ਦਾ ਇੰਤਜ਼ਾਮ ਕਰ ਲਿਆ ਸੀ। ਸਟੇਸ਼ਨ ਦੇ ਉੱਚ ਅਧਿਕਾਰੀਆਂ ਨਾਲ ਮਿਲ ਕੇ ਇਕ ਰੇਲ ਇੰਜਨ ਅਤੇ ਉਸ ਦੇ ਨਾਲ ਇਕ ਡੱਬੇ ਦਾ ਇੰਤਜ਼ਾਮ ਹੋ ਗਿਆ। ਇਸ ਦੇ ਨਾਲ ਹੀ ਸੁਰੱਖਿਆ ਦੇ ਲਈ ਕੁਝ ਪੁਲਸੀਏ ਵੀ ਸਨ। ਡੱਬੇ 'ਚ ਇਕ ਹੋਰ ਬੁਰੀ ਤਰ੍ਹਾਂ ਫੱਟੜ ਬੇਹੋਸ਼ ਸਿੱਖ ਵੀ ਸੀ ਜੋ ਕਿ ਭਾਰਤੀ ਫ਼ੌਜ ਦਾ ਸਿਪਾਹੀ ਸੀ। ਸੁਖਦੇਵ ਦੀ ਹਾਲਤ ਅਜੇ ਵੀ ਉਸੇ ਤਰ੍ਹਾਂ ਸੀ। ਉਹ ਦਰਦ ਤੋਂ ਪੀੜਤ ਸੀ, ਨੀਮ-ਬੇਹੋਸ਼ੀ ਦੀ ਹਾਲਤ 'ਚ ਸੀ। ਉਸ ਨੂੰ ਆਪਣੇ ਆਲੇ-ਦੁਆਲੇ ਦੀਆਂ ਗਤੀਵਿਧੀਆਂ ਬਾਰੇ ਥੋੜ੍ਹਾ-ਥੋੜ੍ਹਾ ਮਹਿਸੂਸ ਹੋ ਰਿਹਾ ਸੀ। ਜਦੋਂ ਉਹ ਇੰਜਨ ਵਾਲਾ ਡੱਬਾ, ਜਿਸ ਨੂੰ ਅਧਿਕਾਰੀਆਂ ਨੇ ਪਾਇਲਟ ਟਰੇਨ ਦਾ ਨਾਂ ਦਿੱਤਾ ਸੀ, ਉੱਥੋਂ ਰਵਾਨਾ ਹੋਇਆ ਉਸ ਸਮੇਂ ਹੀ ਰਮੇਸ਼ ਨੇ ਸਟੇਸ਼ਨ ਤੋਂ ਹੀ ਸੁਖਦੇਵ ਦੇ ਸ਼ਹਿਰ ਵਿਚ ਉਸ ਦੇ ਦੋਸਤਾਂ ਅਤੇ ਪਰਿਵਾਰ ਨੂੰ ਖ਼ਬਰ ਭੇਜਣੀ ਸ਼ੁਰੂ ਕਰ ਦਿੱਤੀ ਸੀ। ਪਰ ਮੁਸੀਬਤਾਂ ਦੀ ਹੱਦ ਦਾ ਅਜੇ ਅੰਤ ਨਹੀਂ ਹੋਇਆ ਸੀ। 45 ਮਿੰਟ ਦਾ ਪੈਂਡਾ ਤੈਅ ਕਰਕੇ ਜਦੋਂ ਪਾਈਲਟ ਟਰੇਨ ਆਪਣੀ ਮੰਜ਼ਿਲ 'ਤੇ ਪੁੱਜੀ ਤਾਂ ਇਸ ਸਟੇਸ਼ਨ ਉੱਪਰ ਪਿਛਲੇ ਸ਼ਹਿਰ ਨਾਲੋਂ ਵੀ ਬੁਰਾ ਹਾਲ ਸੀ। ਇੱਥੇ ਵੀ ਸੈਂਕੜੇ ਫ਼ਸਾਦੀਆਂ ਦੀ ਭੀੜ ਖੜ੍ਹੀ ਸੀ। ਉੱਥੋਂ ਦੇ ਸਟੇਸ਼ਨ ਅਧਿਕਾਰੀਆਂ ਨੇ ਕਿਸੇ ਵੀ ਟਰੇਨ ਨੂੰ ਰੁਕਣ ਦੀ ਸਖ਼ਤੀ ਨਾਲ ਮਨਾਹੀ ਕੀਤੀ ਹੋਈ ਸੀ। ਇਸ ਤੋਂ ਪਹਿਲਾਂ ਵੀ, ਜਿਸ ਟਰੇਨ ਤੋਂ ਸੁਖਦੇਵ ਨੂੰ ਲਾਹਿਆ ਗਿਆ ਸੀ, ਉਸ ਨੂੰ ਵੀ ਇੱਥੇ ਰੁਕਣ ਨਹੀਂ ਦਿੱਤਾ ਗਿਆ ਸੀ। ਇਸ ਲਈ ਇਹ ਪਾਈਲਟ ਟਰੇਨ ਵੀ ਸਿੱਧੀ ਲੰਘ ਕੇ 35 ਕਿਲੋਮੀਟਰ ਦੂਰੀ ਤੈਅ ਕਰਕੇ ਆਪਣੇ ਅਗਲੇ ਸਟੇਸ਼ਨ 'ਤੇ ਜਾ ਕੇ ਰੁਕੀ ਸੀ।

ਇਹ ਅਗਲਾ ਸ਼ਹਿਰ ਵੀ ਸੁਖਦੇਵ ਦੀ ਜਾਣ-ਪਛਾਣ ਵਾਲਾ ਹੀ ਸੀ। ਸੁਖਦੇਵ ਦੇ ਇਕ ਚਾਚਾ ਜੀ ਦਾ ਤਾਂ ਇੱਥੇ ਬਹੁਤ ਹੀ ਮਸ਼ਹੂਰ ਕਾਰੋਬਾਰ ਵੀ ਸੀ। ਇੱਥੇ ਵੀ ਸਟੇਸ਼ਨ ਉੱਪਰ ਭੀੜ ਸੀ। ਸੁਖਦੇਵ ਅਤੇ ਦੂਜੇ ਫੱਟੜ ਸਿੱਖ ਮੁਸਾਫ਼ਰ ਨੂੰ ਉਤਾਰਿਆ ਗਿਆ। ਸੁਖਦੇਵ ਦੀ ਹਾਲਤ ਵੀ ਵਿਗੜਦੀ ਜਾ ਰਹੀ ਸੀ। ਸ਼ਾਮ ਦੇ ਕਰੀਬ ਚਾਰ ਵਜੇ ਸਨ ਅਤੇ ਇਕ ਘੰਟੇ ਤੋਂ ਬਾਅਦ ਇਨ੍ਹਾਂ ਦੋਹਾਂ ਜ਼ਖ਼ਮੀਆਂ ਨੂੰ ਇਕ ਲੋਕਲ ਯਾਤਰੀ ਟਰੇਨ 'ਚ ਚਾੜ੍ਹਿਆ ਗਿਆ। ਇਕ ਘੰਟੇ ਬਾਅਦ ਇਹ ਟਰੇਨ ਸੁਖਦੇਵ ਦੇ ਸ਼ਹਿਰ ਵਿਚ ਸੀ।

ਸ਼ਾਮ ਦੇ ਤਕਰੀਬਨ ਸਾਢੇ ਛੇ ਵੱਜ ਚੁੱਕੇ ਸਨ। ਸ਼ਹਿਰ ਵਿਚ ਕਰਫ਼ਿਊ ਲੱਗਾ ਹੋਇਆ ਸੀ ਪਰ ਸਟੇਸ਼ਨ ਉੱਪਰ ਅਜੇ ਵੀ ਚਹਿਲ-ਪਹਿਲ ਸੀ। ਦੂਰ ਕਿਤੇ ਧੂੰਆਂ ਉੱਠ ਰਿਹਾ ਸੀ। ਇੰਝ ਲੱਗ ਰਿਹਾ ਕਿ ਕੁਝ ਮਕਾਨ ਅਜੇ ਵੀ ਜਲ ਰਹੇ ਸਨ ਅਤੇ ਉਨ੍ਹਾਂ 'ਚੋਂ ਧੂੰਆਂ ਨਿਕਲ ਰਿਹਾ ਸੀ। ਇਹ ਅਮਨ ਦਾ ਸ਼ਹਿਰ ਸੀ ਜਿੱਥੇ ਸਵੇਰੇ ਉਸ ਦੇ ਘਰ 'ਚ ਦੰਗਈ ਘੁਸੇ

ਸਨ, ਫਿਰ ਗੋਲੀਆਂ ਚੱਲਣ ਤੋਂ ਬਾਅਦ ਕਰਫ਼ਿਊ ਲਗਾ ਦਿੱਤਾ ਗਿਆ ਸੀ। ਆਪਣੇ ਸ਼ਹਿਰ 'ਚ ਆਉਂਦੇ ਹੀ ਸੁਖਦੇਵ ਨੂੰ ਥੋੜ੍ਹਾ ਹੋਸ਼ ਆਈ। ਉਸ ਨੂੰ ਹੁਣ ਨਜ਼ਰ ਆ ਰਿਹਾ ਸੀ ਕਿ ਉਸੇ ਸ਼ਹਿਰ ਦਾ ਸਟੇਸ਼ਨ ਹੈ ਜਿੱਥੇ ਉਸ ਦਾ ਪਰਿਵਾਰ ਉਸ ਦਾ ਇੰਤਜ਼ਾਰ ਕਰ ਰਿਹਾ ਹੋਵੇਗਾ। ਉਸ ਨੇ ਪੁਲਸੀਏ ਨੂੰ ਕਿਹਾ ਕਿ ਉਸ ਨੂੰ ਛੇਤੀਂ ਤੋਂ ਛੇਤੀਂ ਘਰ ਪਹੁੰਚਾ ਦਿੱਤਾ ਜਾਵੇ। ਪਰ ਹੁਣ ਤੱਕ ਪੁਲਸੀਏ ਨੂੰ ਵੀ ਉਸ ਦੀ ਹਾਲਤ ਦੀ ਚਿੰਤਾ ਹੋਣ ਲੱਗੀ ਸੀ। ਖ਼ੂਨ ਕਾਫ਼ੀ ਵਗ ਚੁੱਕਾ ਸੀ। ਨਾਲ ਹੀ ਦੂਜਾ ਸਿੱਖ ਨੌਜਵਾਨ ਤਾਂ ਅਜੇ ਵੀ ਬੇਹੋਸ਼ ਸੀ ਅਤੇ ਉਸ ਦੀ ਹਾਲਤ ਸੁਖਦੇਵ ਨਾਲੋਂ ਵੀ ਜ਼ਿਆਦਾ ਨਾਜ਼ੁਕ ਸੀ।

"ਪਹਿਲਾਂ ਅਸੀਂ ਸਿੱਧਾ ਹਸਪਤਾਲ ਜਾਵਾਂਗੇ। ਫਿਰ ਉੱਥੋਂ ਤੁਹਾਡੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਜਾਵੇਗਾ।" ਸਟੇਸ਼ਨ ਉੱਪਰ ਰੇਲਵੇ ਪੁਲਿਸ ਨੇ ਵੀ ਇਹੀ ਮਸ਼ਵਰਾ ਦਿੱਤਾ। ਫਿਰ ਦੋਹਾਂ ਨੂੰ ਹਸਪਤਾਲ ਛੱਡ ਦਿੱਤਾ ਗਿਆ।

ਰਾਤ ਦਾ ਸਮਾਂ ਸੀ। ਅਮਨ ਦੇ ਘਰ ਉੱਪਰ ਹਮਲੇ ਅਤੇ ਫਿਰ ਸਾਹਮਣੇ ਦੇ ਘਰ 'ਚ ਹੋਈ ਗੋਲੀਬਾਰੀ ਤੋਂ ਬਾਅਦ ਦੰਗਈਆਂ ਨੇ ਹਮਲੇ ਦੀ ਕੋਸ਼ਿਸ਼ ਤਾਂ ਕੀਤੀ ਸੀ ਪਰ ਸ਼ਹਿਰ ਦੇ ਐੱਸ.ਪੀ. ਨੇ ਸਖ਼ਤ ਰੁਖ ਅਪਣਾਇਆ ਸੀ। ਉਂਝ ਤਾਂ ਸ਼ਹਿਰ ਵਿਚ ਕਰਫ਼ਿਊ ਦਾ ਐਲਾਨ ਸੀ ਪਰ ਬਾਜ਼ਾਰ 'ਚ ਸਥਿਤ ਸਿੱਖ ਪਰਿਵਾਰਾਂ ਦੇ ਕਾਰੋਬਾਰਾਂ ਦੀ ਲੁੱਟਮਾਰ ਅਜੇ ਵੀ ਜਾਰੀ ਸੀ। ਹੇਠਲੇ ਕਈ ਪੁਲਿਸ ਅਧਿਕਾਰੀ ਕਈ ਥਾਵਾਂ ਉੱਪਰ ਆਪਣੀ ਮਨਮਾਨੀ ਕਰ ਰਹੇ ਸਨ।

ਜਦੋਂ ਸੁਖਦੇਵ ਅਤੇ ਉਸਦੇ ਨਾਲ ਦੇ ਮੁਸਾਫ਼ਰ ਨੂੰ ਹਸਪਤਾਲ ਛੱਡਿਆ ਗਿਆ ਉਸ ਸਮੇਂ ਉੱਥੇ ਕੋਈ ਡਾਕਟਰ ਨਹੀਂ ਸੀ। ਥੋੜ੍ਹੇ ਬਹੁਤ ਮੁਲਾਜ਼ਮ ਜ਼ਰੂਰ ਸਨ ਪਰ ਦੋਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੈਡੀਕਲ ਸਹਾਇਤਾ ਨਹੀਂ ਦਿੱਤੀ ਗਈ। ਪੂਰੀ ਰਾਤ ਕਿਸੇ ਨੇ ਪਾਣੀ ਵੀ ਪੁੱਛਣ ਦੀ ਜ਼ਰੂਰਤ ਨਾ ਸਮਝੀ। ਦੋਵੇਂ ਉਸੇ ਤਰ੍ਹਾਂ ਇਕ ਨਿੱਕੇ ਜਹੇ ਗੰਦੇ ਕਮਰੇ ਦੇ ਖੂੰਜੇ 'ਚ ਪਏ ਰਹੇ।

ਇਸ ਦਰਮਿਆਨ ਸੁਖਦੇਵ ਦੇ ਮਿੱਤਰ ਰਮੇਸ਼ ਨੇ ਸ਼ਹਿਰ 'ਚ ਸੁਖਦੇਵ ਦੇ ਮਿੱਤਰਾਂ ਅਤੇ ਪਰਿਵਾਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਜਾਰੀ ਰੱਖੀ। ਫ਼ੋਨ ਲਾਈਨਾਂ ਖਰਾਬ ਸਨ ਇਸ ਕਰਕੇ ਸੰਪਰਕ ਨਹੀਂ ਹੋ ਰਿਹਾ ਸੀ। ਫਿਰ ਦੇਰ ਰਾਤ ਜਦੋਂ ਇਕ ਦੋਸਤ ਨਾਲ ਸੰਪਰਕ ਹੋਇਆ ਤਾਂ ਸ਼ਹਿਰ ਵਿਚ ਕਰਫ਼ਿਊ ਦੀ ਸਖ਼ਤੀ ਵਧ ਗਈ ਸੀ। ਘਰੋਂ ਨਿੱਕਲਣਾ ਮੁਸ਼ਕਲ ਹੋ ਗਿਆ ਸੀ। ਜਿਵੇਂ ਕਿਵੇਂ ਹੋਰ ਦੋਸਤਾਂ ਨੂੰ ਖ਼ਬਰ ਮਿਲਦੇ-ਮਿਲਦੇ ਸਵੇਰ ਦੇ ਨੌਂ ਵੱਜ ਗਏ ਸਨ। ਸਾਰੇ ਦੋਸਤ ਮਿਲ ਕੇ ਰਾਹ ਵਿਚ ਤਾਇਨਾਤ ਪੁਲਿਸ ਅਧਿਕਾਰੀਆਂ ਨੂੰ ਬੇਨਤੀ ਅਤੇ ਜਿਰ੍ਹਾ ਕਰਦੇ-ਕਰਦੇ ਤਕਰੀਬਨ ਦਸ ਵਜੇ ਹਸਪਤਾਲ ਪਹੁੰਚ ਸਕੇ।

ਸੁਖਦੇਵ ਨੂੰ ਜ਼ਖ਼ਮੀ ਹਾਲਤ 'ਚ ਇਸ ਹਸਪਤਾਲ 'ਚ ਪਏ ਨੂੰ ਚੌਵੀ ਘੰਟੇ ਬੀਤ ਚੁੱਕੇ ਸਨ। ਪਹਿਲੇ ਹਸਪਤਾਲ 'ਚ ਥੋੜ੍ਹਾ ਜਿਹਾ ਇਲਾਜ ਹੀ ਹੋ ਸਕਿਆ ਸੀ। ਇਸ ਹਸਪਤਾਲ 'ਚ ਵੀ ਤਕਰੀਬਨ ਬਾਰਾਂ ਘੰਟੇ ਹੋ ਚੁੱਕੇ ਸਨ ਪਰ ਡਾਕਟਰ ਨੇ ਅਜੇ ਤੱਕ ਇਨ੍ਹਾਂ ਦੀ ਖ਼ਬਰਸਾਰ ਨਹੀਂ ਸੀ ਲਈ। ਸੁਖਦੇਵ ਦੇ ਨਾਲ ਦੇ ਮੁਸਾਫ਼ਰ ਨੂੰ ਤਾਂ ਅਜੇ ਇਕ ਵਾਰ ਵੀ

ਹੋਸ਼ ਨਹੀਂ ਸੀ ਆਈ।

ਸੁਖਦੇਵ ਦੇ ਕਈ ਸਾਥੀ ਆਪੋ-ਆਪਣੇ ਚੈਨਲਾਂ ਰਾਹੀਂ ਜੁਗਾੜ ਕਰਕੇ ਸੁਖਦੇਵ ਕੋਲ ਪਹੁੰਚਣ ਸ਼ੁਰੂ ਹੋ ਗਏ। ਗਿਆਰਾਂ ਵਜੇ ਦੇ ਕਰੀਬ ਸੁਖਦੇਵ ਨੂੰ ਜਦੋਂ ਹੋਸ਼ ਆਈ ਤਾਂ ਉਸ ਨੇ ਆਪਣੇ ਆਪ ਨੂੰ ਇਕ ਮਿੱਤਰ ਦੀ ਗੋਦ 'ਚ ਦੇਖਿਆ। ਉਸਦਾ ਇਹ ਮਿੱਤਰ, ਜਿਸ ਨੇ ਪਹਿਲੀ ਵਾਰ ਭਗਤ ਸਿੰਘ ਦੀ ਜੀਵਨੀ ਅਤੇ ਉਸ ਦੇ ਉਦੇਸ਼ ਬਾਰੇ ਚਰਚਾ ਕੀਤੀ ਸੀ।

"ਕਿਵੇਂ ਹੋ ਬੌਸ" ਫਿਰ ਇਕ ਹੋਰ ਆਵਾਜ਼ ਨੇ ਉਸ ਦਾ ਧਿਆਨ ਖਿੱਚਿਆ। ਜਦੋਂ ਨਜ਼ਰਾਂ ਘੁੰਮੀਆਂ ਤਾਂ ਇਕ ਹੋਰ ਚਿਹਰਾ ਸਾਹਮਣੇ ਆਇਆ। ਇਹ ਚਿਹਰਾ ਕਾਲਜ 'ਚ ਪੈਰ ਧਰਨ ਤੋਂ ਬਾਅਦ ਬਣੇ ਪਹਿਲੇ ਮਿੱਤਰ ਦਾ ਸੀ। ਭਖੇ ਹੋਏ ਚਿਹਰੇ ਉੱਪਰ ਹੰਝੂਆਂ ਦੀ ਧਾਰਾ ਵਹਿ ਕੇ ਉਸ ਦੀ ਕਮੀਜ਼ ਭਿੱਜ ਰਹੀ ਸੀ।

"ਬਹੁਤ ਦਰਦ ਹੋ ਰਿਹਾ ਹੈ। ਠੰਡ ਵੀ ਲੱਗ ਰਹੀ ਏ। ਮੈਨੂੰ ਬਚਾ ਲਓ", ਇਸ ਆਵਾਜ਼ 'ਚ ਇਕ ਤਰਲਾ ਹੀ ਨਹੀਂ ਇਕ ਵਿਸ਼ਵਾਸ ਵੀ ਸੀ। ਖ਼ੁਦ ਨੂੰ ਪਹਿਲੀ ਵਾਰ ਉਨ੍ਹਾਂ ਹੱਥਾਂ 'ਚ ਛੱਡਣ ਦਾ ਜਿਨ੍ਹਾਂ ਨੇ ਹਰ ਸਮੇਂ ਉਸ ਨੂੰ ਆਸਰਾ ਦਿੱਤਾ ਸੀ, ਇਕ ਨਵਾਂ ਰਾਹ ਦਿਖਾਇਆ ਸੀ। ਜਿਨ੍ਹਾਂ ਨੇ ਜ਼ਿੰਦਗੀ ਨੂੰ ਇਕ ਨਵੇਂ ਤਰੀਕੇ ਨਾਲ ਜਿਉਣ ਦੀ ਇਕ ਸਮਝ ਕਾਇਮ ਕੀਤੀ ਸੀ। ਦੂਰ ਰਹਿਣ ਤੋਂ ਬਾਅਦ ਵੀ ਲਗਾਤਾਰ ਸੰਪਰਕ 'ਚ ਰਹੇ ਸਨ। ਜਿਨ੍ਹਾਂ ਦੀ ਗਲਵੱਕੜੀ 'ਚ ਇਕ ਨਿੱਘ ਸੀ।

ਉਸ ਤੋਂ ਬਾਅਦ ਸ਼ੁਰੂ ਹੋਏ ਸੁਖਦੇਵ ਦੀ ਹਾਲਤ ਨੂੰ ਸੁਧਾਰਨ ਦੇ ਅਣਥੱਕ ਯਤਨ। ਹਲਦੀ ਵਾਲੇ ਦੁੱਧ ਤੋਂ ਲੈ ਕੇ ਡਾਕਟਰ ਦੇ ਇੰਤਜ਼ਾਮ ਤੋਂ ਪਹਿਲਾਂ ਵਾਲੇ ਸਾਰੇ ਘਰੇਲੂ ਇਲਾਜ। ਫਿਰ ਡਾਕਟਰ ਅਤੇ ਮੈਡੀਕਲ ਸੇਵਾਵਾਂ ਦਾ ਇੰਤਜ਼ਾਮ।

"ਡਾਕਟਰ ਸਾਹਬ ਇਸ ਦਾ ਪੂਰਾ ਇਲਾਜ ਹੋਣਾ ਚਾਹੀਦਾ। ਕੋਈ ਢਿੱਲ ਨਹੀਂ ਹੋਣੀ ਚਾਹੀਦੀ।"

ਜਦੋਂ ਇਕ ਰਾਤ ਪਹਿਲਾਂ ਸੁਖਦੇਵ ਨੂੰ ਲਿਆਂਦਾ ਗਿਆ ਸੀ ਤਾਂ ਹਸਪਤਾਲ ਦੇ ਮੁਲਾਜ਼ਮਾਂ ਨੇ ਰਾਤ ਨੂੰ ਡਾਕਟਰ ਨਾਲ ਇਕ ਵਾਰ ਸੰਪਰਕ ਕੀਤਾ ਸੀ, ਜੋ ਹਸਪਤਾਲ ਦੇ ਅਹਾਤੇ ਦੇ ਅੰਦਰ ਹੀ ਬਣੀ ਆਪਣੀ ਰਿਹਾਇਸ਼ ਉੱਪਰ ਆਰਾਮ ਫਰਮਾਉਂਦਾ ਹੋਇਆ ਖ਼ਬਰਾਂ ਸੁਣ ਰਿਹਾ ਸੀ। ਉਸ ਸਮੇਂ ਉਸ ਦਾ ਜਵਾਬ ਸੀ, "ਤਾਂ ਅਸੀਂ ਕੀ ਕਰੀਏ। ਸਵੇਰੇ ਦੇਖਦੇ ਹਾਂ।"

ਇਸ ਸਮੇਂ ਵੀ ਡਾਕਟਰ ਦਾ ਵਿਹਾਰ ਉਹੀ ਸੀ।

"ਇਤਨਾ ਕਾਹੇ ਪਰੇਸ਼ਾਨ ਹੋ ਰਹੇ ਹੋ ? ਕਰਤੇ ਹੈਂ ਅਭੀ ਕੁਝ"। ਬਸ ਉਹੀ ਟਾਲਮਟੋਲ ਵਾਲਾ ਜਵਾਬ।

ਕੁਝ ਘੰਟੇ ਹੋਰ ਬੀਤੇ। ਇਲਾਜ ਅਜੇ ਵੀ ਸ਼ੁਰੂ ਨਹੀਂ ਹੋਇਆ ਸੀ। ਸੁਖਦੇਵ ਨੂੰ ਜਦੋਂ ਵੀ ਹੋਸ਼ ਆਉਂਦੀ ਉਹ ਦਰਦ ਨਾਲ ਕਰਾਹ ਉੱਠਦਾ ਸੀ। ਫਿਰ ਵੀ ਉਸ ਨੂੰ ਆਪਣੇ ਨਾਲ ਦੇ ਸਿੱਖ ਮੁਸਾਫ਼ਰ ਦਾ ਖ਼ਿਆਲ ਸੀ।

"ਇਸ ਨੂੰ ਅਜੇ ਵੀ ਹੋਸ਼ ਨਹੀਂ ਆਈ ਹੈ। ਇਹ ਕੱਲ੍ਹ ਤੋਂ ਬੇਹੋਸ਼ ਹੈ। ਕੁਝ ਕਰੋ, ਨਹੀਂ ਤਾਂ ਇਹ ਮਰ ਜਾਵੇਗਾ।"

ਵਕਤ ਗੁਜ਼ਰਦਾ ਜਾ ਰਿਹਾ ਸੀ। ਸੁਖਦੇਵ ਅਤੇ ਉਸ ਦੇ ਨਾਲ ਦੇ ਸਾਥੀਆਂ ਦਾ ਧੀਰਜ ਖ਼ਤਮ ਹੁੰਦਾ ਜਾ ਰਿਹਾ ਸੀ। ਇਸ ਸ਼ਹਿਰ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਏਨਾ ਬੇਵਸ ਕਦੇ ਵੀ ਮਹਿਸੂਸ ਨਹੀਂ ਸੀ ਕੀਤਾ। ਇਸ ਬਾਰੇ ਉਨ੍ਹਾਂ ਨੇ ਕਈ ਅਧਿਕਾਰੀਆਂ ਤੋਂ ਮੱਦਦ ਮੰਗਣ ਦੀ ਕੋਸ਼ਿਸ਼ ਵੀ ਜਾਰੀ ਰੱਖੀ ਸੀ। ਪਰ ਸਿਰਫ਼ ਵਿਸ਼ਵਾਸ ਹੀ ਦਿਵਾਏ ਜਾ ਰਹੇ ਸਨ। ਹੁਣ ਸਬਰ ਦਾ ਪਿਆਲਾ ਭਰ ਗਿਆ ਤਾਂ ਮਿੱਤਰਾਂ ਵਿੱਚੋਂ ਇਕ ਨੇ ਡਾਕਟਰ ਦੇ ਕਮਰੇ 'ਚ ਜਾ ਕੇ ਹਾਲ-ਪਾਹਰਿਆ ਕੀਤੀ।

"ਡਾਕਟਰ ਸਾਹਬ ਤੁਸੀਂ ਕੁਝ ਕਰ ਕਿਉਂ ਨਹੀਂ ਰਹੇ ? ਉਹ ਜਦੋਂ ਮਰ ਜਾਏਗਾ ਤੁਸੀਂ ਉਦੋਂ ਕੁਝ ਕਰੋਗੇ ?"

ਡਾਕਟਰ ਦੇ ਚਿਹਰੇ ਉੱਪਰ ਅਜੇ ਵੀ ਉਦਾਸੀਨਤਾ ਹੀ ਸੀ। ਉਸ ਨੇ ਆਪਣੀ ਕੁਰਸੀ ਛੱਡਦੇ ਹੋਏ ਕਮਰੇ ਦੇ ਕੋਨੇ 'ਚ ਸੁਖਦੇਵ ਦੇ ਇਸ ਮਿੱਤਰ ਦੇ ਮੋਢੇ 'ਤੇ ਹੱਥ ਰੱਖਦੇ ਹੋਏ ਬਹੁਤ ਹੀ ਨਫ਼ਰਤੀ ਅੰਦਾਜ਼ ਪਰ ਬਹੁਤ ਹੀ ਮੱਧਮ ਆਵਾਜ਼ 'ਚ ਕਿਹਾ, "ਕਾਹੇ ਇਤਨਾ ਫ਼ਿਕਰ ਕਰ ਰਹੇ ਹੋ ? ਸਰਦਾਰੇ ਹੈਂ ਨ ?.... ਮਰੇ ਦੋ ਸਾਲੇ ਕੋ।"

ਇਕ ਤਾਂ ਦੁੱਖ, ਉੱਪਰੋਂ ਇਲਾਜ ਸੇਵਾਵਾਂ ਨਾ ਮਿਲਣ ਦਾ ਗੁੱਸਾ ਅਤੇ ਤੀਜਾ ਇਹ ਨਫ਼ਰਤੀ ਬਿਆਨ। ਇਹ ਸਭ ਇਸ ਮਿੱਤਰ ਦੇ ਦਿਲ 'ਚ ਦਹਿਕਦੀ ਅੱਗ ਨੂੰ ਜਗਾਉਣ ਲਈ ਕਾਫ਼ੀ ਸੀ। ਉਸ ਨੇ ਆਪਣੀ ਡੱਬ 'ਚ ਪਾਇਆ ਪਿਸਤੌਲ ਕੱਢ ਕੇ ਡਾਕਟਰ ਦੀ ਪੁੜਪੁੜੀ ਉੱਪਰ ਰੱਖ ਦਿੱਤਾ। ਕੋਨੇ 'ਚ ਖੜ੍ਹੀ ਨਰਸ ਦੇ ਤਾਂ ਹੋਸ਼ ਹੀ ਉੱਡ ਗਏ ਅਤੇ ਉਹ ਕੁਰਸੀ ਦੇ ਪਿੱਛੇ ਦੁਬਕ ਗਈ। ਇੱਧਰ ਡਾਕਟਰ ਵੀ ਡੌਰ-ਭੌਰ ਹੋ ਗਿਆ। ਹੌਲੀ ਪਰ ਗਰਜ਼ਦੀ ਹੋਈ ਭਾਰੀ ਆਵਾਜ਼ 'ਚ ਉਸ ਮਿੱਤਰ ਨੇ ਫਿਰ ਕਿਹਾ "ਤੋ ਫਿਰ ਸੋਚ ਲਾ। ਜੇ ਊ ਮਰ ਗਈਲ ਤੋ ਤੋਹਰੋ ਖੋਪੜੀ ਉੜਾ ਦੇ ਬਊ।"

ਉਸ ਡਾਕਟਰ ਲਈ ਏਨਾ ਹੀ ਕਾਫ਼ੀ ਸੀ ਅਤੇ ਫਿਰ ਉਨ੍ਹਾਂ ਦੋਹਾਂ ਜ਼ਖ਼ਮੀਆਂ ਨੂੰ ਤਮਾਮ ਮੈਡੀਕਲ ਸੇਵਾਵਾਂ ਮਿਲਣੀਆਂ ਸ਼ੁਰੂ ਹੋ ਗਈਆਂ। ਇਸ ਤੋਂ ਬਾਅਦ ਇਕ ਸਾਥੀ ਉਸ ਕਰਫ਼ਿਊ ਦੀ ਹਾਲਤ 'ਚ ਸੁਖਦੇਵ ਦੇ ਘਰ ਪਹੁੰਚਿਆ। ਉਹ ਪਰਿਵਾਰ, ਜਿਸ ਨੂੰ ਅਜੇ ਤੱਕ ਆਪਣੇ ਬੇਟੇ ਦੀ ਕੋਈ ਖ਼ਬਰ ਨਹੀਂ ਮਿਲੀ ਸੀ। ਇਸ ਮਿੱਤਰ ਤੋਂ ਆਪਣੇ ਬੇਟੇ ਦਾ ਹਾਲ ਸੁਣ ਕੇ ਉਹ ਹੱਕੇ-ਬੱਕੇ ਰਹਿ ਗਏ। ਫਿਰ ਸੁੱਖ ਦਾ ਸਾਹ ਲਿਆ। ਸ਼ਾਮ ਹੋ ਚੁੱਕੀ ਸੀ। ਹਨੇਰਾ ਛਾ ਰਿਹਾ ਸੀ। ਇਸੇ ਹਨੇਰੇ 'ਚ ਸੁਖਦੇਵ ਦੀ ਮਾਂ ਆਪਣੇ ਬੇਟੇ ਦਾ ਹਾਲ ਪਤਾ ਕਰਨ ਲਈ ਹਸਪਤਾਲ ਪਹੁੰਚੀ। ਹੁਣ ਤੱਕ ਸੁਖਦੇਵ ਤਾਂ ਪੂਰੀ ਹੋਸ਼ ਵਿਚ ਸੀ ਪਰ ਉਸ ਦੇ ਨਾਲ ਦਾ ਫ਼ੌਜੀ ਸਿੱਖ ਮੁਸਾਫ਼ਰ ਦਮ ਤੋੜ ਚੁੱਕਾ ਸੀ। ਸੁਖਦੇਵ ਜਦੋਂ ਵੀ ਇਕਾਂਤ 'ਚ ਹੁੰਦਾ ਤਾਂ ਇਹੀ ਸੋਚਦਾ ਹੈ ਕਿ ਇਹ ਜ਼ਿੰਦਗੀ ਉਸ ਦੇ ਸਾਥੀਆਂ ਦੀ ਦੇਣ ਹੀ ਨਹੀਂ, ਉਨ੍ਹਾਂ ਦੀ ਤਮੰਨਾ ਵੀ ਹੈ। ਉਹ ਇਨ੍ਹਾਂ ਸਾਥੀਆਂ ਅਤੇ ਆਪਣੇ ਮਕਸਦ ਲਈ ਜ਼ਿੰਦਗੀ ਭਰ ਉਨ੍ਹਾਂ ਦੇ ਨਾਲ ਰਹੇਗਾ।

ਗੁਰਬਾਣੀ ਦੇ ਸਿਧਾਂਤ "ਸੂਰਾ ਸੋ ਪਹਿਚਾਨੀਏ ਜੋ ਲਰੇ ਦੀਨ ਕੇ ਹੇਤ" ਦੀ ਤਰ੍ਹਾਂ।

ਚਾਰ ਦਿਨ ਬਾਅਦ ਸੁਖਦੇਵ ਆਪਣੇ ਘਰ 'ਚ ਸੀ। ਤੀਜੇ ਦਿਨ ਸ਼ਹਿਰ ਵਿਚ ਫ਼ੌਜ ਨੇ ਪਹਿਲਾ ਫਲੈਗ ਮਾਰਚ ਕੀਤਾ ਸੀ ਅਤੇ ਫਿਰ ਹੌਲੀ-ਹੌਲੀ ਸਥਿਤੀ ਆਮ ਹੋਣ ਲੱਗੀ ਸੀ। ਇਕ ਹਫ਼ਤੇ ਬਾਅਦ ਦਿੱਲੀ ਤੋਂ ਸੁਖਦੇਵ ਦੀ ਪਤਨੀ ਕਈ ਸਾਥੀਆਂ ਨਾਲ ਆਈ ਅਤੇ ਫਿਰ ਦੂਜੇ ਹਫ਼ਤੇ ਸੁਖਦੇਵ ਆਪਣੇ ਪਰਿਵਾਰ ਦੇ ਤਿੰਨ ਭਰਾਵਾਂ ਅਤੇ ਸਿੱਖ ਭਾਈਚਾਰੇ ਦੇ ਕਈ ਲੋਕਾਂ ਨਾਲ ਦਿੱਲੀ ਅਤੇ ਪੰਜਾਬ ਵੱਲ ਰਵਾਨਾ ਹੋ ਗਿਆ। ਅਮਨ ਅਤੇ ਉਸ ਦਾ ਭਰਾ ਰਮਨ ਵੀ ਉਸ ਦੇ ਨਾਲ ਸਨ। ਪੂਰੇ ਸਫ਼ਰ 'ਚ ਅਮਨ ਦੀ ਸੁਖਦੇਵ ਨਾਲ ਕੋਈ ਗੱਲ ਨਹੀਂ ਹੋਈ। ਸੁਖਦੇਵ ਇਸ ਸ਼ਹਿਰ ਵਿਚ ਆਪਣੇ ਸਾਥੀਆਂ ਦੀ ਤਾਰੀਫ਼ ਦੇ ਪੁਲ਼ ਬੰਨ੍ਹ ਰਿਹਾ ਸੀ ਅਤੇ ਅਮਨ ਆਪਣੇ ਖ਼ਿਆਲਾਂ 'ਚ ਆਪਣੇ ਤੇ ਆਪਣੇ ਪਿਤਾ ਜੀ ਦੇ ਮਿੱਤਰਾਂ ਨੂੰ ਕੋਸ ਰਿਹਾ ਸੀ। ਸੁਖਦੇਵ ਦੇ ਮਿੱਤਰ ਉਸ ਨੂੰ ਵਿਦਾ ਕਰਨ ਲਈ ਸਟੇਸ਼ਨ 'ਤੇ ਆਏ ਸਨ। ਅਮਨ ਨੇ ਆਪਣੇ ਮਿੱਤਰਾਂ ਨੂੰ ਸ਼ਹਿਰ ਛੱਡਣ ਦੀ ਖ਼ਬਰ ਤੱਕ ਨਹੀਂ ਦਿੱਤੀ ਸੀ।

# 4. ਤਬਦੀਲੀ ਅਤੇ ਸੰਕਟ-ਮੋਚਨ

ਅਮਨ ਦੇ ਪਿਤਾ ਜੀ ਪਹਿਲਾਂ ਵਾਂਗ ਆਪਣੇ ਕੰਮ 'ਚ ਦਿਲਚਸਪੀ ਨਹੀਂ ਲੈ ਰਹੇ ਸਨ। ਉਹ ਉਨਾ ਹੀ ਕਰ ਰਹੇ ਸਨ ਜਿੰਨਾ ਕਿਸੇ ਕੰਮ ਨੂੰ ਸਮੇਟਣ ਦੀ ਜ਼ਰੂਰਤ ਹੁੰਦੀ ਹੈ। ਹੁਣ ਉਨ੍ਹਾਂ ਕੋਲ ਗੱਡੀ ਵੀ ਨਹੀਂ ਸੀ। ਜੋ ਸੀ ਉਹ ਜਲ ਗਈ ਸੀ। ਇਸ ਲਈ ਜ਼ਿਆਦਾਤਰ ਉਹ ਆਪਣੇ ਘਰੋਂ ਹੀ ਕੰਮ ਕਰਦੇ ਸਨ।

ਅਮਨ ਦਾ ਪੂਰਾ ਦਿਨ ਆਪਣੇ ਕਮਰੇ 'ਚ ਬੈਠ ਕੇ ਘੁੱਟ-ਘੁੱਟ ਕੇ ਜਿਉਣਾ ਉਸ ਦੇ ਪਿਤਾ ਜੀ ਤੋਂ ਜ਼ਿਆਦਾ ਦਿਨ ਗੁੱਝਾ ਨਹੀਂ ਰਿਹਾ। ਇਕ ਦਿਨ ਸਵੇਰੇ-ਸਵੇਰੇ ਉਹ ਉਸ ਦੇ ਕਮਰੇ 'ਚ ਪਹੁੰਚ ਗਏ। ਉਨ੍ਹਾਂ ਨੂੰ ਪਤਾ ਸੀ ਕਿ ਅਮਨ ਸਵੇਰੇ ਉੱਠਦਾ ਤਾਂ ਹੈ ਪਰ ਦਿਨ ਸ਼ੁਰੂ ਨਹੀਂ ਕਰਦਾ। ਉਹ ਬਾਹਵਾਂ ਨੂੰ ਆਪਣੀਆਂ ਅੱਖਾਂ ਉੱਪਰ ਰੱਖ ਕੇ ਲੰਮਾ ਪਿਆ ਰਹਿੰਦਾ ਹੈ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦਾ ਬੇਟਾ ਕਿਸੇ ਡੂੰਘੀ ਬਿਪਤਾ 'ਚ ਹੈ। ਉਸ ਨੂੰ ਮੱਦਦ ਦੀ ਜ਼ਰੂਰਤ ਹੈ। ਪਹਿਲਾਂ ਉਹ ਇੰਤਜ਼ਾਰ ਕਰਦੇ ਰਹੇ ਕਿ ਅਮਨ ਹੀ ਉਨ੍ਹਾਂ ਨਾਲ ਗੱਲ ਕਰੇਗਾ। ਫਿਰ ਕਈ ਦਿਨਾਂ ਦੇ ਇੰਤਜ਼ਾਰ ਤੋਂ ਬਾਅਦ ਉਨ੍ਹਾਂ ਨੇ ਖ਼ੁਦ ਹੀ ਉਸ ਦੀ ਚੁੱਪ ਤੋੜਨ ਦਾ ਫ਼ੈਸਲਾ ਕਰ ਲਿਆ।

"ਅਮਨ, ਉੱਠਿਆ ਨਹੀਂ ? ਕੀ ਗੱਲ ਏ ਅਜੇ ਤੱਕ ਸੌਂ ਰਹੇ ਹੋ ?"

ਕਮਰੇ ਵਿਚ ਪਿਤਾ ਜੀ ਦੇ ਆਉਣ ਦਾ ਅਹਿਸਾਸ ਅਮਨ ਨੂੰ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਉਸ ਦੇ ਜਾਗੇ ਹੋਣ ਦਾ ਇਲਮ ਵੀ ਪਿਤਾ ਜੀ ਨੂੰ ਹੈ। ਹੋਵੇ ਕਿਉਂ ਨਾ। ਪਿਛਲੇ ਕਈ ਸਾਲਾਂ ਤੋਂ ਉਹੀ ਦੋਵੇਂ ਤਾਂ ਸਨ ਜੋ ਸਵੇਰੇ ਸਭ ਤੋਂ ਪਹਿਲਾਂ ਉੱਠਦੇ ਸਨ। ਹਫ਼ਤੇ 'ਚ ਘੱਟੋ-ਘੱਟ ਦੋ ਦਿਨ ਉਹ ਬਾਹਰ ਬਗ਼ੀਚੇ 'ਚ ਇਕੱਠੇ ਟਹਿਲਦੇ ਸਨ। ਉਂਝ ਅਮਨ ਨਿੱਤ ਦਿਨ ਸਵੇਰੇ ਪੰਜ ਵਜੇ ਉੱਠ ਕੇ ਆਪਣੇ ਕਿਸੇ ਨਾ ਕਿਸੇ ਮਿੱਤਰ ਨਾਲ ਨਦੀ ਕਿਨਾਰੇ ਸੈਰ ਕਰਨ ਜਾਂ ਫਿਰ ਸਟੇਸ਼ਨ ਦੇ ਪਿੱਛਲੇ ਮੈਦਾਨ ਵਿਚ ਫੁੱਟਬਾਲ ਖੇਡਣ ਜਾਇਆ ਕਰਦਾ ਸੀ। ਉਸ ਦੇ ਕੁਝ ਮਿੱਤਰ ਉਸ ਨੂੰ ਕ੍ਰਿਕਟ ਖੇਡਣ ਲਈ ਕਹਿੰਦੇ ਸਨ ਪਰ ਉਸ ਵਿਚ ਉਸ ਦੀ ਕਦੇ ਵੀ ਦਿਲਚਸਪੀ ਨਹੀਂ ਸੀ। ਸ਼ਾਮ ਨੂੰ ਘਰ ਦੇ ਸਾਹਮਣੇ ਬਣਾਏ ਕੋਰਟ ਵਿਚ ਬੈਡਮਿੰਟਨ ਅਤੇ ਸਵੇਰ ਵੇਲੇ ਉਸ ਨੂੰ ਫੁੱਟਬਾਲ ਹੀ ਪਸੰਦ ਸੀ। ਕੁਝ ਦਿਨਾਂ ਤੱਕ ਉਸ ਨੂੰ ਬਾਸਕਟਬਾਲ ਅਤੇ ਹਾਕੀ ਦਾ ਵੀ ਸ਼ੌਕ ਜਾਗਿਆ ਸੀ। ਘਰ ਵਿਚ ਵੀ ਪਿਤਾ ਜੀ ਨੇ ਟੇਬਲ ਟੈਨਿਸ ਅਤੇ ਵੱਡਾ ਕੈਰਮ ਬੋਰਡ ਵੀ ਲਗਾ ਕੇ ਦਿੱਤਾ ਸੀ। ਉਂਝ ਕਿਸੇ ਵੀ ਖੇਡ 'ਚ ਉਸ ਨੇ ਜ਼ਿਆਦਾ ਮੁਹਾਰਤ ਹਾਸਲ ਨਹੀਂ ਕੀਤੀ ਸੀ। ਚੰਗਾ ਜ਼ਰੂਰ ਖੇਡਦਾ ਸੀ ਪਰ ਕਦੇ ਵੀ ਚੈਂਪੀਅਨ ਨਹੀਂ ਬਣਿਆ ਸੀ। ਹਾਂ, ਉਹ ਖੇਡ ਨੂੰ ਜ਼ਿੰਦਗੀ ਦਾ ਹਿੱਸਾ ਜ਼ਰੂਰ ਮੰਨਦਾ ਸੀ।

ਪਿਤਾ ਜੀ ਦੀ ਆਵਾਜ਼ ਸੁਣ ਕੇ ਉਸ ਨੇ ਆਪਣੀਆਂ ਬਾਹਵਾਂ ਹਟਾਈਆਂ। ਅੱਖਾਂ ਲਾਲ ਸਨ ਜਿਵੇਂ ਉਨ੍ਹਾਂ 'ਚੋਂ ਨੀਂਦ ਗਾਇਬ ਹੋਵੇ। ਸਥਿਤੀ ਦਾ ਅਹਿਸਾਸ ਦੋਹਾਂ ਨੂੰ ਹੀ

ਸੀ। ਬਾਪ ਨੂੰ ਆਪਣੇ ਬੇਟੇ ਦਾ ਅਤੇ ਬੇਟੇ ਨੂੰ ਆਪਣੇ ਬਾਪ ਦੀ ਸਮਝ ਸੀ। ਇਸ ਲਈ ਦੋਹਾਂ ਨੂੰ ਇਹ ਖ਼ਾਮੋਸ਼ੀ ਤੋੜਨ 'ਚ ਸਿਰਫ਼ ਸਮੇਂ ਦੀ ਉਡੀਕ ਸੀ।

"ਆਓ, ਬਾਹਰ ਚੱਲਦੇ ਹਾਂ। ਥੋੜ੍ਹੀ ਤਾਜ਼ੀ ਹਵਾ ਲੈਂਦੇ ਹਾਂ। ਬਹੁਤ ਦਿਨ ਹੋ ਗਏ ਅਸੀਂ ਇਕੱਠੇ ਟਹਿਲੇ ਨਹੀਂ ਹਾਂ।" ਪਿਤਾ ਜੀ ਨੇ ਬਿਨਾਂ ਜ਼ਿਆਦਾ ਲੱਗ-ਲਪੇਟ ਤੋਂ ਆਪਣੇ ਬੇਟੇ ਨੂੰ ਉੱਠਣ ਦਾ ਇਸ਼ਾਰਾ ਕੀਤਾ।

ਅਮਨ ਨੇ ਹੁਣ ਸਿੱਧੇ ਸ਼ਬਦਾਂ 'ਚ ਗੱਲ ਕਰਨ ਦਾ ਫ਼ੈਸਲਾ ਕਰ ਲਿਆ ਸੀ। ਘੁਟਣ ਦੀ ਸੀਮਾ ਟੁੱਟ ਰਹੀ ਸੀ।

"ਬਸ ਉਂਝ ਹੀ ਲੇਟਿਆ ਹੋਇਆ ਹਾਂ। ਉੱਠ ਹੀ ਰਿਹਾ ਸੀ।" ਅਮਨ ਨੇ ਬਿਸਤਰੇ ਉੱਪਰ ਬੈਠਣ ਦੀ ਮੁਦਰਾ 'ਚ ਆਉਂਦੇ ਹੋਏ ਕਿਹਾ। ਜਿਸ ਕਮਰੇ 'ਚ ਉਹ ਅੱਜਕੱਲ੍ਹ ਸੌਂਦਾ ਸੀ ਉਂਝ ਤਾਂ ਇਹ ਉਸ ਦੇ ਵੱਡੇ ਭਰਾ ਕਰਨ ਦਾ ਕਮਰਾ ਸੀ ਜਿਸ ਵਿਚ ਉਹ ਆਪਣੇ ਪਰਿਵਾਰ ਨਾਲ ਰਹਿੰਦੇ ਸਨ। ਘਰ ਦੇ ਉੱਪਰਲੇ ਹਿੱਸੇ 'ਚ ਅਮਨ ਅਤੇ ਉਸ ਦਾ ਛੋਟਾ ਭਰਾ ਰਹਿੰਦੇ ਸਨ। ਪਰ ਦੰਗਿਆਂ ਤੋਂ ਬਾਅਦ ਸਭ ਕੁਝ ਬਦਲ ਗਿਆ ਸੀ। ਪਹਿਲਾਂ ਭਰਾ ਪੰਜਾਬ ਗਏ ਸਨ ਅਤੇ ਫਿਰ ਭਾਬੀ ਵੀ ਉਨ੍ਹਾਂ ਕੋਲ ਚਲੀ ਗਈ ਸੀ। ਛੋਟਾ ਭਰਾ ਰਮਨ ਵੀ ਉਨ੍ਹਾਂ ਦੇ ਹੀ ਨਾਲ ਸੀ। ਭਰਾ ਕਰਨ ਨੇ ਚੰਡੀਗੜ੍ਹ ਦੇ ਨੇੜਲੇ ਸ਼ਹਿਰ ਮੋਹਾਲੀ 'ਚ ਕਾਰੋਬਾਰ ਸਥਾਪਤ ਕਰਨ ਦੀ ਯੋਜਨਾ ਨੂੰ ਲੱਗਭੱਗ ਅਮਲੀ ਜਾਮਾ ਪਹਿਨਾ ਦਿੱਤਾ ਸੀ। ਇਹ ਸ਼ਹਿਰ ਅਮਨ ਦੀ ਯੂਨੀਵਰਸਿਟੀ ਤੋਂ ਲੱਗਭੱਗ ਦੋ ਘੰਟੇ ਦੇ ਫ਼ਾਸਲੇ 'ਤੇ ਸੀ। ਵੈਸੇ ਪੰਜਾਬ ਬਹੁਤ ਵੱਡਾ ਰਾਜ ਤਾਂ ਹੈ ਨਹੀਂ। ਛੇ ਘੰਟੇ 'ਚ ਹੀ ਪੰਜਾਬ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਆਰਾਮ ਨਾਲ ਸਫ਼ਰ ਕੀਤਾ ਜਾ ਸਕਦਾ ਹੈ।

ਪਿਤਾ ਜੀ ਵੀ ਹੁਣ ਉੱਥੇ ਪਈ ਕੁਰਸੀ ਉੱਪਰ ਬੈਠ ਗਏ।

"ਆਪਣੀ ਮੰਮੀ ਨੂੰ ਕਹਿ ਕੇ ਚਾਹ ਏਥੇ ਈ ਮੰਗਵਾ ਲੈ।" ਪਿਤਾ ਜੀ ਗੱਲਬਾਤ ਦਾ ਸਿਲਸਿਲਾ ਜਾਰੀ ਰੱਖਣਾ ਚਾਹੁੰਦੇ ਸਨ। ਇੱਧਰ ਅਮਨ ਨੂੰ ਵੀ ਥੋੜ੍ਹੀ ਰਾਹਤ ਅਤੇ ਗੱਲ ਕਰਨ ਦੀ ਜਗ੍ਹਾ ਮਿਲ ਰਹੀ ਸੀ।

ਜਦੋਂ ਅਮਨ ਵਾਪਸ ਆਇਆ ਤਾਂ ਦੋਵੇਂ ਹੀ ਗੱਲਬਾਤ ਸ਼ੁਰੂ ਕਰਨ ਲਈ ਲੱਗਭੱਗ ਤਿਆਰ ਸਨ। ਅਮਨ ਉਂਝ ਤਾਂ ਘਰ ਵਿਚ ਸਾਰੀਆਂ ਗੱਲਾਂ ਆਪਣੇ ਛੋਟੇ ਭਰਾ ਰਮਨ ਨਾਲ ਹੀ ਸਾਂਝੀਆਂ ਕਰਦਾ ਸੀ। ਪਰ ਜਦੋਂ ਵੀ ਭਾਰੀ ਬਿਪਤਾ 'ਚ ਹੁੰਦਾ ਸੀ ਤਾਂ ਉਸ ਨੂੰ ਹਮੇਸ਼ਾ ਪਿਤਾ ਜੀ ਹੀ ਚੇਤੇ ਆਉਂਦੇ ਸਨ। ਉਂਝ ਵੀ ਉਸ ਦੀ ਮਾਂ ਨਾਲ ਘੱਟ ਬਣਦੀ ਸੀ। ਹਫ਼ਤੇ ਦਾ ਜੇਬ ਖ਼ਰਚ ਤੈਅ ਕਰਨਾ ਹੋਵੇ ਜਾਂ ਫਿਰ ਗੀਤਾਂ ਦੇ ਐੱਲ.ਪੀ. ਰਿਕਾਰਡ ਜਾਂ ਕੈਸਟਾਂ ਲੈਣੀਆਂ ਹੋਣ, ਇਨ੍ਹਾਂ ਸਭ ਚੀਜ਼ਾਂ ਲਈ ਮਾਂ ਨੂੰ ਕਦੇ ਵੀ ਮੰਨਵਾ ਨਹੀਂ ਸਕਿਆ ਸੀ। ਉਂਝ ਵੀ ਬਚਪਨ 'ਚ ਉਸ ਦੀ ਦੇਖਭਾਲ ਜ਼ਿਆਦਾਤਰ ਉਸ ਦੀ ਭੂਆ ਜੀ ਦੇ ਘਰ 'ਚ ਹੋਈ ਸੀ। ਮਾਂ ਦਾ ਜ਼ਿਆਦਾ ਧਿਆਨ ਤਾਂ ਰਮਨ ਉੱਪਰ ਸੀ ਜੋ ਉਸ ਨਾਲੋਂ ਸਿਰਫ਼ ਇਕ ਸਾਲ ਛੋਟਾ ਸੀ।

ਇਸ ਵਾਰ ਅਮਨ ਖ਼ੁਦ ਹੀ ਚਾਹ ਲੈ ਕੇ ਕਮਰੇ 'ਚ ਆਇਆ ਸੀ ਤਾਂ ਕਿ ਮਾਂ ਉੱਥੇ

ਨਾ ਹੋਵੇ। ਜਦੋਂ ਉਹ ਪਿਤਾ ਜੀ ਨੂੰ ਚਾਹ ਦੇਣ ਤੋਂ ਬਾਅਦ ਬਿਸਤਰੇ ਉੱਪਰ ਉਨ੍ਹਾਂ ਦੇ ਸਾਹਮਣੇ ਬੈਠਿਆ, ਪਿਤਾ ਜੀ ਦੀਆਂ ਨਜ਼ਰਾਂ ਉਸ ਦੀਆਂ ਨਜ਼ਰਾਂ ਨੂੰ ਪੜ੍ਹ ਰਹੀਆਂ ਸਨ। ਦੋਹਾਂ ਨੇ ਕੁਝ ਪਲ ਇਕ ਦੂਜੇ ਨੂੰ ਨਿਹਾਰਿਆ, ਫਿਰ ਪਿਤਾ ਜੀ ਨੇ ਹੀ ਗੱਲ ਸ਼ੁਰੂ ਕੀਤੀ, "ਕੀ ਗੱਲ ਏ। ਫੇਲ੍ਹ-ਫੂਲ੍ਹ ਤਾਂ ਨਹੀਂ ਹੋ ਗਿਆ। ਜਾਂ ਫਿਰ ਐਗਜ਼ਾਮ ਦੇਣ ਲਈ ਤਿਆਰ ਨਹੀਂ ਹੋ ?"

ਅਮਨ ਕੁਝ ਦੇਰ ਤੱਕ ਤਾਂ ਸੋਚਦਾ ਰਿਹਾ ਕਿ ਗੱਲ ਕਿੱਥੋਂ ਸ਼ੁਰੂ ਕਰਾਂ। ਫਿਰ ਉਸ ਨੇ ਨਜ਼ਰਾਂ ਝੁਕਾ ਲਈਆਂ। "ਪਾਪਾ ਜੀ... ਮੇਰੇ ਨਾਲ ਪੰਜਾਬ ਵਿਚ ਬਹੁਤ ਕੁਝ ਹੋਇਆ ਹੈ। ਮੈਨੂੰ ਪੁਲਿਸ ਨੇ ਬਹੁਤ ਕੁੱਟਿਆ ਹੈ। ਮੈਂ ਬਹੁਤ ਮੁਸ਼ਕਲ ਨਾਲ ਬਚਿਆ ਹਾਂ। ਮੈਨੂੰ ਕੁਝ ਵੀ ਸਮਝ ਨਹੀਂ ਆ ਰਿਹਾ।" ਇਸ ਤੋਂ ਬਾਅਦ ਉਸ ਤੋਂ ਰਿਹਾ ਨਹੀਂ ਗਿਆ, ਉਹ ਧਾਹੀਂ ਰੋਇਆ ਹੀ ਨਹੀਂ ਸਗੋਂ ਆਪਣੇ ਹੋਸ਼ੋ-ਹਵਾਸ 'ਚ ਪਹਿਲੀ ਵਾਰ ਆਪਣੇ ਪਿਤਾ ਜੀ ਦੀ ਗੋਦ 'ਚ ਸਿਰ ਰੱਖਕੇ ਰੋਣ ਲੱਗਾ। ਹੁਣ ਉਹ ਪਲੰਘ ਉੱਪਰ ਨਹੀਂ ਸੀ। ਉਹ ਹੇਠਾਂ ਫ਼ਰਸ਼ 'ਤੇ ਬੈਠਾ ਸੀ ਅਤੇ ਉਸ ਦਾ ਸਿਰ ਪਿਤਾ ਜੀ ਦੀ ਗੋਦ ਵਿਚ ਸੀ। ਪਿਤਾ ਜੀ ਨੇ ਉਸ ਦੇ ਕੇਸਾਂ 'ਚ ਉਂਗਲੀਆਂ ਫੇਰਦਿਆਂ ਉਸ ਦੇ ਸਿਰ ਨੂੰ ਆਪਣੇ ਗੋਡਿਆਂ ਉੱਪਰ ਦਬਾਉਂਦੇ ਹੋਏ ਬਹੁਤ ਹੀ ਮੋਹ ਭਿੱਜਿਆ ਦਿਲਾਸਾ ਦਿੰਦੇ ਹੋਏ ਕਿਹਾ,

"ਇੰਝ ਨਹੀਂ। ਮੈਨੂੰ ਸ਼ੁਰੂ ਤੋਂ ਦੱਸ ਕੀ ਹੋਇਆ ਹੈ। ਬੇਹਿਚਕ ਖੁੱਲ੍ਹ ਕੇ ਦੱਸ। ਕੁਝ ਵੀ ਲੁਕੋਣਾ ਨਹੀਂ।" ਫਿਰ ਥੋੜ੍ਹਾ ਚਿਰ ਚੁੱਪ ਰਹੀ। ਸਿਰਫ਼ ਅਮਨ ਦੀਆਂ ਹੁਬਕੀਆਂ ਦੀ ਆਵਾਜ਼ ਆ ਰਹੀ ਸੀ ਜੋ ਆਪਣੇ-ਆਪ ਨੂੰ ਬੋਲਣ ਦੀ ਹਾਲਤ 'ਚ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਇੰਝ ਕਰੋ", ਪਿਤਾ ਜੀ ਉੱਠਦੇ ਹੋਏ ਬੋਲੇ, "ਉੱਪਰ ਛੱਤ 'ਤੇ ਚੱਲਦੇ ਹਾਂ। ਖੁੱਲ੍ਹੀ ਹਵਾ 'ਚ ਥੋੜ੍ਹੀ ਸੈਰ ਕਰਦੇ ਹੋਏ ਗੱਲ ਕਰਾਂਗੇ।" ਅਮਨ ਦੇ ਪਿਤਾ ਜੀ ਨੂੰ ਪਤਾ ਸੀ ਕਿ ਅਮਨ ਦੀ ਮਾਂ ਕਦੇ ਵੀ ਕਮਰੇ 'ਚ ਆ ਸਕਦੀ ਹੈ ਇਸੇ ਲਈ ਉਨ੍ਹਾਂ ਨੇ ਅਜਿਹਾ ਸੁਝਾਅ ਪੇਸ਼ ਕੀਤਾ ਸੀ। ਦੂਜਾ ਉਹ ਅਮਨ ਨੂੰ ਛੱਤ ਉੱਪਰ ਲਿਜਾਣਾ ਚਾਹੁੰਦੇ ਸਨ। ਉਸ ਦੀ ਖੁੱਸ ਚੁੱਕੀ ਜਗ੍ਹਾ ਨੂੰ ਦੁਬਾਰਾ ਹਾਸਲ ਕਰਵਾਉਣਾ ਚਾਹੁੰਦੇ ਸਨ।

"ਨਹੀਂ ਪਾਪਾ ਜੀ। ਮੈਂ ਛੱਤ 'ਤੇ ਨਹੀਂ ਜਾਣਾ। ਚੰਗਾ ਨਹੀਂ ਲੱਗਦਾ ਮੈਨੂੰ। ਉੱਪਰ ਮੇਰੇ ਕਮਰੇ 'ਚ ਜਾ ਸਕਦੇ ਹਾਂ।" ਅਮਨ ਜਦੋਂ ਦਾ ਆਇਆ ਸੀ ਛੱਤ ਉੱਪਰ ਘੱਟ ਹੀ ਜਾਂਦਾ ਸੀ। ਪਿਛਲੇ ਇਕ ਨਵੰਬਰ ਦਾ ਉੱਠਦਾ ਸਿਆਹ ਧੂੰਆਂ ਪੁਰਾਣੇ ਦਿਨਾਂ ਦੀਆਂ ਸੁਹਾਵਣੀਆਂ ਯਾਦਾਂ ਉੱਪਰ ਅਜੇ ਵੀ ਹਾਵੀ ਸੀ। ਦੂਜਾ, ਉਸ ਨੂੰ ਪਤਾ ਸੀ ਕਿ ਇਸ ਸਮੇਂ ਉਸ ਦੇ ਗੁਆਂਢੀ ਮਿੱਤਰ ਬਿਨੈ ਅਤੇ ਰੋਹਨ ਵੀ ਛੱਤ ਉੱਪਰ ਮੌਜੂਦ ਹੋ ਸਕਦੇ ਹਨ। ਉਹ ਜਦੋਂ ਦਾ ਆਇਆ ਸੀ ਉਨ੍ਹਾਂ ਨੂੰ ਮਿਲਣ ਤੋਂ ਕਤਰਾ ਰਿਹਾ ਸੀ। ਅਮਨ ਦੇ ਇਸ ਰਵੱਈਏ ਦਾ ਉਨ੍ਹਾਂ ਨੂੰ ਵੀ ਅਹਿਸਾਸ ਸੀ।

"ਤੇਰੀ ਮਰਜੀ। ਚਾਹ ਖ਼ਤਮ ਕਰ, ਜਾਂ ਉੱਪਰ ਹੀ ਲੈ ਚੱਲ।" ਇਹ ਕਹਿੰਦੇ ਹੋਏ ਪਿਤਾ ਜੀ ਅਮਨ ਦੀ ਪਿੱਠ ਸਹਿਲਾਉਂਦੇ ਹੋਏ ਉਸ ਨੂੰ ਦਰਵਾਜ਼ੇ ਤੱਕ ਲੈ ਗਏ। ਜਾਲੀ ਦੇ ਦਰਵਾਜ਼ੇ ਤੋਂ ਹੀ ਉਨ੍ਹਾਂ ਨੇ ਮਾਤਾ ਜੀ ਨੂੰ ਇਕ ਟਰੇਅ ਵਿਚ ਕੇਤਲੀ, ਕੱਪ ਅਤੇ ਬਿਸਕੁਟਾਂ ਦਾ ਡੱਬਾ ਲਿਆਉਂਦੇ ਹੋਏ ਦੇਖਿਆ। ਪਿਤਾ ਜੀ ਪਹਿਲਾਂ ਬਾਹਰ ਆਏ ਅਤੇ ਅਮਨ ਦੀ ਮਾਂ ਨੂੰ ਬੋਲੇ, "ਅਜੇ ਹੋਰ ਚਾਹ ਰਹਿਣ ਦੇ। ਅਸੀਂ ਜ਼ਰਾ ਉੱਪਰ ਸੈਰ ਕਰ ਕੇ ਆਂਦੇ ਹਾਂ।" ਅਮਨ ਐਨ ਉਨ੍ਹਾਂ ਦੇ ਪਿੱਛੇ ਸੀ। ਛੱਤ ਵੱਲ ਜਾਣ ਵਾਲੀਆਂ ਪੌੜੀਆਂ ਇਸੇ ਕਮਰੇ ਦੇ ਬਾਹਰ ਹੀ ਸਨ। ਅੱਗੇ-ਅੱਗੇ ਪਿਤਾ ਜੀ ਅਤੇ ਫਿਰ ਉਨ੍ਹਾਂ ਦੇ ਪਿੱਛੇ ਅਮਨ ਤੁਰ ਪਿਆ। ਮਾਤਾ ਜੀ ਅਜੇ ਵਿਹੜੇ 'ਚ ਹੀ ਸਨ ਉਹ ਉੱਥੋਂ ਹੀ ਵਾਪਸ ਰਸੋਈ ਵੱਲ ਮੁੜ ਗਏ।

ਪਹਿਲੀ ਮੰਜ਼ਿਲ 'ਤੇ ਅਮਨ ਦਾ ਕਮਰਾ ਸੀ। ਡਬਲ ਬੈੱਡ ਵੀ ਸੀ ਜਿੱਥੇ ਕਦੇ ਦੋਵੇਂ ਭਰਾ ਸੌਂਦੇ ਸਨ, ਜਿਸ ਉੱਪਰ ਹੁਣ ਕੁਝ ਕਿਤਾਬਾਂ ਅਤੇ ਅਖ਼ਬਾਰ ਖਿੱਲਰੇ ਹੋਏ ਸਨ। ਹੁਣ ਘਰ ਵਿਚ ਕੰਮ ਕਰਨ ਵਾਲਿਆਂ ਦੀ ਗਿਣਤੀ ਵੀ ਨਾਂਹ ਦੇ ਬਰਾਬਰ ਸੀ, ਇਸ ਕਰਕੇ ਕਮਰਾ ਵੀ ਬਹੁਤਾ ਸਾਫ਼ ਨਹੀਂ ਸੀ। ਸਾਹਮਣੇ ਵਾਲੀ ਅਲਮਾਰੀ 'ਚ ਬੇਤਰਤੀਬ ਕਿਤਾਬਾਂ ਰੱਖੀਆਂ ਹੋਈਆਂ ਸਨ। ਉਂਝ ਤਾਂ ਘਰ ਦੇ ਸਮਾਨ ਨੂੰ ਸਮੇਟਣਾ ਸ਼ੁਰੂ ਕਰ ਦਿੱਤਾ ਗਿਆ ਸੀ ਪਰ ਅਮਨ ਦੇ ਪਿਤਾ ਜੀ ਨੇ ਅਜੇ ਪੰਜਾਬ ਜਾਣ ਦਾ ਮਨ ਨਹੀਂ ਸੀ ਬਣਾਇਆ। ਉਹ ਅਜੇ ਵੀ ਇੱਥੇ ਰਹਿਣਾ ਚਾਹੁੰਦੇ ਸਨ। ਪਰ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਵੀ ਜ਼ਰੂਰਤ ਸੀ। ਫਿਰ ਵੀ ਉਨ੍ਹਾਂ ਨੂੰ ਉਮੀਦ ਸੀ ਕਿ ਉਨ੍ਹਾਂ ਦੇ ਇੱਥੇ ਰਹਿਣ ਦਾ ਕੋਈ ਨਾ ਕੋਈ ਰਾਹ ਨਿੱਕਲ ਆਵੇਗਾ।

ਕਮਰੇ 'ਚ ਬੈਠਣ ਦਾ ਪੂਰਾ ਇੰਤਜ਼ਾਮ ਸੀ। ਅਮਨ ਦੇ ਪੜ੍ਹਨ ਵਾਲਾ ਮੇਜ਼ ਅਤੇ ਨੇੜੇ ਚਾਰ ਕੁਰਸੀਆਂ ਪਈਆਂ ਸਨ। ਪਿਤਾ ਜੀ ਨੇ ਪਰਦਾ ਹਟਾਉਂਦੇ ਹੋਏ ਖਿੜਕੀਆਂ ਖੋਲ੍ਹ ਦਿੱਤੀਆਂ। ਤਾਜ਼ੀ ਹਵਾ ਦਾ ਬੁੱਲਾ ਅੰਦਰ ਆਇਆ ਜਿਸ ਨਾਲ ਕਮਰੇ ਤੋਂ ਆ ਰਹੀ ਹੁੰਮਸ ਦੀ ਗੰਧ ਤੋਂ ਥੋੜ੍ਹੀ ਰਾਹਤ ਮਿਲੀ।

"ਆਜਾ ਪੁੱਤਰਾ ਬਹਿਜਾ" ਕਹਿੰਦੇ ਹੋਏ ਪਿਤਾ ਜੀ ਇਕ ਕੁਰਸੀ ਖਿੱਚ ਕੇ ਬਹਿ ਗਏ। ਅਮਨ ਨੇ ਆਪਣੀ ਕੁਰਸੀ ਖਿੱਚ ਕੇ ਪਿਤਾ ਜੀ ਦੀ ਕੁਰਸੀ ਦੇ ਨਾਲ ਜੋੜ ਲਈ ਅਤੇ ਉਹ ਇਸ ਤਰ੍ਹਾਂ ਬੈਠਾ ਕਿ ਸਿਰ ਉੱਪਰ ਕਰਨ 'ਤੇ ਉਸ ਦੀ ਨਜ਼ਰ ਸਾਹਮਣੇ ਦੀਵਾਰ ਉੱਪਰ ਲੱਗੀ ਗੁਰੂ ਗੋਬਿੰਦ ਸਿੰਘ ਜੀ ਦੀ ਪੇਟਿੰਗ ਉੱਪਰ ਪਵੇ। ਇਸ ਪੇਂਟਿੰਗ 'ਚ ਇਕ ਖ਼ਾਸ ਗੱਲ ਸੀ। ਇਹ ਅਮਨ ਦੇ ਮਾਮਾ ਜੀ ਨੇ ਆਪਣੇ ਹੱਥੀਂ ਬਣਾਈ ਸੀ। ਉਹ ਕਈ ਸਾਲ ਇਸੇ ਘਰ 'ਚ ਰਹੇ ਸਨ। ਜਦੋਂ ਉਹ ਅਮਨ ਦੇ ਨਾਨਕੇ 'ਚ ਰਹਿੰਦੇ ਸਨ ਤਾਂ ਉਨ੍ਹਾਂ ਉੱਪਰ ਬਾਲੀਵੁੱਡ 'ਚ ਕੰਮ ਕਰਨ ਦਾ ਭੂਤ ਸਵਾਰ ਹੋਇਆ ਸੀ। ਵਧੀਆ ਚਿਤਰਕਾਰ ਤਾਂ ਉਹ ਹੈਗੇ ਹੀ ਸਨ। ਉਨ੍ਹਾਂ ਦੀ ਸ਼ਖ਼ਸੀਅਤ ਵੀ ਕਾਫ਼ੀ ਖ਼ੂਬਸੂਰਤ ਅਤੇ ਨਿਰਾਲੀ ਸੀ। ਉਹ ਇਕ ਵਾਰ ਬੰਬਈ ਜਾ ਕੇ ਧੱਕੇ ਖਾ ਚੁੱਕੇ ਸਨ। ਇਸ ਤੋਂ ਬਾਅਦ ਅਮਨ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਇੱਥੇ ਕੰਮ 'ਤੇ ਲਗਾ ਦਿੱਤਾ ਸੀ। ਫਿਰ ਉਨ੍ਹਾਂ ਦਾ ਵਿਆਹ ਹੋ ਗਿਆ ਅਤੇ ਇਕ ਫੁੱਲ ਵਰਗੀ ਬੱਚੀ ਹੋਈ। ਪਰ ਬਦਕਿਸਮਤੀ ਨਾਲ ਇਕ ਹਾਦਸੇ 'ਚ ਆਪਣੀ ਪਤਨੀ ਦੇ

ਨਾਲ ਉਨ੍ਹਾਂ ਦੀ ਜਾਨ ਚਲੀ ਗਈ ਸੀ। ਬੱਚੀ ਇੱਥੇ ਰਹਿ ਗਈ ਸੀ ਜਿਸ ਨੂੰ ਅਮਨ ਦੇ ਮਾਤਾ-ਪਿਤਾ ਜੀ ਨੇ ਅਪਣਾ ਕੇ ਇੱਥੇ ਹੀ ਪਾਲਿਆ ਸੀ। ਉਹ ਵੀ ਇਸ ਸਮੇਂ ਅਮਨ ਦੇ ਵੱਡੇ ਭਰਾ ਨਾਲ ਪੰਜਾਬ 'ਚ ਹੀ ਸੀ।

ਅਮਨ ਥੋੜ੍ਹਾ ਚਿਰ ਸਾਹਮਣੇ ਲੱਗੀ ਪੇਟਿੰਗ ਨੂੰ ਤੱਕਦਾ ਰਿਹਾ। ਗੁਰੂ ਗੋਬਿੰਦ ਸਿੰਘ ਜੀ ਦੀਆਂ ਅੱਖਾਂ 'ਚ ਬੀਰਤਾ ਅਤੇ ਮੁਸਕਾਨ ਦੋਵੇਂ ਹੀ ਸਨ। ਹੱਥ 'ਚ ਤਲਵਾਰ ਸੀ ਅਤੇ ਜੰਗਲਾਂ 'ਚ ਵਾਸਾ ਸੀ। ਜਿਵੇਂ ਉਨ੍ਹਾਂ ਨੂੰ ਆਪਣੇ ਸਾਰੇ ਪੁੱਤਰਾਂ ਨੂੰ ਗਵਾਉਣ ਤੋਂ ਬਾਅਦ ਵੀ ਆਪਣੇ ਬਲੀਦਾਨ ਭਰੇ ਸੰਘਰਸ਼ ਦੇ ਪ੍ਰਤੀ ਖ਼ੁਸ਼ੀ ਮਹਿਸੂਸ ਹੋ ਰਹੀ ਸੀ। ਫਿਰ ਅਮਨ ਨੇ ਆਪਣੇ ਨਾਲ ਬੀਤੀ ਦੀ ਉਹ ਦਾਸਤਾਨ ਸ਼ੁਰੂ ਕੀਤੀ ਜੋ ਉਸ ਨੂੰ ਅੰਦਰੋਂ ਨਿਚੋੜ ਰਹੀ ਸੀ। ਉਨ੍ਹਾਂ ਪਲਾਂ ਨੂੰ ਮਹਿਸੂਸ ਕਰਨ ਦਾ ਦਰਦ ਦਿਨੋ-ਦਿਨ ਜ਼ਿਆਦਾ ਪਿੰਜਦਾ ਜਾ ਰਿਹਾ ਸੀ ਜਿਸ ਨਾਲ ਨਜਿੱਠਣ ਲਈ ਉਹ ਕਿਸੇ ਮੱਲ੍ਹਮ ਦੀ ਭਾਲ 'ਚ ਸੀ। ਸਿਰਫ਼ ਸਰੀਰਕ ਦਰਦ ਦੀ ਗੱਲ ਨਹੀਂ ਸੀ, ਉਸ ਦੇ ਨੀਮ-ਵਿਕਸਿਤ ਮਾਨਸਿਕ ਵਿਚਾਰਾਂ ਦੇ ਰਾਹ 'ਚ ਉਸ ਨੂੰ ਇਕ ਰੁਕਾਵਟ ਜਿਹੀ ਮਹਿਸੂਸ ਹੋ ਰਹੀ ਸੀ ਅਤੇ ਉਸ 'ਚੋਂ ਨਿੱਕਲਣ ਦਾ ਰਾਹ ਨਜ਼ਰ ਨਹੀਂ ਆ ਰਿਹਾ ਸੀ। ਆਪਣੀ ਪੂਰੀ ਦਾਸਤਾਨ ਸੁਣਾਉਣ 'ਚ ਅਮਨ ਨੂੰ ਤਕਰੀਬਨ ਇਕ ਘੰਟਾ ਲੱਗ ਗਿਆ। ਇਸ ਦੌਰਾਨ ਉਹ ਕਈ ਵਾਰ ਰੁਕਿਆ, ਰੋਇਆ ਅਤੇ ਉਸ ਦੇ ਪਿਤਾ ਜੀ ਨੇ ਪੂਰੇ ਸਬਰ ਨਾਲ ਉਸ ਦਾ ਮਨੋਬਲ ਵਧਾਇਆ, ਦਿਲਾਸਾ ਦਿੱਤਾ ਅਤੇ ਆਪਣੇ ਸਨੇਹ ਭਰੇ ਹੱਥਾਂ ਨਾਲ ਉਸ ਨੂੰ ਬਲ ਵੀ ਬਖ਼ਸ਼ਿਆ।

ਅਮਨ ਦੇ ਪਿਤਾ ਜੀ ਜ਼ਿਆਦਾ ਧਾਰਮਿਕ ਨਹੀਂ ਸਨ। ਧਰਮ ਅਤੇ ਕੌਮ ਨੂੰ ਉਹ ਹਮੇਸ਼ਾ ਵੱਖ ਰੱਖਦੇ ਸਨ। ਉਨ੍ਹਾਂ ਦਾ ਜਨਮ ਸਿੱਖ ਧਰਮ ਦੇ ਪਰਿਵਾਰ 'ਚ ਹੋਇਆ ਸੀ ਪਰ ਸਮਾਜਿਕ ਅਤੇ ਵਿਹਾਰਕ ਤੌਰ 'ਤੇ ਉਹ ਬਿਹਾਰੀ ਹੀ ਸਨ। ਉਹ ਆਪਣੇ ਪੰਜ ਭਰਾਵਾਂ ਵਿੱਚੋਂ ਸਭ ਤੋਂ ਜ਼ਿਆਦਾ ਉਦਾਰਵਾਦੀ ਸਨ। ਸਮਾਜਵਾਦੀ ਪਾਰਟੀ ਨਾਲ ਉਨ੍ਹਾਂ ਦਾ ਸੰਬੰਧ ਸੀ ਅਤੇ ਜੇ.ਪੀ. ਲਹਿਰ 'ਚ ਵਿਚਾਰਧਾਰਕ ਤੌਰ 'ਤੇ ਤਾਂ ਓਨੇ ਪ੍ਰਪੱਕ ਨਹੀਂ ਸਨ ਪਰ ਸੰਘਰਸ਼ ਦਾ ਸਾਥ ਜ਼ਰੂਰ ਦਿੰਦੇ ਸਨ। ਰਾਸ਼ਟਰੀ ਅਤੇ ਸੂਬਾਈ ਚੋਣਾਂ 'ਚ ਵੀ ਧਨ ਅਤੇ ਹੋਰ ਸਾਧਨਾਂ ਦਾ ਵੀ ਸਹਿਯੋਗ ਦਿੰਦੇ ਸਨ। ਜਨਤਾ ਪਾਰਟੀ ਦੇ ਟੁੱਟਣ ਤੋਂ ਬਾਅਦ ਵੀ ਉਨ੍ਹਾਂ ਦੇ ਆਗੂਆਂ ਨਾਲ ਉੱਠਦੇ-ਬਹਿੰਦੇ ਸਨ ਅਤੇ ਬਾਅਦ 'ਚ ਨਗਰ ਦੀਆਂ ਚੋਣਾਂ 'ਚ ਹਿੱਸਾ ਵੀ ਲਿਆ - ਜਿਨ੍ਹਾਂ 'ਚ ਉਹ ਜਿੱਤੇ ਵੀ ਅਤੇ ਹਾਰੇ ਵੀ।

ਇਸ ਲਈ ਵਿਚਾਰਧਾਰਕ ਤੌਰ 'ਤੇ ਅਮਨ ਵੱਲੋਂ ਚੁੱਕੇ ਕਦਮਾਂ ਨਾਲ ਉਹ ਬਿਲਕੁਲ ਸਹਿਮਤ ਨਹੀਂ ਸਨ। ਪਰ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਦੀ ਉਨ੍ਹਾਂ ਨੇ ਪੁਰਜ਼ੋਰ ਨਿੰਦਾ ਕੀਤੀ।

"ਦੇਖ ਬੇਟਾ। ਰਾਜਨੀਤੀ ਤਾਂ ਮੈਂ ਵੀ ਕੀਤੀ ਹੈ। ਇਹ ਤਾਂ ਤੈਨੂੰ ਪਤਾ ਹੀ ਹੈ। ਪਰ ਮੈਂ ਕਦੇ ਵੀ ਉਸ ਵਿਚ ਧਰਮ ਤੇ ਹਿੰਸਾ ਨੂੰ ਨਹੀਂ ਲਿਆਂਦਾ।" ਕੁਝ ਪਲ ਚੁੱਪ ਰਹਿਣ ਤੋਂ ਬਾਅਦ ਉਹ ਖੜ੍ਹੇ ਹੋ ਗਏ। ਕੁਝ ਚਿਰ ਉਨ੍ਹਾਂ ਦੀਆਂ ਨਜ਼ਰਾਂ ਸਾਹਮਣੇ ਦੀਵਾਰ 'ਤੇ ਲੱਗੀ

ਤਸਵੀਰ ਉੱਪਰ ਟਿਕੀਆਂ ਰਹੀਆਂ। ਥੋੜ੍ਹੀ ਚਹਿਲ-ਕਦਮੀਂ ਕਰਕੇ ਉਹ ਵਾਪਸ ਆ ਕੇ ਬੈਠ ਗਏ।

"ਮੇਰਾ ਮੰਨਣਾ ਹੈ ਕਿ ਧਰਮ ਅਤੇ ਹਿੰਸਾ 'ਤੇ ਆਧਾਰਿਤ ਰਾਜਨੀਤੀ ਦੀ ਇਸ ਲੋਕਤੰਤਰ ਵਿਚ ਕੋਈ ਜਗ੍ਹਾ ਨਹੀਂ ਹੈ। ਇਕ ਸਮਾਂ ਸੀ ਜਦੋਂ ਕਈ ਲੋਕਾਂ ਨੇ ਹਿੰਸਾ ਦਾ ਰਾਹ ਅਖ਼ਤਿਆਰ ਕੀਤਾ ਸੀ। ਪਰ ਅੰਤ 'ਚ ਜਿੱਤ ਲੋਕਾਂ ਦੀ ਹੋਈ ਅਤੇ ਅਹਿੰਸਾ ਦੇ ਰਾਹ ਨੂੰ ਅਪਣਾਉਣ ਨਾਲ ਹੀ ਹੋਈ।"

ਇਸ ਤੋਂ ਬਾਅਦ ਉਹ ਫਿਰ ਖੜ੍ਹੇ ਹੋ ਗਏ। ਅਮਨ ਦੇ ਮੋਢੇ 'ਤੇ ਹੱਥ ਰੱਖਿਆ ਅਤੇ ਸਹਿਲਾਉਂਦੇ ਹੋਏ ਬੋਲੇ, "ਤੇਰਾ ਗੁੱਸਾ ਬਿਲਕੁਲ ਵਾਜਬ ਹੈ। ਪਰ ਤੇਰੇ ਵੱਲੋਂ ਅਖ਼ਤਿਆਰ ਕੀਤੇ ਰਾਹ ਨਾਲ ਮੈਂ ਸਹਿਮਤ ਨਹੀਂ ਹਾਂ।"

ਇਹ ਪਹਿਲਾ ਮੌਕਾ ਸੀ ਜਦੋਂ ਪਿਤਾ ਜੀ ਅਮਨ ਨਾਲ ਰਾਜਨੀਤਕ ਮੁੱਦਿਆਂ ਉੱਪਰ ਚਰਚਾ ਕਰ ਰਹੇ ਸਨ। ਇਸ ਤੋਂ ਪਹਿਲਾਂ ਅਮਨ ਆਪਣੇ ਪਿਤਾ ਜੀ ਵੱਲੋਂ ਦਿੱਤੇ ਗਏ ਛੋਟੇ-ਮੋਟੇ ਰਾਜਨੀਤਕ ਕੰਮ 'ਚ ਉਨ੍ਹਾਂ ਦਾ ਹੱਥ ਵਟਾ ਦਿੰਦਾ ਸੀ। ਜਦੋਂ ਸਕੂਲ 'ਚ ਸੀ ਤਾਂ ਘਰ ਵਿਚ ਪੂਰੇ ਜੋਸ਼ ਨਾਲ ਪਿਤਾ ਜੀ ਦੀਆਂ ਰਾਜਨੀਤਕ ਸਰਗਰਮੀਆਂ ਨੂੰ ਦੇਖਦਾ ਸੀ। ਜੇ.ਪੀ. ਲਹਿਰ ਦੌਰਾਨ ਪਿਤਾ ਜੀ ਰੇਲ ਰੋਕੋ ਅੰਦੋਲਨ 'ਚ ਸ਼ਾਮਿਲ ਹੋਏ ਸਨ। ਦੋ ਦਿਨ ਲਈ ਜੇਲ੍ਹ ਵੀ ਗਏ ਸਨ। ਜਦੋਂ ਜੇਲ੍ਹ ਤੋਂ ਬਾਹਰ ਆ ਰਹੇ ਸਨ ਤਾਂ ਅਮਨ ਜੇਲ੍ਹ ਦੇ ਮੁੱਖ ਗੇਟ ਉੱਪਰ ਪਿਤਾ ਜੀ ਦੇ ਇਕ ਦੋਸਤ ਨਾਲ ਮੌਜੂਦ ਸੀ। ਉਸ ਸਮੇਂ ਪਿਤਾ ਜੀ ਦੇ ਚਿਹਰੇ ਉੱਪਰ ਜੋ ਜਲਾਲ ਸੀ ਉਹ ਉਹੀ ਸੀ ਜੋ ਹਰ ਸਮੇਂ ਉਨ੍ਹਾਂ ਦੇ ਚਿਹਰੇ ਉੱਪਰ ਹੁੰਦਾ ਸੀ। ਦਸ ਸਾਲ ਦੇ ਅਰਸੇ 'ਚ ਹੋਈ ਉੱਥਲ-ਪੁੱਥਲ ਨਾਲ ਵੀ ਉਨ੍ਹਾਂ ਦੀ ਵਿਚਾਰਧਾਰਾ 'ਚ ਖ਼ਾਸ ਫ਼ਰਕ ਨਹੀਂ ਪਿਆ ਸੀ। ਉਹ ਅੱਜ ਵੀ ਉਹੀ ਸਮਾਜਵਾਦੀ ਸਨ ਜਿਸ ਨੂੰ ਲੋਹੀਆ ਅਤੇ ਜੈਪ੍ਰਕਾਸ਼ ਨਰਾਇਣ ਵਰਗੇ ਆਗੂ ਭਾਰਤ ਵਿਚ ਕਾਇਮ ਕਰਨਾ ਚਾਹੁੰਦੇ ਸਨ। ਆਪਣੇ ਸ਼ਹਿਰ 'ਚ ਉਨ੍ਹਾਂ ਦੀ ਇਕ ਪਛਾਣ ਬਣਨ ਦੀ ਪ੍ਰਕਿਰਿਆ 'ਚ ਸੀ। ਐਮਰਜੈਂਸੀ ਤੋਂ ਪਹਿਲਾਂ ਹੀ ਉਹ ਧਰਮ 'ਤੇ ਆਧਾਰਤ ਰਾਜਨੀਤੀ ਨਾਲ ਸਹਿਮਤ ਨਹੀਂ ਸਨ। ਹਾਲਾਂਕਿ ਸ਼ਹਿਰ ਵਿਚ ਜਨਸੰਘ ਦਾ ਜ਼ੋਰ ਵੀ ਸੀ ਜਿਸ ਦੀ ਅਗਵਾਈ ਸਿੱਖ ਭਾਈਚਾਰੇ ਦੇ ਇਕ ਹੋਰ ਮੈਂਬਰ ਇੰਦਰ ਸਿੰਘ ਕਰਦੇ ਸਨ। ਚੋਣਾਂ ਦੌਰਾਨ ਪਿਤਾ ਜੀ ਦੀ ਵਿੱਲੀਜ਼ ਜੀਪ ਉੱਪਰ ਲਾਊਡ ਸਪੀਕਰ ਲਗਾਇਆ ਜਾਂਦਾ ਸੀ ਅਤੇ ਸੰਯੁਕਤ ਸੋਸ਼ਲਿਸਟ ਪਾਰਟੀ ਦੇ ਬੋਹੜ ਚਿੰਨ੍ਹ ਦੇ ਪ੍ਰਚਾਰ ਦੀ ਧੁਨ ਉੱਪਰ "ਜਬ ਬਰਗਦ ਕੀ ਹਵਾ ਚਲੀ ਤੋ ਦੀਪਕ ਬੁਝ ਗਇਆ" ਜਨਸੰਘ ਦਾ ਵਿਰੋਧ ਕੀਤਾ ਜਾਂਦਾ ਸੀ।

ਥੋੜ੍ਹਾ ਚਿਰ ਅਮਨ ਸ਼ਾਂਤ ਰਿਹਾ ਅਤੇ ਫਿਰ ਉਸ ਨੇ ਨਜ਼ਰ ਚੁੱਕ ਕੇ ਇਕ ਵਾਰ ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਪੇਂਟਿੰਗ ਨੂੰ ਨਿਹਾਰਿਆ ਤੇ ਬੋਲਿਆ, "ਸਾਡੇ ਗੁਰੂ ਤਾਂ ਧਰਮ ਤੇ ਰਾਜਨੀਤੀ ਨੂੰ ਵੱਖਰਾ ਨਹੀਂ ਸਮਝਦੇ ਸਨ। ਉਨ੍ਹਾਂ ਨੇ ਤਾਂ ਸਿੱਖ ਕੌਮ ਨੂੰ ਮੀਰੀ-ਪੀਰੀ ਅਤੇ ਸੰਤ-ਸਿਪਾਹੀ ਦੇ ਮਹੱਤਵ ਤੋਂ ਜਾਣੂ ਕਰਾਇਆ ਸੀ। ਇਸੇ ਦੇ ਤਹਿਤ ਉਨ੍ਹਾਂ ਨੇ ਜਾਬਰਾਂ ਦੇ

ਖ਼ਿਲਾਫ਼ ਯੁੱਧ ਛੇੜਿਆ ਸੀ। ਪੰਜਾਬ ਵਿਚ ਵੀ ਤਾਂ ਇਸੇ ਸਰਕਾਰ ਨੇ ਸਿੱਖਾਂ ਦੇ ਸਭ ਤੋਂ ਮੁਕੱਦਸ ਗੁਰੂਘਰ ਉੱਪਰ ਹਮਲਾ ਕੀਤਾ, ਸੈਂਕੜੇ ਬੇਗੁਨਾਹਾਂ ਦਾ ਕਤਲ ਕੀਤਾ ਗਿਆ। ਹੋਰ ਵੀ ਕਈ ਗੱਲਾਂ ਹਨ ਜਿਨ੍ਹਾਂ ਦੇ ਖ਼ਿਲਾਫ਼ ਪੰਜਾਬ ਦੇ ਲੋਕ ਲੜ ਰਹੇ ਹਨ। ਇਹ ਇਕ ਜੰਗ ਹੈ ਜੋ ਇਸ ਸਰਕਾਰ ਦੇ ਖ਼ਿਲਾਫ਼ ਜਾਰੀ ਹੈ। ਇਕ ਨਵੇਂ ਮੁਲਕ ਲਈ ਜਿਸ ਵਿਚ ਸਿੱਖ ਕੌਮ ਬੇਖ਼ੌਫ਼ ਹੋ ਕੇ ਜੀ ਸਕਦੀ ਹੈ। ਉਸ ਨੂੰ ਵਾਰ-ਵਾਰ ਭੱਜਣ ਦੀ ਜ਼ਰੂਰਤ ਨਹੀਂ ਪਵੇਗੀ।"

ਆਪਣੀ ਗੱਲ ਕਹਿਣ ਦੌਰਾਨ ਅਮਨ ਦੇ ਦਿਲੋ-ਦਿਮਾਗ 'ਚ ਉਹ ਸਤਰਾਂ ਘੁੰਮ ਰਹੀਆਂ ਸਨ ਜਿਸ ਦਾ ਹਵਾਲਾ ਯੂਨੀਵਰਸਿਟੀ ਦੀ ਸਾਹਿਤਿਕ ਧਿਰ ਪੰਜਾਬ 'ਚ ਚੱਲ ਰਹੇ ਅੰਦੋਲਨ ਉੱਪਰ ਗੁਰੂ ਗੋਬਿੰਦ ਸਿੰਘ ਜੀ ਦੀ ਤਰਜ਼ 'ਤੇ ਅਕਸਰ ਦਿੰਦੀ ਹੁੰਦੀ ਸੀ।

"ਚੂੰ ਕਰ ਅਜ਼ ਹਮਹ ਹੀਲਾਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।"

(ਜਦੋਂ ਕਿਸੇ ਮਸਲੇ ਦੇ ਹੱਲ ਦੇ ਸਾਰੇ ਹੀਲੇ ਮੁੱਕ ਜਾਣ ਤਾਂ ਤਲਵਾਰ ਚੁੱਕਣੀ ਜਾਇਜ਼ ਹੈ।)

ਪਿਤਾ ਜੀ ਨੇ ਹੁਣ ਆਪਣੀ ਕੁਰਸੀ ਚੁੱਕ ਕੇ ਅਮਨ ਦੇ ਬਿਲਕੁਲ ਸਾਹਮਣੇ ਕਰ ਲਈ। ਹੁਣ ਉਹ ਉਸ ਦੇ ਐਨ ਸਾਹਮਣੇ ਬੈਠ ਗਏ ਸਨ। ਹੁਣ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਐਨ ਉਨ੍ਹਾਂ ਦੇ ਪਿੱਛੇ ਸੀ। ਉਹ ਦੁਬਾਰਾ ਉੱਠੇ ਅਤੇ ਆਪਣੇ ਇਕ ਹੱਥ ਨਾਲ ਪੇਂਟਿੰਗ ਵੱਲ ਇਸ਼ਾਰਾ ਕਰਦੇ ਹੋਏ ਬੋਲੇ, "ਉਹ ਵੱਖਰਾ ਸਮਾਂ ਸੀ। ਇਕ ਵੱਖਰੀ ਹਾਲਤ ਸੀ। ਦੁਸ਼ਮਣ ਅਤੇ ਵਿਰੋਧੀਆਂ ਦੇ ਫ਼ਰਕ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਗੁਰੂ ਗੋਬਿੰਦ ਸਿੰਘ ਜੀ ਨੇ ਇਹੀ ਕੀਤਾ ਸੀ।"

"ਤੇ ਫਿਰ ਅੱਜ ਦਾ ਸਮਾਂ ਅਜਿਹਾ ਨਹੀਂ ਹੈ। ਹਾਲਤਾਂ ਵੀ ਬਿਲਕੁਲ ਵੱਖਰੀਆਂ ਨੇ।" ਪਿਤਾ ਜੀ ਨੇ ਆਪਣੀ ਗੱਲ ਜਾਰੀ ਰੱਖੀ।

"ਸਾਨੂੰ ਸਾਡੇ ਗੁਰੂਆਂ ਨੇ ਫਿਰਕੂ ਘ੍ਰਿਣਾ ਦੀ ਜ਼ਹਿਰ ਤੋਂ ਬਚਾਇਆ ਹੈ। ਉਨ੍ਹਾਂ ਨੇ ਸਾਨੂੰ ਪੂਰੀ ਮਾਨਵਤਾ ਨੂੰ ਇਕ ਰੂਪ ਸਮਝਣ ਦੀ ਵਿਸ਼ਾਲ ਦ੍ਰਿਸ਼ਟੀ ਦਿੱਤੀ ਹੈ। ਤੇ ਇਹੀ ਵਜ੍ਹਾ ਹੈ ਕਿ ਧਰਮ 'ਤੇ ਆਧਾਰਤ ਅੰਦੋਲਨ ਚਲਾਉਣ ਵਾਲੇ ਭਟਕੇ ਹੋਏ ਲੋਕ ਪੰਜਾਬ ਦੇ ਆਮ ਲੋਕਾਂ 'ਚ ਨਫ਼ਰਤ ਪੈਦਾ ਕਰਨ 'ਚ ਨਾਕਾਮ ਰਹੇ ਹਨ। ਕਿਉਂਕਿ ਇਹ ਸੰਭਵ ਨਹੀਂ ਹੈ ਕਿ ਉਹ ਇਕ ਪੰਜਾਬੀ ਦੇ ਦੂਜੇ ਪੰਜਾਬੀ ਨਾਲ ਸਦੀਆਂ ਤੋਂ ਬਣੇ ਰਿਸ਼ਤੇ ਨੂੰ ਤੋੜ ਸਕਣ।"

ਤੇ ਫਿਰ ਬਾਪ-ਬੇਟੇ ਦਰਮਿਆਨ ਤਰਕਪੂਰਨ ਵਿਵਾਦ ਸ਼ੁਰੂ ਹੋਇਆ। ਪਿਤਾ ਜੀ ਵਾਰ-ਵਾਰ ਆਪਣੇ ਉਦਾਰਵਾਦੀ ਵਿਚਾਰਾਂ ਨਾਲ ਅਮਨ ਦੇ ਧਰਮ ਦੇ ਆਧਾਰ 'ਤੇ ਸਥਾਪਤ ਵਿਚਾਰਾਂ ਦਾ ਤਰਕਾਂ ਦੇ ਆਧਾਰ 'ਤੇ ਵਿਰੋਧ ਕਰ ਰਹੇ ਸਨ। ਇਹ ਗੱਲ ਨਹੀਂ ਸੀ ਕਿ ਉਨ੍ਹਾਂ ਦੀਆਂ ਸਾਰੀਆਂ ਦਲੀਲਾਂ ਵਿਗਿਆਨਕ ਸੋਚ 'ਤੇ ਆਧਾਰਤ ਸਨ। ਫਿਰ ਵੀ, ਆਪਣੀ ਵਿਹਾਰਕ ਜ਼ਿੰਦਗੀ ਦੇ ਆਧਾਰ 'ਤੇ ਧਰਮ 'ਤੇ ਆਧਾਰਤ ਦੇਸ਼ਾਂ ਦਾ ਹਾਲ ਬਿਆਨ ਕਰ ਰਹੇ ਸਨ। ਏਨਾ ਹੀ ਨਹੀਂ, ਉਨ੍ਹਾਂ ਨੇ ਪੰਜਾਬ ਵਿਚ ਕੌਮੀ ਮੁੱਦੇ ਉੱਪਰ ਚੱਲ ਰਹੇ ਅੰਦੋਲਨ

ਵਿਚ ਮਹਿਜ਼ ਧਰਮ ਦੇ ਆਧਾਰ ’ਤੇ ਬੇਗੁਨਾਹਾਂ ਦੇ ਕਤਲਾਂ ਦੀ ਕਰੜੇ ਸ਼ਬਦਾਂ ’ਚ ਆਲੋਚਨਾ ਕੀਤੀ। ਉਹ ਸਿੱਖ ਧਰਮ ਦੇ ਪੈਰੋਕਾਰ ਜ਼ਰੂਰ ਸਨ ਪਰ ਉਹ ਪੰਜਾਬ ’ਚ ਚੱਲ ਰਹੇ ਧਰਮ ਆਧਾਰਤ ਅੰਦੋਲਨ ਦੇ ਹਮਾਇਤੀ ਨਹੀਂ ਸਨ। ਸਿੱਖ ਉਨ੍ਹਾਂ ਦਾ ਧਰਮ ਸੀ ਅਤੇ ਪੰਜਾਬ ’ਚ ਰਹਿਣ ਵਾਲੇ ਸਾਰੇ ਮਜ਼੍ਹਬਾਂ ਦੇ ਲੋਕਾਂ ਨੂੰ ਉਹ ਪੰਜਾਬੀ ਮੰਨਦੇ ਸਨ।

ਅਮਨ ਅਜੇ ਵੀ ਤਰਕ ’ਤੇ ਆਧਾਰਤ ਬਹਿਸ ’ਚ ਅਪ੍ਰਪੱਕ ਸੀ। ਉਸ ਕੋਲ ਕੌਮੀ ਮੁੱਦਿਆਂ ਨੂੰ ਸਮਝਣ ਅਤੇ ਉਸ ਉੱਪਰ ਬਹਿਸ ਕਰਨ ਦੇ ਸਾਧਨ ਨਹੀਂ ਸਨ। ਪਿਛਲੇ ਪੰਜ ਮਹੀਨਿਆਂ ’ਚ ਉਸ ਨੇ ਸਿਰਫ਼ ਸਿੱਖ ਭਾਈਚਾਰੇ ਉੱਪਰ ਹੋਏ ਕਤਲੇਆਮ ਦੇ ਭਾਵਨਾਤਮਕ ਪਹਿਲੂ ਉੱਪਰ ਹੀ ਆਪਣੀ ਰਾਇ ਖੜ੍ਹੀ ਕੀਤੀ ਸੀ। ਜੋ ਦੇਖਿਆ, ਜੋ ਸੁਣਿਆ ਅਤੇ ਜੋ ਕਿਹਾ ਗਿਆ ਉਹੀ ਉਸ ਦੇ ਲਈ ਸੱਚ ਸੀ। ਕਿੰਨਾ ਦੇਖਿਆ, ਕਿਸ ਤੋਂ ਸੁਣਿਆ ਅਤੇ ਕਿਸ ਨੇ ਕਿਹਾ, ਇਸ ਉੱਪਰ ਉਸ ਨੇ ਨਾ ਕਦੇ ਵਿਚਾਰ ਕੀਤਾ ਸੀ ਅਤੇ ਨਾ ਹੀ ਉਸ ਵਿਚ ਅਜੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਸੀ। ਕਿਤਾਬਾਂ ਵੀ ਉਸ ਨੇ ਉਹੀ ਪੜ੍ਹੀਆਂ ਜੋ ਕਿਸੇ ਨੇ ਉਸ ਨੂੰ ਪੜ੍ਹਨ ਲਈ ਦੇ ਦਿੱਤੀਆਂ ਸਨ।

ਪੰਜਾਬ ਵਿਚ ਉਸ ਦਾ ਸੀਟੂ ਨਾਲ ਵਿਚਾਰ-ਵਟਾਂਦਰਾ ਮੁੱਢਲੇ ਪੜਾਅ ’ਤੇ ਹੀ ਸੀ। ਉਸ ਨੇ ਅਜੇ ਤੱਕ ਉਸ ਦੇ ਅਸੂਲਾਂ ਉੱਪਰ ਖੁੱਲ੍ਹ ਕੇ ਸਵਾਲ ਨਹੀਂ ਕੀਤਾ ਸੀ। ਇਹ ਸੱਚ ਹੈ ਕਿ ਅਮਨ ਦਾ ਦਲਬੀਰ ਅਤੇ ਹੋਰ ਲੋਕਾਂ ਨੂੰ ਮਿਲਣਾ ਸੀਟੂ ਨੂੰ ਪਸੰਦ ਨਹੀਂ ਸੀ।

ਅੱਜ ਜਦੋਂ ਪਿਤਾ ਜੀ ਨੇ ਚਰਚਾ ਕੀਤੀ ਤਾਂ ਉਸ ਦਾ ਧਿਆਨ ਪੰਜਾਬ ’ਚ ਸਾਥੀਆਂ ਦੀ ਬਹਿਸ ਵੱਲ ਵੀ ਗਿਆ। ਜਿਨ੍ਹਾਂ ਬਿਆਨਾਂ ’ਚ ਅੰਤਰਵਿਰੋਧ ਸੀ ਉਨ੍ਹਾਂ ਦੇ ਕਾਰਨ ਅਤੇ ਉਨ੍ਹਾਂ ਦੇ ਜਵਾਬ ਕੁਝ-ਕੁਝ ਇੱਥੇ ਮਿਲ ਰਹੇ ਸਨ। ਪਰ ਅਮਨ ਦੇ ਮਨ ਵਿਚ ਭਾਵਨਾਵਾਂ ਅਜੇ ਵੀ ਭਾਰੂ ਸਨ। ਇਕ ਨਿਸ਼ਚਿਤ ਦਿਸ਼ਾ ਦੀ ਭਾਲ ਅਜੇ ਵੀ ਜਾਰੀ ਸੀ।

ਪਿਤਾ ਜੀ ਨੂੰ ਅਮਨ ਦੀ ਇਸ ਸਥਿਤੀ ਦਾ ਅਹਿਸਾਸ ਸੀ। ਉਨ੍ਹਾਂ ਨੂੰ ਪਤਾ ਸੀ ਕਿ ਵਿਚਾਰਾਂ ਦੇ ਪੱਕਣ, ਬਣਨ ਅਤੇ ਨਿੱਖਰਨ ਦਾ ਇਕ ਅਮਲ ਹੁੰਦਾ ਹੈ। ਇਸ ਲਈ ਉਨ੍ਹਾਂ ਨੇ ਇਸ ਗੱਲ ਨੂੰ ਇੱਥੇ ਹੀ ਛੱਡ ਦੇਣਾ ਠੀਕ ਸਮਝਿਆ ਸੀ।

“ਥੋੜ੍ਹਾ ਸੋਚੋ। ਜੋ ਗੱਲਾਂ ਅਸੀਂ ਕੀਤੀਆਂ ਉਨ੍ਹਾਂ ਉੱਪਰ ਥੋੜ੍ਹਾ ਵਿਚਾਰ ਕਰੋ। ਕੁਝ ਸਮਾਂ ਲਓ ਅਤੇ ਅਸੀਂ ਅੱਗੇ ਹੋਰ ਗੱਲ ਕਰਾਂਗੇ।” ਇਹ ਕਹਿੰਦੇ ਹੋਏ ਪਿਤਾ ਜੀ ਉੱਠ ਖੜ੍ਹੇ ਅਤੇ ਨਾਲ ਉਸ ਨੂੰ ਵੀ ਉਠਾਉਣ ਲੱਗੇ।

“ਇਕ ਗੱਲ ਹੋਰ। ਜੋ ਤੇਰੇ ਉੱਪਰ ਗੁਜ਼ਰੀ ਉਹ ਸਰਾਸਰ ਅਨਿਆਂ ਸੀ। ਸ਼ੁਕਰ ਏ ਤੁਹਾਡੇ ਦੋਸਤ ਦਾ ਕਿ ਤੁਸੀਂ ਸਹੀ-ਸਲਾਮਤ ਹੋ। ਉਸ ਨੂੰ ਜ਼ਰੂਰ ਚੇਤੇ ਰੱਖਣਾ।” ਜਦੋਂ ਉਹ ਦਰਵਾਜ਼ੇ ਵੱਲ ਵਧ ਰਹੇ ਸਨ ਤਾਂ ਇਕ ਵਾਰ ਫਿਰ ਰੁਕੇ, “ਮੈਨੂੰ ਨਹੀਂ ਲੱਗਦਾ ਤੇਰੀ ਸਥਿਤੀ ਇਗਜ਼ਾਮ ਦੇਣ ਦੇ ਲਾਇਕ ਹੈ। ਮੈਂ ਤਾਂ ਇਹ ਵੀ ਰਾਇ ਦਿਆਂਗਾ ਕਿ ਤੂੰ ਉਸ ਯੂਨੀਵਰਸਿਟੀ ਵਿਚ ਨਾ ਜਾ। ਜਿੱਥੋਂ ਤੱਕ ਪੜ੍ਹਾਈ ਦਾ ਸਵਾਲ ਹੈ, ਉਸ ਲਈ ਤੂੰ ਆਪਣੇ ਭਰਾ ਕੋਲ ਚਲਿਆ ਜਾਹ ਅਤੇ ਉੱਥੇ ਕਿਸੇ ਵੀ ਕਾਲਜ ਤੋਂ ਪੜ੍ਹਾਈ ਪੂਰੀ ਕਰਨ ਦੀ ਕੋਸ਼ਿਸ਼ ਕਰ

ਲਈਂ।"

ਇਮਤਿਹਾਨ ਨੂੰ ਲੈ ਕੇ ਅਮਨ ਵੀ ਅਜੇ ਬਹੁਤ ਸ਼ਸ਼ੋਪੰਜ ਦੀ ਹਾਲਤ 'ਚ ਸੀ। ਮੇਨ ਸਬਜੈਕਟ ਤਾਂ ਫਿਰ ਵੀ ਠੀਕ-ਠਾਕ ਪਾਸ ਕਰ ਲਵੇਗਾ ਪਰ ਪੰਜਾਬੀ ਦਾ ਪੇਪਰ ਉਸਦੇ ਲਈ ਸਿਰਦਰਦੀ ਬਣਿਆ ਹੋਇਆ ਸੀ। ਉਹ ਪੰਜਾਬੀ ਪੜ੍ਹ ਤਾਂ ਲੈਂਦਾ ਸੀ ਪਰ ਕਵਿਤਾਵਾਂ ਅਤੇ ਕਾਵਿ ਉੱਪਰ ਆਪਣੀ ਲਿਖਤੀ ਰਾਇ ਦੇਣਾ ਉਸ ਦੇ ਲਈ ਜ਼ਿਆਦਾ ਹੀ ਮੁਸ਼ਕਲ ਸੀ। ਤੇ ਇਸ ਯੂਨੀਵਰਸਿਟੀ ਵਿਚ ਪੰਜਾਬੀ ਵਿਚ ਫੇਲ੍ਹ ਤਾਂ ਫੇਲ੍ਹ। ਦੂਜੇ ਕਾਲਜ ਜਾਂ ਯੂਨੀਵਰਸਿਟੀ 'ਚ ਇਸ ਸਮੇਂ ਦਾਖ਼ਲਾ ਜ਼ਰਾ ਮੁਸ਼ਕਲ ਸੀ ਕਿਉਂਕਿ ਇਹ ਇਮਤਿਹਾਨ ਦਾ ਸਮਾਂ ਸੀ। ਇਸ ਦੇ ਲਈ ਉਸ ਨੂੰ ਇੰਤਜ਼ਾਰ ਹੀ ਨਹੀਂ ਕਰਨਾ ਪਵੇਗਾ ਸਗੋਂ ਪੜ੍ਹਾਈ ਦੇ ਕੁਝ ਸਾਲ ਵੀ ਬਰਬਾਦ ਕਰਨੇ ਪੈਣਗੇ। ਪਿਤਾ ਜੀ ਵੱਲ ਨਜ਼ਰਾਂ ਚੁੱਕ ਕੇ ਉਸ ਨੇ ਇਹ ਸਮੱਸਿਆ ਜ਼ਾਹਿਰ ਕੀਤੀ।

"ਇਸ ਵਿਚ ਮੇਰੇ ਸਾਲ ਬਰਬਾਦ ਹੋ ਜਾਣਗੇ। ਮੈਂ ਪਿੱਛੇ ਰਹਿ ਜਾਵਾਂਗਾ..."

ਅਮਨ ਦੇ ਪਿਤਾ ਜੀ ਨੇ ਵੀ ਇਸ ਮੁੱਦੇ ਉੱਪਰ ਮਿੰਟ ਕੁ ਲਈ ਸੋਚਿਆ। "ਇਕ ਇਨਸਾਨ ਦੀ ਜ਼ਿੰਦਗੀ ਦੇ ਅੱਸੀ ਸਾਲਾਂ 'ਚ ਜੇ ਇਕ ਜਾਂ ਦੋ ਸਾਲਾਂ ਨੂੰ ਮਨਫ਼ੀ ਵੀ ਕਰ ਦਿਓ ਤਾਂ ਬਿਹਤਰੀ ਲਈ ਚੁੱਕਿਆ ਇਹ ਕਦਮ ਕੋਈ ਮਾੜਾ ਨਹੀਂ ਹੈ। ਵੱਧ ਤੋਂ ਵੱਧ ਕੀ ਹੋਵੇਗਾ। ਤੁਹਾਡਾ ਕੈਰੀਅਰ ਥੋੜ੍ਹਾ ਲੇਟ ਸ਼ੁਰੂ ਹੋਵੇਗਾ। ਲੋਕ ਇੰਜੀਨੀਰਿੰਗ ਜਾਂ ਆਈ.ਏ.ਐੱਸ. ਵਿਚ ਦਾਖ਼ਲਾ ਲੈਣ ਲਈ ਵੀ ਤਾਂ ਕਈ ਸਾਲ ਲਗਾ ਦਿੰਦੇ ਨੇ। ਤੂੰ ਵੀ ਇਹੀ ਸਮਝਣਾ।" ਉਹ ਇਕ ਪਲ ਲਈ ਰੁਕੇ ਅਤੇ ਫਿਰ ਬੋਲੇ, "ਥੋੜ੍ਹਾ ਸੋਚ ਲੈ ਇਸ ਉੱਪਰ। ਵਾਪਸ ਉਸ ਜਗ੍ਹਾ 'ਤੇ ਭੇਜਣ 'ਚ ਮੈਨੂੰ ਵੀ ਥੋੜ੍ਹੀ ਸਮੱਸਿਆ ਹੋਵੇਗੀ। ਹਮੇਸ਼ਾ ਤੇਰੀ ਚਿੰਤਾ ਰਹੇਗੀ।"

ਇਸ ਤੋਂ ਬਾਅਦ ਉਸ ਦਿਨ ਕੋਈ ਗੱਲ ਨਾ ਹੋਈ। ਉਸ ਤੋਂ ਬਾਅਦ ਅਮਨ ਸਿਰਫ਼ ਦੋ ਦਿਨ ਉੱਥੇ ਰਿਹਾ। ਤੀਜੇ ਦਿਨ ਉਸ ਨੇ ਨਵੇਂ ਸ਼ਹਿਰ ਵੱਲ ਰੁਖ ਕਰ ਲਿਆ। ਪਰ ਜਾਣ ਤੋਂ ਪਹਿਲਾਂ ਉਸ ਦੀ ਮੁਲਾਕਾਤ ਸੁਖਦੇਵ ਨਾਲ ਹੋ ਗਈ।

ਪਿਤਾ ਜੀ ਨੇ ਹਰ ਬੱਚੇ ਦੇ ਨਾਂ 'ਤੇ ਬੀਮਾ ਯੋਜਨਾ ਲਈ ਹੋਈ ਸੀ। ਉਹ ਚਾਹੁੰਦੇ ਸਨ ਕਿ ਅਮਨ ਜਾਣ ਤੋਂ ਪਹਿਲਾਂ ਬੀਮਾ ਕੰਪਨੀ 'ਚ ਜਾ ਕੇ ਆਪਣੇ ਬੀਮੇ ਦਾ ਪੰਜਾਬ 'ਚ ਤਬਾਦਲਾ ਕਰਵਾ ਲਏ। ਇਸ ਦੇ ਲਈ ਉਸ ਨੂੰ ਆਪਣੇ ਕੁਝ ਕਾਗਜ਼ ਵੀ ਇਕੱਠੇ ਕਰਨ ਦੀ ਜ਼ਰੂਰਤ ਸੀ। ਉਂਝ ਤਾਂ ਅਮਨ ਘਰੋਂ ਬਾਹਰ ਨਿਕਲਣ ਨੂੰ ਰਾਜ਼ੀ ਨਹੀਂ ਸੀ। ਪਰ ਜਾਣਾ ਤਾਂ ਪੈਣਾ ਹੀ ਸੀ। ਉਸ ਨੇ ਆਪਣੀ ਟਿਕਟ ਵੀ ਤਾਂ ਬੁੱਕ ਕਰਵਾਉਣੀ ਸੀ। ਪਿਤਾ ਜੀ ਨੇ ਆਪਣੇ ਇਕ ਸਟਾਫ਼ ਨੂੰ ਉਸ ਦੇ ਨਾਲ ਭੇਜਿਆ ਸੀ। ਜਦੋਂ ਉਹ ਬੀਮਾ ਦਫ਼ਤਰ ਪਹੁੰਚਾ ਤਾਂ ਗੇਟ ਉੱਪਰ ਹੀ ਉਸ ਨੂੰ ਸੁਖਦੇਵ ਮਿਲ ਗਿਆ। ਅਮਨ ਨੂੰ ਪਤਾ ਨਹੀਂ ਸੀ ਕਿ ਸੁਖਦੇਵ ਦਿੱਲੀ ਤੋਂ ਕਦੋਂ ਆਇਆ ਸੀ। ਸਤਿਕਾਰ ਨਾਲ ਅਮਨ ਨੇ ਉਸ ਦੇ ਪੈਰੀਂ ਹੱਥ ਲਾਏ। ਹਾਲਾਂਕਿ ਸੁਖਦੇਵ ਹਮੇਸ਼ਾ ਪੈਰੀਂ ਹੱਥ ਲਾਉਣ ਦੀ ਇਸ ਪ੍ਰਥਾ ਤੋਂ ਦੂਰ ਰਹਿਣਾ ਚਾਹੁੰਦਾ ਸੀ। ਖ਼ਾਸ ਕਰਕੇ ਆਪਣੇ ਹਮਉਮਰ ਜਾਂ ਛੋਟੇ ਭਰਾਵਾਂ ਨਾਲ। ਉਸ ਦੀ ਕੋਸ਼ਿਸ਼ ਰਹਿੰਦੀ ਸੀ ਕਿ ਉਨ੍ਹਾਂ ਨਾਲ ਖੁੱਲ੍ਹ ਕੇ ਗੱਲ ਕੀਤੀ ਜਾਵੇ ਜਾਂ ਹਾਸਾ-ਮਖੌਲ ਕਰੇ।

"ਬਈ ਤੂੰ ਕਦੋਂ ਆਇਆਂ ?" ਪੈਰੀਂ ਹੱਥ ਲਾਉਣ ਦੇ ਸਿਲਸਿਲੇ ਨੂੰ ਵਿਚਾਲਿਓਂ ਰੋਕਦਿਆਂ ਸੁਖਦੇਵ ਨੇ ਉਸ ਨੂੰ ਗਲਵੱਕੜੀ 'ਚ ਲੈ ਲਿਆ ਸੀ। ਇਹ ਸ਼ਾਇਦ ਪਹਿਲੀ ਵਾਰ ਸੀ। "ਸੁਣ ਭਾਈ! ਹੁਣ ਤੂੰ ਵੱਡਾ ਹੋ ਗਿਆਂ। ਯੂਨੀਵਰਸਿਟੀ 'ਚ ਪੜ੍ਹਦਾ ਏਂ। ਹੁਣ ਇਹ ਪੈਰੀਂ ਹੱਥ ਨਾ ਲਾਇਆ ਕਰ। ਮੈਨੂੰ ਵੀ ਬੁੱਢੇ ਹੋਣ ਦਾ ਅਹਿਸਾਸ ਕਰਾਉਂਦਾ ਹੈ। ਹੁਣੇ-ਹੁਣੇ ਤਾਂ ਪਿਓ ਬਣਿਆ ਹਾਂ।"

ਦੰਗੇ ਦੌਰਾਨ ਸੁਖਦੇਵ ਦੀ ਪਤਨੀ ਨੂੰ ਚੌਥਾ ਮਹੀਨਾ ਚੱਲ ਰਿਹਾ ਸੀ। ਅਜੇ ਦੋ ਮਹੀਨੇ ਪਹਿਲਾਂ ਹੀ ਬੇਟੀ ਨੇ ਜਨਮ ਲਿਆ ਸੀ।

"ਅਜੇ ਥੋੜ੍ਹੇ ਦਿਨ ਪਹਿਲਾਂ ਹੀ ਆਇਆ ਹਾਂ। ਹੁਣ ਵਾਪਸ ਜਾਣ ਵਾਲਾ ਹਾਂ।" ਅਮਨ ਨੇ ਥੋੜ੍ਹਾ ਝਿਜਕ ਨਾਲ ਗੱਲ ਕੀਤੀ। ਫਿਰ ਉਸ ਨੇ ਗੱਲ ਦਾ ਮੁਹਾਣ ਮੋੜਦੇ ਹੋਏ ਕਿਹਾ, "ਤੁਸੀਂ ਕਿਵੇਂ ਹੋ ? ਇੱਧਰ ਕਿਵੇਂ ?"

"ਮੈਂ ਬਿਲਕੁਲ ਠੀਕ ਹਾਂ। ਇੱਥੇ ਕੁਝ ਕੰਮ ਸੀ।" ਸੁਖਦੇਵ ਨੇ ਗੱਲ ਫਿਰ ਉਸੇ ਪਾਸੇ ਮੋੜੀ। "ਸੁਣੋ, ਤੁਸੀਂ ਪਟਿਆਲਾ ਯੂਨੀਵਰਸਿਟੀ 'ਚ ਹੋ ਨਾ। ਮੈਂ ਹੁਣੇ ਜਹੇ ਉੱਥੇ ਦੋ ਦਿਨ ਲਈ ਗਿਆ ਸੀ। ਤੈਨੂੰ ਮਿਲਣਾ ਸੀ ਪਰ ਕਰਨ ਨੇ ਦੱਸਿਆ ਕਿ ਤੂੰ ਉੱਥੇ ਨਹੀਂ ਏਂ।"

"ਹਾਂ, ਮੈਂ ਏਧਰ ਆਇਆ ਹੋਇਆ ਸੀ। ਥੋੜ੍ਹੇ ਦਿਨ ਬਾਅਦ ਜਾਵਾਂਗਾ।" ਹੁਣ ਅਮਨ ਦੀ ਕੋਸ਼ਿਸ਼ ਸੀ ਕਿ ਆਪਣੀ ਦੁਬਿਧਾ ਨੂੰ ਸੁਖਦੇਵ ਕੋਲ ਉਜਾਗਰ ਨਾ ਹੋਣ ਦੇਵੇ। ਕਿਉਂਕਿ ਉਸ ਨੇ ਅਜੇ ਤੱਕ ਯੂਨੀਵਰਸਿਟੀ ਵਾਪਸ ਨਾ ਜਾਣ ਦੇ ਫ਼ੈਸਲੇ ਉੱਪਰ ਪੂਰੀ ਤਰ੍ਹਾਂ ਸੋਚ-ਵਿਚਾਰ ਨਹੀਂ ਕੀਤੀ ਸੀ। ਇਸ ਬਾਰੇ ਉਹ ਲੋਕਾਂ ਨੂੰ ਕੀ ਕਹੇਗਾ। ਇਸ ਉੱਪਰ ਅਜੇ ਤੱਕ ਸੋਚਿਆ ਨਹੀਂ ਸੀ।

"ਮੇਰੇ ਕੁਝ ਦੋਸਤ ਨੇ ਉੱਥੇ। ਮੈਂ ਉਨ੍ਹਾਂ ਨੂੰ ਮਿਲਣ ਜਾਂਦਾ ਰਹਿੰਦਾ ਹਾਂ। ਤੁਸੀਂ ਦੱਸੋ ਉੱਥੇ ਕਦੋਂ ਜਾ ਰਹੇ ਹੋ ? ਮੈਂ ਤੁਹਾਨੂੰ ਉੱਥੇ ਮਿਲਣ ਆਵਾਂਗਾ..." ਸੁਖਦੇਵ ਅਜੇ ਵੀ ਉਸੇ ਗੱਲ ਦਾ ਰਾਗ ਅਲਾਪ ਰਿਹਾ ਸੀ ਜਿਸ ਤੋਂ ਅਮਨ ਬਚਣਾ ਚਾਹ ਰਿਹਾ ਸੀ।

"ਠੀਕ ਏ। ਜਦੋਂ ਜਾਵਾਂਗਾ ਤਾਂ ਤੁਹਾਨੂੰ ਇਤਲਾਹ ਦੇ ਦਿਆਂਗਾ।" ਅਮਨ ਨੇ ਉਂਝ ਹੀ ਕਹਿ ਦਿੱਤਾ।

"ਪਰ ਤੇਰਾ ਉੱਥੋਂ ਦਾ ਐਡਰੈੱਸ ਕੀ ਏ ? ਹੌਸਟਲ ਦਾ ਨਾਮ ਅਤੇ ਕਮਰਾ ਨੰਬਰ, ਕੁਝ ਤਾਂ ਹੋਏਗਾ ?" ਸੁਖਦੇਵ ਪੂਰਾ ਦ੍ਰਿੜ ਸੀ। ਉਸ ਨੇ ਆਪਣੀ ਪੈਂਟ ਦੀ ਜੇਬ ਵਿੱਚੋਂ ਨਿੱਕੀ ਜਹੀ ਡਾਇਰੀ ਅਤੇ ਉੱਤੇ ਪਾਈ ਕਮੀਜ਼ ਦੀ ਜੇਬ 'ਚ ਲੱਗਿਆ ਪੈੱਨ ਬਾਹਰ ਕੱਢਦੇ ਹੋਏ ਪੁੱਛਿਆ।

ਅਮਨ ਨੇ ਉਸੇ ਤਰ੍ਹਾਂ ਬਚਣ ਦੀ ਕੋਸ਼ਿਸ਼ ਜਾਰੀ ਰੱਖੀ। "ਅਜੇ ਹੌਸਟਲ ਹੈ ਨਹੀਂ। ਇਗਜ਼ਾਮ ਹੋਣ ਵਾਲੇ ਨੇ, ਇਸ ਲਈ ਛੁੱਟੀਆਂ ਚੱਲ ਰਹੀਆਂ ਹਨ। ਸੈਸ਼ਨ ਓਵਰ ਹੋ ਗਿਆ ਹੈ। ਇਸ ਲਈ ਹੌਸਟਲ ਦੀ ਅਲਾਟਮੈਂਟ ਦੁਬਾਰਾ ਹੋਵੇਗੀ ਫਿਰ ਕਮਰਾ ਮਿਲੇਗਾ।"

"ਠੀਕ ਹੈ, ਤਾਂ ਫਿਰ ਟਚ ਵਿਚ ਰਹਿਣਾ। ਉੱਥੇ ਮਿਲਾਂਗੇ।" ਸੁਖਦੇਵ ਨੇ ਇਹ

ਕਹਿੰਦੇ ਹੋਏ ਗੱਲ ਦਾ ਰੁਖ ਮੋੜਿਆ, "ਚਾਚਾ ਜੀ ਠੀਕ ਨੇ ?"

"ਹਾਂਜੀ ਸਭ ਠੀਕ ਹੈ। ਤੁਸੀਂ ਘਰ ਆਉਣਾ।" ਅਮਨ ਨੇ ਉੱਥੋਂ ਤੁਰਨ ਦੀ ਮੁਦਰਾ 'ਚ ਕਿਹਾ।

"ਕੋਸ਼ਿਸ਼ ਕਰਾਂਗਾ। ਮੈਂ ਵਾਪਸ ਵੀ ਮੁੜਨਾ ਏ।" ਇਹ ਕਹਿੰਦੇ ਹੋਏ ਸੁਖਦੇਵ ਨੇ ਅਮਨ ਦੀ ਬਾਂਹ ਫੜ ਕੇ ਥੋੜ੍ਹਾ ਘੁੱਟੀ ਅਤੇ ਫਿਰ ਚੱਲ ਪਿਆ।

ਸੁਖਦੇਵ ਸ਼ਹਿਰ ਵਿਚ ਥੋੜ੍ਹੇ ਸਮੇਂ ਲਈ ਆਇਆ ਸੀ। ਉਸ ਦੇ ਪਿਤਾ ਜੀ ਆਪਣੇ ਕੰਮ-ਕਾਜ ਨੂੰ ਸਮੇਟਣ ਦੇ ਅਮਲ 'ਚ ਸਨ। ਉਸ ਦੇ ਸਾਰੇ ਭਰਾ ਲੱਗਭੱਗ ਪੰਜਾਬ ਜਾ ਚੁੱਕੇ ਸਨ ਜਾਂ ਜਾਣ ਦੇ ਅਮਲ 'ਚ ਸਨ। ਇਹੀ ਹਾਲ ਅਮਨ ਦੇ ਹੋਰ ਰਿਸ਼ਤੇਦਾਰਾਂ ਦਾ ਸੀ। ਇਹੀ ਸਥਿਤੀ ਲੱਗਭੱਗ ਸਾਰੇ ਸਿੱਖ ਪਰਿਵਾਰਾਂ ਦੀ ਸੀ। ਜਾਂ ਤਾਂ ਉਹ ਜਾ ਚੁੱਕੇ ਸਨ ਜਾਂ ਫਿਰ ਜਾਣ ਦੇ ਅਮਲ 'ਚ ਸਨ। ਹਾਂ, ਕੁਝ ਅਜਿਹੇ ਵੀ ਸਨ ਜੋ ਅਜੇ ਤੱਕ ਨਹੀਂ ਗਏ ਸਨ ਅਤੇ ਨਾ ਹੀ ਜਾਣਾ ਚਾਹੁੰਦੇ ਸਨ। ਪਰ ਉਨ੍ਹਾਂ ਦੀ ਗਿਣਤੀ ਥੋੜ੍ਹੀ ਹੀ ਸੀ।

ਜਦੋਂ ਤੋਂ ਅਮਨ ਪੰਜਾਬ ਤੋਂ ਆਇਆ ਸੀ ਇਹ ਪਹਿਲਾ ਮੌਕਾ ਸੀ ਕਿ ਉਸ ਦੀ ਆਪਣੇ ਮਾਤਾ-ਪਿਤਾ ਤੋਂ ਇਲਾਵਾ ਪਰਿਵਾਰ ਦੇ ਕਿਸੇ ਹੋਰ ਜੀਅ ਨਾਲ ਮੁਲਾਕਾਤ ਹੋਈ ਸੀ। ਉਹ ਨਾ ਤਾਂ ਕਿਸੇ ਨੂੰ ਮਿਲਿਆ ਸੀ ਅਤੇ ਨਾ ਹੀ ਉਸ ਦੀ ਕਿਸੇ ਨੂੰ ਮਿਲਣ ਦੀ ਇੱਛਾ ਸੀ। ਅਮਨ ਦੇ ਵਿਹਾਰ ਨਾਲ ਸੁਖਦੇਵ ਨੂੰ ਥੋੜ੍ਹੀ ਹੈਰਾਨੀ ਹੋਈ ਸੀ। ਉਸ ਨੂੰ ਲੱਗ ਰਿਹਾ ਸੀ ਕਿ ਅਮਨ ਉਸ ਨਾਲ ਗੱਲਬਾਤ ਤੋਂ ਕਤਰਾ ਰਿਹਾ ਹੈ। ਬਾਅਦ ਵਿਚ ਜਦੋਂ ਸੁਖਦੇਵ ਨੇ ਅਮਨ ਦੀ ਬਾਂਹ ਫੜੀ ਸੀ ਤਾਂ ਉਸ ਨੂੰ ਬਾਂਹ ਕਾਫ਼ੀ ਠੰਡੀ ਲੱਗੀ ਸੀ ਅਤੇ ਥੋੜ੍ਹਾ ਪਸੀਨੇ ਦਾ ਅਹਿਸਾਸ ਵੀ ਹੋਇਆ ਸੀ ਜਿਵੇਂ ਅਮਨ ਘਬਰਾਹਟ 'ਚ ਹੋਵੇ। ਇਹੀ ਸਭ ਸੋਚਦੇ ਹੋਏ ਉਹ ਆਪਣਾ ਟਿਕਟ ਬੁੱਕ ਕਰਵਾਉਣ ਲਈ ਸਟੇਸ਼ਨ 'ਤੇ ਗਿਆ। ਉਸ ਸਮੇਂ ਦਾ ਸਟੇਸ਼ਨ ਮਾਸਟਰ ਉਹੀ ਸੀ ਜਿਸ ਨੇ ਇਕ ਨਵੰਬਰ ਚੌਰਾਸੀ ਦੇ ਦਿਨ ਸਟੇਸ਼ਨ ਦੇ ਹਾਲਾਤ ਦੇਖ ਕੇ ਪਹਿਲਾਂ ਟਰੇਨ, ਫਿਰ ਜ਼ਖ਼ਮੀ ਸੁਖਦੇਵ ਅਤੇ ਹੋਰ ਸਿੱਖ ਮੁਸਾਫ਼ਰ ਵਾਲੀ ਪਾਇਲਟ ਟਰੇਨ ਨੂੰ ਉੱਥੇ ਰੁਕਣ ਨਹੀਂ ਦਿੱਤਾ ਸੀ। ਬਾਅਦ 'ਚ ਉਸੇ ਸ਼ਾਮ ਨੂੰ ਲਹੂ-ਲੁਹਾਣ ਹਾਲਤ 'ਚ ਸੁਖਦੇਵ ਅਤੇ ਦੂਜੇ ਸਿੱਖ ਮੁਸਾਫ਼ਰ ਨੂੰ ਦੇਖਿਆ ਸੀ ਅਤੇ ਫਿਰ ਪੁਲਿਸ ਨੂੰ ਸੂਚਨਾ ਦੇ ਕੇ ਸੁਖਦੇਵ ਨੂੰ ਹਸਪਤਾਲ ਭੇਜਣ 'ਚ ਮੱਦਦ ਕੀਤੀ ਸੀ। ਥੋੜ੍ਹੇ ਦਿਨ ਬਾਅਦ ਸਥਿਤੀ ਕੁਝ ਸਹਿਜ ਹੋਣ 'ਤੇ ਉਹ ਸੁਖਦੇਵ ਦੇ ਪਰਿਵਾਰ ਨੂੰ ਮਿਲਣ ਵੀ ਗਿਆ ਸੀ। ਸੁਖਦੇਵ ਦੇ ਪਿਤਾ ਜੀ ਨਾਲ ਉਸ ਦੇ ਚੰਗੇ ਰਿਸ਼ਤੇ ਬਣ ਗਏ ਸਨ।

ਅੱਜ ਵੀ ਸੁਖਦੇਵ ਦੇ ਪਿਤਾ ਜੀ ਨੇ ਉਸ ਸਟੇਸ਼ਨ ਮਾਸਟਰ ਨੂੰ ਫ਼ੋਨ ਕਰਕੇ ਸੁਖਦੇਵ ਦੇ ਲਈ ਫਸਟ ਕਲਾਸ ਦੀ ਟਿਕਟ ਕੱਟਣ ਦੀ ਬੇਨਤੀ ਕੀਤੀ ਸੀ। ਕਿਉਂਕਿ ਸੁਖਦੇਵ ਉੱਪਰ ਹੋਏ ਹਮਲੇ ਦਾ ਕੇਸ ਦਰਜ ਹੋ ਚੁੱਕਾ ਸੀ ਇਸ ਲਈ ਸੁਖਦੇਵ ਦੇ ਪਿਤਾ ਜੀ ਹੁਣ ਉਸ ਨੂੰ ਆਮ ਡੱਬੇ ਵਿਚ ਸਫ਼ਰ ਨਹੀਂ ਕਰਨ ਦਿੰਦੇ ਸਨ। ਸਟੇਸ਼ਨ ਪਹੁੰਚ ਕੇ ਸੁਖਦੇਵ ਸਟੇਸ਼ਨ ਮਾਸਟਰ ਨੂੰ ਮਿਲਿਆ, ਆਪਣੇ ਹਾਲ-ਚਾਲ ਉੱਪਰ ਚਰਚਾ ਕੀਤੀ ਅਤੇ ਫਿਰ ਆਪਣੀ ਅਗਲੇ ਦਿਨ

ਦੀ ਟਿਕਟ ਲੈ ਕੇ ਵਾਪਸ ਘਰ ਚਲਾ ਗਿਆ।

ਉੱਧਰ ਅਮਨ ਵੀ ਬੀਮਾ ਆਫ਼ਿਸ ਤੋਂ ਕੰਮ ਨਿਬੇੜ ਕੇ ਸਿੱਧਾ ਸਟੇਸ਼ਨ ’ਤੇ ਪਹੁੰਚਿਆ ਅਤੇ ਉਸ ਨੂੰ ਵੀ ਦੂਜੇ ਦਿਨ ਦੀ ਟਿਕਟ ਮਿਲ ਗਈ। ਇਸ ਤਰ੍ਹਾਂ ਇਕ ਵਾਰ ਫਿਰ ਦੂਜੇ ਹੀ ਦਿਨ ਦੋਹਾਂ ਭਰਾਵਾਂ ਦਾ ਮੇਲ ਸਟੇਸ਼ਨ ’ਤੇ ਹੋ ਗਿਆ। ਸੁਖਦੇਵ ਦਿੱਲੀ ਜਾ ਰਿਹਾ ਸੀ ਅਤੇ ਅਮਨ ਆਪਣੇ ਭਰਾ ਦੇ ਨਵੇਂ ਸ਼ਹਿਰ ਚੰਡੀਗੜ੍ਹ ਦੇ ਕੋਲ ਮੋਹਾਲੀ। ਦੋਵੇਂ ਹੀ ਇਕ ਦੂਜੇ ਦੇ ਸਫ਼ਰ ਤੋਂ ਬੇਖ਼ਬਰ ਸਨ।

ਸੁਖਦੇਵ ਦੇ ਮਨ ’ਚ ਅਜੇ ਵੀ ਅਮਨ ਦੇ ਕੱਲ੍ਹ ਦੇ ਵਿਹਾਰ ਪ੍ਰਤੀ ਥੋੜ੍ਹਾ ਸ਼ੱਕ ਸੀ। ਪੰਜਾਬ ’ਚ ਉਸ ਦੇ ਕੁਝ ਨਵੇਂ ਸਾਥੀ ਬਣੇ ਸਨ ਜੋ ਸੁਖਦੇਵ ਦੇ ਰਾਜਨੀਤਕ ਵਿਚਾਰਾਂ ਅਤੇ ਸਮਾਜਿਕ ਸੰਸਥਾਗਤ ਸਰਗਰਮੀਆਂ ’ਚ ਉਸ ਦੇ ਨਾਲ ਸਨ। ਇਸ ਲਈ ਉਹ ਉੱਥੋਂ ਦੇ ਮਾਹੌਲ ਤੋਂ ਅਣਭਿੱਜ ਨਹੀਂ ਸੀ। ਦਹਿਸ਼ਤਵਾਦ ਅਤੇ ਹਕੂਮਤੀ ਜਬਰ ਦੀਆਂ ਸਰਗਰਮੀਆਂ ਉੱਪਰ ਆਏ ਦਿਨ ਉਸ ਦੀ ਆਪਣੇ ਪੰਜਾਬ ਦੇ ਸਾਥੀਆਂ ਨਾਲ ਚਰਚਾ ਹੁੰਦੀ ਰਹਿੰਦੀ ਸੀ। ਉਹ ਅਕਸਰ ਉਨ੍ਹਾਂ ਨੂੰ ਮਿਲਣ ਵੀ ਜਾਂਦਾ ਰਹਿੰਦਾ ਸੀ। ਇਸ ਲਈ ਉਹ ਅਮਨ ਦੇ ਬਾਰੇ ਥੋੜ੍ਹਾ ਫ਼ਿਕਰਮੰਦ ਸੀ। ਦੂਜਾ, ਉਸ ਪੂਰੇ ਪਰਿਵਾਰ ’ਚ ਸਿਰਫ਼ ਅਮਨ ਹੀ ਉਸ ਦਾ ਐਸਾ ਭਰਾ ਸੀ ਜਿਸ ਨੇ ਕਾਲਜ ਦੀ ਪੜ੍ਹਾਈ ਜਾਰੀ ਰੱਖੀ ਹੋਈ ਸੀ। ਉਸ ਦੇ ਹੋਰ ਚਚੇਰੇ ਭਾਈ ਪੜ੍ਹਾਈ ਛੱਡ ਕੇ ਕਾਰੋਬਾਰ ’ਚ ਲੱਗ ਗਏ ਸਨ।

ਅਮਨ ਅਤੇ ਸੁਖਦੇਵ ਦਾ ਟਰੇਨ ਵਿਚ ਡੱਬਾ ਵੱਖ-ਵੱਖ ਸੀ। ਸਟੇਸ਼ਨ ਉੱਪਰ ਜ਼ਿਆਦਾ ਗੱਲਬਾਤ ਨਾ ਹੋ ਸਕੀ। ਉਂਝ ਵੀ ਟਰੇਨ ਇੱਥੇ ਸਿਰਫ਼ ਦੋ ਮਿੰਟ ਹੀ ਰੁਕਦੀ ਸੀ। ਸ਼ਾਮ ਦੇ ਛੇ ਵੱਜੇ ਸਨ। ਜਦੋਂ ਟਰੇਨ ਉੱਥੋਂ ਚੱਲੀ। ਸੁਖਦੇਵ ਫਸਟ ਕਲਾਸ ਦੇ ਕੈਬਿਨ ’ਚ ਇਕੱਲਾ ਹੀ ਸੀ। ਹੋਰ ਮੁਸਾਫ਼ਰ ਸ਼ਾਇਦ ਬਾਅਦ ਵਿਚ ਆਉਣ ਵਾਲੇ ਸਨ। ਦੂਜੇ ਪਾਸੇ, ਅਮਨ ਨੇ ਆਪਣਾ ਬੈਗ ਡੱਬੇ ਦੀ ਉੱਪਰਲੀ ਬਰਥ ਉੱਪਰ ਰੱਖਿਆ ਅਤੇ ਆਰਾਮ ਨਾਲ ਲੇਟ ਗਿਆ। ਤਕਰੀਬਨ ਦੋ ਘੰਟੇ ਬਾਅਦ ਰੇਲਵੇ ਸਟਾਫ਼ ਦੇ ਇਕ ਮੁਲਾਜ਼ਮ ਨੇ ਅਮਨ ਨੂੰ ਸੂਚਨਾ ਦਿੱਤੀ ਕਿ ਆਉਣ ਵਾਲੇ ਅਗਲੇ ਸਟੇਸ਼ਨ ’ਤੇ ਤੁਸੀਂ ਆਪਣੇ ਭਰਾ ਨਾਲ ਸ਼ਿਫਟ ਹੋ ਸਕਦੇ ਹੋ। ਸੁਖਦੇਵ ਨੇ ਫਸਟ ਕਲਾਸ ਦੇ ਟਿਕਟਾਂ ਚੈੱਕ ਕਰਨ ਵਾਲੇ ਟੀ.ਟੀ.ਈ. ਨਾਲ ਗੱਲ ਕਰਕੇ ਆਪਣੇ ਕੈਬਿਨ ’ਚ ਖਾਲੀ ਪਈ ਸੀਟ ਅਮਨ ਦੇ ਲਈ ਬੁੱਕ ਵਰਵਾ ਲਈ ਸੀ। ਇਸ ਤਰ੍ਹਾਂ ਨੌਂ ਵਜੇ ਦੇ ਕਰੀਬ ਅਮਨ ਆਪਣਾ ਸਮਾਨ ਲੈ ਕੇ ਫਸਟ ਕਲਾਸ ਡੱਬੇ ’ਚ ਸੁਖਦੇਵ ਕੋਲ ਚਲਾ ਗਿਆ।

ਅਮਨ ਚਾਹੁੰਦਾ ਤਾਂ ਨਹੀਂ ਸੀ ਪਰ ਸੁਖਦੇਵ ਉਸ ਦਾ ਵੱਡਾ ਭਰਾ ਸੀ ਇਸ ਲਈ ਉਸ ਦੀ ਗੱਲ ਨੂੰ ਟਾਲ ਨਾ ਸਕਿਆ।

“ਇਸ ਦੀ ਕੀ ਜ਼ਰੂਰਤ ਸੀ। ਮੈਂ ਉੱਥੇ ਠੀਕ ਤਾਂ ਸੀ।” ਅਮਨ ਨੇ ਆਦਰ ਜਤਾਉਂਦੇ ਹੋਏ ਆਪਣੀ ਗੱਲ ਕਹੀ।

“ਨਹੀਂ ਬਈ। ਏਥੇ ਸੀਟਾਂ ਖਾਲੀ ਪਈਆਂ ਸਨ ਤਾਂ ਮੈਂ ਤੈਨੂੰ ਸੱਦ ਲਿਆ। ਉਂਝ ਵੀ

ਮੈਂ ਇਕੱਲਾ ਬੋਰ ਹੀ ਹੋ ਰਿਹਾ ਸੀ।” ਸੁਖਦੇਵ ਨੇ ਉਸ ਦੇ ਮੋਢੇ ’ਤੇ ਹੱਥ ਰੱਖਦੇ ਹੋਏ ਭਰਾਵਾਂ ਦਰਮਿਆਨ ਵਿੱਥ ਨੂੰ ਮਿਟਾਉਣ ਦੇ ਮਕਸਦ ਨਾਲ ਕਿਹਾ।

ਸੁਖਦੇਵ ਦੀ ਕੋਸ਼ਿਸ਼ ਸੀ ਕਿ ਅਮਨ ਦੀ ਝਿਜਕ ਨੂੰ ਤੋੜੇ। ਉਸ ਦੇ ਨਾਲ ਇਕ ਹਾਣੀ ਵਾਲਾ ਰਿਸ਼ਤਾ ਬਣਾਵੇ। ਪਿਛਲੇ ਕੁਝ ਸਾਲਾਂ ਤੋਂ ਉਸ ਨੇ ਆਪਣੇ ਇਸ ਵਿਹਾਰ ’ਚ ਇਹ ਮੁਹਾਰਤ ਹਾਸਲ ਕਰ ਲਈ ਸੀ ਕਿ ਉਹ ਕਿਸੇ ਵੀ ਉਮਰ ਦੇ ਵਿਅਕਤੀ ਨਾਲ ਥੋੜ੍ਹੇ ਸਮੇਂ ’ਚ ਹੀ ਦੋਸਤਾਨਾ ਰਿਸ਼ਤਾ ਬਣਾ ਲੈਂਦਾ ਸੀ। ਆਪਣੇ ਵਿਚਾਰ ਸਾਂਝੇ ਕਰਨ ਖ਼ਾਤਰ ਉਸ ਦੇ ਲਈ ਇਹ ਜ਼ਰੂਰੀ ਸੀ ਕਿ ਉਹ ਪਹਿਲਾਂ ਆਮ ਵਿਚਾਰਾਂ ਵਾਲੇ ਮੁੱਦਿਆਂ ਨੂੰ ਤਲਾਸ਼ਦਾ ਸੀ ਅਤੇ ਫਿਰ ਗੱਲਬਾਤ ਦੇ ਲਈ ਜਗ੍ਹਾ ਬਣਾਉਂਦਾ ਸੀ। ਅਤੇ ਅਮਨ ਤਾਂ ਅਜੇ ਵਿਦਿਆਰਥੀ ਜ਼ਿੰਦਗੀ ’ਚ ਸੀ, ਪੰਜਾਬ ’ਚ ਸੀ, ਇਸ ਲਈ ਉਸ ਦੇ ਨਾਲ ਗੱਲਬਾਤ ਦੀ ਜਗ੍ਹਾ ਬਣਾਉਣ ’ਚ ਉਸ ਨੂੰ ਜ਼ਿਆਦਾ ਮੁਸ਼ਕਿਲ ਨਜ਼ਰ ਨਹੀਂ ਆ ਰਹੀ ਸੀ। ਪਰ ਫਿਰ ਵੀ ਉਹ ਅਮਨ ਦੇ ਵਿਹਾਰ ਤੋਂ ਫ਼ਿਕਰਮੰਦ ਸੀ ਅਤੇ ਉਸ ਨੂੰ ਇੰਝ ਮਹਿਸੂਸ ਹੋਇਆ ਸੀ ਕਿ ਉਹ ਗੱਲਬਾਤ ਕਰਨ ’ਚ ਸੰਕੋਚ ਦਿਖਾ ਰਿਹਾ ਹੈ।

“ਤੂੰ ਖਾਣਾ ਖਾ ਲਿਐ ?” ਸੁਖਦੇਵ ਨੇ ਗੱਲ ਅੱਗੇ ਤੋਰਨ ਲਈ ਕਿਹਾ।

ਅਮਨ ਨੇ ਢਿੱਲਾ ਜਿਹਾ ਜਵਾਬ ਹੀ ਦਿੱਤਾ, “ਨਹੀਂ, ਅਜੇ ਮਨ ਨਹੀਂ ਕਰ ਰਿਹਾ। ਮੈਂ ਲਿਆਇਆ ਤਾਂ ਹਾਂ। ਬਾਅਦ ’ਚ ਖਾ ਲਵਾਂਗਾ। ਤੁਸੀਂ ਖਾ ਲਓ।”

“ਠੀਕ ਐ, ਫਿਰ ਆਰਾਮ ਨਾਲ ਬੈਠੋ ਅਤੇ ਜਦੋਂ ਮਨ ਕਰੇਗਾ ਤਾਂ ਇਕੱਠੇ ਖਾ ਲਵਾਂਗੇ।” ਫਿਰ ਸੁਖਦੇਵ ਨੇ ਸਿੱਧਾ ਮੁੱਦੇ ਉੱਪਰ ਗੱਲ ਸ਼ੁਰੂ ਕਰ ਹੀ ਦਿੱਤੀ। “ਤੇ ਸੁਣਾਓ ਕੀ ਹਾਲ ਚੱਲ ਰਿਹਾ ਹੈ। ਤੁਸੀਂ ਕਿਹਾ ਸੀ ਕਿ ਇਗਜ਼ਾਮ ਦੀ ਤਿਆਰੀ ਕਰ ਰਹੇ ਹੋ। ਕਦੋਂ ਹੈ ਤੁਹਾਡਾ ਇਗਜ਼ਾਮ ?”

ਅਮਨ ਕੁਝ ਦੇਰ ਚੁੱਪ ਰਿਹਾ। ਹੁਣ ਉਸ ਨੂੰ ਲੱਗਣ ਲੱਗਿਆ ਸੀ ਕਿ ਗੱਲਬਾਤ ਦੀ ਦਿਸ਼ਾ ਮੋੜਨੀ ਚਾਹੀਦੀ ਹੈ। ਫਿਰ ਉਸ ਨੇ ਕੁਝ ਸੋਚ ਕੇ ਕਿਹਾ, “ਮੈਂ ਦਰਅਸਲ ਯੂਨੀਵਰਸਿਟੀ ਛੱਡਣ ਦੀ ਸੋਚ ਰਿਹਾ ਹਾਂ। ਆਪਣਾ ਟਰਾਂਸਫਰ ਚੰਡੀਗੜ੍ਹ ਵਾਲੀ ਯੂਨੀਵਰਸਿਟੀ ’ਚ ਕਰਵਾਉਣ ਜਾ ਰਿਹਾ ਹਾਂ। ਕਰਨ ਵੀਰ ਉੱਥੇ ਸੈੱਟਲ ਹੋ ਰਹੇ ਹਨ ਤਾਂ ਮੈਂ ਵੀ ਉਨ੍ਹਾਂ ਨਾਲ ਹੀ ਰਹਾਂਗਾ।”

“ਅਜਿਹਾ ਕਿਉਂ ਕਰ ਰਹੇ ਹੋ ? ਉਹ ਵੀ ਇਸ ਸਮੇਂ ਜਦੋਂ ਇਗਜ਼ਾਮ ਸ਼ੁਰੂ ਹੋਣ ਵਾਲੇ ਹਨ। ਅਗਲੇ ਸਾਲ ਕਿਉਂ ਨਹੀਂ ? ਤੇ ਦੂਜਾ ਕੀ ਤੁਸੀਂ ਘਰ ’ਚ ਰਹਿ ਕੇ ਪੜ੍ਹ ਸਕੋਗੇ ? ਉੱਥੇ ਯੂਨੀਵਰਸਿਟੀ ਵਿਚ ਤਾਂ ਪੜ੍ਹਨ ਦਾ ਮਾਹੌਲ ਵੀ ਹੈ। ਮੈਂ ਕੁਝ ਪ੍ਰੋਫੈਸਰਾਂ ਨੂੰ ਜਾਣਦਾ ਹਾਂ।” ਸੁਖਦੇਵ ਨੇ ਆਪਣੀ ਗੱਲ ’ਚ ਨਾ ਸਿਰਫ਼ ਸਵਾਲ ਰੱਖੇ ਸਨ ਸਗੋਂ ਸੁਝਾਅ ਅਤੇ ਮੱਦਦ ਤੱਕ ਦੀ ਪੇਸ਼ਕਸ਼ ਕਰ ਦਿੱਤੀ ਸੀ।

ਅਮਨ ਫਿਰ ਕੁਝ ਚਿਰ ਲਈ ਸ਼ਾਂਤ ਹੋ ਗਿਆ। ਅਤੇ ਧੀਮੀ ਆਵਾਜ਼ ’ਚ ਸਿਰਫ਼ ਏਨਾ ਹੀ ਕਹਿ ਸਕਿਆ, “ਦਰਅਸਲ ਮੇਰਾ ਉੱਥੇ ਜੀ ਨਹੀਂ ਲੱਗ ਰਿਹਾ। ਇਕ ਘਬਰਾਹਟ

ਜਹੀ ਹੁੰਦੀ ਏ ਉੱਥੇ। ਘਰ ਵਾਲਿਆਂ ਨੂੰ ਵੀ ਮਿਸ ਕਰਦਾ ਹਾਂ।" ਥੋੜ੍ਹੀ ਖ਼ਾਮੋਸ਼ੀ ਤੋਂ ਬਾਅਦ ਫਿਰ ਬੋਲਿਆ, "ਚੰਡੀਗੜ੍ਹ 'ਚ ਦੁਬਾਰਾ ਐਡਮਿਸ਼ਨ ਲੈ ਕੇ ਪੜ੍ਹਾਈ ਕਰਾਂਗਾ।"

ਅਮਨ ਦੀਆਂ ਗੱਲਾਂ ਨਾਲ ਸੁਖਦੇਵ ਨੂੰ ਇਹ ਅਹਿਸਾਸ ਤਾਂ ਹੋ ਗਿਆ ਸੀ ਕਿ ਅਮਨ ਦੀ ਮਾਨਸਿਕ ਹਾਲਤ ਸਹੀ ਨਹੀਂ ਹੈ। ਦਰਅਸਲ ਸੁਖਦੇਵ ਨੂੰ ਇਹ ਬਾਅਦ 'ਚ ਪਤਾ ਲੱਗਿਆ ਸੀ ਕਿ ਦੰਗਿਆਂ ਦੌਰਾਨ ਜੋ ਗੋਲੀਆਂ ਚੱਲੀਆਂ ਸਨ ਉਸ ਵਿਚ ਅਮਨ ਅਤੇ ਉਸ ਦਾ ਛੋਟਾ ਭਰਾ ਰਮਨ ਵੀ ਉੱਥੇ ਮੌਜੂਦ ਸਨ। ਇਹੀ ਕਾਰਨ ਹੈ ਕਿ ਦੰਗਿਆਂ ਤੋਂ ਤੁਰੰਤ ਬਾਅਦ ਇਨ੍ਹਾਂ ਦੋਹਾਂ ਨੂੰ ਸ਼ਹਿਰ ਛੱਡਣਾ ਪਿਆ ਸੀ। ਇਸ ਘਟਨਾ ਨੂੰ ਤਾਂ ਤਕਰੀਬਨ ਛੇ ਮਹੀਨੇ ਹੋਣ ਵਾਲੇ ਸਨ। ਕੀ ਅਜੇ ਤੱਕ ਉਸ ਦਾ ਅਸਰ ਹੈ ?

"ਦੇਖੋ ਅਮਨ। ਮੈਨੂੰ ਤਾਂ ਲੱਗਦਾ ਹੈ ਕਿ ਤੈਨੂੰ ਇਸ ਸਾਲ ਇਗਜ਼ਾਮ ਨਹੀਂ ਛੱਡਣਾ ਚਾਹੀਦਾ। ਉਂਝ ਅੱਗੇ ਤੇਰੀ ਮਰਜੀ ਹੈ। ਹਾਂ, ਜੇ ਤੈਨੂੰ ਕੋਈ ਪ੍ਰੇਸ਼ਾਨੀ ਹੈ ਤਾਂ ਮੈਨੂੰ ਜ਼ਰੂਰ ਦੱਸਣਾ। ਮੈਂ ਤੇਰੀ ਮੱਦਦ ਜ਼ਰੂਰ ਕਰਾਂਗਾ।" ਸੁਖਦੇਵ ਨੇ ਉਸ ਨੂੰ ਦਿਲਾਸਾ ਦਿੰਦੇ ਹੋਏ ਭਰੋਸਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ।

ਫਿਰ ਥੋੜ੍ਹਾ ਚਿਰ ਹੋਰ ਮੁੱਦਿਆਂ ਅਤੇ ਪਰਿਵਾਰਕ ਵਿਸ਼ਿਆਂ ਉੱਪਰ ਉਨ੍ਹਾਂ ਦੀ ਆਪਸ 'ਚ ਗੱਲਬਾਤ ਹੁੰਦੀ ਰਹੀ। ਹਾਲਾਂਕਿ ਦੋਵੇਂ ਹੀ ਇਨ੍ਹਾਂ ਗੱਲਾਂ ਨੂੰ ਬੇਦਿਲੀ ਨਾਲ ਕਰਦੇ ਰਹੇ। ਸੁਖਦੇਵ ਨੇ ਅਮਨ ਦਾ ਹੋਰ ਵਧੇਰੇ ਵਿਸ਼ਵਾਸ ਹਾਸਲ ਕਰਨ ਲਈ ਹੱਡਬੀਤੀਆਂ ਘਟਨਾਵਾਂ ਦਾ ਜ਼ਿਕਰ ਵੀ ਕੀਤਾ। ਇਸ ਦੇ ਨਾਲ ਹੀ ਉਸ ਨੇ ਪੰਜਾਬ ਅਤੇ ਦੰਗਿਆਂ ਦੀ ਰਾਜਨੀਤੀ ਦੀ ਵੀ ਚਰਚਾ ਕੀਤੀ। ਉਹ ਲਗਾਤਾਰ ਅਮਨ ਦੀ ਮਨੋ-ਸਥਿਤੀ ਅਤੇ ਵਿਚਾਰਾਂ ਨੂੰ ਆਪਣੀਆਂ ਗੱਲਾਂ ਨਾਲ ਖੁਰਚ ਰਿਹਾ ਸੀ। ਖੁੱਲ੍ਹ ਕੇ ਚਰਚਾ ਕਰਨ ਦੀ ਸਥਿਤੀ ਬਣਾਉਂਦੇ ਹੋਏ ਉਸ ਦੇ ਵਿਚਾਰਾਂ ਨੂੰ ਸੱਦਾ ਦੇ ਰਿਹਾ ਸੀ। ਤੇ ਇਸ ਸਥਿਤੀ 'ਚ ਤਰਕ ਵਿਰੋਧੀ ਤਰਕ ਲਾਜ਼ਮੀ ਸਨ। ਸਭ ਤੋਂ ਸੁਖਦ ਗੱਲ ਇਹ ਸੀ ਕਿ ਫਸਟ ਕਲਾਸ ਦੇ ਉਸ ਕੈਬਿਨ ਵਿਚ ਸਿਰਫ਼ ਉਹ ਦੋਵੇਂ ਹੀ ਸਨ। ਇਸ ਲਈ ਗੱਲਬਾਤ 'ਚ ਕੋਈ ਝਿਜਕ ਨਹੀਂ ਸੀ।

ਤਕਰੀਬਨ ਦੋ ਘੰਟੇ ਦੀ ਗੱਲਬਾਤ ਤੋਂ ਬਾਅਦ ਉਨ੍ਹਾਂ ਨੇ ਇਕੱਠੇ ਖਾਣਾ ਖਾਧਾ ਅਤੇ ਇਸ ਦੌਰਾਨ ਵੀ ਗੱਲਬਾਤ ਜਾਰੀ ਰੱਖੀ। ਅਮਨ ਨੂੰ ਵੀ ਹੁਣ ਆਪਣੀ ਗੱਲ ਅਤੇ ਮੱਤ ਰੱਖਣ 'ਚ ਥੋੜ੍ਹੀ ਰਾਹਤ ਮਹਿਸੂਸ ਹੋ ਰਹੀ ਸੀ। ਰਾਤ ਦੇ ਤਕਰੀਬਨ ਗਿਆਰਾਂ ਵੱਜ ਚੁੱਕੇ ਸਨ ਅਤੇ ਇਨ੍ਹਾਂ ਦੋਹਾਂ ਭਰਾਵਾਂ ਦੀ ਅੱਖਾਂ 'ਚ ਅਜੇ ਵੀ ਨੀਂਦ ਆਪਣੀ ਜਗ੍ਹਾ ਨਹੀਂ ਬਣਾ ਸਕੀ ਸੀ। ਸੁਖਦੇਵ ਦਾ ਸਟੇਸ਼ਨ ਸਵੇਰੇ ਗਿਆਰਾਂ ਵਜੇ ਦਾ ਸੀ ਅਤੇ ਅਮਨ ਦਾ ਸਫ਼ਰ ਸ਼ਾਮ ਚਾਰ ਵਜੇ ਤੱਕ ਦਾ ਸੀ। ਸੁਖਦੇਵ ਦੀ ਪੂਰੀ ਕੋਸ਼ਿਸ਼ ਸੀ ਕਿ ਅਮਨ ਨੂੰ ਹੋਰ ਜਾਣੇ, ਉਸ ਨਾਲ ਗੱਲਾਂ ਜਾਰੀ ਰੱਖੇ। ਇੱਧਰ ਅਮਨ ਅਜੇ ਵੀ ਥੋੜ੍ਹਾ-ਥੋੜ੍ਹਾ ਹੀ ਖੁੱਲ੍ਹਿਆ ਸੀ। ਇਹ ਪਹਿਲੀ ਵਾਰ ਸੀ ਕਿ ਉਹ ਆਪਣੇ ਪਰਿਵਾਰਕ ਰਿਸ਼ਤੇ 'ਚ ਆਪਣੇ ਤੋਂ ਵੱਡੇ ਭਰਾ ਨਾਲ ਇਸ ਤਰ੍ਹਾਂ ਗੱਲ ਕਰ ਰਿਹਾ ਸੀ। ਹੁਣ ਤੱਕ ਉਹ ਆਪਣੇ ਛੋਟੇ ਭਰਾ ਰਮਨ ਨੂੰ ਹੀ ਆਪਣਾ ਰਾਜ਼ਦਾਰ ਬਣਾ ਸਕਿਆ ਸੀ। ਉਹ ਵੀ ਸਿਰਫ਼ ਦੰਗਿਆਂ ਤੋਂ ਪਹਿਲਾਂ ਤੱਕ। ਪੰਜਾਬ 'ਚ ਆਪਣੀਆਂ

ਸਰਗਰਮੀਆਂ ਅਤੇ ਆਪਣੇ ਨਾਲ ਬੀਤੀਆਂ ਘਟਨਾਵਾਂ ਤਾਂ ਉਸਨੇ ਰਮਨ ਨਾਲ ਵੀ ਸਾਂਝੀਆਂ ਨਹੀਂ ਕੀਤੀਆਂ ਸਨ। ਪਿਛਲੇ ਇਕ ਹਫ਼ਤੇ 'ਚ ਪਹਿਲਾਂ ਪਿਤਾ ਜੀ ਅਤੇ ਹੁਣ ਸੁਖਦੇਵ ਨਾਲ ਉਹ ਹੌਲੀ-ਹੌਲੀ ਖੁੱਲ੍ਹ ਰਿਹਾ ਸੀ। ਆਪਣੇ ਵਿਚਾਰ ਪ੍ਰਗਟ ਕਰਨ ਦੇ ਮੁਕਾਮ 'ਤੇ ਪਹੁੰਚ ਰਿਹਾ ਸੀ। ਤੇ ਇਸ ਵਿਚ ਉਸ ਦੇ ਦਿਲ ਦਾ ਬੋਝ ਵੀ ਹਲਕਾ ਹੋ ਰਿਹਾ ਸੀ। ਜਿਸ ਨਾਲ ਹੁਣ ਤੱਕ ਝੱਲੀ ਪੀੜਾ ਵੀ ਘਟ ਰਹੀ ਸੀ।

ਅਮਨ ਨੂੰ ਅਜਿਹਾ ਅਹਿਸਾਸ ਵੀ ਹੋ ਰਿਹਾ ਸੀ ਕਿ ਸੁਖਦੇਵ ਦੇ ਵਿਚਾਰ ਪੰਜਾਬ ਵਿਚ ਉਸ ਦੇ ਦੋਸਤ ਅਤੇ ਮੱਦਦਗਾਰ ਸੀਟੂ ਨਾਲ ਕਾਫ਼ੀ ਹੱਦ ਤੱਕ ਮਿਲਦੇ-ਜੁਲਦੇ ਹਨ। ਖ਼ਾਸ ਕਰਕੇ ਸਿੱਖ ਭਾਈਚਾਰੇ ਦੇ ਕੌਮੀਅਤ ਦੇ ਸਵਾਲ ਉੱਪਰ। ਕਾਫ਼ੀ ਦੇਰ ਤੱਕ ਆਪਣੇ ਦਿਲ 'ਚ ਅਟਕੀ ਇਸ ਗੱਲ ਨੂੰ ਇਕ ਸਵਾਲ ਦੇ ਰੂਪ 'ਚ ਉਸ ਨੇ ਸੁਖਦੇਵ ਤੋਂ ਸਿੱਧਾ ਪੁੱਛ ਲਿਆ,

"ਤੁਸੀਂ ਸਿੱਖ ਧਰਮ ਨੂੰ ਕੌਮ ਦਾ ਦਰਜਾ ਨਹੀਂ ਦਿੰਦੇ ?"

ਸੁਖਦੇਵ ਦੇ ਲਈ ਅਮਨ ਦਾ ਇਹ ਸਵਾਲ ਅਣਕਿਆਸਿਆ ਨਹੀਂ ਸੀ। ਦਰਅਸਲ ਪੰਜਾਬ ਦੀ ਸਿੱਖ ਨੌਜਵਾਨ ਪੀੜ੍ਹੀ ਇਸ ਸਵਾਲ ਨਾਲ ਜੂਝ ਰਹੀ ਸੀ। ਜੂਨ ਚੁਰਾਸੀ 'ਚ ਭਾਰਤੀ ਫ਼ੌਜ ਦੀ ਹਰਿਮੰਦਰ ਸਾਹਿਬ ਉੱਪਰ ਕੀਤੀ ਗਈ ਕਾਰਵਾਈ ਅਤੇ ਨਵੰਬਰ ਦੇ ਸਿੱਖ ਵਿਰੋਧੀ ਕਤਲੇਆਮ ਨੇ ਸਿੱਖ ਭਾਈਚਾਰੇ ਦੀ ਨੌਜਵਾਨ ਪੀੜ੍ਹੀ 'ਚ ਕੌਮੀਅਤ ਦੇ ਮੁੱਦੇ ਉੱਪਰ ਇਕ ਬਹਿਸ ਛੇੜ ਦਿੱਤੀ ਸੀ।

ਕੁਝ ਦੇਰ ਤੱਕ ਚੁੱਪ ਛਾਈ ਰਹੀ।

"ਨਹੀਂ।" ਸੁਖਦੇਵ ਦਾ ਜਵਾਬ ਬਿਲਕੁਲ ਸਿੱਧਾ ਸੀ। "ਕੌਮੀਅਤ ਨੂੰ ਸਥਾਪਤ ਕਰਨ 'ਚ ਧਰਮ ਸਿਰਫ਼ ਇਕ ਪੈਮਾਨਾ ਹੋ ਸਕਦਾ ਹੈ। ਉਸ ਤੋਂ ਜ਼ਿਆਦਾ ਕਈ ਮਹੱਤਵਪੂਰਨ ਪੈਮਾਨੇ ਹੋਰ ਵੀ ਹਨ। ਸਾਨੂੰ ਭਾਸ਼ਾ, ਸਮਾਜਿਕ, ਰਾਜਨੀਤਕ, ਸੱਭਿਆਚਾਰਕ ਅਤੇ ਆਰਥਕ ਪਹਿਲੂ ਵਰਗੇ ਮਹੱਤਵਪੂਰਨ ਪੈਮਾਨਿਆਂ ਤੋਂ ਬਗੈਰ ਸਿਰਫ਼ ਧਰਮ ਦੀ ਕਸੌਟੀ ਉੱਪਰ ਇਕ ਭਾਈਚਾਰੇ ਦੀ ਕੌਮੀਅਤ ਸਥਾਪਤ ਨਹੀਂ ਕਰਨੀ ਚਾਹੀਦੀ।"

"ਤਾਂ ਇਹ ਜੋ ਪੂਰੇ ਦੇਸ਼ ਵਿਚ ਸਿੱਖਾਂ ਦਾ ਕਤਲੇਆਮ ਹੋਇਆ ਅਤੇ ਜੋ ਪੰਜਾਬ ਵਿਚ ਲੱਗਭੱਗ ਨਿੱਤ ਦਿਨ ਉਨ੍ਹਾਂ ਦੇ ਮੁਕਾਬਲੇ ਬਣਾਏ ਜਾ ਰਹੇ ਹਨ, ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਠੁਕਰਾਇਆ ਜਾ ਰਿਹਾ, ਉਨ੍ਹਾਂ ਦੇ ਧਰਮ ਸਥਾਨਾਂ ਉੱਪਰ ਹਮਲਾ ਹੋਇਆ, ਉਨ੍ਹਾਂ ਦੇ ਕਾਰੋਬਾਰ ਤਬਾਹ ਕੀਤੇ ਗਏ, ਉਹ ਕੀ ਹੈ ? ਸਿੱਖ ਇਸ ਦੇਸ਼ ਵਿਚ ਆਪਣੇ ਆਪ ਨੂੰ ਸੁਰੱਖਿਅਤ ਕਿਉਂ ਸਮਝਣ ?" ਅਮਨ ਦੀ ਗੱਲਬਾਤ 'ਚ ਝਿਜਕ ਹੀ ਖ਼ਤਮ ਨਹੀਂ ਹੋ ਰਹੀ ਸੀ, ਉਹ ਥੋੜ੍ਹਾ ਉਤੇਜਿਤ ਵੀ ਹੋ ਰਿਹਾ ਸੀ। ਤੇ ਇਹ ਗੱਲ ਸੁਖਦੇਵ ਨੂੰ ਸਾਫ਼ ਨਜ਼ਰ ਆ ਰਹੀ ਸੀ। ਉਸ ਨੂੰ ਲੱਗ ਰਿਹਾ ਸੀ ਕਿ ਅਮਨ ਦੀਆਂ ਦਲੀਲਾਂ 'ਚ ਤਰਕ ਆਪਣੀ ਜਗ੍ਹਾ ਛੱਡ ਰਿਹਾ ਹੈ ਅਤੇ ਭਾਵਨਾਵਾਂ ਅਤੇ ਉਤੇਜਨਾ ਵਧਦੀ ਜਾ ਰਹੀ ਸੀ। ਇਸ ਦਾ ਮੁੱਖ ਕਾਰਨ ਉਸ ਨੂੰ ਸਾਫ਼ ਨਜ਼ਰ ਆ ਰਿਹਾ ਸੀ। ਅਮਨ ਅਜੇ ਜਵਾਨੀ 'ਚ ਪੈਰ ਧਰ ਰਿਹਾ ਸੀ।

ਪੜ੍ਹਾਈ ਅਤੇ ਖੇਡ ਤੋਂ ਇਲਾਵਾ ਅਜੇ ਉਸ ਦੀ ਕੋਈ ਪੱਕੀ-ਠੱਕੀ ਵਿਚਾਰਧਾਰਾ ਨਹੀਂ ਬਣੀ ਸੀ। ਫਿਰ ਇੰਦਰਾ ਗਾਂਧੀ ਦੀ ਹੱਤਿਆ ਅਤੇ ਉਸ ਤੋਂ ਬਾਅਦ ਹੋਏ ਦੰਗਿਆਂ ਨੇ ਉਸ ਨੂੰ ਇਕ ਗਹਿਰਾ ਸਦਮਾ ਪਹੁੰਚਾਇਆ ਹੈ ਜਿਸ ਨਾਲ ਉਸ ਨੂੰ ਠੇਸ ਹੀ ਨਹੀਂ ਪਹੁੰਚੀ, ਉਸ ਵਿਚ ਗੁੱਸਾ ਅਤੇ ਨਫ਼ਰਤ ਦੀ ਭਾਵਨਾ ਵੀ ਪੈਦਾ ਹੋਈ ਹੈ। ਫਿਰ ਪੰਜਾਬ ਵਿਚ ਉਸੇ ਭਾਵਨਾ ਨੂੰ ਕਿਸੇ ਨੇ ਕੁਰੇਦਿਆ ਜਿਸ ਨਾਲ ਇਕ ਖ਼ਾਸ ਵਿਚਾਰਧਾਰਾ ਨੇ ਜਨਮ ਲੈਣਾ ਸ਼ੁਰੂ ਕਰ ਦਿੱਤਾ ਹੈ।

ਸੁਖਦੇਵ ਨੇ ਇਸ ਸਭ ਕਾਸੇ ਨੂੰ ਮੱਦੇਨਜ਼ਰ ਰੱਖਦੇ ਹੋਏ ਬਹੁਤ ਹੀ ਤਹੱਮਲ ਨਾਲ ਅਮਨ ਦਾ ਵਿਸ਼ਵਾਸ ਹਾਸਲ ਕਰਨਾ ਚਾਹਿਆ, "ਮੈਂ ਇਨ੍ਹਾਂ ਸਭ ਗੱਲਾਂ ਦਾ ਪੁਰਜ਼ੋਰ ਵਿਰੋਧ ਕਰਦਾ ਹਾਂ। ਜੋ ਪੰਜਾਬ ਵਿਚ ਹੋਇਆ ਹੈ ਅਤੇ ਜੋ ਹੋ ਰਿਹਾ ਹੈ ਉਹ ਬਿਲਕੁਲ ਗ਼ਲਤ ਹੈ। ਕੇਂਦਰ ਸਰਕਾਰ ਦਾ ਪੰਜਾਬ ਦੇ ਪ੍ਰਤੀ ਰਵੱਈਆ ਅਤੇ ਉੱਥੋਂ ਦੇ ਮਸਲੇ ਨੂੰ ਸੁਲਝਾਉਣ ਦੇ ਤਰੀਕੇ ਬਹੁਤ ਸੰਕੀਰਣ ਮਾਨਸਿਕਤਾ ਵਾਲੇ ਹਨ। ਕੇਂਦਰ ਦੀ ਸਰਕਾਰ ਇਸ ਮਸਲੇ ਨੂੰ ਸਿਰਫ਼ ਕਾਨੂੰਨ ਵਿਵਸਥਾ ਅਤੇ ਉੱਥੋਂ ਦੇ ਕੁਝ ਜਾਇਜ਼ ਮੁੱਦਿਆਂ ਨੂੰ ਦੇਸ਼ ਵਿਰੋਧੀ ਮੰਗਾਂ ਦੇ ਰੂਪ 'ਚ ਪੇਸ਼ ਕਰ ਰਹੀ ਹੈ। ਸਾਡੇ ਦੇਸ਼ 'ਚ ਰਾਜਾਂ ਦੇ ਕੁਝ ਮੁੱਦੇ ਹਨ ਜਿਨ੍ਹਾਂ ਨੂੰ ਸੰਘੀ ਢਾਂਚੇ ਦੇ ਤਹਿਤ ਸੁਲਝਾਇਆ ਜਾ ਸਕਦਾ ਹੈ। ਦੂਜੇ ਪਾਸੇ, ਪੰਜਾਬ ਦੇ ਇਨਾਂ ਜਾਇਜ਼ ਮੁੱਦਿਆਂ ਨੂੰ ਵੀ ਇਕ ਸਹੀ ਦਿਸ਼ਾ ਨਹੀਂ ਮਿਲ ਰਹੀ। ਇਨ੍ਹਾਂ ਮੁੱਦਿਆਂ ਨੂੰ ਆਮ ਆਦਮੀ ਦੇ ਮੁੱਦੇ ਨਾਲ ਨਾ ਜੋੜ ਕੇ ਇਕ ਧਰਮ ਆਧਾਰਤ ਮੁੱਦੇ ਦੇ ਰੂਪ 'ਚ ਪੇਸ਼ ਕੀਤਾ ਜਾ ਰਿਹਾ ਹੈ। ਅੱਜ ਦੇ ਹਾਲਾਤ ਨੂੰ ਦੇਖ ਕੇ ਮੈਂ ਸਿਰਫ਼ ਏਨਾ ਹੀ ਕਹਾਂਗਾ ਕਿ ਪੰਜਾਬ ਦਾ ਅੰਦੋਲਨ ਪੂਰੀ ਤਰ੍ਹਾਂ ਭਟਕ ਗਿਆ ਹੈ। ਹੁਣ ਲੋਕ ਵੀ ਇਨ੍ਹਾਂ ਅੰਦੋਲਨਕਾਰੀਆਂ ਤੋਂ ਪ੍ਰੇਸ਼ਾਨ ਹੋ ਰਹੇ ਹਨ। ਇਹ ਲੋਕ ਵਿਰੋਧੀ ਵੀ ਹੋ ਗਿਆ ਹੈ। ਅਕਾਲੀ ਪਾਰਟੀ ਅਤੇ ਹੋਰ ਆਗੂਆਂ ਨੇ ਪੰਜਾਬ ਨੂੰ ਆਪਣਾ ਅਖਾੜਾ ਬਣਾ ਲਿਆ ਹੈ ਅਤੇ ਇਸ ਵਿਚ ਲੋਕ ਬੁਰੀ ਤਰ੍ਹਾਂ ਪਿਸ ਰਹੇ ਹਨ। ਇਸ 'ਚ ਕੋਈ ਦੋ ਰਾਵਾਂ ਨਹੀਂ ਹਨ ਕਿ ਕੇਂਦਰ ਸਰਕਾਰ ਦਾ ਸਿੱਖਾਂ ਦੇ ਮੁਕੱਦਸ ਸਥਾਨ ਉੱਪਰ ਫ਼ੌਜ ਭੇਜਣਾ, ਕਈ ਲੋਕਾਂ ਦੀਆਂ ਜਾਨਾਂ ਲੈਣਾ ਅਤੇ ਇੱਥੋਂ ਤੱਕ ਕਿ ਲਗਾਤਾਰ ਐਨਕਾਊਂਟਰ 'ਚ ਸਿੱਖਾਂ ਦਾ ਆਏ ਦਿਨ ਕਤਲ ਕਰਨਾ ਬਿਲਕੁਲ ਸਰਕਾਰੀ ਜਬਰ ਦਾ ਹਿੱਸਾ ਹੈ। ਪਰ ਇਸ ਦੇ ਲਈ ਅੰਦੋਲਨ ਚਲਾਉਣ ਵਾਲਿਆਂ ਦੀ ਵੀ ਓਨੀ ਹੀ ਹਿੱਸੇਦਾਰੀ ਹੈ। ਕਿਸੇ ਵੀ ਧਰਮ ਸਥਾਨ ਨੂੰ ਆਪਣਾ ਮੈਦਾਨੇ-ਜੰਗ ਨਹੀਂ ਬਣਾ ਸਕਦੇ, ਉਹ ਵੀ ਜ਼ੋਰ ਜ਼ਬਰਦਸਤੀ ਨਾਲ।"

ਸੁਖਦੇਵ ਨੇ ਆਪਣੀ ਗੱਲ ਜਾਰੀ ਰੱਖੀ। "ਤੇ ਫਿਰ ਕਿਸੇ ਇਕ ਆਗੂ ਦੀ ਹੱਤਿਆ ਨਾਲ ਕਿਸੇ ਮਸਲੇ ਦਾ ਹੱਲ ਨਹੀਂ ਹੋ ਸਕਦਾ ਹੈ। ਜ਼ਰੂਰਤ ਹੈ ਇਸ ਪੂਰੇ ਸਿਸਟਮ ਦੀਆਂ ਖ਼ਾਮੀਆਂ ਨੂੰ ਲੋਕਾਂ 'ਚ ਲੈ ਕੇ ਜਾਣ ਦੀ ਅਤੇ ਉਸ ਨੂੰ ਬਦਲਣ ਲਈ ਉਨ੍ਹਾਂ ਨੂੰ ਜਥੇਬੰਦ ਕਰਨ ਦੀ।"

"ਅੱਜ ਜੋ ਹੋ ਰਿਹਾ ਹੈ ਉਸ ਦਾ ਸਾਰਾ ਫ਼ਾਇਦਾ ਕੇਂਦਰ ਨੂੰ ਹੀ ਮਿਲ ਰਿਹਾ ਹੈ ਜੋ ਉੱਥੋਂ ਦੇ ਪੰਜਾਬੀਆਂ ਨੂੰ ਵੰਡ ਕੇ ਆਪਣੀਆਂ ਰਾਜਨੀਤਕ ਰੋਟੀਆਂ ਸੇਕ ਰਹੇ ਹਨ।"

ਦੇਰ ਰਾਤ ਤੱਕ ਦੋਵੇਂ ਭਰਾ ਗੱਲਬਾਤ ਕਰਦੇ ਰਹੇ। ਅਮਨ ਵੀ ਹੁਣ ਸੁਣਨ ਦਾ ਆਦੀ ਹੋ ਰਿਹਾ ਸੀ। ਸੁਖਦੇਵ ਦਾ ਵੱਡਾ ਭਰਾ ਹੋਣਾ ਨਿਸ਼ਚੇ ਹੀ ਇਕ ਫੈਕਟਰ ਸੀ ਪਰ ਇਸ ਮੁੱਦੇ ਉੱਪਰ ਤੱਥਾਂ ਦੇ ਆਧਾਰ 'ਤੇ ਬਣੀ ਉਸ ਦੀ ਸਮਝ ਉਸ ਨਾਲੋਂ ਜ਼ਿਆਦਾ ਮਹੱਤਵਪੂਰਨ ਫੈਕਟਰ ਸੀ। ਸੁਖਦੇਵ ਨੇ ਗੱਲ ਅੱਗੇ ਵਧਾਉਂਦੇ ਹੋਏ ਕਈ ਲੇਖਾਂ ਦਾ ਜ਼ਿਕਰ ਕੀਤਾ ਅਤੇ ਅਮਨ ਨੂੰ ਇਹ ਲੇਖ ਪੜ੍ਹਨ ਦਾ ਸੁਝਾਅ ਵੀ ਦਿੱਤਾ।

ਰਾਤ ਇੰਝ ਹੀ ਬੀਤ ਗਈ। ਦੋਵੇਂ ਥੋੜ੍ਹੀ ਦੇਰ ਹੀ ਸੌਂ ਸਕੇ ਸਨ। ਅਮਨ ਦੀ ਨੀਂਦ ਇਸ ਦਰਮਿਆਨ ਵੀ ਵਾਰ-ਵਾਰ ਟੁੱਟਦੀ ਰਹੀ ਅਤੇ ਸੁਖਦੇਵ ਨਾਲ ਹੋਈਆਂ ਗੱਲਾਂ ਦਾ ਖ਼ਿਆਲ ਆਉਂਦਾ ਰਿਹਾ। ਫਿਰ ਸਵੇਰੇ ਜਦੋਂ ਟਰੇਨ ਕਿਸੇ ਸਟੇਸ਼ਨ 'ਤੇ ਰੁਕੀ ਤਾਂ ਉਸ ਨੂੰ ਪਤਾ ਲੱਗਾ ਕਿ ਹੁਣ ਅਗਲੇ ਇਕ ਘੰਟੇ 'ਚ ਉਹ ਦਿੱਲੀ ਪਹੁੰਚ ਰਹੇ ਸਨ। ਉਦੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਸੱਚਮੁੱਚ ਸਵੇਰ ਹੋ ਗਈ ਹੈ। ਫਸਟ ਕਲਾਸ ਡੱਬੇ 'ਚ ਪਤਾ ਹੀ ਨਹੀਂ ਲੱਗਾ ਕਿ ਉਹ ਕਦੋਂ ਸੁੱਤੇ ਅਤੇ ਕਦੋਂ ਦਿੱਲੀ ਪਹੁੰਚ ਗਏ। ਹੁਣ ਸੁਖਦੇਵ ਉੱਠ ਕੇ ਫਰੈੱਸ਼ ਹੋ ਗਿਆ ਅਤੇ ਫਿਰ ਚਾਹ ਦੀਆਂ ਚੁਸਕੀਆਂ ਉੱਪਰ ਕੁਝ ਹੋਰ ਗੱਲਾਂ ਅੱਗੇ ਤੁਰੀਆਂ, ਜਿਸ ਵਿਚ ਸੁਖਦੇਵ ਨੇ ਦੁਬਾਰਾ ਛੇਤੀਂ ਮਿਲਣ ਦਾ ਵਾਅਦਾ ਕੀਤਾ ਵੀ ਅਤੇ ਅਮਨ ਤੋਂ ਲਿਆ ਵੀ। ਇਸ ਤਰ੍ਹਾਂ ਇਕ ਸੁਖ਼ਦ ਅਤੇ ਭਰਾਵਾਂ ਦਰਮਿਆਨ ਥੋੜ੍ਹੀ ਦੋਸਤੀ ਕਾਇਮ ਕਰਨ ਵਾਲੇ ਸਫ਼ਰ ਦਾ ਅੰਤ ਹੋਇਆ।

-----

ਅਮਨ ਫਿਰ ਤੋਂ ਇਕ ਨਵੇਂ ਸ਼ਹਿਰ 'ਚ ਸੀ। ਉਸ ਦਾ ਯੂਨੀਵਰਸਿਟੀ ਦੁਬਾਰਾ ਜਾਣ ਦਾ ਹੌਸਲਾ ਨਹੀਂ ਪਿਆ ਸੀ। ਨਾ ਹੀ ਉਹ ਇਗਜ਼ਾਮ 'ਚ ਬੈਠਣ ਦਾ ਹੌਸਲਾ ਦੁਬਾਰਾ ਜੁਟਾ ਸਕਿਆ ਸੀ। ਤੇ ਫਿਰ ਸੀਟੂ ਵੀ ਕੁਝ ਦਿਨਾਂ ਬਾਅਦ ਚੰਡੀਗੜ੍ਹ ਹੀ ਆ ਗਿਆ ਸੀ। ਉਸ ਨੇ ਇੱਥੇ ਸਪੋਰਟਸ ਅਕਾਦਮੀ 'ਚ ਕੋਚਿੰਗ ਲੈ ਲਈ ਸੀ। ਦੋਹਾਂ ਨੇ ਮਿਲ ਕੇ ਵਿਚਾਰ-ਵਟਾਂਦਰਾ ਕੀਤਾ ਜਿਸ ਤੋਂ ਬਾਅਦ ਅਮਨ ਨੇ ਗੈਪ ਈਅਰ ਲੈਣ ਦਾ ਫ਼ੈਸਲਾ ਕਰਕੇ ਆਉਣ ਵਾਲੇ ਸੈਸ਼ਨ 'ਚ ਕਿਸੇ ਕਾਲਜ 'ਚ ਦਾਖ਼ਲਾ ਲੈਣ ਦਾ ਫ਼ੈਸਲਾ ਕਰ ਲਿਆ। ਇਨ੍ਹਾਂ ਸਭ ਦਰਮਿਆਨ ਸੁਖਦੇਵ ਨਾਲ ਕੀਤੀਆਂ ਗੱਲਾਂ ਵੀ ਉਸ ਦੇ ਦਿਮਾਗ 'ਚ ਘੁੰਮਦੀਆਂ ਰਹੀਆਂ ਸਨ।

ਥੋੜ੍ਹੇ ਦਿਨਾਂ ਬਾਅਦ ਕਰਨ ਵੀਰ, ਅਮਨ ਨੂੰ ਨਾਲ ਲੈ ਕੇ ਡਾਲਟਨਗੰਜ ਗਏ। ਫਿਰ ਪਿਤਾ ਜੀ ਅਤੇ ਮਾਤਾ ਜੀ ਨੂੰ ਪੰਜਾਬ ਲੈ ਆਏ। ਉੱਥੋਂ ਦਾ ਮਕਾਨ ਵੀ ਵਿਕ ਗਿਆ, ਕਾਰੋਬਾਰ ਦਾ ਵੀ ਭੋਗ ਪੈ ਗਿਆ। ਅਮਨ ਇਸ ਵਾਰ ਵੀ ਦੋਸਤਾਂ ਨੂੰ ਲੱਗਭੱਗ ਨਾਂਹ ਦੇ ਬਰਾਬਰ ਹੀ ਮਿਲਿਆ। ਬਿਨੈ ਅਤੇ ਰੋਹਨ ਦੋਵੇਂ ਹੀ ਇਸ ਹਿਜ਼ਰਤ ਨੂੰ ਸਿਰਫ਼ ਇਕ ਮੂਕ ਦਰਸ਼ਕ ਬਣ ਕੇ ਦੇਖਦੇ ਰਹਿ ਗਏ। ਪਿਤਾ ਜੀ ਨੇ ਸਾਰਾ ਕੰਮ ਦਿਲ ਉੱਪਰ ਪੱਥਰ ਰੱਖ ਕੇ ਪੂਰਾ ਕੀਤਾ। ਜਿਸ ਚਮਨ ਨੂੰ ਉਨ੍ਹਾਂ ਨੇ ਆਪਣੇ ਖ਼ਵਾਬਾਂ 'ਚ ਬੁਣਿਆ ਸੀ ਉਸ ਦੇ ਬਿਖਰਨ ਦਾ ਸਦਮਾ ਉਨ੍ਹਾਂ ਨੂੰ ਤਾਉਮਰ ਰਿਹਾ। ਉਨ੍ਹਾਂ ਨੂੰ ਕੁਝ ਵੀ ਅੰਦੇਸ਼ਾ ਨਹੀਂ ਸੀ ਕਿ ਉਹ ਕਿੱਥੇ

ਜਾ ਰਹੇ ਹਨ। ਜੋ ਸ਼ਖ਼ਸ ਸਾਲਾਂ ਤੱਕ ਆਪਣੇ ਆਰਥਕ, ਪਰਿਵਾਰਕ ਅਤੇ ਰਾਜਨੀਤਕ ਫ਼ੈਸਲਿਆਂ ਦੇ ਖ਼ਵਾਬ ਬੁਣਦਾ ਸੀ, ਹੁਣ ਬਿਨਾਂ ਕਿਸੇ ਟੀਚੇ ਅਤੇ ਖ਼ਵਾਬਾਂ ਦੇ ਇਕ ਅਣਜਾਣ ਸ਼ਹਿਰ ਵੱਲ ਧੱਕਿਆ ਜਾ ਰਿਹਾ ਸੀ। ਉਹ ਬਿਹਾਰ ਦੀ ਧਰਤੀ 'ਤੇ ਪੈਦਾ ਹੋਏ, ਉੱਥੋਂ ਦੇ ਸੱਭਿਆਚਾਰ 'ਚ ਵਧੇ-ਫੁਲੇ, ਉਸੇ ਨੂੰ ਅਪਣਾਇਆ ਅਤੇ ਆਪਣੀ ਉਮਰ ਦਾ ਦੋ ਤਿਹਾਈ ਹਿੱਸਾ ਉੱਥੇ ਗੁਜ਼ਾਰਿਆ। ਉਨ੍ਹਾਂ ਦਾ ਸਕੂਨ ਤਾਂ ਇਸੇ ਸ਼ਹਿਰ ਵਿਚ ਸੀ, ਜਿਸ ਦਾ ਕਰਾਰ ਸੀ ਉਨ੍ਹਾਂ ਨੂੰ। ਇਸ ਤੋਂ ਵਿਛੁੰਨੇ ਜਾਣ ਦਾ ਗ਼ਮ ਸੀ ਉਨ੍ਹਾਂ ਨੂੰ, ਬਹੁਤ ਉਮੀਦ ਸੀ ਉਨ੍ਹਾਂ ਨੂੰ, ਕਿ ਕਾਸ਼! ਕੋਈ ਤਾਂ ਉਨ੍ਹਾਂ ਨੂੰ ਰੋਕ ਲਏ। ਪਰ ਅਜਿਹਾ ਨਹੀਂ ਹੋਇਆ। ਉਨ੍ਹਾਂ ਨੂੰ ਜਾਣਾ ਹੀ ਪਿਆ। ਇਕ ਨਵੀਂ ਜਗ੍ਹਾ, ਨਵੇਂ ਲੋਕ, ਨਵੀਂ ਭਾਸ਼ਾ ਅਤੇ ਨਵੇਂ ਤੌਰ-ਤਰੀਕਿਆਂ ਦਰਮਿਆਨ।

ਵੱਡਾ ਭਰਾ ਕਰਨ ਕਾਰੋਬਾਰ 'ਚ ਮਸਰੂਫ਼, ਛੋਟਾ ਰਮਨ ਉਸਦੇ ਸਹਿਯੋਗ 'ਚ ਮਸਰੂਫ਼। ਅਮਨ ਵੀ ਨਵੇਂ ਸੈਸ਼ਨ 'ਚ ਨਵੇਂ ਕਾਲਜ ਵਿਚ ਮਸਰੂਫ਼।

ਅਮਨ ਨੂੰ ਚੰਡੀਗੜ੍ਹ ਇਕ ਵੱਖਰੀ ਤਰ੍ਹਾਂ ਦਾ ਸ਼ਹਿਰ ਲੱਗਿਆ। ਪੰਜਾਬ ਦੇ ਪਿਛਲੇ ਸ਼ਹਿਰ ਵਰਗਾ ਨਹੀਂ। ਇੱਥੋਂ ਦੀ ਆਬੋ-ਹਵਾ ਹੀ ਨਹੀਂ, ਸਗੋਂ ਸੱਭਿਅਤਾ ਵੀ ਕੁਝ ਵੱਖਰੀ ਜਹੀ ਦਿਸੀ। ਮਾਹੌਲ ਵੀ ਓਨਾ ਨਿੱਘਾ ਨਹੀਂ ਸੀ। ਸ਼ਹਿਰੀਪਣ ਤੋਂ ਇਲਾਵਾ ਪੰਜਾਬੀਅਤ ਵੀ ਪੂਰੀ ਤਰ੍ਹਾਂ ਭਾਰੂ ਨਹੀਂ ਸੀ। ਇਕ ਅਜਬ ਜਿਹਾ ਠੰਡਾਪਣ ਸੀ ਇਸ ਸ਼ਹਿਰ 'ਚ। ਲੋਕ ਸਮੇਂ ਸਿਰ ਉੱਠਦੇ, ਕੰਮ 'ਤੇ ਜਾਂਦੇ ਅਤੇ ਫਿਰ ਘਰਾਂ 'ਚ ਦੁਬਕ ਜਹੇ ਜਾਂਦੇ। ਇਕ ਖਾਲੀਪਣ ਸੀ, ਕੁਝ ਨੀਰਸ ਸੀ। ਕੁਝ ਨਵੇਂ ਦੋਸਤ ਬਣੇ ਪਰ ਉਨ੍ਹਾਂ 'ਚ ਉਹ ਗਰਮਜੋਸ਼ੀ ਨਹੀਂ ਸੀ।

ਅਮਨ ਦੇ ਪਿਤਾ ਜੀ ਕੋਲ ਹੁਣ ਕੁਝ ਵੀ ਨਹੀਂ ਸੀ। ਜੋ ਇਨਸਾਨ ਪੂਰਾ ਦਿਨ ਆਪਣੇ ਕਾਰੋਬਾਰ ਅਤੇ ਸਮਾਜਿਕ-ਰਾਜਨੀਤਕ ਜ਼ਿੰਦਗੀ ਦੀਆਂ ਸਰਗਰਮੀਆਂ 'ਚ ਰੁਝੇਵੇਂ ਨਾਲ ਆਨੰਦਿਤ ਰਹਿੰਦਾ ਸੀ, ਬਿਲਕੁਲ ਨਿਕੰਮਾ ਹੋ ਗਿਆ। ਨਾ ਕੋਈ ਦੋਸਤ ਅਤੇ ਨਾ ਵਾਕਫ਼ੀਅਤ। ਆਪਣੇ ਸ਼ਹਿਰ ਕੋਈ ਟੀ.ਵੀ. ਨਹੀਂ ਸੀ ਅਤੇ ਇੱਥੇ ਸਾਰਾ ਦਿਨ ਗਾਣੇ, ਫਿਲਮਾਂ ਅਤੇ ਕਈ ਤਰ੍ਹਾਂ ਦੇ ਨਿਊਜ਼ ਚੈਨਲਾਂ 'ਚ ਜ਼ਿੰਦਗੀ ਘਿਰ ਗਈ ਸੀ। ਜੋ ਇਨਸਾਨ ਅਖ਼ਬਾਰਾਂ, ਮਾਸਿਕ ਰਸਾਲੇ ਅਤੇ ਕਿਤਾਬਾਂ ਪੜ੍ਹ ਕੇ ਆਪਣੀ ਰਾਇ ਬਣਾਉਂਦਾ ਸੀ, ਹੁਣ ਉਸ ਨੂੰ ਉਹੀ ਦਿਸ ਰਿਹਾ ਸੀ ਜੋ ਪੂਰਾ ਦਿਨ ਟੀ.ਵੀ. ਉੱਪਰ ਦਿਖਾਇਆ ਜਾ ਰਿਹਾ ਸੀ। ਸ਼ੁਰੂ-ਸ਼ੁਰੂ 'ਚ ਘਰ ਦੇ ਨੇੜੇ ਦੇ ਪਾਰਕ 'ਚ ਟਹਿਲਣਾ ਸ਼ੁਰੂ ਕੀਤਾ ਪਰ ਉੱਥੇ ਵੀ ਗੱਲ ਨਾ ਬਣੀ। ਇਕ ਤਾਂ ਭਾਸ਼ਾ ਅਤੇ ਦੂਜਾ ਵਿਚਾਰਾਂ ਦਾ ਫ਼ਰਕ। ਨਵਾਂ ਸ਼ਹਿਰ ਤਾਂ ਮਿਲ ਗਿਆ ਪਰ ਦੂਰ ਤੱਕ ਆਪਣਾ ਕੋਈ ਨਹੀਂ, ਬਸ ਕੁਝ ਲੋਕਾਂ ਨਾਲ ਇਕ ਪਛਾਣ ਹੀ ਬਣੀ ਪਰ ਰਿਸ਼ਤਾ ਕੋਈ ਨਹੀਂ। ਬਚਪਨ ਦੇ ਦੋਸਤਾਂ ਦੀ ਕਮੀ ਜਦੋਂ ਰੜਕੀ ਤਾਂ ਟੀ.ਵੀ. ਨਾਲ ਐਸੇ ਬੱਝੇ ਕਿ ਖਾਣੇ ਦੀ ਥਾਲੀ ਵੀ ਉੱਥੇ ਪਰੋਸੀ ਜਾਣ ਲੱਗੀ। ਦੂਜੇ ਪਾਸੇ, ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋ ਰਹੇ ਸਨ। ਮੁੰਡੇ ਮਰ ਵੀ ਰਹੇ ਸਨ ਅਤੇ ਮਾਰ ਵੀ ਰਹੇ ਸਨ। ਸ਼ਾਮ ਹੁੰਦੇ ਹੀ ਮੋਹਾਲੀ 'ਚ ਕਰਫ਼ਿਊ ਵਰਗੇ ਹਾਲਾਤ ਹੋ ਜਾਂਦੇ। ਤੇ ਫਿਰ ਟੀ.ਵੀ. ਹੀ ਸਹਾਰਾ ਰਹਿ ਜਾਂਦਾ। ਜਿਸ

ਇਨਸਾਨ ਨੇ ਕਦੇ ਗੁਰਦੁਆਰਿਆਂ ਜਾਂ ਮੰਦਰਾਂ ਨੂੰ ਆਪਣੀ ਰੋਜ਼ਮਰਾ ਜ਼ਿੰਦਗੀ ਦੇ ਲਾਗੇ ਨਹੀਂ ਲੱਗਣ ਦਿੱਤਾ ਉਹ ਪੂਰਾ ਹਫ਼ਤਾ ਰਾਮਾਇਣ ਅਤੇ ਮਹਾਂਭਾਰਤ ਉੱਪਰ ਬਹਿਸ ਕਰਨ ਲੱਗਾ। ਗੁਰਦੁਆਰਿਆਂ 'ਚ ਚੱਲ ਰਹੀਆਂ ਸਰਗਰਮੀਆਂ ਅਤੇ ਆਮ ਬਹਿਸਾਂ 'ਚ ਫਸ ਕੇ ਰਹਿ ਗਿਆ। ਅਮਨ ਜਾਂ ਫਿਰ ਕੋਈ ਭਰਾ ਜੇ ਕਦੇ ਸ਼ਾਮ ਦੇ ਸਮੇਂ ਘਰ ਤੋਂ ਦੇਰ ਤੱਕ ਬਾਹਰ ਰਹਿ ਜਾਂਦਾ ਤਾਂ ਚਿੰਤਾ ਵੱਖਰੀ। ਇਕ ਖੁੱਲ੍ਹੇ ਮਾਹੌਲ 'ਚ ਜਿਉਣਾ ਲੱਗਭੱਗ ਦੁਸ਼ਵਾਰ ਜਿਹਾ ਹੋ ਗਿਆ ਸੀ। ਫਿਰ ਹੌਲੀ-ਹੌਲੀ ਸਿਹਤ ਵੀ ਵਿਗੜਨ ਲੱਗੀ। ਸ਼ੂਗਰ ਵਿਗੜਨ ਲੱਗੀ, ਬਲੱਡ ਪ੍ਰੈਸ਼ਰ ਵਧਣ ਲੱਗਾ ਅਤੇ ਸਰੀਰ ਦਵਾਈਆਂ ਦੇ ਹਵਾਲੇ ਹੋ ਗਿਆ। ਨਵੇਂ ਮਾਹੌਲ 'ਚ ਨਵੇਂ ਕੰਮ ਦੀ ਸਮਝ ਤਾਂ ਹੈ ਨਹੀਂ ਸੀ, ਇਸ ਲਈ ਹੌਲੀ-ਹੌਲੀ ਮਾਨਸਿਕ ਰੂਪ 'ਚ ਪ੍ਰੇਸ਼ਾਨ ਰਹਿਣ ਲੱਗੇ।

ਅਮਨ ਤਾਂ ਪੂਰੀ ਤਰ੍ਹਾਂ ਪੜ੍ਹਾਈ 'ਚ ਖੁੱਭ ਗਿਆ ਸੀ। ਪੜ੍ਹਾਈ ਦੇ ਸਿਲਸਿਲੇ 'ਚ ਕਿਤਾਬਾਂ ਅਤੇ ਨੋਟਸ ਦੇ ਜ਼ਰੀਏ ਕੁਝ ਨਵੇਂ ਲੋਕਾਂ ਨਾਲ ਤਾਅਲੁਕਾਤ ਵੀ ਬਣੇ ਪਰ ਉਸ ਤਰ੍ਹਾਂ ਦੇ ਨਹੀਂ ਜਿਵੇਂ ਪਹਿਲੇ ਸ਼ਹਿਰ 'ਚ ਸਨ। ਹਾਲਾਂਕਿ ਉਸ ਦਾ ਹਾਣੀ ਭਰਾ ਰਮਨ ਵੀ ਹੁਣ ਉਸ ਦੇ ਨਾਲ ਸੀ, ਪਰ ਹੁਣ ਉਹ ਗੱਲ ਨਹੀਂ ਸੀ।

ਰਮਨ ਵੀ ਇਸ ਨਵੇਂ ਸ਼ਹਿਰ ਨੂੰ ਅਪਣਾ ਨਹੀਂ ਸਕਿਆ ਸੀ। ਭਰਾ ਦੁਆਰਾ ਸ਼ੁਰੂ ਕੀਤੇ ਗਏ ਨਵੇਂ ਕਾਰੋਬਾਰ ਨੂੰ ਸਥਾਪਤ ਕਰਨ 'ਚ ਸਖ਼ਤ ਮਿਹਨਤ ਦਰਕਾਰ ਸੀ। ਉਹ ਬੇਫ਼ਿਕਰ ਜ਼ਿੰਦਗੀ ਤਾਂ ਹੁਣ ਹੈਗੀ ਨਹੀਂ ਸੀ, ਜਿੱਥੇ ਸ਼ਾਮ ਨੂੰ ਦੋਸਤਾਂ ਨਾਲ ਮਿਲ ਕੇ ਹਾਸਾ-ਮਜ਼ਾਕ ਹੁੰਦਾ ਸੀ, ਕਈ ਤਰ੍ਹਾਂ ਦੇ ਕਿੱਸੇ-ਕਹਾਣੀਆਂ ਅਤੇ ਮੁਹੱਲੇ 'ਚ ਬੇਬਾਕ ਅਫ਼ਰਾ-ਤਫ਼ਰੀ।

ਰਮਨ ਸ਼ੁਰੂ ਤੋਂ ਹੀ ਸੰਗੀਤ ਪ੍ਰੇਮੀ ਸੀ। ਸਾਜ਼ਾਂ ਨਾਲ ਤਾਂ ਉਸ ਦਾ ਜਿਵੇਂ ਪਿਛਲੇ ਜਨਮ ਦਾ ਰਿਸ਼ਤਾ ਸੀ। ਵੱਡੇ ਭਰਾ ਨਾਲ ਤਬਲਾ ਤਾਂ ਸਿੱਖਦਾ ਹੀ ਸੀ, ਆਪਣੇ ਆਪ ਵੀ ਕਈ ਵਾਦਕ-ਯੰਤਰਾਂ, ਖ਼ਾਸ ਕਰਕੇ ਬਾਂਸੁਰੀ ਉੱਪਰ ਵਧੀਆ ਧੁਨਾਂ 'ਚ ਮਸਤ ਰਹਿੰਦਾ ਸੀ। ਕਈ ਵਾਰ ਉਹ ਰਾਤ ਨੂੰ ਇਕੱਲਾ ਹੀ ਆਪਣੀ ਛੱਤ ਉੱਪਰ ਨਵੀਂਆਂ-ਨਵੀਂਆਂ ਧੁਨਾਂ ਵਜਾਇਆ ਕਰਦਾ ਸੀ। ਇਸ ਲਈ ਆਪਣੇ ਦੋਸਤਾਂ 'ਚ ਉਹ ਬਾਂਸੁਰੀ ਵਾਲੇ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਸਕੂਲ 'ਚ ਵੀ ਕਈ ਲੜਕੀਆਂ ਨਾਲ ਉਸ ਦੀ ਇਸੇ ਵਜ੍ਹਾ ਨਾਲ ਦੋਸਤੀ ਸੀ। ਸੰਗੀਤ ਪ੍ਰਤੀ ਲਗਨ ਨੇ ਉਸ ਨੂੰ ਇਕ ਭਾਵੁਕ ਇਨਸਾਨ ਵੀ ਬਣਾ ਦਿੱਤਾ ਸੀ।

ਪਰ ਹੁਣ ਅਜਿਹਾ ਨਹੀਂ ਸੀ। ਸਭ ਕੁਝ ਬਦਲ ਜਿਹਾ ਗਿਆ ਸੀ। ਜ਼ਿੰਦਗੀ ਅਤੇ ਰੋਜ਼ੀ ਨੇ ਇਸ ਭਾਵੁਕ ਇਨਸਾਨ ਦੀ ਜ਼ਿੰਦਗੀ 'ਚ ਸੁੰਨਾਪਣ ਜਿਹਾ ਪੈਦਾ ਕਰ ਦਿੱਤਾ ਸੀ। ਸ਼ਾਮ ਦੇ ਘੁਸਮੁਸੇ 'ਚ ਘਰ ਪਰਤਣਾ, ਅਤੇ ਫਿਰ ਕੁਝ ਨਾ ਕਰਨਾ। ਬੇਦਿਲੀ ਨਾਲ ਥੱਕੇ ਹੋਏ ਸਰੀਰ ਨੇ ਛੇਤੀਂ ਹੀ ਇਕ ਨਵਾਂ ਰੁਖ ਅਖ਼ਤਿਆਰ ਕਰ ਲਿਆ। ਕੰਮ ਪ੍ਰਤੀ ਭਰਾ ਨੂੰ ਜਵਾਬਦੇਹੀ ਅਤੇ ਉਸ ਵਿਚ ਮਾਨਸਿਕ ਤਣਾਅ। ਸੰਗੀਤ ਵੀ ਹੌਲੀ-ਹੌਲੀ ਸਾਥ ਛੱਡ ਗਿਆ। ਦੋਸਤ ਤਾਂ ਬਣ ਨਾ ਸਕੇ ਕਿਉਂਕਿ ਨਾ ਸਮਾਂ ਸੀ ਨਾ ਮਿਜਾਜ਼। ਸ਼ੁਰੂਆਤੀ ਦੌਰ 'ਚ

ਅਮਨ ਦੇ ਜੋ ਮਿੱਤਰ ਬਣੇ ਉਨ੍ਹਾਂ ਨਾਲ ਥੋੜ੍ਹਾ ਬਹੁਤ ਮੇਲ–ਜੋਲ ਅਤੇ ਥੋੜ੍ਹਾ ਘੁੰਮਣਾ–ਫਿਰਨਾ ਵੀ ਹੋਇਆ। ਪੀਣ ਪਿਆਉਣ ਦਾ ਦੌਰ ਵੀ ਚੱਲਿਆ - ਕਦੇ ਕਿਸੇ ਦੇ ਘਰ ਤੇ ਕਦੇ ਪਹਾੜਾਂ ਉੱਪਰ। ਚੰਡੀਗੜ੍ਹ ਤੋਂ ਪਹਾੜਾਂ ਦਾ ਫ਼ਾਸਲਾ ਤਾਂ ਜ਼ਿਆਦਾ ਹੈ ਨਹੀਂ ਸੀ। ਪਰ ਰਮਨ ਕਦੇ ਵੀ ਅਮਨ ਦੇ ਦੋਸਤਾਂ ਦਾ ਦੋਸਤ ਨਾ ਬਣ ਸਕਿਆ। ਕਿਉਂਕਿ ਗੱਲਾਂ ਥੋੜ੍ਹਾ ਵੱਖਰੀ ਤਰ੍ਹਾਂ ਦੀਆਂ ਹੁੰਦੀਆਂ ਸਨ।

"ਅੱਮੀ ਯਾਰ! ਏ ਰਮਨ ਭਾਜੀ ਬੜੇ ਚੁੱਪ ਚੁਪੀਤੇ ਰਹਿੰਦੇ ਨੇ ?"

ਅਮਨ ਦੇ ਕਈ ਦੋਸਤਾਂ ਨੇ ਉਸ ਦਾ ਨਾਮ ਅੱਮੀ ਰੱਖ ਲਿਆ ਸੀ। ਜਾਂ ਇੰਝ ਕਹਿ ਲਓ ਉੱਥੇ ਅਜਿਹਾ ਹੀ ਰਿਵਾਜ ਸੀ। ਅਮਨਦੀਪ ਨੂੰ ਅੱਮੀ, ਰਮਨਦੀਪ ਨੂੰ ਰੰਮੀ ਤੇ ਪਰਮਜੀਤ ਨੂੰ ਪੰਮੀ।

"ਪੰਮੀ ਯਾਰ ਏਹ ਨਾ ਸ਼ੁਰੂ ਤੋਂ ਹੀ ਏਦਾਂ ਦਾ ਹੀ ਹੈ। ਆਪਣੀ ਧੁਨ 'ਚ ਰਹਿੰਦਾ ਹੈ.....ਫਿਰ ਵੀ ਮੇਰੇ ਵਰਗਾ ਹੈ।"

"ਭਈਏ ਨੂੰ ਲਗਦਾ ਆਪਣਾ ਬਿਹਾਰ ਚੇਤੇ ਆਉਂਦਾ।" ਪੰਮੀ ਨੇ ਇਹ ਗੱਲ ਬਹੁਤ ਹਲਕੇ 'ਚ ਕਹੀ ਸੀ। ਪਰ ਇਹ ਇਕ ਸਚਾਈ ਸੀ। ਰਮਨ ਇਹ ਗੱਲ ਪਹਿਲਾਂ ਕਹਿ ਚੁੱਕਾ ਸੀ। ਮੁੱਦਤ ਹੋ ਗਈ ਹੈ ਨਦੀ ਦਾ ਕਿਨਾਰਾ ਦੇਖੇ, ਹੁਣ ਤਾਂ ਇਨ੍ਹਾਂ ਸਿੱਧੀਆਂ ਸੜਕਾਂ 'ਤੇ ਹੀ ਜੀਣਾ ਹੈ। ਰਮਨ ਨੂੰ ਚੰਡੀਗੜ੍ਹ ਬਹੁਤ ਹੀ ਬਨਾਉਟੀ ਜਿਹਾ ਲੱਗਦਾ ਸੀ। ਸੜਕਾਂ, ਇਮਾਰਤਾਂ, ਬਾਜ਼ਾਰ ਅਤੇ ਇੱਥੋਂ ਤੱਕ ਕਿ ਬਿਰਖ਼ ਬੂਟੇ ਵੀ। ਸਭ ਇੱਕੋ ਜਹੇ।

ਇਕ ਦਿਨ ਰਮਨ ਨੇ ਕਿਸੇ ਕੰਮ ਦੇ ਸਿਲਸਿਲੇ ਚ ਲੁਧਿਆਣੇ ਜਾਣਾ ਸੀ। ਉੱਥੋਂ ਦੇ ਇੰਡਸਟਰੀਅਲ ਏਰੀਆ ਤੋਂ ਕੁਝ ਪਤਾ ਕਰਨਾ ਸੀ। ਅਮਨ ਦੇ ਕਾਲਜ ਵਿਚ ਛੁੱਟੀਆਂ ਚੱਲ ਰਹੀਆਂ ਸਨ ਤਾਂ ਉਹ ਵੀ ਰਮਨ ਦੇ ਨਾਲ ਚਲਾ ਗਿਆ। ਇਹ ਬਿਹਾਰੀ ਮਜ਼ਦੂਰ ਵਰਗ ਦਾ ਇਲਾਕਾ ਸੀ। ਇਕ ਵੱਖਰਾ ਹੀ ਮਾਹੌਲ ਸੀ। ਲੋਕ ਬਾਹਰ ਸੜਕ ਉੱਪਰ ਨਹਾ ਰਹੇ ਸਨ ਅਤੇ ਉਨ੍ਹਾਂ ਦੇ ਮੂੰਹੋਂ ਬਿਹਾਰ ਦੀ ਭੋਜਪੁਰੀ ਦੀ ਵਰਖਾ ਹੋ ਰਹੀ ਸੀ। ਕੰਮ ਦੇ ਸਿਲਸਿਲੇ 'ਚ ਰਮਨ ਇੱਥੇ ਪਹਿਲਾਂ ਵੀ ਆ ਚੁੱਕਾ ਸੀ। ਉਨ੍ਹਾਂ ਨੇ ਜਿਹੜਾ ਰਿਕਸ਼ਾ ਲਿਆ, ਉਸ ਰਿਕਸ਼ੇ ਵਾਲੇ ਨਾਲ ਰਮਨ ਬਹੁਤ ਪਿਆਰ ਨਾਲ ਭੋਜਪੁਰੀ 'ਚ ਗੱਲਾਂ ਕਰ ਰਿਹਾ ਸੀ।

"ਕਿਓਂ ਲੱਗਦਾ ਏ ਨਾ ਜਿਵੇਂ ਆਪਣੇ ਬਿਹਾਰ 'ਚ ਆ ਗਏ ਹਾਂ।" ਰਮਨ ਨੂੰ ਇਕ ਅਜੀਬ ਜਿਹਾ ਸੁਖਦ ਅਹਿਸਾਸ ਹੋ ਰਿਹਾ ਸੀ।

ਇਕ ਜਗ੍ਹਾ ਉਸ ਨੇ ਚਾਹ ਦੀ ਛੋਟੀ ਜਹੀ ਦੁਕਾਨ ਅੱਗੇ ਰਿਕਸ਼ਾ ਰੁਕਵਾ ਲਿਆ ਅਤੇ ਫਿਰ ਅਸਲੋਂ ਹੀ ਭੋਜਪੁਰੀ ਅੰਦਾਜ਼ 'ਚ ਰਿਕਸ਼ੇ ਵਾਲੇ ਨੂੰ ਬੋਲਿਆ, "ਰੁਕਾ ਹੋ ਤਨੀ ਚਾਏ ਕੇ ਚੁਸਕੀ ਲੀਆ ਜਾਏ।" ਇਹ ਕਹਿ ਕੇ ਉਹ ਚਾਹ ਦੀ ਦੁਕਾਨ ਸਾਹਮਣੇ ਰੱਖੇ ਲੱਕੜੀ ਦੇ ਬੈਂਚ 'ਤੇ ਬੈਠ ਗਿਆ। ਉਸ ਦੁਕਾਨ 'ਤੇ ਹੋਰ ਲੋਕ ਵੀ ਸਨ, ਲੱਗਭੱਗ ਸਾਰੇ ਬਿਹਾਰ ਤੇ ਯੂ.ਪੀ. ਦੇ ਹੀ ਸਨ। ਰਮਨ ਨੇ ਥੋੜ੍ਹਾ ਉੱਚੀ ਸੁਰ 'ਚ ਚਾਹ ਬਣਾਉਣ ਵਾਲੇ ਨੂੰ ਕਿਹਾ, "ਤਨੀ ਤੀਨ ਕੱਪ ਚਾਏ ਬਨਾਈਏਗਾ। ਥੋੜਾ ਫੈਨ ਔਰ ਨਿਮਕੀ ਭੀ ਦੀਜੀਏਗਾ।"

ਪੰਜਾਬ 'ਚ ਆਉਣ ਤੋਂ ਬਾਅਦ ਅਮਨ ਨੇ ਰਮਨ ਦੇ ਇਸ ਰੂਪ ਨੂੰ ਬਹੁਤ ਹੀ ਘੱਟ ਦੇਖਿਆ ਸੀ। ਘਰ 'ਚ ਚੁੱਪਚਾਪ ਰਹਿਣ ਵਾਲਾ ਇਹ ਇਨਸਾਨ ਬਿਹਾਰੀ ਇਲਾਕੇ 'ਚ ਆ ਕੇ ਆਪਣੇ ਆਪ ਨੂੰ ਆਜ਼ਾਦ ਅਤੇ ਬੇਫ਼ਿਕਰ ਮਹਿਸੂਸ ਕਰ ਰਿਹਾ ਸੀ। ਚਿਹਰੇ ਉੱਪਰ ਨਿਸ਼ਚਿੰਤ ਭਾਵ, ਪ੍ਰੇਸ਼ਾਨੀਆਂ ਤੋਂ ਕੋਹਾਂ ਦੂਰ।

"ਅਰੇ ਭਾਈ ਆਓ ਨਾ, ਕਹਾਂ ਅਝੁਰਾਏ ਹੋ ?"

ਪੂਰੀ ਠੇਠ ਬਿਹਾਰੀ। ਰਮਨ ਦੇ ਵਿਅੰਗਾਤਮਕ ਸੰਬੋਧਨ ਨਾਲ ਅਮਨ ਦਾ ਹਾਸਾ ਨਿਕਲ ਗਿਆ। ਉਹ ਵੀ ਬਹੁਤ ਦਿਨਾਂ ਬਾਅਦ ਆਪਣੇ ਆਪ ਨੂੰ ਹਲਕਾ-ਹਲਕਾ ਮਹਿਸੂਸ ਕਰ ਰਿਹਾ ਸੀ। ਸੁਖਦੇਵ ਦੀਆਂ ਭੇਜੀਆਂ ਕਿਤਾਬਾਂ, ਲੇਖਾਂ ਅਤੇ ਜ਼ਿੰਦਗੀ ਦੀ ਹਕੀਕਤ ਨਾਲ ਉਸ ਨੂੰ ਵੀ ਆਭਾਸ ਹੋ ਰਿਹਾ ਸੀ ਕਿ ਅਸਲ ਵਿਚ ਉਨ੍ਹਾਂ ਦਾ ਪਰਿਵਾਰ ਬਿਹਾਰੀ ਹੈ। ਸਿੱਖ ਉਨ੍ਹਾਂ ਦਾ ਧਰਮ ਹੈ ਅਤੇ ਪੰਜਾਬ 'ਚ ਉਨ੍ਹਾਂ ਦੀ ਹਿਜ਼ਰਤ ਹੋਈ ਹੈ। ਉਹ ਪੰਜਾਬੀ ਹੈ ਨਹੀਂ।

ਚਾਹ ਪੀਣ ਤੋਂ ਬਾਅਦ ਦੋਵੇਂ ਉੱਥੇ ਜਿਸ ਕੰਮ ਲਈ ਆਏ ਸਨ ਉਸ ਤੋਂ ਛੇਤੀਂ ਹੀ ਵਿਹਲੇ ਹੋ ਗਏ। ਦੁਬਾਰਾ ਰਿਕਸ਼ੇ ਉੱਪਰ ਬੈਠ ਕੇ ਜਦੋਂ ਉਹ ਬੱਸ ਅੱਡੇ ਵੱਲ ਜਾ ਰਹੇ ਸਨ ਤਾਂ ਉਸੇ ਬਿਹਾਰੀ ਇਲਾਕੇ 'ਚ ਰਾਜ ਸ਼੍ਰੀ ਪ੍ਰੋਡਕਸ਼ਨ ਵਾਲੀ "ਨਦੀਆ ਕੇ ਪਾਰ" ਫਿਲਮ ਦੇ ਪੋਸਟਰ ਉੱਪਰ ਰਮਨ ਦੀ ਨਜ਼ਰ ਪੈ ਗਈ।

"ਯਾਰ ਅਮਨ ਇਹ ਫਿਲਮ ਦੇਖਦੇ ਹਾਂ। ਬਹੁਤ ਸਾਲ ਹੋ ਗਏ ਏਸ ਨੂੰ ਦੇਖੇ ਨੂੰ। ਮੋਹਾਲੀ 'ਚ ਤਾਂ ਇਸ ਦੀ ਕੈਸਟ ਵੀ ਨਹੀਂ ਮਿਲਦੀ।"

ਅਮਨ ਨੇ ਇਸ ਦਾ ਪੂਰੀ ਤਰ੍ਹਾਂ ਵਿਰੋਧ ਕੀਤਾ ਸੀ। "ਯਾਰ ਡਾਲਟਨਗੰਜ 'ਚ ਤੂੰ ਇਕ ਮਹੀਨੇ 'ਚ ਇਸ ਪਿਕਚਰ ਨੂੰ ਸਤਾਈ ਵਾਰ ਦੇਖਿਆ ਸੀ। ਤੇਰੇ ਚੱਕਰ 'ਚ ਮੈਂ ਵੀ ਇਸ ਨੂੰ ਅੱਠ ਵਾਰ ਦੇਖਿਆ ਹੈ। ਹੁਣ ਵੀ ਤੇਰਾ ਮਨ ਨਹੀਂ ਭਰਿਆ ਏਸ ਨਾਲ ?"

"ਇਕ ਵਾਰ ਹੋਰ,... ਪਲੀਜ਼"। ਰਮਨ ਨੇ ਤਾਂ ਦੇਖਣੀ ਹੀ ਸੀ, ਕੋਈ ਚਾਰਾ ਨਹੀਂ ਸੀ।

-----

ਇਸ ਦੌਰਾਨ ਅਮਨ ਅਤੇ ਸੁਖਦੇਵ ਦੀ ਨੇੜਤਾ ਵਧਦੀ ਗਈ। ਸੁਖਦੇਵ ਦੇ ਚਾਰ ਹੋਰ ਵੱਡੇ ਭਰਾਵਾਂ ਨੇ ਵੀ ਹਿਜ਼ਰਤ ਤੋਂ ਬਾਅਦ ਇਸੇ ਸ਼ਹਿਰ 'ਚ ਕਾਰੋਬਾਰ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਸੀ। ਇਸ ਨਾਲ ਅਮਨ ਦਾ ਸੁਖਦੇਵ ਨੂੰ ਮਿਲਣ ਦਾ ਸਿਲਸਿਲਾ ਵਧਦਾ ਗਿਆ। ਫਿਰ ਇਕ ਸਮਾਂ ਆਇਆ ਜਦੋਂ ਅਮਨ ਨੇ ਦਿੱਲੀ ਜਾ ਕੇ ਸੁਖਦੇਵ ਨੂੰ ਮਿਲਣ ਦਾ ਮਨ ਬਣਾਇਆ। ਉਸ ਨੇ ਸੁਖਦੇਵ ਤੋਂ ਉਸ ਦੇ ਕਈ ਸਹਿਯੋਗੀਆਂ ਬਾਰੇ ਸੁਣਿਆ ਸੀ ਜੋ ਦਿੱਲੀ ਯੂਨੀਵਰਸਿਟੀ 'ਚ ਪੜ੍ਹਾ ਰਹੇ ਸਨ। ਅਮਨ ਦੀ ਉਨ੍ਹਾਂ ਨੂੰ ਵੀ ਮਿਲਣ ਦੀ ਇੱਛਾ ਸੀ। ਦੂਜਾ ਸੁਖਦੇਵ ਦੀ ਪਤਨੀ ਰਾਣੀ ਵੀ ਅਮਨ ਦੇ ਨਾਨਕਿਆਂ ਵੱਲੋਂ ਸੀ। ਬਚਪਨ ਤੋਂ ਹੀ ਉਨ੍ਹਾਂ ਦੇ ਕਾਫ਼ੀ ਚੰਗੇ ਸੰਬੰਧ ਸਨ।

ਜਦੋਂ ਉਹ ਦਿੱਲੀ ਪਹੁੰਚਿਆ ਤਾਂ ਉਸ ਨੂੰ ਬਿਲਕੁਲ ਨਵਾਂ ਮਾਹੌਲ ਮਿਲਿਆ, ਜੋ ਕਿ ਕਾਫ਼ੀ ਸੁਖਦਾਈ ਸੀ। ਨਵੇਂ ਸਾਥੀ ਬਣੇ, ਨਵੇਂ ਤਾਅਲੁਕਾਤ ਬਣੇ ਅਤੇ ਕਾਫ਼ੀ ਕੁਝ ਸੁਣਨ ਤੇ ਦੇਖਣ ਨੂੰ ਮਿਲਿਆ। ਉਸ ਸਮੇਂ ਪੰਜਾਬ ਤੋਂ ਆਏ ਕੁਝ ਨਵੇਂ ਲੋਕਾਂ ਨਾਲ ਵੀ ਮੁਲਾਕਾਤ ਹੋਈ। ਉਨ੍ਹਾਂ ਨਾਲ ਗੱਲਾਂ ਕਰਕੇ ਅਮਨ ਦੇ ਵਿਚਾਰਾਂ ’ਚ ਕਾਫ਼ੀ ਤਬਦੀਲੀ ਆ ਗਈ ਸੀ। ਉਸ ਦਾ ਆਤਮਵਿਸ਼ਵਾਸ ਵੀ ਕਾਫ਼ੀ ਹੱਦ ਤੱਕ ਬਣ ਚੁੱਕਾ ਸੀ। ਹੁਣ ਉਸ ਨੇ ਸਮਾਜਿਕ ਅਤੇ ਰਾਜਨੀਤਕ ਘਟਨਾਵਾਂ ਨੂੰ ਇਕ ਨਵੇਂ ਪ੍ਰਸੰਗ ’ਚ ਦੇਖਣਾ ਸ਼ੁਰੂ ਕਰ ਦਿੱਤਾ ਸੀ।

ਦਿੱਲੀ ਵਿਚ ਸੁਖਦੇਵ ਦੇ ਸਾਥੀਆਂ ਨਾਲ ਸਮਾਂ ਗੁਜ਼ਾਰ ਕੇ ਅਮਨ ਨੂੰ ਸਿਰਫ਼ ਸਮਾਜਿਕ ਅਤੇ ਰਾਜਨੀਤਕ ਹੀ ਨਹੀਂ ਸਗੋਂ ਨਿੱਜੀ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਵੀ ਨਵੇਂ ਸਿਰੇ ਤੋਂ ਦੇਖਣ ਦਾ ਮੌਕਾ ਮਿਲਿਆ। ਸਮਾਜਿਕ ਬਰਾਬਰੀ ਦੀ ਗੱਲ ਕਰਨਾ ਤਾਂ ਮਹੱਤਵਪੂਰਨ ਹੈ ਪਰ ਆਪਣੀ ਨਿੱਜੀ ਅਤੇ ਵਿਹਾਰਕ ਜ਼ਿੰਦਗੀ ’ਚ ਵੀ ਤਬਦੀਲੀ ਹੋਣਾ ਉਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ। ਅਮਨ ਨੂੰ ਸੁਖਦੇਵ ਦੇ ਸਾਥੀਆਂ ਦੀ ਜ਼ਿੰਦਗੀ ਦੇਖ ਕੇ ਸ਼ੁਰੂ ਸ਼ੁਰੂ ’ਚ ਥੋੜ੍ਹੀ ਅਸਹਿਜਤਾ ਮਹਿਸੂਸ ਹੋਈ ਸੀ। ਜ਼ਿੰਦਗੀ ਦਾ ਇਹ ਪਹਿਲੂ ਉਸ ਨੇ ਕਦੇ ਵੀ ਨਹੀਂ ਸੀ ਦੇਖਿਆ। ਉਸ ਦੇ ਲਈ ਇਹ ਕੁਝ ਵੱਖਰਾ ਜਿਹਾ ਸੀ - ਖ਼ਾਸ ਕਰਕੇ ਮਰਦ ਅਤੇ ਔਰਤ ਦੇ ਆਪਸੀ ਰਿਸ਼ਤੇ। ਇਸ ਨਾਲ ਅਮਨ ਪਹਿਲਾਂ ਥੋੜ੍ਹਾ ਬੇਚੈਨ ਹੋਇਆ, ਥੋੜ੍ਹੀ ਨਾਪਸੰਦਗੀ ਵੀ ਸੀ ਅਤੇ ਅਸਹਿਮਤ ਵੀ ਸੀ। ਪਰ ਫਿਰ ਜਦੋਂ ਜ਼ਿੰਦਗੀ ਦੇ ਇਨ੍ਹਾਂ ਪਹਿਲੂਆਂ ਉੱਪਰ ਚਰਚਾ ਹੋਈ ਤਾਂ ਇਨ੍ਹਾਂ ਵਿਚਾਰਾਂ ਨਾਲ ਹੌਲੀ-ਹੌਲੀ ਸਹਿਮਤ ਹੋਣ ਲੱਗ ਪਿਆ।

ਸੁਖਦੇਵ ਦੇ ਮਿੱਤਰ ਜਿਨ੍ਹਾਂ ’ਚ ਕਈ ਅਧਿਆਪਕ ਅਤੇ ਵਿਦਿਆਰਥੀ ਸਨ, ਨਿਰਸੰਕੋਚ ਆਪਸ ’ਚ ਬਹਿਸ ਕਰਦੇ ਸਨ। ਸੁਖਦੇਵ ਦੇ ਉਹ ਸਾਥੀ ਜਿਨ੍ਹਾਂ ਨੇ ਅਜੇ ਹੁਣੇ ਹੀ ਯੂਨੀਵਰਸਿਟੀ ’ਚ ਪੜ੍ਹਾਉਣਾ ਸ਼ੁਰੂ ਕੀਤਾ ਸੀ, ਉਨ੍ਹਾਂ ਦੇ ਘਰਾਂ ’ਚ ਵਿਦਿਆਰਥੀਆਂ ਦਾ ਮੇਲਾ ਲੱਗਿਆ ਰਹਿੰਦਾ ਸੀ। ਉਹ ਮਿਲ-ਜੁਲ ਕੇ ਖਾਣਾ ਬਣਾਉਂਦੇ ਅਤੇ ਪੜ੍ਹਾਈ ਕਰਦੇ। ਕਈ ਵਿਦਿਆਰਥੀ ਤਾਂ ਆਪਣੇ ਅਧਿਆਪਕਾਂ ਦੇ ਨਾਲ ਇੱਕੋ ਸਮਾਜਿਕ ਜਥੇਬੰਦੀ ’ਚ ਕੰਮ ਕਰਦੇ ਸਨ। ਆਪਣੀ ਦਿੱਲੀ ਫੇਰੀ ਦੌਰਾਨ ਅਮਨ ਦਾ ਕਾਫ਼ੀ ਸਮਾਂ ਇਨ੍ਹਾਂ ਲੋਕਾਂ ਸੰਗ ਬੀਤਿਆ। ਇਸ ਦੌਰਾਨ ਸਮਾਜ, ਰਾਜਨੀਤੀ ਅਤੇ ਆਰਥਕ ਜਗਤ ਉੱਪਰ ਖੁੱਲ ਕੇ ਚਰਚਾ ਹੁੰਦੀ ਸੀ।

ਅਮਨ ਨੇ ਅਜਿਹਾ ਮਾਹੌਲ ਪੰਜਾਬ ’ਚ ਨਹੀਂ ਸੀ ਦੇਖਿਆ। ਉੱਥੇ ਜਥੇਬੰਦੀ ਦੇ ਅੰਦਰ ਆਪਣੇ ਆਗੂਆਂ ਨਾਲ ਬਹਿਸ-ਮੁਬਾਸੇ ਦਾ ਮਾਹੌਲ ਨਹੀਂ ਸੀ। ਉੱਥੇ ਸਿਰਫ਼ ਨਿਰਦੇਸ਼ ਜਾਰੀ ਕੀਤੇ ਜਾਂਦੇ ਸਨ, ਇਸ ਵਿਚ ਸਵਾਲ ਉਠਾਉਣ ਦੀ ਗੁੰਜਾਇਸ਼ ਨਾਂਹ ਦੇ ਬਰਾਬਰ ਸੀ।

ਪੰਜਾਬ ਨੇ ਖੇਤੀ ਦੇ ਖੇਤਰ ’ਚ ਆਰਥਕ ਤਰੱਕੀ ਦਾ ਰੁਖ ਤਾਂ ਜ਼ਰੂਰ ਅਖ਼ਤਿਆਰ ਕਰ ਲਿਆ ਸੀ ਪਰ ਸਮਾਜਿਕ ਤੌਰ ’ਤੇ ਅਜੇ ਵੀ ਜਗੀਰੂ ਰਿਸ਼ਤਿਆਂ ਉੱਪਰ ਹੀ ਆਧਾਰਤ

ਸੀ। ਪੰਜਾਬ 'ਚ ਅਜੇ ਵੀ ਜਾਤ-ਪਾਤ, ਊਚ-ਨੀਚ ਅਤੇ ਮਰਦ-ਔਰਤ ਦੇ ਰਿਸ਼ਤਿਆਂ ਨੂੰ ਲੈ ਕੇ ਲੋਕਾਂ ਤੇ ਜਥੇਬੰਦੀਆਂ ਅੰਦਰ ਵੀ ਨਾਬਰਾਬਰੀ ਅਤੇ ਭੇਦਭਾਵ ਵਾਲਾ ਵਿਹਾਰ ਸੀ। ਅਮਨ ਨੇ ਮਹਿਸੂਸ ਕੀਤਾ ਕਿ ਪੰਜਾਬ ਦਾ ਕੌਮੀ ਅੰਦੋਲਨ ਸਿਰਫ਼ ਧਾਰਮਿਕ ਹੀ ਨਹੀਂ ਸਗੋਂ ਇਕ ਖ਼ਾਸ ਉੱਚ ਜਾਤੀ ਦੇ ਭਾਈਚਾਰੇ ਵੱਲੋਂ ਹੀ ਉਠਾਇਆ ਜਾ ਰਿਹਾ ਹੈ।

ਇਕ ਰਾਤ ਸੁਖਦੇਵ ਅਤੇ ਅਮਨ ਘਰ 'ਚ ਇਕੱਲੇ ਬੈਠੇ ਸਨ। ਉਸ ਸਮੇਂ ਅਮਨ ਨੇ ਵੀ ਹੌਸਲਾ ਜੁਟਾ ਕੇ ਪੰਜਾਬ 'ਚ ਆਪਣੀਆਂ ਸਰਗਰਮੀਆਂ ਅਤੇ ਫਿਰ ਉਸ ਦੇ ਨਾਲ ਵਾਪਰੀ ਪੁਲਿਸ ਦੀ ਜ਼ਿਆਦਤੀ ਦਾ ਜ਼ਿਕਰ ਕੀਤਾ। ਅਮਨ ਨੂੰ ਇਸ ਨਾਲ ਹੈਰਾਨੀ ਹੋਈ ਕਿ ਸੁਖਦੇਵ ਨੂੰ ਉਸ ਘਟਨਾ ਦੀ ਪੂਰੀ ਜਾਣਕਾਰੀ ਸੀ।

"ਤੁਸੀਂ ਅਜਿਹਾ ਕਿਉਂ ਕੀਤਾ ? ਮੈਨੂੰ ਕੁਝ ਵੀ ਸਮਝ ਨਹੀਂ ਆ ਰਿਹਾ। ਕੀ ਤੁਸੀਂ ਮੇਰੇ ਪਾਪਾ ਜੀ ਨਾਲ ਗੱਲ ਕੀਤੀ ਹੈ ?" ਅਮਨ ਬੇਚੈਨ ਹੀ ਨਹੀਂ ਥੋੜ੍ਹਾ ਉਤੇਜਿਤ ਵੀ ਹੋਇਆ ਸੀ।

"ਨਹੀਂ ਅਮਨ। ਮੈਨੂੰ ਸ਼ੁਰੂ ਤੋਂ ਹੀ ਤੇਰੇ ਮਨ ਦੀ ਉਲਝਣ ਦੀ ਚਿੰਤਾ ਸੀ। ਸ਼ੁਰੂ ਤੋਂ ਹੀ ਇੰਝ ਲੱਗ ਰਿਹਾ ਸੀ ਕਿ ਤੇਰੇ ਅੰਦਰ ਕੁਝ ਤਾਂ ਹੈ ਪਰ ਤੂੰ ਉਸ ਨੂੰ ਸਾਂਝਾ ਕਰਨ ਤੋਂ ਹਿਚਕਚਾ ਰਿਹਾ ਏਂ।" ਸੁਖਦੇਵ ਕੁਝ ਪਲ ਚੁੱਪ ਰਿਹਾ ਅਤੇ ਫਿਰ ਬੋਲਿਆ, "ਮੈਂ ਤੈਨੂੰ ਪਹਿਲਾਂ ਵੀ ਕਿਹਾ ਸੀ ਕਿ ਯੂਨੀਵਰਸਿਟੀ 'ਚ ਮੇਰੇ ਕਈ ਜਾਣੂ ਸਾਥੀ ਹਨ। ਦਿੱਲੀ ਪਰਤਣ ਤੋਂ ਬਾਅਦ ਮੈਂ ਉਨ੍ਹਾਂ ਨਾਲ ਸੰਪਰਕ ਕੀਤਾ ਅਤੇ ਫਿਰ ਪ੍ਰੋਫੈਸਰ ਸਿੰਗਲਾ, ਜਿਨ੍ਹਾਂ ਨੇ ਤੇਰੀ ਰਿਹਾਈ 'ਚ ਮਹੱਤਵਪੂਰਨ ਯੋਗਦਾਨ ਪਾਇਆ ਸੀ, ਨਾਲ ਵੀ ਜਾਣ-ਪਛਾਣ ਹੋਈ। ਉਨ੍ਹਾਂ ਤੋਂ ਤੇਰੇ ਬਾਰੇ ਜਾਣਕਾਰੀ ਮਿਲੀ। ਮੈਨੂੰ ਇੰਤਜ਼ਾਰ ਸੀ ਉਸ ਪਲ ਦਾ ਜਦੋਂ ਤੈਨੂੰ ਮੇਰੇ ਉੱਪਰ ਪੂਰਾ ਭਰੋਸਾ ਹੋ ਜਾਏ ਅਤੇ ਤੂੰ ਆਪਣੀ ਦਾਸਤਾਨ ਮੈਨੂੰ ਖ਼ੁਦ ਦੱਸੇਂ।"

ਜਦੋਂ ਉਹ ਦਿੱਲੀ ਤੋਂ ਪਰਤਿਆ ਤਾਂ ਉਸ ਕੋਲ ਪੜ੍ਹਨ ਲਈ ਕਾਫ਼ੀ ਸਮੱਗਰੀ ਸੀ ਜਿਸ ਵਿਚ ਕਹਾਣੀਆਂ ਅਤੇ ਕਵਿਤਾਵਾਂ ਤੋਂ ਇਲਾਵਾ ਇਤਿਹਾਸ ਅਤੇ ਫ਼ਲਸਫ਼ੇ ਵਰਗੀਆਂ ਹੋਰ ਕਿਤਾਬਾਂ ਵੀ ਸਨ। ਅਗਲੇ ਸਾਲ ਉਸ ਨੇ ਕਾਫ਼ੀ ਚੰਗੇ ਨੰਬਰ ਲੈ ਕੇ ਕਾਲਜ ਦੀ ਪੜ੍ਹਾਈ ਮੁਕਾਈ।

ਅਮਨ ਹੁਣ ਯੂਨੀਵਰਸਿਟੀ 'ਚ ਉਚੇਰੀ ਪੜ੍ਹਾਈ ਕਰਨਾ ਚਾਹੁੰਦਾ ਸੀ। ਪਰ ਇਕ ਸਮੱਸਿਆ ਸੀ। ਉਹ ਪੜ੍ਹਾਈ ਦੇ ਨਾਲ-ਨਾਲ ਇਕ ਅਜਿਹੇ ਮਾਹੌਲ ਦੀ ਭਾਲ 'ਚ ਸੀ ਜਿੱਥੇ ਖੁੱਲ੍ਹ ਕੇ ਚਰਚਾ ਕਰ ਸਕੇ। ਚੰਡੀਗੜ੍ਹ 'ਚ ਅਮਨ ਨੂੰ ਅਜਿਹਾ ਮਾਹੌਲ ਨਹੀਂ ਮਿਲ ਰਿਹਾ ਸੀ। ਨਾ ਹੀ ਉਸ ਨੂੰ ਅਜਿਹੇ ਮਿੱਤਰ ਮਿਲ ਸਕੇ ਜਿਨ੍ਹਾਂ ਨਾਲ ਪੜ੍ਹਾਈ ਅਤੇ ਦੋਸਤੀ ਤੋਂ ਇਲਾਵਾ ਪੰਜਾਬ ਅਤੇ ਦੇਸ਼ ਦੇ ਸਮਾਜਿਕ ਹਾਲਾਤ ਵਰਗੇ ਗੰਭੀਰ ਵਿਸ਼ਿਆਂ ਉੱਪਰ ਚਰਚਾ ਕਰ ਸਕੇ। ਘਰ ਦਾ ਮਾਹੌਲ ਵੀ ਅਜਿਹਾ ਨਹੀਂ ਸੀ। ਮੋਹਾਲੀ ਆਉਣ ਤੋਂ ਪਹਿਲਾਂ ਪਿਤਾ ਜੀ ਨਾਲ ਜੋ ਗੰਭੀਰ ਚਰਚਾ ਹੋਈ ਸੀ, ਉਸ ਦੀ ਸਪੇਸ ਵੀ ਘਟ ਗਈ ਸੀ। ਪਿਤਾ ਜੀ ਹੁਣ ਸਾਰਾ ਦਿਨ ਟੀ.ਵੀ. ਜਾਂ ਫਿਰ ਆਪਣੀਆਂ ਸਰੀਰਕ ਅਤੇ ਮਾਨਸਿਕ ਪ੍ਰੇਸ਼ਾਨੀਆਂ 'ਚ ਹੀ ਉਲਝ ਕੇ ਰਹਿ

ਗਏ ਸਨ। ਰਮਨ ਦਾ ਵੀ ਕੁਝ ਅਜਿਹਾ ਹੀ ਹਾਲ ਸੀ।

ਸੁਖਦੇਵ ਨੇ ਵੀ ਉਸ ਨੂੰ ਇਹੀ ਰਾਇ ਦਿੱਤੀ ਸੀ ਕਿ ਉਹ ਵਾਪਸ ਉਸੇ ਯੂਨੀਵਰਸਿਟੀ ’ਚ ਦਾਖ਼ਲਾ ਲੈ ਲਵੇ ਜਿੱਥੇ ਪੜ੍ਹਾਈ ਦੇ ਨਾਲ ਉਸ ਨੂੰ ਆਪਣੇ ਵਿਚਾਰਾਂ ਨੂੰ ਵਿਕਸਿਤ ਕਰਨ ਦਾ ਮੌਕਾ ਮਿਲੇਗਾ।

“ਉੱਥੋਂ ਦੇ ਕੁਝ ਪ੍ਰੋਫੈਸਰ ਮੇਰੇ ਮਿੱਤਰ ਹਨ, ਜੋ ਸਮਾਜਿਕ ਕਾਰਜਾਂ ’ਚ ਵੀ ਹਿੱਸਾ ਲੈਂਦੇ ਹਨ। ਪੰਜਾਬ ਅਤੇ ਪੂਰੇ ਦੇਸ਼ ਦੇ ਸਮਾਜਿਕ, ਰਾਜਨੀਤਕ ਅਤੇ ਆਰਥਕ ਵਿਸ਼ਿਆਂ ਉੱਪਰ ਕਈ ਕਾਫ਼ੀ ਸਾਲਾਂ ਤੋਂ ਕੰਮ ਕਰ ਰਹੇ ਹਨ। ਉਸ ਯੂਨੀਵਰਸਿਟੀ ਅਤੇ ਸ਼ਹਿਰ ਵਿਚ ਅਜਿਹੀਆਂ ਕਈ ਸਮਾਜਿਕ ਸੰਸਥਾਵਾਂ ਹਨ ਜਿਨ੍ਹਾਂ ਨਾਲ ਜੁੜ ਕੇ ਤੁਸੀਂ ਆਪਣੇ ਵਿਚਾਰਾਂ ਨੂੰ ਵਿਕਸਿਤ ਕਰ ਸਕਦੇ ਹੋ। ਪੜ੍ਹਾਈ-ਲਿਖਾਈ ਦਾ ਸਹੀ ਅਰਥ ਤਾਂ ਸਮਾਜਿਕ ਜ਼ਿੰਦਗੀ ਨਾਲ ਜੁੜ ਕੇ ਹੀ ਸਮਝਿਆ ਜਾ ਸਕਦਾ ਹੈ।”

ਘਰ ਵਿਚ ਥੋੜ੍ਹਾ ਵਿਰੋਧ ਜ਼ਰੂਰ ਹੋਇਆ। ਖ਼ਾਸ ਕਰਕੇ ਪਿਤਾ ਜੀ ਵੱਲੋਂ। ਪਰ ਹੁਣ ਉਹ ਵੀ ਮਾਨਸਿਕ ਤੌਰ ’ਤੇ ਏਨੇ ਸਮਰੱਥ ਨਹੀਂ ਰਹਿ ਗਏ ਸਨ ਕਿ ਅਮਨ ਦੀ ਦਲੀਲ ਨੂੰ ਸਹੀ ਰੂਪ ’ਚ ਸਮਝ ਸਕਦੇ। ਅੰਤ ’ਚ ਵਿਰੋਧ ਦੇ ਬਾਵਜੂਦ ਅਮਨ ਨੇ ਵਾਪਸ ਉਸੇ ਯੂਨੀਵਰਸਿਟੀ ’ਚ ਦਾਖ਼ਲਾ ਲੈ ਲਿਆ ਜਿਸ ਨੂੰ ਉਹ ਦੋ ਸਾਲ ਪਹਿਲਾਂ ਛੱਡ ਆਇਆ ਸੀ। ਹੁਣ ਉਹ ਇਕ ਨਵੀਂ ਸੋਚ ਨਾਲ ਉੱਥੇ ਆਇਆ ਸੀ। ਪੰਜਾਬ ਦੀ ਰਾਜਨੀਤੀ ਅਤੇ ਉੱਥੋਂ ਦੀ ਸਮਾਜਿਕ ਅਤੇ ਆਰਥਕ ਸਥਿਤੀ ਦੀ ਹੁਣ ਉਸ ਨੂੰ ਕਾਫ਼ੀ ਹੱਦ ਤੱਕ ਸਮਝ ਸੀ। ਇਸ ਵਾਰ ਉਹ ਸਿਰਫ਼ ਆਪਣੀ ਉੱਚ ਸਿੱਖਿਆ ਪੂਰੀ ਕਰਨ ਲਈ ਹੀ ਨਹੀਂ ਆਇਆ ਸੀ, ਉਹ ਉੱਥੇ ਪੰਜਾਬ ਅਤੇ ਦੇਸ਼ ਦੀ ਰਾਜਨੀਤੀ ’ਚ ਵੀ ਮਹੱਤਵਪੂਰਨ ਯੋਗਦਾਨ ਦੇਣ ਲਈ ਆਇਆ ਸੀ। ਯੂਨੀਵਰਸਿਟੀ ਅਤੇ ਸ਼ਹਿਰ ’ਚ ਉਸ ਨੇ ਆਪਣੀ ਪਛਾਣ ਸਿਰਫ਼ ਵਿਦਿਆਰਥੀ ਦੇ ਤੌਰ ’ਤੇ ਨਹੀਂ, ਇਕ ਸਮਾਜਿਕ ਕਾਰਕੁਨ ਦੇ ਰੂਪ ’ਚ ਵੀ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ।

ਇਸ ਦੌਰਾਨ ਮਹੀਨੇ ’ਚ ਇਕ-ਦੋ ਦਿਨ ਲਈ ਉਹ ਮੋਹਾਲੀ ਵੀ ਜਾ ਆਉਂਦਾ ਸੀ। ਇੱਥੇ ਵੱਡੇ ਭਰਾ ਦੇ ਇਕ ਹੋਰ ਪੁੱਤਰ ਨੇ ਜਨਮ ਲਿਆ। ਪਿਤਾ ਜੀ ਦੀ ਸਿਹਤ ਵਿਗੜਦੀ ਹੀ ਜਾ ਰਹੀ ਸੀ। ਰਮਨ ਉਹੋ ਜਿਹਾ ਹੀ ਸੀ। ਅਮਨ ਦੇ ਜਾਣ ਤੋਂ ਬਾਅਦ ਤਾਂ ਉਹ ਹੋਰ ਵੀ ਇਕੱਲਾ ਹੋ ਗਿਆ ਸੀ। ਉਹ ਹੁਣ ਤੱਕ ਆਪਣੇ ਆਪ ਨੂੰ ਕਿਸੇ ਵੀ ਤਰ੍ਹਾਂ ਸਥਾਪਤ ਨਹੀਂ ਕਰ ਸਕਿਆ ਸੀ। ਵੱਡਾ ਭਾਈ ਕਰਨ ਤਾਂ ਫਿਰ ਵੀ ਆਪਣੀ ਮਿਹਨਤ ਨਾਲ ਕੁਝ ਸਥਾਪਤ ਹੋ ਗਿਆ ਸੀ। ਰਮਨ ਅਜੇ ਵੀ ਪੂਰੀ ਤਰ੍ਹਾਂ ਉਨ੍ਹਾਂ ਉੱਪਰ ਨਿਰਭਰ ਸੀ। ਪਿਤਾ ਜੀ ਨੇ ਰਮਨ ਦੇ ਇਕਲਾਪੇ ਨੂੰ ਦੂਰ ਕਰਨ ਲਈ ਉਸ ਦੇ ਵਿਆਹ ਦੀ ਤਜਵੀਜ਼ ਰੱਖੀ। ਇਸ ਤਰ੍ਹਾਂ ਵੱਡੀ ਭਾਬੀ ਦੀ ਛੋਟੀ ਭੈਣ ਨਾਲ ਉਸ ਦਾ ਵਿਆਹ ਪੱਕਾ ਕਰ ਦਿੱਤਾ ਗਿਆ। ਰਮਨ ਇਸ ਬਾਰੇ ਪੂਰੀ ਤਰ੍ਹਾਂ ਪਿਤਾ ਜੀ ਅਤੇ ਵੱਡੇ ਭਰਾ ਉੱਪਰ ਨਿਰਭਰ ਸੀ। ਉਸ ਦੇ ਲਈ ਇਸ ਤਜਵੀਜ਼ ’ਚ ਹਾਂ ਜਾਂ ਨਾਂਹ ਦਾ ਕੋਈ ਮਹੱਤਵ ਨਹੀਂ ਸੀ। ਉਹ ਤਾਂ ਬਸ ਪਰਿਵਾਰ ਦਾ ਇਕ

ਹਿੱਸਾ ਸੀ।

ਵਿਆਹ ਨੂੰ ਲੈ ਕੇ ਅਮਨ ਦੇ ਵਿਚਾਰਾਂ 'ਚ ਤਬਦੀਲੀ ਆ ਗਈ ਸੀ। ਖ਼ਾਸ ਕਰਕੇ ਜਦੋਂ ਤੋਂ ਉਹ ਦਿੱਲੀ ਹੋ ਕੇ ਆਇਆ ਸੀ। ਉਹ ਵਿਆਹ ਨੂੰ ਸਿਰਫ਼ ਪਰਿਵਾਰਕ ਸੰਬੰਧ ਹੀ ਨਹੀਂ ਸਗੋਂ ਇਕ ਵਿਚਾਰਕ ਸੰਬੰਧ ਵੀ ਸਮਝਦਾ ਸੀ। ਇਸ ਲਈ ਜਦੋਂ ਉਸ ਨੇ ਇਸ ਬਾਰੇ ਰਮਨ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਸਿਰਫ਼ ਮੁਸਕਰਾ ਕੇ ਰਹਿ ਗਿਆ। ਸ਼ਾਇਰਾਨਾ ਅੰਦਾਜ਼ 'ਚ ਸਿਰਫ਼ ਏਨਾ ਹੀ ਕਿਹਾ,

"ਜ਼ਿੰਦਗੀ ਹਵਾ ਕਾ ਝੋਂਕਾ ਹੈ, ਨਾ ਜਾਨੇ ਕੌਨ ਸਾ ਰੁਖ ਲੇ
ਬਹਤੇ-ਬਹਤੇ ਕਹੀਂ ਤੋ ਕਿਨਾਰਾ ਮਿਲ ਹੀ ਜਾਏਗਾ"

ਵਿਆਹ ਨੂੰ ਲੈ ਕੇ ਦੋਹਾਂ ਭਰਾਵਾਂ 'ਚ ਵਾਹਵਾ ਅਸਹਿਮਤੀ ਸੀ, ਖ਼ਾਸ ਕਰਕੇ ਇਸ ਰਿਸ਼ਤੇ ਨਾਲ। ਉਂਝ ਤਾਂ ਅਮਨ ਦੇ ਲਈ ਪਰਿਵਾਰ ਤੋਂ ਜ਼ਿਆਦਾ ਸਮਾਜ ਮਹੱਤਵਪੂਰਨ ਹੋ ਗਿਆ ਸੀ। ਪਰ ਉਸ ਨੂੰ ਰਮਨ ਦਾ ਫ਼ਿਕਰ ਅਜੇ ਵੀ ਸੀ। ਰਮਨ ਦਾ ਵਿਆਹ ਹੋਇਆ ਅਤੇ ਫਿਰ ਆਉਣ ਵਾਲੇ ਕੁਝ ਸਾਲਾਂ 'ਚ ਦੋ ਬੱਚੇ ਵੀ ਹੋ ਗਏ।

ਇਸ ਦੌਰਾਨ ਕੰਮ ਨੂੰ ਲੈ ਕੇ ਹੌਲੀ-ਹੌਲੀ ਰਮਨ ਅਤੇ ਕਰਨ, ਦੋਹਾਂ ਭਰਾਵਾਂ 'ਚ ਵਿਰੋਧ ਵੀ ਪੈਦਾ ਹੋਣ ਲੱਗ ਪਿਆ ਸੀ। ਘਰ ਵੀ ਛੋਟਾ ਸੀ, ਇਸ ਲਈ ਵੱਡੇ ਭਰਾ ਨੇ ਆਪਣਾ ਕੰਮ ਅਤੇ ਗ੍ਰਹਿਸਥੀ ਦੋਵੇਂ ਹੀ ਵੱਖਰੇ ਕਰਨ ਦਾ ਫ਼ੈਸਲਾ ਕੀਤਾ।

ਕਰਨ ਦੇ ਇਸ ਫ਼ੈਸਲੇ ਨਾਲ ਪਿਤਾ ਜੀ ਦੀ ਚਿੰਤਾ ਹੋਰ ਵਧ ਗਈ। ਸਾਧਾਰਨ ਹਾਲਾਤ 'ਚ ਸ਼ਾਇਦ ਪਿਤਾ ਜੀ ਵੀ ਇਹੀ ਕਰਦੇ ਕਿਉਂਕਿ ਇਹ ਸੁਭਾਵਿਕ ਸੀ। ਅਮਨ ਦੇ ਸਾਰੇ ਰਿਸ਼ਤੇਦਾਰਾਂ 'ਚ ਜਿਉਂ-ਜਿਉਂ ਪੁੱਤਰ ਵੱਡੇ ਹੁੰਦੇ ਸਨ, ਪਹਿਲਾਂ ਉਨ੍ਹਾਂ ਨੂੰ ਪਰਿਵਾਰਕ ਕਾਰੋਬਾਰ 'ਚ ਲਗਾਇਆ ਜਾਂਦਾ, ਵਿਆਹ ਕੀਤਾ ਜਾਂਦਾ ਅਤੇ ਫਿਰ ਉਨ੍ਹਾਂ ਦੀ ਗ੍ਰਹਿਸਥੀ ਜੁਦਾ ਹੋ ਜਾਂਦੀ। ਅਮਨ ਦੇ ਪਿਤਾ ਜੀ ਨਾਲ ਵੀ ਅਜਿਹਾ ਹੀ ਹੋਇਆ ਸੀ। ਵਿਆਹ ਤੋਂ ਬਾਅਦ ਹੀ ਉਨ੍ਹਾਂ ਨੇ ਆਪਣਾ ਕਾਰੋਬਾਰ ਅਤੇ ਘਰ ਆਪਣੇ ਵੱਡੇ ਭਰਾ ਤੋਂ ਵੱਖਰਾ ਬਣਾ ਲਿਆ ਸੀ। ਪਰ ਇੱਥੇ ਪੰਜਾਬ 'ਚ ਆਉਣ ਤੋਂ ਬਾਅਦ ਪ੍ਰਸਥਿਤੀਆਂ ਉਸ ਤਰ੍ਹਾਂ ਦੀਆਂ ਨਹੀਂ ਸਨ। ਇਕ ਤਾਂ ਨਵੀਂ ਜਗ੍ਹਾ ਅਤੇ ਨਵੀਂ ਤਰ੍ਹਾਂ ਦਾ ਕਾਰੋਬਾਰ। ਦੂਜਾ, ਰਮਨ ਦੀ ਕਾਰਜਕੁਸ਼ਲਤਾ। ਉਹ ਉਹੀ ਕਰਦਾ ਸੀ ਜੋ ਉਸ ਨੂੰ ਕਿਹਾ ਜਾਂਦਾ ਸੀ। ਜੋ ਗੱਲ ਕਹੀ ਨਹੀਂ ਗਈ ਉਸ ਦੀ ਜਾਂ ਤਾਂ ਉਸ ਨੂੰ ਸਮਝ ਨਹੀਂ ਸੀ ਜਾਂ ਉਹ ਕਰਦਾ ਨਹੀਂ ਸੀ। ਪੰਜਾਬ ਵਿਚ ਕਾਰੋਬਾਰ ਦੀ ਰਫ਼ਤਾਰ ਬਿਹਾਰ ਨਾਲੋਂ ਤੇਜ਼ ਹੀ ਨਹੀਂ ਸਗੋਂ ਵਿਕਸਿਤ ਸੀ। ਇੱਥੇ ਫ਼ੈਸਲੇ ਜ਼ਿਆਦਾ ਇੰਤਜ਼ਾਰ ਨਹੀਂ ਕਰਦੇ ਸਨ ਕਿਉਂਕਿ ਇੱਥੇ ਮੁਕਾਬਲੇਬਾਜ਼ੀ ਜ਼ਿਆਦਾ ਸੀ।

"ਰਮਨ ਇਕੱਲਾ ਕੀ ਕਰੇਗਾ। ਉਸ ਨੂੰ ਤਾਂ ਕੰਮ ਦਾ ਕੋਈ ਤਜਰਬਾ ਨਹੀਂ ਹੈ।" ਪਿਤਾ ਜੀ ਨੇ ਇਸ ਗੱਲ ਦਾ ਸ਼ੱਕ ਜ਼ਾਹਿਰ ਕੀਤਾ।

ਕਰਨ ਦਾ ਵਿਚਾਰ ਸੀ, "ਇਕੱਲਾ ਕੰਮ ਕਰੇਗਾ ਫਿਰ ਹੀ ਸਿੱਖੇਗਾ। ਉਸ ਦਾ ਆਪਣੇ ਆਪ ਉੱਪਰ ਭਰੋਸਾ ਤਾਂ ਹੀ ਜਾਗੇਗਾ ਜਦੋਂ ਉਸ ਨੂੰ ਖ਼ੁਦ ਫ਼ੈਸਲੇ ਲੈਣੇ ਪੈਣਗੇ।

ਫਿਰ ਮੈਂ ਵੀ ਤਾਂ ਹਾਂ। ਜਦੋਂ ਜ਼ਰੂਰਤ ਪਈ ਮੈਂ ਉਸ ਨੂੰ ਗਾਈਡ ਕਰਦਾ ਰਹਾਂਗਾ।"

ਜਦੋਂ ਇਹ ਫ਼ੈਸਲਾ ਹੋਇਆ ਉਸ ਸਮੇਂ ਅਮਨ ਆਪਣੀ ਹੀ ਦੁਨੀਆ ਬਣਾ ਰਿਹਾ ਸੀ। ਯੂਨੀਵਰਸਿਟੀ 'ਚ ਪੜ੍ਹਾਈ ਦੇ ਨਾਲ-ਨਾਲ ਪੰਜਾਬ ਦੀਆਂ ਕਈ ਸਮਾਜਿਕ ਜਥੇਬੰਦੀਆਂ ਨਾਲ ਵੀ ਉਸ ਦੇ ਸੰਬੰਧ ਬਣੇ। ਉਸ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ, ਖ਼ਾਸ ਕਰਕੇ ਦਿੱਲੀ 'ਚ ਕਈ ਮੁੱਦਿਆਂ ਉੱਪਰ ਪੰਜਾਬ ਵੱਲੋਂ ਆਪਣੀ ਸਮਝ ਅਤੇ ਰਾਇ ਰੱਖਣ ਦਾ ਵੀ ਮੌਕਾ ਮਿਲਿਆ।

ਸਮਾਂ ਬੀਤਿਆ। ਫਿਰ ਦਿੱਲੀ ਦੇ ਇਕ ਕਾਲਜ ਵਿਚ ਅਧਿਆਪਕ ਵਜੋਂ ਨਿਯੁਕਤੀ ਹੋ ਗਈ। ਦਿੱਲੀ 'ਚ ਰਹਿ ਕੇ ਉੱਥੋਂ ਦੇ ਵਿਦਿਆਰਥੀਆਂ ਅਤੇ ਹੋਰ ਭਾਈਚਾਰਿਆਂ ਦੇ ਨਾਲ-ਨਾਲ ਦੇਸ਼ ਵਿਚ ਚੱਲ ਰਹੇ ਸਮਾਜਿਕ ਅਤੇ ਜਮਹੂਰੀ ਅਧਿਕਾਰਾਂ ਦੀ ਪ੍ਰਾਪਤੀ ਲਈ ਚੱਲ ਰਹੇ ਅੰਦੋਲਨਾਂ ਦੇ ਤਹਿਤ ਹੋਣ ਵਾਲੇ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਕਈ ਮੁੱਦਿਆਂ ਉੱਪਰ ਜਾਂਚ ਕੀਤੀ ਅਤੇ ਉਨ੍ਹਾਂ ਉੱਪਰ ਰਿਪੋਰਟਾਂ ਕੱਢੀਆਂ। ਇਸੇ ਕਾਰਜ ਦੌਰਾਨ ਨਾਲ ਕੰਮ ਕਰਦੇ ਇਕ ਕੁਦਰਤ ਪ੍ਰੇਮੀ ਨਾਲ ਪਿਆਰ ਹੋਇਆ ਅਤੇ ਫਿਰ ਦੋਹਾਂ ਨੇ ਵਿਆਹ ਕਰਕੇ ਇਕੱਠੇ ਮਿਲ ਕੇ ਕਈ ਮਹੱਤਵਪੂਰਨ ਮੁੱਦਿਆਂ ਉੱਪਰ ਕੰਮ ਕੀਤਾ।

ਪਿਤਾ ਜੀ ਅਤੇ ਰਮਨ ਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਸੀ ਕਿ ਅਮਨ ਨੇ ਆਪਣੀ ਜ਼ਿੰਦਗੀ ਦਾ ਇਕ ਨਵਾਂ ਰਾਹ ਚੁਣਿਆ ਸੀ। ਪਰ ਉਨ੍ਹਾਂ ਦੀ ਆਪਣੀ ਹਾਲਤ 'ਚ ਕੋਈ ਸੁਧਾਰ ਨਹੀਂ ਹੋਇਆ ਸੀ। ਉਹ ਇਨਸਾਨ ਜਿਸ ਦੇ ਲਈ ਪੰਜਾਬ, ਪੰਜਾਬੀ ਅਤੇ ਉੱਥੋਂ ਦੀ ਤਰਜ਼ੇ-ਜ਼ਿੰਦਗੀ ਇਕ ਬੋਝ ਜਿਹਾ ਬਣ ਕੇ ਰਹਿ ਗਈ ਸੀ, ਨਾ ਤਾਂ ਉਹ ਆਪਣੇ ਪੁੱਤਰ ਦੇ ਨਵੇਂ ਕਾਰੋਬਾਰ ਨਾਲ ਜੁੜ ਸਕੇ ਅਤੇ ਨਾ ਹੀ ਨਵੇਂ ਮਿੱਤਰ ਬਣਾ ਸਕੇ। ਪੁਰਾਣੇ ਸ਼ਹਿਰ ਅਤੇ ਦੋਸਤਾਂ ਦੇ ਹੇਰਵੇ ਨੇ ਪਹਿਲਾਂ ਉਨ੍ਹਾਂ ਨੂੰ ਦਿਲ ਦਾ ਮਰੀਜ ਬਣਾਇਆ ਅਤੇ ਫਿਰ ਗੁਰਦੇ ਵੀ ਖ਼ਤਮ ਹੋ ਗਏ। ਇਕ ਤੋਂ ਬਿਨਾਂ ਦੂਜੇ ਦਾ ਇਲਾਜ ਸੰਭਵ ਨਹੀਂ। ਫਿਰ ਇਕ ਦਿਨ ਪਿਤਾ ਜੀ ਦੀ ਹਾਲਤ ਵਿਗੜੀ ਅਤੇ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਹੋਣਾ ਪਿਆ। ਉਹ ਇਨਸਾਨ ਜੋ ਆਪਣੀ ਉਮਰ ਤੋਂ ਦਸ ਸਾਲ ਛੋਟਾ ਲੱਗਦਾ ਸੀ ਪੰਜਾਬ ਨੇ ਉਸ ਨੂੰ ਪੰਜ ਸਾਲ 'ਚ ਹੀ ਬੁਢਾਪੇ ਦੇ ਬੂਹੇ 'ਤੇ ਖੜ੍ਹਾ ਕਰ ਦਿੱਤਾ ਸੀ। ਤਕਰੀਬਨ ਇਕ ਸਾਲ ਤੱਕ ਇਲਾਜ ਚੱਲਿਆ ਅਤੇ ਫਿਰ ਇਕ ਦਿਨ ਸਵਾਸਾਂ ਨੇ ਸਾਥ ਛੱਡ ਦਿੱਤਾ। ਜਿਵੇਂ ਬਿਹਾਰ ਨੂੰ ਅਲਵਿਦਾ ਕਹਿ ਕੇ ਆਏ ਸਨ, ਜ਼ਿੰਦਗੀ ਨੂੰ ਵੀ ਅਲਵਿਦਾ ਕਹਿ ਦਿੱਤੀ।

ਅਮਨ ਦੇ ਪਿਤਾ ਜੀ ਨੂੰ ਆਪਣੇ ਅੰਤ ਦਾ ਅਹਿਸਾਸ ਹੋ ਗਿਆ ਸੀ। ਜਿਸ ਬੀਮਾਰੀ ਦੇ ਸ਼ਿਕੰਜੇ 'ਚ ਉਹ ਜਕੜੇ ਗਏ ਸਨ ਉਸ ਦੀਆਂ ਤਾਰਾਂ ਤਾਂ ਪਹਿਲਾਂ ਹੀ ਟੁੱਟ ਗਈਆਂ ਸਨ ਜਦੋਂ ਉਹ ਆਪਣੀ ਜਨਮ ਅਤੇ ਕਰਮ-ਭੂਮੀ ਨੂੰ ਛੱਡ ਕੇ ਸਮਾਜਿਕ ਅਤੇ ਰਾਜਨੀਤਕ ਜ਼ਿੰਦਗੀ ਨਾਲੋਂ ਟੁੱਟ ਕੇ ਨਿਕੰਮੇ ਜਹੇ ਹੋ ਗਏ ਸਨ। ਉਨ੍ਹਾਂ ਦੀ ਮੌਤ ਤੋਂ ਥੋੜ੍ਹੇ ਦਿਨ ਪਹਿਲਾਂ ਅਮਨ ਜਦੋਂ ਉਨ੍ਹਾਂ ਨੂੰ ਮਿਲਣ ਗਿਆ ਸੀ, ਉਹ ਬਹੁਤ ਗਿਲਾਨੀ ਮਹਿਸੂਸ ਕਰ ਰਿਹਾ ਸੀ। ਉਹ ਇਨਸਾਨ ਜੋ ਸ਼ਾਮ ਨੂੰ ਕੰਮ ਤੋਂ ਪਰਤ ਆਉਣ ਤੋਂ ਬਾਅਦ ਆਪਣੇ

ਦੋਸਤਾਂ ਅਤੇ ਸਮਾਜ ਦੇ ਵੱਖ-ਵੱਖ ਪਹਿਲੂਆਂ ਨਾਲ ਜੁੜੇ ਵਿਅਕਤੀਆਂ ਨੂੰ ਮਿਲਣ ਦੀ ਉਮੀਦ 'ਚ ਇਕ ਊਰਜਾ ਮਹਿਸੂਸ ਕਰਦਾ, ਹੁਣ ਬਿਲਕੁਲ ਥੱਕਿਆ-ਹਾਰਿਆ ਜਿਹਾ ਹੋ ਗਿਆ ਸੀ। ਸ਼ਾਮ ਨੂੰ ਜਦੋਂ ਉਹ ਉਨ੍ਹਾਂ ਕੋਲ ਬੈਠਾ ਸੀ ਤਾਂ ਉਹ ਉੱਠ ਕੇ ਤਿਆਰ ਹੋਣ ਲੱਗ ਪਏ ਸਨ।

"ਕਿੱਥੇ ਜਾ ਰਹੇ ਹੋ ?" ਅਮਨ ਨੇ ਉਨ੍ਹਾਂ ਨੂੰ ਪੁੱਛਿਆ ਸੀ। ਉਦੋਂ ਹੀ ਮਾਤਾ ਜੀ ਤਿਆਰ ਹੋ ਕੇ ਕਮਰੇ 'ਚ ਆ ਗਏ ਸਨ। "ਹੁਣੇ ਸ਼ਿਆਮ ਬਿਹਾਰੀ ਆਵੇਗਾ ਤਾਂ ਥੋੜ੍ਹਾ ਘੁੰਮ ਕੇ ਆਉਂਦੇ ਹਾਂ। ਥੋੜ੍ਹਾ ਬਾਜ਼ਾਰ ਸਾਈਡ ਜਾਵਾਂਗੇ, ਫਿਰ ਗੁਰਦੁਆਰੇ ਮੱਥਾ ਟੇਕ ਕੇ ਆ ਜਾਵਾਂਗੇ। ਫਿਰ ਇਨ੍ਹਾਂ ਦੀ ਦਵਾਈ ਬਦਲਣ ਦਾ ਸਮਾਂ ਹੋ ਜਾਵੇਗਾ।" ਮਾਤਾ ਜੀ ਨੇ ਪੂਰੀ ਸ਼ਾਮ ਦੀ ਆਈਟਨਰੀ ਸਮਝਾ ਦਿੱਤੀ।

"ਇਹ ਸ਼ਿਆਮ ਬਿਹਾਰੀ ਕੌਣ ਹੈ ?" ਅਮਨ ਨੇ ਉਤਸੁਕਤਾ ਜ਼ਾਹਿਰ ਕੀਤੀ।

ਫਿਰ ਪਿਤਾ ਜੀ ਨੇ ਅਮਨ ਦੀ ਮਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਅੱਜ ਤੁਸੀਂ ਰਹਿਣ ਦਿਓ। ਮੈਂ ਅਮਨ ਦੇ ਨਾਲ ਚਲਾ ਜਾਂਦਾ ਹਾਂ।"

ਥੋੜ੍ਹੀ ਦੇਰ ਬਾਅਦ ਸ਼ਿਆਮ ਬਿਹਾਰੀ ਆਇਆ। ਉਹ ਇਕ ਰਿਕਸ਼ੇ ਵਾਲਾ ਸੀ। ਪਿਤਾ ਜੀ ਦੇ ਨਾਲ ਉਸ ਦੀਆਂ ਤਾਰਾਂ ਪੂਰੀ ਤਰ੍ਹਾਂ ਜੁੜੀਆਂ ਹੋਈਆਂ ਸਨ। ਇਕ ਦਿਨ ਜਦੋਂ ਉਹ ਬਾਜ਼ਾਰ ਦੇ ਬਾਹਰ ਖੜ੍ਹੇ ਕਿਸੇ ਰਿਕਸ਼ੇ ਦੀ ਉਡੀਕ ਕਰ ਰਹੇ ਸੀ ਤਾਂ ਉਦੋਂ ਸ਼ਿਆਮ ਬਿਹਾਰੀ ਨਾਲ ਮੁਲਾਕਾਤ ਹੋਈ ਸੀ।

ਜਦੋਂ ਉਹ ਉਨ੍ਹਾਂ ਨੂੰ ਘਰ ਛੱਡਣ ਆਇਆ ਤਾਂ ਪੂਰਾ ਰਾਹ ਪਿਤਾ ਜੀ ਤੋਂ ਬਿਹਾਰ ਦੀਆਂ ਗੱਲਾਂ, ਉਨ੍ਹਾਂ ਦੇ ਸ਼ਹਿਰ ਦੀਆਂ ਗੱਲਾਂ ਸੁਣਦਾ ਰਿਹਾ ਸੀ। ਘਰ ਪਹੁੰਚ ਕੇ ਪਿਤਾ ਜੀ ਨੇ ਦਸ ਦਾ ਨੋਟ ਉਸ ਵੱਲ ਵਧਾਇਆ ਤਾਂ ਸ਼ਿਆਮ ਬਿਹਾਰੀ ਉਨ੍ਹਾਂ ਦੇ ਪੈਰੀਂ ਪੈ ਗਿਆ ਸੀ। "ਬਾਊਜੀ ਰਓਰਾ ਨਈਖੇ ਜਾਨਤ (ਤੁਸੀਂ ਤਾਂ ਨਹੀਂ ਪਛਾਣਿਆ), ਹਮ ਆਪ ਹੀ ਕੇ ਇਹਾਂ ਤੋ ਬੜੇ ਹੂਏ ਹੈਂ। ਹਮਾਰ ਗਾਂਵ ਮਨਿਕਾ, ਚਿਰਾਈ ਮਿਸਤਰੀ, ਬਿਹਾਰੀ।"

ਇਹ ਉਹ ਪਲ ਸੀ ਜਿਸ ਤੋਂ ਬਾਅਦ ਪਿਤਾ ਜੀ ਦੀ ਬਚੀ-ਖੁਚੀ ਜ਼ਿੰਦਗੀ 'ਚ ਥੋੜ੍ਹੀ ਜਹੀ ਬਹਾਰ ਆ ਗਈ ਸੀ। ਉਸ ਦਿਨ ਮਿਲਣ-ਜੁਲਣ, ਰੋਣ-ਧੋਣ ਤੋਂ ਬਾਅਦ ਸ਼ਿਆਮ ਬਿਹਾਰੀ ਨਿੱਤ ਸ਼ਾਮ ਨੂੰ ਉਨ੍ਹਾਂ ਦੇ ਘਰ ਦੇ ਆਲੇ-ਦੁਆਲੇ ਰਿਕਸ਼ੇ ਉੱਪਰ ਸੈਰ ਕਰਾਉਂਦਾ ਸੀ। ਕਦੇ ਬਾਜ਼ਾਰ, ਕਦੇ ਕਿਸੇ ਪਾਰਕ ਜਾਂ ਫਿਰ ਉਂਝ ਹੀ। ਉਸ ਦਿਨ ਜਦੋਂ ਉਹ ਅਮਨ ਅਤੇ ਪਿਤਾ ਜੀ ਨੂੰ ਮਿਲਿਆ ਤਾਂ ਬਹੁਤ ਉਤਸ਼ਾਹਤ ਹੋਇਆ ਸੀ।

"ਯਾਦ ਬਾ ਮੰਝਲੇ ਭਈਆ, ਏਕ ਬਾਰ ਡੀਪੂ ਕੇ ਪਿਛੂਨੇ ਮਕਈ ਕੇ ਖੇਤੇ ਰਓਰਾ ਖੋ ਗਈਲ ਰਹਨ। ਗਜ਼ਬ ਕੇ ਰੋਏ ਥੇ ਭਈਆ।"

ਉਹ ਸ਼ਾਮ ਅਜੀਬ ਸੀ। ਪਿਤਾ ਜੀ ਅਤੇ ਅਮਨ ਕਾਫੀ ਦੇਰ ਤੱਕ ਪਾਰਕ ਵਿਚ ਬੈਠੇ ਰਹੇ।

"ਦੇਖ ਬੇਟਾ। ਮੇਰੀ ਤਾਂ ਏਨੀ ਹੀ ਲਿਖੀ ਸੀ। ਜੇ ਚੁਰਾਸੀ ਨਾ ਹੁੰਦਾ ਤਾਂ ਸ਼ਾਇਦ

ਕੁਝ ਦਿਨ ਹੋਰ ਜੀ ਲੈਂਦਾ।"

ਅਮਨ ਸੱਚੀਓਂ ਦੁਖੀ ਸੀ। ਪਰ ਉਹ ਦੇਖ ਰਿਹਾ ਸੀ ਕਿ ਉਨ੍ਹਾਂ ਦੀ ਹਾਲਤ ਵਿਗੜਦੀ ਜਾ ਰਹੀ ਸੀ। "ਇੰਝ ਨਾ ਕਹੋ। ਤੁਹਾਡਾ ਇਲਾਜ ਠੀਕ ਚੱਲ ਰਿਹਾ ਹੈ। ਤੁਸੀਂ ਹੌਂਸਲਾ ਰੱਖੋ।"

ਅਮਨ ਜਦੋਂ ਵਾਪਸ ਦਿੱਲੀ ਨੂੰ ਜਾ ਰਿਹਾ ਸੀ ਤਾਂ ਪੂਰਾ ਰਾਹ ਇਹੀ ਸੋਚਦਾ ਰਿਹਾ ਕਿ ਉਸ ਨੇ ਆਪਣੇ ਲਈ ਤਾਂ ਇਕ ਰਸਤਾ ਬਣਾ ਲਿਆ ਸੀ। ਜਾਂ ਇੰਝ ਕਹਿ ਲਓ ਕਿ ਸਮੇਂ ਸਿਰ ਸੁਖਦੇਵ ਨਾਲ ਉਸ ਦੀ ਮੁਲਾਕਾਤ ਨੇ ਉਸ ਦੀ ਜ਼ਿੰਦਗੀ ਨੂੰ ਸਹੀ ਮੋੜਾ ਦੇ ਦਿੱਤਾ ਸੀ। ਪਰ ਉਸ ਦੇ ਪਰਿਵਾਰ 'ਚ ਕੋਈ ਵੀ ਖ਼ੁਸ਼ ਨਹੀਂ ਸੀ।

ਪਿਤਾ ਜੀ ਦੀ ਮੌਤ ਤੋਂ ਬਾਅਦ ਰਮਨ ਦੀ ਜ਼ਿੰਦਗੀ ਹੋਰ ਵੀ ਸੁੰਨੀ ਹੋ ਗਈ। ਵੱਡੇ ਭਰਾ ਨਾਲੋਂ ਜੁਦਾ ਹੋਣ ਤੋਂ ਬਾਅਦ ਉਸ ਦੀ ਆਰਥਕ ਹਾਲਤ ਹੋਰ ਵੀ ਖ਼ਰਾਬ ਹੋ ਗਈ ਸੀ। ਕਰਨ ਵੀਰ ਉਸ ਦੀ ਥੋੜ੍ਹੀ ਬਹੁਤ ਮੱਦਦ ਕਰ ਦਿੰਦੇ ਸਨ, ਪਰ ਉਹ ਜ਼ਿੰਦਗੀ ਤੋਂ ਖ਼ੁਸ਼ ਨਹੀਂ ਸੀ। ਸੰਗੀਤ ਅਤੇ ਗਾਉਣ ਦੇ ਪੁਰਾਣੇ ਸ਼ੌਕ ਤਾਂ ਬਹੁਤ ਪਹਿਲਾਂ ਹੀ ਛੁੱਟ ਗਏ ਸਨ, ਜਿਸ ਨਾਲ ਵਿਆਹ ਕਰਾਇਆ ਉਸ ਨਾਲ ਉਸ ਨੂੰ ਪਿਆਰ ਨਾ ਹੋਇਆ। ਦੇਖਦੇ-ਦੇਖਦੇ ਦੋ ਬੱਚਿਆਂ ਦੀ ਜ਼ਿੰਮੇਵਾਰੀ ਵੀ ਸਿਰ ਆਣ ਪਈ। ਇਕ ਪਿਤਾ ਜੀ ਹੀ ਸਨ ਜਿਸ ਨਾਲ ਥੋੜ੍ਹੀ ਬਹੁਤ ਬਣਦੀ ਸੀ। ਦੋਵੇਂ ਮਿਲ ਕੇ ਪੁਰਾਣੇ ਦਿਨਾਂ ਨੂੰ ਚੇਤੇ ਕਰਦੇ ਸਨ।

ਇਕ ਵਾਰ ਜਦੋਂ ਉਹ ਕੰਮ ਦੇ ਸਿਲਸਿਲੇ 'ਚ ਦਿੱਲੀ ਆਇਆ ਤਾਂ ਬਹੁਤ ਹੀ ਟੁੱਟਿਆ ਹੋਇਆ ਮਹਿਸੂਸ ਕਰ ਰਿਹਾ ਸੀ। ਸਮੇਂ ਦੀ ਘਾਟ ਸੀ ਇਸ ਲਈ ਬਹੁਤੀਆਂ ਗੱਲਾਂ ਨਾ ਹੋ ਸਕੀਆਂ। ਉਹ ਥੱਕਿਆ ਹੋਇਆ ਸੀ ਅਤੇ ਛੇਤੀਂ ਹੀ ਸੌਂ ਗਿਆ। ਜਦੋਂ ਉਸ ਨੇ ਵਾਪਸ ਪੰਜਾਬ ਨੂੰ ਜਾਣਾ ਸੀ ਉਦੋਂ ਕੁਝ ਗੱਲਾਂ ਹੋਈਆਂ।

"ਰਮਨ ਯਾਰ ਕਦੇ ਭਾਬੀ ਨਾਲ ਆਓ, ਫਿਰ ਆਪਾਂ ਲੰਮੀਆਂ ਗੱਲਾਂ ਕਰਾਂਗੇ। ਕਦੇ ਲੰਮੀ ਛੁੱਟੀ 'ਤੇ ਚੱਲਦੇ ਹਾਂ।" ਅਮਨ ਨੇ ਇਕ ਕੋਸ਼ਿਸ਼ ਕੀਤੀ ਸੀ ਕਿ ਦੁਬਾਰਾ ਉਸ ਦੇ ਨਾਲ ਜ਼ਿੰਦਗੀ ਦੇ ਕੁਝ ਚੰਗੇ ਪਲ ਗੁਜ਼ਾਰ ਸਕੇ।

"ਹਾਂ ਯਾਰ ਸਹੀ ਕਹਿ ਰਹੇ ਹੋ। ਵਾਪਸ ਆਪਣੇ ਸ਼ਹਿਰ ਚੱਲਦੇ ਹਾਂ। ਬਿਨੈ ਦੀਆਂ ਵੀ ਚਿੱਠੀਆਂ ਆਉਂਦੀਆਂ ਨੇ। ਇਕੱਠੇ ਚੱਲਦੇ ਹਾਂ।" ਚਿਹਰੇ ਉੱਪਰ ਇਕ ਹਲਕੀ ਜਿਹੀ ਚਮਕ ਅਤੇ ਬੁੱਲ੍ਹਾਂ ਉੱਪਰ ਉਹੀ ਪੁਰਾਣੀ ਮੁਸਕਾਨ। ਇੰਝ ਲੱਗ ਰਿਹਾ ਸੀ ਜਿਵੇਂ ਉਹ ਹੁਣੇ ਰੋ ਪਵੇਗਾ।

ਪਰ ਉਹ ਸਮਾਂ ਕਦੇ ਨਾ ਆਇਆ। ਅਜੇ ਇਕ ਮਹੀਨਾ ਵੀ ਨਹੀਂ ਸੀ ਲੰਘਿਆ ਕਿ ਉਹ ਦੁਨੀਆ ਨੂੰ ਅਲਵਿਦਾ ਕਹਿ ਗਿਆ। ਉਸ ਦੀ ਮੌਤ ਇਕ ਰਹੱਸ ਬਣ ਕੇ ਰਹਿ ਗਈ। ਪਰਿਵਾਰ 'ਚ ਹੀ ਨਹੀਂ ਉਹ ਪੂਰੇ ਖ਼ਾਨਦਾਨ 'ਚ ਸਭ ਤੋਂ ਛੋਟਾ ਸੀ। ਪਰ ਚੁਰਾਸੀ ਨੇ ਉਸ ਨੂੰ ਨਿਗਲ ਲਿਆ।

# 5. ਅੰਤਿਕਾ

ਵੀਹ ਸਾਲ ਬੀਤ ਚੁੱਕੇ ਸਨ ਅਮਨ ਨੂੰ ਆਪਣੀ ਜਨਮ-ਭੂਮੀ ਛੱਡੇ। ਲੱਗਭੱਗ ਇਕ ਦਹਾਕਾ ਪੰਜਾਬ 'ਚ ਗੁਜ਼ਾਰਨ ਤੋਂ ਬਾਅਦ ਉਸ ਨੇ ਦਿੱਲੀ ਨੂੰ ਆਪਣੀ ਕਰਮ-ਭੂਮੀ ਚੁਣ ਲਿਆ ਸੀ। ਨਵੇਂ ਮਿੱਤਰ ਬਣੇ ਜਿਨ੍ਹਾਂ ਨਾਲ ਉਸ ਦੇ ਸਮਾਜਿਕ ਅਤੇ ਰਾਜਨੀਤਕ ਸੰਬੰਧ ਬਣੇ ਸਨ। ਫਿਰ ਜੀਵਨ-ਸਾਥੀ ਵੀ ਅਜਿਹਾ ਹੀ ਮਿਲਿਆ ਸੀ। ਉਹ ਸਾਰੇ ਮਿੱਤਰ ਮਿਲ ਕੇ ਚਰਚਾ ਕਰਦੇ, ਹੱਸਦੇ, ਗਾਉਂਦੇ ਅਤੇ ਕਈ ਘਾਟੀਆਂ 'ਚ ਵੀ ਇਕੱਠੇ ਘੁੰਮਿਆ ਕਰਦੇ ਸਨ।ਅਮਨ ਨੂੰ ਪਹਾੜਾਂ 'ਚ ਘੁੰਮਣ ਦਾ ਬਹੁਤ ਸ਼ੌਂਕ ਸੀ ਇਸ ਲਈ ਹਰ ਸਾਲ ਆਪਣੇ ਮਿੱਤਰਾਂ ਨਾਲ ਪਹਾੜਾਂ 'ਚ ਟਰੈਕ 'ਤੇ ਨਿਕਲ ਜਾਂਦਾ।ਉਹ ਜ਼ਿੰਦਗੀ ਨੂੰ ਅਸਲ ਮਾਇਨਿਆਂ 'ਚ ਜੀ ਰਿਹਾ ਸੀ।ਪਰ ਉਸ ਨੂੰ ਕਦੇ ਇੱਛਾ ਨਹੀਂ ਹੋਈ ਸੀ ਕਿ ਦੁਬਾਰਾ ਉਸ ਸ਼ਹਿਰ 'ਚ ਜਾਵੇ ਜਿੱਥੇ ਉਸ ਦਾ ਬਚਪਨ ਬੀਤਿਆ ਸੀ।ਇਕ ਵਾਰ ਮੌਕਾ ਮਿਲਿਆ ਵੀ, ਉਹ ਗਿਆ ਸੀ ਪਰ ਰੁਕਿਆ ਨਹੀਂ। ਉਸ 'ਚ ਇਕ ਝਿਜਕ ਸੀ ਉਸ ਸ਼ਹਿਰ ਦੇ ਮਿੱਤਰਾਂ ਨੂੰ ਮਿਲਣ ਦੀ, ਜਿਨ੍ਹਾਂ ਨਾਲ ਉਸ ਦੀਆਂ ਪੁਰਾਣੀਆਂ ਯਾਦਾਂ ਜੁੜੀਆਂ ਹੋਈਆਂ ਸਨ।ਉਸ ਨੂੰ ਲੱਗਦਾ ਸੀ ਕਿ ਉਸ ਦਾ ਸ਼ਹਿਰ ਜੰਗਲ ਹੋ ਗਿਆ ਹੈ।ਜਦੋਂ ਵੀ ਉਸ ਸ਼ਹਿਰ ਦਾ ਜ਼ਿਕਰ ਹੁੰਦਾ ਉਹ ਇਕ ਖ਼ਾਮੋਸ਼ੀ ਜਹੀ ਅਖ਼ਤਿਆਰ ਕਰ ਲੈਂਦਾ ਸੀ। ਉਸ ਨੂੰ ਸਿਰਫ਼ ਚੁਰਾਸੀ ਦਾ ਕਾਲਾ ਧੂੰਆਂ ਹੀ ਨਜ਼ਰ ਆਉਂਦਾ ਸੀ ਜੋ ਉਸ ਨੂੰ ਬੇਚੈਨ ਕਰ ਦਿੰਦਾ ਸੀ।

ਮੁੱਢਲੇ ਦੌਰ 'ਚ ਰੋਹਨ ਅਤੇ ਬਿਨੈ ਰਮਨ ਨਾਲ ਸੰਪਰਕ 'ਚ ਰਹੇ।ਰੋਹਨ ਤਾਂ ਰਮਨ ਦੇ ਵਿਆਹ 'ਚ ਵੀ ਆਇਆ ਸੀ। ਪਰ ਉਦੋਂ ਅਮਨ ਨੇ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ।ਰੋਹਨ ਦੀ ਕੋਸ਼ਿਸ਼ ਸੀ ਕਿ ਅਮਨ ਦੇ ਮਨ ਵਿੱਚੋਂ ਦੋਸਤਾਂ ਅਤੇ ਸ਼ਹਿਰ ਪ੍ਰਤੀ ਉਸ ਦੀਆਂ ਮੰਦ-ਭਾਵਨਾਵਾਂ ਘਟਾਈਆਂ ਜਾਣ।ਪਰ ਇਕ ਤਾਂ ਮਾਹੌਲ ਕੁਝ ਹੋਰ ਸੀ ਅਤੇ ਦੂਜਾ ਅਮਨ ਦੀ ਉਦਾਸੀਨਤਾ। ਉਹ ਆਪਣੀ ਨਵੀਂ ਜ਼ਿੰਦਗੀ 'ਚ ਨਵੇਂ ਵਿਚਾਰਾਂ ਅਤੇ ਸਾਥੀਆਂ ਨਾਲ ਜਗ੍ਹਾ ਬਣਾਉਣ 'ਚ ਮਸਰੂਫ਼ ਸੀ। ਦੋਹਾਂ ਭਰਾਵਾਂ ਨੇ ਨਾ ਤਾਂ ਬਿਨੈ ਦੇ ਵਿਆਹ 'ਚ ਸ਼ਾਮਿਲ ਹੋਣ ਦੀ ਦਿਲਚਸਪੀ ਦਿਖਾਈ ਅਤੇ ਨਾ ਹੀ ਰੋਹਨ ਦੇ ਵਿਆਹ 'ਚ। ਫਿਰ ਸਮਾਂ ਗੁਜ਼ਰਦਾ ਗਿਆ ਅਤੇ ਉਸ ਸ਼ਹਿਰ ਦੀ ਆਪਣੀ ਪਛਾਣ ਸਿਰਫ਼ ਨਾਂ ਬਣ ਕੇ ਰਹਿ ਗਿਆ।

ਫਿਰ ਇਕ ਦਿਨ ਦਿੱਲੀ 'ਚ ਸੁਖਦੇਵ ਦੇ ਘਰ ਉਸ ਦੇ ਪੁਰਾਣੇ ਦੋਸਤਾਂ ਨਾਲ ਮੁਲਾਕਾਤ ਹੋ ਗਈ। ਇਹ ਉਹੀ ਮਿੱਤਰ ਸਨ ਜਿਨ੍ਹਾਂ ਨੇ ਦੰਗਿਆਂ ਦੌਰਾਨ ਜ਼ਖ਼ਮੀ ਹੋਏ ਸੁਖਦੇਵ ਨੂੰ ਮੁੜ ਜ਼ਿੰਦਗੀ ਦਿੱਤੀ ਸੀ। ਸੁਖਦੇਵ ਜਦੋਂ ਆਪਣੇ ਸ਼ਹਿਰ ਦੇ ਹਸਪਤਾਲ 'ਚ ਅੱਧਮਰੀ ਹਾਲਤ 'ਚ ਪਿਆ ਸੀ, ਇਨ੍ਹਾਂ ਮਿੱਤਰਾਂ ਨੇ ਕਰਫ਼ਿਊ ਦੇ ਦੌਰਾਨ ਵੀ ਸੁਖਦੇਵ ਦਾ ਇਲਾਜ ਕਰਵਾਇਆ ਸੀ।ਉਹ ਸੁਖਦੇਵ ਦੇ ਕਾਲਜ ਦੇ ਜ਼ਮਾਨੇ ਦੇ ਉਹੀ ਮਿੱਤਰ ਸਨ ਜਿਨ੍ਹਾਂ

ਨੇ ਸੁਖਦੇਵ ਦੀ ਜ਼ਿੰਦਗੀ ਨੂੰ ਨਵਾਂ ਮੋੜ ਵੀ ਦਿੱਤਾ ਸੀ। ਆਪਣੇ ਸ਼ਹਿਰ 'ਚ ਸੁਖਦੇਵ ਨੇ ਇਨ੍ਹਾਂ ਦੇ ਸਾਥ 'ਚ ਹੀ ਜ਼ਿੰਦਗੀ ਦੇ ਨਵੇਂ ਰਾਹ 'ਤੇ ਕਦਮ ਧਰਿਆ ਸੀ। ਦੰਗਿਆਂ ਤੋਂ ਬਾਅਦ ਵੀ ਸੁਖਦੇਵ ਇਨ੍ਹਾਂ ਨੂੰ ਲਗਾਤਾਰ ਮਿਲਦਾ ਰਹਿੰਦਾ ਸੀ - ਕਦੇ ਦਿੱਲੀ 'ਚ ਤੇ ਕਦੇ ਆਪਣੇ ਪੁਰਾਣੇ ਸ਼ਹਿਰ ਜਾ ਕੇ।

ਉਸ ਦਿਨ ਅਮਨ ਪਹਿਲੀ ਵਾਰ ਉਨ੍ਹਾਂ ਨੂੰ ਆਹਮਣੇ-ਸਾਹਮਣੇ ਖੁੱਲ੍ਹ ਕੇ ਮਿਲ ਰਿਹਾ ਸੀ। ਇਸ ਤੋਂ ਪਹਿਲਾਂ ਇਨ੍ਹਾਂ ਮਿੱਤਰਾਂ ਬਾਰੇ ਸਿਰਫ਼ ਸੁਣਿਆ ਹੀ ਸੀ। ਹਾਂ, ਇਹ ਜ਼ਰੂਰ ਸੀ ਕਿ ਸ਼ਹਿਰ 'ਚ ਉਨ੍ਹਾਂ ਨੂੰ ਇਕ-ਅੱਧੀ ਵਾਰ ਦੇਖਿਆ ਜ਼ਰੂਰ ਸੀ ਪਰ ਮੁਲਾਕਾਤ ਪਹਿਲੀ ਸੀ। ਜਦੋਂ ਮਿਲੇ ਤਾਂ ਸ਼ਹਿਰ ਦੀਆਂ ਗੱਲਾਂ ਵੀ ਚੱਲ ਪਈਆਂ। ਬਚਪਨ, ਜਵਾਨੀ 'ਚ ਰੱਖਦੇ ਕਦਮ ਅਤੇ ਫਿਰ ਉਹ ਦਿਨ ਜਦੋਂ ਕਾਲਾ ਸਿਆਹ ਧੂੰਆਂ ਸ਼ਹਿਰ ਦੇ ਕਈ ਹਿੱਸਿਆਂ 'ਚੋਂ ਉੱਠ ਰਿਹਾ ਸੀ। ਅਮਨ ਦੀਆਂ ਸ਼ਹਿਰ ਦੇ ਪ੍ਰਤੀ ਜੋ ਭਾਵਨਾਵਾਂ ਸਨ, ਸੁਖਦੇਵ ਦੇ ਮਿੱਤਰ ਉਨ੍ਹਾਂ ਤੋਂ ਜਾਣੂ ਸਨ।

ਸੰਜੇ, ਜੋ ਸੁਖਦੇਵ ਦੇ ਕਾਲਜ 'ਚ ਪੈਰ ਧਰਨ ਤੋਂ ਬਾਅਦ ਪਹਿਲਾ ਮਿੱਤਰ ਬਣਿਆ ਸੀ ਬੋਲਿਆ, "ਮੇਰੀ ਇਕ ਗੱਲ 'ਤੇ ਗ਼ੌਰ ਕਰਨਾ। ਦੰਗਾ ਅਕਸਰ ਆਪਣੇ ਆਪ ਨਹੀਂ ਹੁੰਦਾ, ਇਹ ਕਰਵਾਇਆ ਜਾਂਦਾ ਹੈ। ਇਸ ਵਿਚ ਜੋ ਭੀੜ ਸ਼ਾਮਿਲ ਹੁੰਦੀ ਹੈ ਉਸ ਵਿਚ ਜ਼ਿਆਦਾਤਰ ਲੋਕਾਂ ਨੂੰ ਇਸ ਦੇ ਮਕਸਦ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਉਹ ਤਾਂ ਬਸ ਭਾਵਨਾਵਾਂ ਦੇ ਵਹਿਣ 'ਚ ਵਹਿ ਕੇ ਇਸ ਵਿਚ ਸ਼ਾਮਿਲ ਹੋ ਜਾਂਦੇ ਹਨ।"

ਅਮਨ ਨੂੰ ਸੰਜੇ ਦੀ ਗੱਲ ਥੋੜ੍ਹੀ ਸਤੱਹੀ ਲੱਗਦੀ ਸੀ। "ਤਾਂ ਕੀ ਭਾਵਨਾਵਾਂ ਕਿਸੇ ਦੀਆਂ ਵੀ ਭੜਕਾਈਆਂ ਜਾ ਸਕਦੀਆਂ ਹਨ? ਤੇ ਫਿਰ ਉਨ੍ਹਾਂ ਭਾਵਨਾਵਾਂ ਦਾ ਕੀ ਜੋ ਪਨਪਨਦੀਆਂ ਹਨ, ਫੈਲਦੀਆਂ ਹਨ ਅਤੇ ਫਿਰ ਜ਼ਿੰਦਗੀ 'ਚ ਇਕ ਰਿਸ਼ਤਾ ਅਖ਼ਤਿਆਰ ਕਰਦੀਆਂ ਹਨ? ਤੁਹਾਡੀਆਂ ਵੀ ਤਾਂ ਭਾਵਨਾਵਾਂ ਹੀ ਹਨ ਜਿਨ੍ਹਾਂ ਨੇ ਆਪਣੇ ਮਿੱਤਰ ਦੀ ਖ਼ਾਤਰ ਆਪਣੀ ਜਾਨ ਤੱਕ ਖ਼ਤਰੇ 'ਚ ਪਾ ਦਿੱਤੀ ਸੀ।"

ਅਮਨ ਦੇ ਇਸ ਬਿਆਨ ਦੇ ਪਿੱਛੇ ਸੁਖਦੇਵ ਦੇ ਮਿੱਤਰਾਂ ਦੀ ਤੁਲਨਾ ਆਪਣੇ ਅਤੇ ਪਿਤਾ ਜੀ ਦੇ ਮਿੱਤਰਾਂ ਨਾਲ ਕਰਨ ਦੀ ਸੀ। ਜਾਂ ਫਿਰ ਇੰਝ ਕਹਿ ਲਓ ਉਸ ਸਮਾਜ ਨਾਲ ਸੀ ਜਿਸ 'ਚ ਉਸ ਦਾ ਆਪਣਾ ਅਤੇ ਸਿੱਖ ਬਿਰਾਦਰੀ ਦੇ ਹੋਰ ਪਰਿਵਾਰ ਰਹਿੰਦੇ ਸਨ। ਹਰ ਸਿੱਖ ਪਰਿਵਾਰ ਦੀ ਉਸ ਸਮਾਜ ਵਿਚ ਇਕ ਥਾਂ ਸੀ, ਸਮਾਜ ਦੇ ਹੋਰ ਭਾਈਚਾਰਿਆਂ ਨਾਲ ਉਨ੍ਹਾਂ ਦਾ ਇਕ ਸਮਾਜਿਕ ਰਿਸ਼ਤਾ ਸੀ।

"ਨਹੀਂ ਇਹ ਏਨਾ ਸਰਲ ਨਹੀਂ ਹੈ।" ਇਸ ਵਾਰ ਸੰਜੇ ਨੇ ਆਪਣੀ ਗੱਲ 'ਚ ਸਮਾਜਿਕ, ਰਾਜਨੀਤਕ ਅਤੇ ਮਾਨਵੀ ਮੁੱਲਾਂ ਦੇ ਮਹੱਤਵਪੂਰਨ ਮੁੱਦੇ ਵੀ ਸ਼ਾਮਿਲ ਕੀਤੇ। "ਅਸੀਂ ਜੋ ਵੀ ਕਰਦੇ ਹਾਂ ਉਸ ਵਿਚ ਭਾਵਨਾਵਾਂ ਦੀ ਮਹੱਤਵਪੂਰਨ ਭੂਮਿਕਾ ਹੈ। ਨਹੀਂ ਤਾਂ ਉਸ ਵਿਚ ਸ਼ਿੱਦਤ ਦੀ ਘਾਟ ਰਹੇਗੀ। ਸਵਾਲ ਇਹ ਹੈ ਅਸੀਂ ਕਰਦੇ ਕੀ ਹਾਂ। ਜੋ ਕਰਦੇ ਹਾਂ ਉਸ ਦਾ ਮਕਸਦ ਕੀ ਹੈ। ਦੋਸਤੀ, ਰਿਸ਼ਤੇ ਅਤੇ ਸਾਡੇ ਆਪਸੀ ਸੰਬੰਧ - ਜੇ ਇਨ੍ਹਾਂ ਦਾ ਕੋਈ

ਉਦੇਸ਼ ਨਹੀਂ ਹੈ ਤਾਂ ਇਸ ਵਿਚ ਸ਼ਿੱਦਤ ਵੀ ਨਹੀਂ ਹੋਵੇਗੀ ਅਤੇ ਨਾ ਹੀ ਉਸ ਦੇ ਮਹੱਤਵ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ।"

ਫਿਰ ਸੰਜੇ ਨੇ ਗੱਲ ਅੱਗੇ ਤੋਰੀ, "ਉਸ ਦਿਨ ਜੋ ਲੁੱਟ-ਮਾਰ 'ਚ ਸ਼ਾਮਲ ਸਨ ਉਨ੍ਹਾਂ ਦਾ ਸਮਾਜਿਕ ਤੇ ਆਰਥਕ ਪੱਧਰ ਵੀ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਸੀ। ਸਿੱਖਾਂ ਦੀ ਆਰਥਕ ਤਰੱਕੀ ਅਤੇ ਉਨ੍ਹਾਂ ਦੇ ਰਹਿਣ-ਸਹਿਣ ਨੂੰ ਵੀ ਇਸ ਹਿੰਸਾ ਦਾ ਇਕ ਕਾਰਨ ਬਣਾ ਦਿੱਤਾ ਗਿਆ ਸੀ। ਇੱਥੇ ਮੈਂ ਇਹ ਨਹੀਂ ਕਹਿ ਰਿਹਾ ਕਿ ਗ਼ਰੀਬ ਲੋਕ ਆਪਣੇ-ਆਪ ਹੀ ਉੱਠ ਖੜ੍ਹੇ ਹੋਏ। ਕੁਝ ਨੂੰ ਭੜਕਾਇਆ ਗਿਆ, ਕਈਆਂ ਨੂੰ ਪੈਸੇ ਦਿੱਤੇ ਗਏ ਅਤੇ ਕੁਝ ਅਜਿਹੇ ਵੀ ਸਨ ਜੋ ਹਰ ਸਮੇਂ ਲੁੱਟਮਾਰ ਦੀ ਤਾਕ 'ਚ ਰਹਿੰਦੇ ਹਨ – ਯਾਨੀ ਲੁਟੇਰੇ।"

"ਇਕ ਗੱਲ ਹੋਰ - ਤੁਹਾਡੇ ਘਰ ਉੱਪਰ ਜਦੋਂ ਹਮਲਾ ਹੋਇਆ ਉਦੋਂ ਮੈਂ ਥੋੜ੍ਹੀ ਦੂਰੀ 'ਤੇ ਹੀ ਸੀ। ਜਦੋਂ ਗੋਲੀਆਂ ਚੱਲੀਆਂ ਤਾਂ ਦੰਗਈ ਭੱਜ ਰਹੇ ਸਨ, ਕਿਉਂਕਿ ਉਹ ਕਿਸੇ ਦੇ ਭੜਕਾਉਣ 'ਤੇ ਸਿਰਫ਼ ਭਾਵਨਾਵਾਂ ਦੇ ਵਹਿਣ 'ਚ ਵਹਿ ਕੇ ਹੀ ਉੱਥੇ ਆਏ ਸਨ। ਇੱਥੇ ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਜੇ ਗੋਲੀ ਨਾ ਚੱਲਦੀ, ਸਿੱਖ ਬਿਰਾਦਰੀ ਦੇ ਕੁਝ ਲੋਕ ਡੱਟ ਕੇ ਵਿਰੋਧ ਨਾ ਕਰਦੇ ਤਾਂ ਦੰਗਈਆਂ ਦੀਆਂ ਭਾਵਨਾਵਾਂ ਹੋਰ ਤਿੱਖਾ ਰੂਪ ਅਖ਼ਤਿਆਰ ਕਰ ਸਕਦੀਆਂ ਸਨ।"

ਸੁਖਦੇਵ ਦੇ ਦੋਸਤਾਂ ਨੂੰ ਮਿਲਣ ਤੋਂ ਬਾਅਦ ਅਮਨ ਨੂੰ ਆਪਣੇ ਬਚਪਨ ਦੇ ਮਿੱਤਰਾਂ ਬਾਰੇ ਜਾਨਣ ਦੀ ਵੀ ਜਿਗਿਆਸਾ ਹੋਈ। "ਸ਼ਹਿਰ 'ਚ ਤਾਂ ਆਓ। ਉਨ੍ਹਾਂ ਨੂੰ ਮਿਲੋ ਅਤੇ ਇਸ ਚਰਚਾ ਨੂੰ ਉੱਥੇ ਲੈ ਕੇ ਜਾਓ।" ਸੰਜੇ ਨੇ ਬਹੁਤ ਹੀ ਸਹਿਜਤਾ ਨਾਲ ਕਿਹਾ।

"ਦੇਖੋ ਅਮਨ, ਸ਼ਹਿਰ ਨਾਲ ਤੁਹਾਡਾ ਗੁੱਸਾ ਵਾਜਬ ਹੈ। ਪਰ ਕੀ ਤੁਸੀਂ ਕਦੇ ਵੀ ਇਹ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਲੋਕ ਕੀ ਸੋਚਦੇ ਹਨ। ਸਾਰੇ ਤਾਂ ਬੁਰੇ ਨਹੀਂ ਹੁੰਦੇ। ਫਿਰ ਕੁਝ ਲੋਕਾਂ ਦੇ ਲਈ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਮਾਹੌਲ ਉਨ੍ਹਾਂ ਦੇ ਦਿਲੋ-ਦਿਮਾਗ ਉੱਪਰ ਛਾ ਜਾਂਦਾ ਹੈ। ਉਹ ਚਾਹੁੰਦੇ ਹੋਏ ਵੀ ਕੁਝ ਕਰ ਨਹੀਂ ਪਾਉਂਦੇ।"

ਕੁਝ ਪਲ ਦੀ ਚੁੱਪ ਤੋਂ ਬਾਅਦ ਸੰਜੇ ਨੇ ਗੱਲ ਜਾਰੀ ਰੱਖੀ। "ਤੁਹਾਨੂੰ ਸਿਰਫ਼ ਏਨਾ ਦੱਸ ਦਿਆਂ। ਤੁਹਾਡੇ ਮਿੱਤਰ ਅੱਜ ਵੀ ਤੁਹਾਨੂੰ ਬਹੁਤ ਚੇਤੇ ਕਰਦੇ ਹਨ। ਮੈਂ ਜਾਣਦਾ ਹਾਂ ਉਨ੍ਹਾਂ ਵਿੱਚੋਂ ਕੁਝ ਅਜਿਹੇ ਵੀ ਹਨ ਜੋ ਤੁਹਾਡੇ ਘਰ ਵੀ ਆਏ ਸਨ। ਉਹ ਵੀ ਭਾਵਨਾ 'ਚ ਵਹਿ ਕੇ। ਉਹ ਵੀ ਤੁਹਾਨੂੰ ਚੇਤੇ ਕਰਦੇ ਹਨ।"

ਸੰਜੇ ਤਾਂ ਆਪਣੇ ਮਿੱਤਰਾਂ ਨਾਲ ਵਾਪਸ ਚਲਾ ਗਿਆ ਪਰ ਜਾਂਦੇ-ਜਾਂਦੇ ਅਮਨ ਦੇ ਦਿਲ ਵਿਚ ਉਸ ਦਾ ਪੁਰਾਣਾ ਸ਼ਹਿਰ ਛੱਡ ਗਿਆ। ਤੇ ਇਸ ਵਾਰ ਸੁਖਦੇਵ ਨੇ ਵੀ ਉਸ ਦੇ ਮਨ 'ਚ ਇਹ ਮੋਹ ਜਗਾ ਦਿੱਤਾ ਸੀ।

"ਤੈਨੂੰ ਜਾਣਾ ਤਾਂ ਜ਼ਰੂਰ ਚਾਹੀਦੈ। ਜਦੋਂ ਤੁਹਾਡੇ ਮਨ ਵਿਚ ਇਹ ਗੱਲ ਘਰ ਕਰ ਜਾਵੇ ਅਤੇ ਤੁਸੀਂ ਮਾਨਸਿਕ ਤੇ ਦਿਲੀ ਤੌਰ 'ਤੇ ਸਾਰੇ ਤੁਅੱਸਬਾਂ ਨੂੰ ਛੱਡ ਸਕੋ ਤਾਂ ਚੰਗਾ ਰਹੇਗਾ।"

"ਪਰ ਉਸ ਸ਼ਹਿਰ ਦੇ ਪ੍ਰਤੀ ਮੈਂ ਹਮੇਸ਼ਾ ਇਕ ਝਿਜਕ ਜਹੀ ਮਹਿਸੂਸ ਕਰਦਾ ਹਾਂ। ਮੇਰੇ ਮਨ ਵਿਚ ਉਸ ਦੇ ਲਈ ਕੋਈ ਭਾਵਨਾਵਾਂ ਨਹੀਂ ਹਨ।" ਅਮਨ ਨੇ ਆਪਣੀ ਉਦਾਸੀਨਤਾ ਜ਼ਾਹਿਰ ਕੀਤੀ। "ਤੇ ਫਿਰ ਕੀ ਕਰਾਂਗਾ ਓਥੇ ਜਾ ਕੇ। ਇੰਝ ਤਾਂ ਹੋਏਗਾ ਨਹੀਂ ਕਿ ਲੋਕਾਂ ਨੂੰ ਮਿਲਾਂਗਾ ਤਾਂ ਸਵਾਲ ਨਹੀਂ ਉੱਠਣਗੇ।"

ਸੁਖਦੇਵ ਥੋੜ੍ਹਾ ਚਿਰ ਸ਼ਾਂਤ ਰਿਹਾ। ਇਸ ਸਮੇਂ ਉਸ ਦੇ ਚਿਹਰੇ 'ਤੇ ਇਕ ਅਜੀਬ ਜਹੀ ਮੁਸਕਰਾਹਟ ਸੀ, ਉਸ ਦੀਆਂ ਨਜ਼ਰਾਂ ਅਮਨ ਦੇ ਚਿਹਰੇ ਨੂੰ ਬਹੁਤ ਪਿਆਰ ਨਾਲ ਨਿਹਾਰ ਰਹੀਆਂ ਸਨ। ਫਿਰ ਉਸ ਨੇ ਬਹੁਤ ਪਿਆਰ ਨਾਲ ਕਿਹਾ, "ਮੈਂ ਤੁਹਾਡੀ ਗੱਲ ਨਾਲ ਬਿਲਕਲ ਸਹਿਮਤ ਨਹੀਂ ਹਾਂ ਕਿ ਉਸ ਸ਼ਹਿਰ ਦੇ ਪ੍ਰਤੀ ਤੁਹਾਡੀਆਂ ਭਾਵਨਾਵਾਂ ਨਹੀਂ ਹਨ।... ਦਰਅਸਲ ਤੁਸੀਂ ਇਸ ਗੱਲ ਦਾ ਜਿਸ ਕਦਰ ਬਿਆਨ ਕਰ ਰਹੇ ਹੋ ਉਹ ਖ਼ੁਦ ਹੀ ਤੁਹਾਡੀਆਂ ਭਾਵਨਾਵਾਂ ਨੂੰ ਦਰਸਾ ਰਿਹਾ ਹੈ। ਕਿਤੇ ਨਾ ਕਿਤੇ ਉਹ ਸ਼ਹਿਰ ਤੁਹਾਡੇ ਜ਼ਿਹਨ ਅਤੇ ਦਿਲ 'ਚ ਵਸਿਆ ਹੋਇਆ ਹੈ। ਤੁਸੀਂ ਆਪਣੀ ਹਕੀਕੀ ਜ਼ਿੰਦਗੀ 'ਚ ਡੁੱਬ ਕੇ ਆਪਣੀਆਂ ਭਾਵਨਾਵਾਂ ਨੂੰ ਹਰਗਿਜ਼ ਨਾ ਕੁਚਲੋ। ਉਸ ਨੂੰ ਇਕ ਜਗ੍ਹਾ ਦਿਓ। ਇਕ ਨਵਾਂ ਮੋੜ ਦਿਓ।"

ਸੁਖਦੇਵ ਨੇ ਅਮਨ ਦੀ ਦੁਖਦੀ ਰਗ ਉੱਪਰ ਹੱਥ ਰੱਖ ਦਿੱਤਾ ਸੀ। ਇਹ ਇਕ ਸਚਾਈ ਸੀ ਕਿ ਅਮਨ ਦੇ ਦਿਲ ਵਿਚ ਅਜੇ ਵੀ ਉਹ ਸ਼ਹਿਰ ਸੀ। ਜਦੋਂ ਕਦੇ ਉਸ ਦਾ ਨਾਂ ਆਉਂਦਾ ਸੀ ਤਾਂ ਉਸ ਦਾ ਦਿਲ ਬੇਚੈਨ ਤਾਂ ਹੁੰਦਾ ਹੀ ਸੀ। ਇਹ ਵੀ ਇਕ ਹਕੀਕਤ ਸੀ ਕਿ ਉਸ ਸਮੇਂ ਉਹ ਉਸ ਨੂੰ ਦਰਕਿਨਾਰ ਕਰਕੇ ਆਪਣੇ ਆਦਰਸ਼ਾਂ ਨੂੰ ਜ਼ਿਆਦਾ ਮਹੱਤਵ ਦਿੰਦਾ ਸੀ।

"ਮੈਂ ਵੀ ਇਹੀ ਚਾਹੁੰਦਾ ਹਾਂ ਕਿ ਮੇਰੀਆਂ ਭਾਵਨਾਵਾਂ ਮੇਰੇ ਉੱਪਰ ਹਾਵੀ ਨਾ ਹੋਣ। ਮੈਂ ਇਕ ਵਾਰ ਇਹ ਗ਼ਲਤੀ ਕਰ ਚੁੱਕਾ ਹਾਂ। ਤੁਹਾਡੇ ਨਾਲ ਨੇੜਤਾ ਨੇ ਮੈਨੂੰ ਨਵੀਂ ਜ਼ਿੰਦਗੀ ਹੀ ਨਹੀਂ ਇਕ ਨਵਾਂ ਆਦਰਸ਼ ਵੀ ਦਿੱਤਾ ਹੈ ਅਤੇ ਉਹ ਮੇਰੇ ਲਈ ਬਹੁਤ ਮਾਇਨੇ ਰੱਖਦਾ ਹੈ ਕਿਉਂਕਿ ਉਹੀ ਸਹੀ ਹੈ।" ਅਮਨ ਨੇ ਇਸ ਗੱਲ ਨਾਲ ਸੁਖਦੇਵ ਦੇ ਸਾਹਮਣੇ ਆਪਣੀਆਂ ਭਾਵਨਾਵਾਂ ਹੀ ਨਹੀਂ ਆਪਣੀ ਸਮਝ ਵੀ ਰੱਖੀ।

ਸੁਖਦੇਵ ਨੇ ਇਸ ਗੱਲ ਨੂੰ ਅੱਗੇ ਵਧਾਇਆ। "ਅਮਨ ਗੱਲ ਇੰਝ ਹੈ ਕਿ ਬਿਨਾਂ ਭਾਵਨਾਵਾਂ ਦੇ ਕੁਝ ਨਹੀਂ ਹੁੰਦਾ। ਇਨ੍ਹਾਂ ਭਾਵਨਾਵਾਂ ਦੇ ਬਲਬੂਤੇ ਹੀ ਮੈਂ ਇਨ੍ਹਾਂ ਆਦਰਸ਼ਾਂ ਉੱਪਰ ਟਿਕਿਆ ਹਾਂ। ਜ਼ਰੂਰਤ ਹੈ ਇਨ੍ਹਾਂ ਨੂੰ ਸਹੀ ਮੋੜਾ ਅਤੇ ਦਿਸ਼ਾ ਦੇਣ ਦੀ। ਉਸ ਦੇ ਲਈ ਤੁਹਾਡੇ ਕੋਲ ਕੋਈ ਕਮੀ ਨਹੀਂ ਹੈ। ਅੱਜ ਤੁਸੀਂ ਉਸ ਵਿਚਾਰਧਾਰਾ ਨਾਲ ਜੁੜੇ ਹੋ ਜੋ ਤੁਹਾਨੂੰ ਜ਼ਿੰਦਗੀ 'ਚ ਸਹੀ ਅਤੇ ਗ਼ਲਤ ਨੂੰ ਸਮਝਣ 'ਚ ਕਾਫ਼ੀ ਹੱਦ ਤੱਕ ਸਮਰੱਥ ਬਣਾਉਂਦੀ ਹੈ।"

ਉਸ ਰਾਤ ਦੋਵੇਂ ਭਰਾ ਦੇਰ ਰਾਤ ਤੱਕ ਗੱਲਾਂ ਕਰਦੇ ਰਹੇ। ਅਮਨ ਤਾਂ ਇਹ ਚਾਹੁੰਦਾ ਸੀ ਕਿ ਜਦੋਂ ਵੀ ਉਹ ਉਸ ਸ਼ਹਿਰ 'ਚ ਜਾਵੇ ਤਾਂ ਸੁਖਦੇਵ ਦੇ ਨਾਲ ਹੀ ਜਾਵੇ। ਸੁਖਦੇਵ ਦੀ ਰਾਇ ਥੋੜ੍ਹੀ ਵੱਖਰੀ ਸੀ। "ਦੇਖੋ ਭਰਾ! ਮੈਨੂੰ ਤੁਹਾਡੇ ਨਾਲ ਜਾਣ 'ਚ ਕੋਈ

ਇਤਰਾਜ਼ ਨਹੀਂ ਏ। ਮੈਂ ਤਾਂ ਉੱਥੇ ਅਕਸਰ ਜਾਂਦਾ ਰਹਿੰਦਾ ਹਾਂ। ਹੁਣ ਵੀ ਜਾਵਾਂਗਾ ਤਾਂ ਤੁਹਾਨੂੰ ਦੱਸ ਦਿਆਂਗਾ।" ਕੁਝ ਪਲ ਚੁੱਪ ਰਹਿਣ ਤੋਂ ਬਾਅਦ ਉਸ ਨੇ ਫਿਰ ਕਿਹਾ। "ਉਂਝ ਜੇ ਤੁਸੀਂ ਆਪਣੇ ਆਪ ਜਾ ਕੇ ਉਨ੍ਹਾਂ ਦੋਸਤਾਂ ਨੂੰ ਮਿਲੋ ਤਾਂ ਜ਼ਿਆਦਾ ਚੰਗਾ ਰਹੇਗਾ।"

ਫਿਰ ਇੰਝ ਹੀ ਹੋਇਆ। ਅਮਨ ਇਕ ਵਾਰ ਕਿਸੇ ਕੰਮ ਕਲਕੱਤਾ ਜਾ ਰਿਹਾ ਸੀ। ਰੋਹਨ ਵੀ ਉਸ ਸਮੇਂ ਕਲਕੱਤੇ ਤੋਂ ਬਹੁਤੀ ਦੂਰ ਨਹੀਂ ਸੀ। ਅਕਸਰ ਉਹ ਆਪਣੇ ਸ਼ਹਿਰ ਜਾਂਦਾ ਰਹਿੰਦਾ ਸੀ। ਇਸ ਵਾਰ ਅਮਨ ਵੀ ਉਸ ਦੇ ਨਾਲ ਸੀ।

-----

ਪਿਛਲੀ ਸ਼ਾਮ ਨੂੰ ਬਿਨੈ ਅਤੇ ਰੋਹਨ ਨਾਲ ਹੋਈਆਂ ਗੱਲਾਂ ਨਾਲ ਅਮਨ ਦੇ ਮਨ ਵਿਚ ਮਿੱਤਰਾਂ ਪ੍ਰਤੀ ਜੋ ਸੰਸੇ ਸਨ ਉਹ ਦੂਰ ਹੋਣ ਲੱਗੇ ਸਨ। ਅਗਲੇ ਤਿੰਨ ਦਿਨਾਂ ਤੱਕ ਅਮਨ ਬਿਨੈ ਦੇ ਨਾਲ ਹੀ ਰਿਹਾ। ਰੋਹਨ ਨੇ ਵਾਪਸ ਆਪਣੇ ਕੰਮ 'ਤੇ ਜਾਣਾ ਸੀ, ਇਸ ਲਈ ਉਹ ਅਗਲੀ ਸਵੇਰ ਹੀ ਚਲਾ ਗਿਆ। ਰੋਹਨ ਨੂੰ ਇਸ ਗੱਲ ਦੀ ਤਸੱਲੀ ਸੀ ਕਿ ਸਾਲਾਂ ਦੇ ਯਤਨਾਂ ਤੋਂ ਬਾਦ ਉਹ ਅਮਨ ਨੂੰ ਆਪਣੇ ਬਚਪਨ ਦੇ ਸ਼ਹਿਰ 'ਚ ਲਿਆਉਣ 'ਚ ਕਾਮਯਾਬ ਹੋਇਆ ਹੈ। ਬਿਨੈ ਉਸ ਨੂੰ ਉਨ੍ਹਾਂ ਸਾਰੀਆਂ ਥਾਵਾਂ 'ਤੇ ਲੈ ਕੇ ਗਿਆ ਜਿੱਥੇ ਅਮਨ ਦੇ ਬਚਪਨ ਦੀਆਂ ਯਾਦਾਂ ਉਸ ਦੇ ਦਿਲ ਤੇ ਦਿਮਾਗ ਦੀਆਂ ਕਿੰਨੀਆਂ ਹੀ ਤੈਹਾਂ ਥੱਲੇ ਦੱਬੀਆਂ ਹੋਈਆਂ ਸਨ। ਬਿਨੈ ਨੇ ਇਨ੍ਹਾਂ ਤੈਹਾਂ ਨੂੰ ਖੁਰਚਿਆ, ਤਰਾਸ਼ਿਆ ਅਤੇ ਮਿੱਠੀਆਂ ਯਾਦਾਂ ਨੂੰ ਇਕ ਚਲਚਿੱਤਰ ਦੀ ਤਰ੍ਹਾਂ ਮਨੁੱਖੀ ਪਰਦੇ 'ਤੇ ਖਿੰਡਾ ਦਿੱਤਾ। ਉਹ ਆਪਣੇ ਪੁਰਾਣੇ ਘਰ ਵੀ ਗਿਆ। ਘਰ ਦੀ ਹਾਲਤ ਦੇਖ ਕੇ ਉਸ ਨੂੰ ਥੋੜ੍ਹਾ ਦੁੱਖ ਵੀ ਹੋਇਆ, ਇਸ ਲਈ ਉਹ ਉੱਥੇ ਬਹੁਤਾ ਚਿਰ ਨਾ ਰੁਕ ਸਕਿਆ।

ਫਿਰ ਇਕ ਸ਼ਾਮ ਉਹ ਨਦੀ ਕਿਨਾਰੇ ਘਾਟ ਉੱਪਰ ਪਹੁੰਚੇ ਜਿੱਥੇ ਚੇਤ ਮਹੀਨੇ ਦੀ ਛਠ ਪੂਜਾ ਚੱਲ ਰਹੀ ਸੀ। ਜਿਸ 31 ਅਕਤੂਬਰ ਦੇ ਦਿਨ ਪ੍ਰਧਾਨ ਮੰਤਰੀ ਦਾ ਕਤਲ ਹੋਇਆ ਸੀ ਉਹ ਵੀ ਛਠ ਪੂਜਾ ਦਾ ਦਿਨ ਸੀ। ਉਸ ਸਵੇਰੇ ਵੀ ਅਮਨ ਆਪਣੇ ਦੋਸਤਾਂ ਨਾਲ ਠੰਡੀ ਪੌਣ ਦੇ ਬੁੱਲਿਆਂ ਸੰਗ ਛਠ ਪ੍ਰਸਾਦ ਦਾ ਆਨੰਦ ਲੈ ਰਿਹਾ ਸੀ। ਅੱਜ ਫਿਰ ਅਮਨ ਦੋ ਦਹਾਕਿਆਂ ਦੇ ਵਕਫ਼ੇ ਤੋਂ ਬਾਅਦ ਉਸੇ ਨਦੀ ਦੇ ਕਿਨਾਰੇ ਛਠ ਪੂਜਾ ਦੇਖ ਰਿਹਾ ਸੀ। ਉਹ ਸਿਆਲ ਰੁੱਤ ਦੀ ਆਮਦ ਦੀ ਛਠ ਪੂਜਾ ਸੀ ਅਤੇ ਇਹ ਆਉਣ ਵਾਲੀ ਭਿਆਨਕ ਗਰਮੀ ਦੀ ਰੁੱਤ ਵਾਲੀ ਛਠ ਪੂਜਾ ਸੀ। ਉਸ ਛਠ ਪੂਜਾ ਤੋਂ ਬਾਅਦ ਇਸ ਸ਼ਹਿਰ ਨਾਲ ਰਿਸ਼ਤਿਆਂ 'ਚ ਠੰਡਾਪਣ ਆਇਆ ਸੀ ਅਤੇ ਹੁਣ ਇਹ ਛਠ ਪੂਜਾ ਉਸੇ ਸ਼ਹਿਰ ਦੇ ਰਿਸ਼ਤਿਆਂ 'ਚ ਦੁਬਾਰਾ ਨਿੱਘ ਅਤੇ ਸੁਹਿਰਦਤਾ ਪੈਦਾ ਕਰ ਰਹੀ ਸੀ।

-----

ਤਿੰਨ ਦਿਨ ਬਿਨੈ ਨਾਲ ਸ਼ਹਿਰ ਵਿਚ ਘੁੰਮਣ ਤੋਂ ਬਾਅਦ ਅਮਨ ਦੇ ਮਨ ਵਿਚ ਸ਼ਹਿਰ ਨੂੰ ਇਕੱਲੇ ਦੇਖਣ ਦੀ ਵੀ ਤਮੰਨਾ ਜਾਗੀ। ਬਿਨੈ ਨੇ ਪਹਿਲਾਂ ਤਾਂ ਮਨ੍ਹਾ ਕੀਤਾ ਪਰ ਕਾਫ਼ੀ ਤਰਲੇ ਕਰਨ ਤੋਂ ਬਾਅਦ ਉਹ ਮੰਨ ਗਿਆ। ਅਗਲੀ ਸਵੇਰ ਉੱਠ ਕੇ ਉਸ ਨੇ

ਆਪਣੀ ਲਾਲ ਪੱਗ ਬੰਨ੍ਹੀ ਅਤੇ ਪੈਦਲ ਹੀ ਨਿਕਲ ਪਿਆ। ਜਦੋਂ ਵੀ ਉਹ ਪੱਗ ਬੰਨ੍ਹਦਾ ਸੀ ਤਾਂ ਘਰ ਵਾਲੇ ਕਹਿੰਦੇ ਸਨ ਕਿ ਉਸ ਦੀ ਸ਼ਕਲ ਉਸ ਦੇ ਪਿਤਾ ਜੀ ਨਾਲ ਮਿਲਦੀ ਹੈ। ਦੋ ਦਹਾਕੇ ਬਾਅਦ ਉਹ ਸ਼ਹਿਰ ਦੀਆਂ ਉਨ੍ਹਾਂ ਗਲੀਆਂ 'ਚ ਪਹਿਲੀ ਵਾਰ ਇਸ ਤਰ੍ਹਾਂ ਪੱਗ ਬੰਨ੍ਹ ਕੇ ਘੁੰਮ ਰਿਹਾ ਸੀ। ਜਦੋਂ ਸ਼ਹਿਰ ਛੱਡਿਆ ਸੀ ਓਦੋਂ ਦਾੜ੍ਹੀ-ਮੁੱਛਾਂ ਫੁੱਟਣ ਵਾਲੀਆਂ ਸਨ। ਸਿਰਫ਼ ਇਕ ਪਟਕਾ ਬੰਨ੍ਹ ਕੇ ਉਹ ਸਾਰਾ ਦਿਨ ਆਪਣੇ ਸਾਈਕਲ ਨੂੰ ਇਨ੍ਹਾਂ ਗਲੀਆਂ 'ਚ ਭਜਾਇਆ ਕਰਦਾ ਸੀ। ਅੱਜ ਉਸ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਸੜਕ ਉੱਪਰ ਚੱਲਣ ਵਾਲਾ ਹਰ ਬੰਦਾ ਉਸੇ ਨੂੰ ਦੇਖ ਰਿਹਾ ਹੈ। ਉਸ ਨੂੰ ਇਕ ਅਜੀਬ ਜਿਹਾ ਅਨੁਭਵ ਹੋ ਰਿਹਾ ਸੀ। ਕੁਝ ਲੋਕ ਤਾਂ ਉਸ ਨੂੰ ਵਿਸ਼ ਵੀ ਕਰ ਰਹੇ ਸਨ ਅਤੇ ਉਹ ਉਨ੍ਹਾਂ ਨੂੰ ਸਿਰਫ਼ ਸਿਰ ਹਿਲਾ ਕੇ ਜਵਾਬ ਦੇ ਰਿਹਾ ਸੀ।

ਉਹ ਉਨ੍ਹਾਂ ਲੋਕਾਂ ਨੂੰ ਮਿਲਣ ਲਈ ਨਿਕਲਿਆ ਸੀ ਜਿਨ੍ਹਾਂ ਨੂੰ ਉਹ ਦਿਲੋਂ ਚਾਹੁੰਦਾ ਸੀ। ਇਸ ਸੂਚੀ 'ਚ ਪਹਿਲਾ ਨਾਮ ਉਸ ਦੇ ਅੰਗਰੇਜ਼ੀ ਦੇ ਅਧਿਆਪਕ ਪ੍ਰੋਫੈਸਰ ਮਿਸ਼ਰਾ ਜੀ ਸਨ। ਸ਼ਹਿਰ ਦੇ ਸਾਹਿਤ ਜਗਤ ਵਿਚ ਤਾਂ ਉਨ੍ਹਾਂ ਦਾ ਸਥਾਨ ਹੈ ਹੀ ਸੀ, ਇਸ ਤੋਂ ਇਲਾਵਾ ਅਮਨ ਦੇ ਪਰਿਵਾਰ ਨਾਲ ਵੀ ਇਕ ਗੂੜ੍ਹਾ ਰਿਸ਼ਤਾ ਸੀ। ਪੂਰੇ ਜ਼ਿਲ੍ਹੇ ਵਿਚ ਉਹ ਅੱਜ ਵੀ ਸ਼ਹਿਰ ਦੇ ਨਾਮਵਰ ਸਾਹਿਤਕਾਰ ਹਨ। ਉਨ੍ਹਾਂ ਦੀ ਮੌਜੂਦਗੀ ਤੋਂ ਬਿਨਾਂ ਇਸ ਸ਼ਹਿਰ ਦੇ ਤਮਾਮ ਸਾਹਿਤਕ ਸਮਾਗਮ ਲੱਗਭੱਗ ਅਧੂਰੇ ਅਤੇ ਫਿੱਕੇ-ਫਿੱਕੇ ਹੀ ਰਹਿੰਦੇ ਹਨ। ਉਂਝ ਤਾਂ ਉਹ ਸ਼ਹਿਰ ਦੇ ਸਭ ਤੋਂ ਮਸ਼ਹੂਰ ਕਾਲਜ ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਸਨ ਪਰ ਹਿੰਦੀ ਸਾਹਿਤ ਉੱਪਰ ਉਨ੍ਹਾਂ ਦੀ ਕਾਫ਼ੀ ਵਧੀਆ ਪਕੜ ਹੈ। ਕਾਲਜ 'ਚ ਪੜ੍ਹਾਉਂਦਿਆਂ ਜਦੋਂ ਉਹ ਅੰਗਰੇਜ਼ੀ ਦੀਆਂ ਕਵਿਤਾਵਾਂ ਦਾ ਵਿਖਿਆਨ ਹਿੰਦੀ 'ਚ ਕਰਦੇ ਤਾਂ ਵਿਦਿਆਰਥੀਆਂ ਨੂੰ ਉਹ ਕਵਿਤਾ ਜ਼ਿੰਦਗੀ ਭਰ ਚੇਤੇ ਰਹਿ ਜਾਂਦੀ ਸੀ। ਹਰ ਸਤਰ ਦੀ ਸੂਖ਼ਮਤਾ ਦੀ ਉਹ ਕਈ ਕੋਨਾਂ ਤੋਂ ਵਿਸਤਾਰੀ ਵਿਆਖਿਆ ਕਰਦੇ ਸਨ। ਵਿਆਖਿਆ ਨੂੰ ਆਪਣੇ ਆਲੇ-ਦੁਆਲੇ ਦੇ ਮਾਹੌਲ ਨਾਲ ਜੋੜਦੇ ਸਨ। ਉਸ ਦੀ ਸੁੰਦਰਤਾ ਦੇ ਪੱਖ ਨੂੰ ਪਾਣੀ ਦੇ ਵਹਾ ਦੀ ਤਰ੍ਹਾਂ ਸਮਝਾਉਂਦੇ ਸਨ।

ਅਕਸਰ ਸ਼ਹਿਰ ਦੀ ਸਿੱਖ ਬਿਰਾਦਰੀ 'ਚ ਜ਼ਿਆਦਾਤਰ ਬੱਚੇ ਆਪਣੇ ਪਰਿਵਾਰਕ ਕਾਰੋਬਾਰ 'ਚ ਹੀ ਜਜ਼ਬ ਹੋ ਜਾਂਦੇ ਸਨ ਇਸ ਕਰਕੇ ਉਨ੍ਹਾਂ ਦਾ ਸਾਹਿਤ ਨਾਲ ਲੈਣਾ-ਦੇਣਾ ਘੱਟ ਹੀ ਹੁੰਦਾ ਸੀ। ਉਨ੍ਹਾਂ ਦੀ ਸਮਝ ਹਿੰਦੀ ਫਿਲਮਾਂ ਦੇ ਗੀਤ ਜਾਂ ਫਿਰ ਭੰਗੜੇ ਦੀ ਧੁਨ 'ਤੇ ਹੱਥ-ਪੈਰ ਮਾਰਨ ਤੱਕ ਹੀ ਸੀ। ਫਿਰ ਵੀ ਕੁਝ ਅਜਿਹੇ ਮੈਂਬਰ ਸਨ ਜੋ ਇਨ੍ਹਾਂ ਸਾਹਿਤਿਕ ਸਮਾਗਮਾਂ 'ਚ ਜਾਂਦੇ ਸਨ ਤਾਂ ਉਨ੍ਹਾਂ ਦੀਆਂ ਭਾਵਨਾਵਾਂ ਕੁਰੇਦੀਆਂ ਜਾਂਦੀਆਂ ਸਨ। ਪਰ ਅਮਨ ਦੇ ਪਰਿਵਾਰ 'ਚ ਗਿਣਵੇਂ ਲੋਕ ਹੀ ਕਾਲਜ ਗਏ ਸਨ - ਉਹੀ ਜਿਨ੍ਹਾਂ ਨੇ ਇੰਜੀਨੀਅਰ ਜਾਂ ਡਾਕਟਰ ਬਣਨਾ ਸੀ। ਇਸ ਲਈ ਉਨ੍ਹਾਂ ਦਾ ਵੀ ਕਲਾ ਜਗਤ ਨਾਲ ਬਹੁਤ ਘੱਟ ਵਾਹ ਸੀ। ਜਿੱਥੋਂ ਤੱਕ ਲੜਕੀਆਂ ਦਾ ਸਵਾਲ ਸੀ, ਉਹ ਵੀ ਮੁਸ਼ਕਿਲ ਨਾਲ ਹੀ ਦਸਵੀਂ ਪਾਸ

ਕਰਦੀਆਂ ਸਨ। ਹਾਲਾਂਕਿ ਅੱਸੀਵਿਆਂ 'ਚ ਬਦਲਾਅ ਨਜ਼ਰ ਆ ਰਿਹਾ ਸੀ। ਉਂਝ ਲੜਕੀਆਂ 'ਚ ਪੜ੍ਹਨ ਦੀ ਸਮਝ, ਚਾਹਤ ਅਤੇ ਸਮਰੱਥਾ ਲੜਕਿਆਂ ਨਾਲੋਂ ਕਈ ਗੁਣਾਂ ਜ਼ਿਆਦਾ ਸੀ।

ਮਿਸ਼ਰਾ ਜੀ ਜਦੋਂ ਮੁੱਢਲੇ ਦੌਰ 'ਚ ਸ਼ਹਿਰ ਆਏ ਤਾਂ ਥੋੜ੍ਹੇ ਦਿਨ ਅਮਨ ਦੇ ਵੱਡੇ ਚਾਚਾ ਜੀ ਦੇ ਸੰਪਰਕ 'ਚ ਵੀ ਆਏ ਸਨ। ਆਪਣੀ ਜਵਾਨੀ 'ਚ ਅਮਨ ਦੇ ਵੱਡੇ ਚਾਚਾ ਜੀ 1942 ਦੇ ਸੁਤੰਤਰਤਾ ਅੰਦੋਲਨ 'ਚ ਸ਼ਾਮਿਲ ਹੀ ਨਹੀਂ ਹੋਏ ਸਨ, ਸਗੋਂ ਜੇਲ੍ਹ ਵੀ ਗਏ ਸਨ। ਉਹ ਸ਼ਹਿਰ ਦੀਆਂ ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿਚ ਦਿਲਚਸਪੀ ਰੱਖਦੇ ਸਨ ਅਤੇ ਗੀਤ ਗਾਉਣ ਦੇ ਵੀ ਬਹੁਤ ਸ਼ੌਕੀਨ ਸਨ। ਹਾਲਾਂਕਿ ਜ਼ਿਆਦਾਤਰ ਉਹ ਗੁਰਬਾਣੀ 'ਤੇ ਆਧਾਰਤ ਸ਼ਬਦ-ਕੀਰਤਨ ਹੀ ਕਰਦੇ ਸਨ ਪਰ ਕਦੇ-ਕਦੇ ਉਹ ਪੁਰਾਣੀਆਂ ਫਿਲਮਾਂ ਦੀ ਧੁਨ ਵੀ ਗਾਉਂਦੇ ਸਨ। ਜਦੋਂ ਮਿਸ਼ਰਾ ਜੀ ਨੂੰ ਸ਼ਹਿਰ 'ਚ ਨਵੀਂ-ਨਵੀਂ ਨੌਕਰੀ ਮਿਲੀ ਸੀ ਤਾਂ ਉਹ ਨਿੱਤ ਦਿਨ ਆਪਣੇ ਪਿੰਡ ਤੋਂ ਨਦੀ ਪਾਰ ਕਰਕੇ ਸ਼ਹਿਰ ਆ ਕੇ ਪੜ੍ਹਾਉਂਦੇ ਸਨ, ਫਿਰ ਦੁਪਹਿਰ ਨੂੰ ਵਾਪਸ ਚਲੇ ਜਾਂਦੇ ਸਨ। ਫਿਰ ਇਕ ਸਮਾਂ ਅਜਿਹਾ ਆਇਆ ਜਦੋਂ ਉਹ ਸ਼ਾਮ ਨੂੰ ਸ਼ਹਿਰ ਵਿਚ ਪੜ੍ਹਾਉਣ ਦਾ ਕੰਮ ਕਰਨ ਲੱਗ ਪਏ। ਦਿਨ ਦਾ ਸਮਾਂ ਖਾਲੀ ਸੀ। ਇਹ ਸਮਾਂ ਉਹ ਅਮਨ ਦੇ ਵੱਡੇ ਚਾਚਾ ਜੀ ਦੇ ਘਰ ਬਿਤਾਇਆ ਕਰਦੇ ਸਨ ਜਿਨ੍ਹਾਂ ਦੀਆਂ ਪੰਜ ਕੁੜੀਆਂ ਸਨ। ਮਿਸ਼ਰਾ ਜੀ ਨੇ ਉਨ੍ਹਾਂ ਵਿੱਚੋਂ ਦੋ ਨੂੰ ਪੜ੍ਹਾਇਆ ਸੀ ਅਤੇ ਉਹ ਕਾਲਜ ਤੱਕ ਹੀ ਨਹੀਂ ਪਹੁੰਚੀਆਂ, ਉਨ੍ਹਾਂ ਨੇ ਆਪਣੀ ਬੀ.ਏ. ਦੀ ਪੜ੍ਹਾਈ ਵੀ ਪੂਰੀ ਕੀਤੀ। ਇਸ ਤੋਂ ਇਲਾਵਾ, ਸਿੱਖ ਬਿਰਾਦਰੀ ਦੀਆਂ ਜਿਨ੍ਹਾਂ ਹੋਰ ਲੜਕੀਆਂ ਨੇ ਪੜ੍ਹਾਈ ਕੀਤੀ ਉਸ ਵਿਚ ਵੀ ਮਿਸ਼ਰਾ ਜੀ ਦਾ ਯੋਗਦਾਨ ਸੀ।

ਜਦੋਂ ਅਮਨ ਨੇ ਕਾਲਜ 'ਚ ਕਦਮ ਰੱਖਿਆ ਸੀ ਓਦੋਂ ਆਪਣੇ ਦੋ ਹੋਰ ਦੋਸਤਾਂ ਨਾਲ ਮਿਲ ਕੇ ਉਹ ਅਕਸਰ ਮਿਸ਼ਰਾ ਜੀ ਨੂੰ ਮਿਲਣ ਜਾਂਦਾ ਸੀ। ਮਿਸ਼ਰਾ ਜੀ ਦਾ ਕਾਲਜ ਦੀਆਂ ਖੇਡਾਂ 'ਚ ਵੀ ਕਾਫ਼ੀ ਯੋਗਦਾਨ ਸੀ। ਉਹ ਕ੍ਰਿਕਟ ਦੇ ਬੇਹੱਦ ਸ਼ੌਕੀਨ ਸਨ।

ਹਿਜ਼ਰਤ ਤੋਂ ਬਾਅਦ ਅਮਨ ਨੇ ਕਦੇ ਵੀ ਉਨ੍ਹਾਂ ਨੂੰ ਚੇਤੇ ਨਹੀਂ ਸੀ ਕੀਤਾ। ਅੱਜ ਜਦੋਂ ਬਿਨੈ ਉਸ ਨੂੰ ਸ਼ਹਿਰ ਵਿਚ ਘੁੰਮਾ ਰਿਹਾ ਸੀ ਤਾਂ ਉਹ ਉਨ੍ਹਾਂ ਪੁਰਾਣੀਆਂ ਯਾਦਾਂ ਨੂੰ ਵੀ ਮੁੜ ਜਿਉਂਦੀਆਂ ਕਰ ਰਿਹਾ ਸੀ। ਬਿਨੈ ਉਸ ਦੇ ਨਾਲ ਕਾਲਜ ਵਿਚ ਨਹੀਂ ਪੜ੍ਹਦਾ ਸੀ। ਛੋਟਾ ਭਰਾ ਰਮਨ ਅਤੇ ਉਹ ਦੋਵੇਂ ਇਕ ਹੋਰ ਕਾਲਜ ਵਿਚ ਪੜ੍ਹਦੇ ਸਨ। ਉਂਝ ਅਮਨ ਨੇ ਵੀ ਬਹੁਤ ਥੋੜ੍ਹਾ ਸਮਾਂ ਕਾਲਜ ਵਿਚ ਗੁਜ਼ਾਰਿਆ ਸੀ।

ਅਮਨ ਆਪਣੇ ਕੁਝ ਸਵਾਲ ਮਿਸ਼ਰਾ ਜੀ ਨਾਲ ਵੀ ਸਾਂਝੇ ਕਰਨਾ ਚਾਹੁੰਦਾ ਸੀ। ਚੁਰਾਸੀ ਦੀ ਘਟਨਾ ਪ੍ਰਤੀ ਉਨ੍ਹਾਂ ਦੇ ਵਿਚਾਰ ਜਾਨਣੇ ਚਾਹੁੰਦਾ ਸੀ। ਬਿਨੈ ਤੋਂ ਉਨ੍ਹਾਂ ਦਾ ਨੰਬਰ ਮਿਲ ਗਿਆ ਸੀ ਅਤੇ ਉੱਥੇ ਜਾਣ ਤੋਂ ਪਹਿਲਾਂ ਜਦੋਂ ਉਨ੍ਹਾਂ ਨਾਲ ਗੱਲ ਹੋਈ ਤਾਂ ਮਿਸ਼ਰਾ ਜੀ ਨੇ ਕਿਹਾ, "ਸੋ ਯੂ ਆਰ ਵਨ ਆਫ ਦ ਥ੍ਰੀ ਮਸਕੀਟਿਅਰ"।

ਕਾਲਜ ਵਿਚ ਅਮਨ ਜਦੋਂ ਆਪਣੇ ਤਿੰਨ ਮਿੱਤਰਾਂ ਨਾਲ ਮਿਸ਼ਰਾ ਜੀ ਨੂੰ ਮਿਲਦਾ ਸੀ ਤਾਂ ਉਹ ਅਕਸਰ ਉਨ੍ਹਾਂ ਤਿੰਨਾਂ ਨੂੰ ਇਸੇ ਤਰ੍ਹਾਂ ਸੰਬੋਧਨ ਕਰਦੇ ਸਨ। ਦੋ ਦਹਾਕੇ ਬਾਅਦ

ਵੀ ਉਨ੍ਹਾਂ ਨੂੰ ਆਪਣਾ ਉਹ ਸੰਬੋਧਨ ਚੇਤੇ ਸੀ। ਇਸ ਸਨੇਹ ਨਾਲ ਅਮਨ ਦੇ ਦਿਲ ਵਿਚ ਸਿਰਫ਼ ਉਨ੍ਹਾਂ ਪ੍ਰਤੀ ਆਦਰ ਹੀ ਨਹੀਂ ਸਗੋਂ ਇਕ ਮਹਾਨ ਅਧਿਆਪਕ ਦਾ ਵੀ ਬੋਧ ਹੋਇਆ। ਅਮਨ ਵੀ ਅਧਿਆਪਕ ਸੀ ਪਰ ਉਸ ਨੂੰ ਆਪਣੇ ਵਿਦਿਆਰਥੀਆਂ ਦਾ ਇਸ ਤਰ੍ਹਾਂ ਚੇਤਾ ਨਹੀਂ ਰਹਿੰਦਾ ਸੀ।

ਦੂਜੇ ਦਿਨ ਜਦੋਂ ਉਹ ਉਨ੍ਹਾਂ ਨੂੰ ਮਿਲਿਆ ਤਾਂ ਸਿਰਫ਼ ਕਾਲਜ ਦੇ ਦਿਨਾਂ ਦੀਆਂ ਯਾਦਾਂ ਹੀ ਤਾਜ਼ਾ ਨਾ ਕੀਤੀਆਂ ਸਗੋਂ ਅਜੋਕੇ ਸਾਹਿਤ ਅਤੇ ਰਾਜਨੀਤਕ ਸਥਿਤੀ ਉੱਪਰ ਵੀ ਖੁੱਲ੍ਹ ਕੇ ਚਰਚਾ ਹੋਈ। ਨਵੰਬਰ ਚੁਰਾਸੀ ਨੂੰ ਉਨ੍ਹਾਂ ਨੇ ਡਾਲਟਨਗੰਜ ਹੀ ਨਹੀਂ ਸਗੋਂ ਦੇਸ਼ ਦੇ ਕਈ ਸ਼ਹਿਰਾਂ ਦੀ ਰਾਜਨੀਤਕ ਅਤੇ ਕੁਝ ਹੱਦ ਤੱਕ ਸਮਾਜਿਕ ਵਿਵਸਥਾ ਦੇ ਪਤਨ ਦੇ ਰੂਪ 'ਚ ਤਾਂ ਜ਼ਰੂਰ ਦੇਖਿਆ ਪਰ ਉਨ੍ਹਾਂ ਨੇ ਇਸ ਨੂੰ ਫਿਰਕੂ ਪਾਲਾਬੰਦੀ ਨਹੀਂ ਮੰਨਿਆ।

"ਆਮ ਲੋਕ ਫਿਰਕਾਪ੍ਰਸਤ ਨਹੀਂ ਹੁੰਦੇ। ਹਾਂ, ਕੁਝ ਲੋਕ ਮਾੜੇ ਹੁੰਦੇ ਹਨ। ਇਸ ਲਈ ਦੰਗੇ ਕਦੇ ਵੀ ਆਪਣੇ ਆਪ ਨਹੀਂ ਹੁੰਦੇ, ਕੁਝ ਲੋਕ ਆਪਣੇ ਸਵਾਰਥ ਲਈ ਸਮਾਜ ਦੇ ਕੁਝ ਮਾੜੇ ਲੋਕਾਂ ਨੂੰ ਲੈ ਕੇ ਲੁੱਟਮਾਰ ਅਤੇ ਵੱਢ-ਟੁੱਕ ਕਰਵਾਉਣ 'ਚ ਕਾਮਯਾਬ ਹੋ ਜਾਂਦੇ ਹਨ। ਚੁਰਾਸੀ 'ਚ ਵੀ ਕੁਝ ਅਜਿਹਾ ਹੀ ਹੋਇਆ ਸੀ। ਇਕ ਯੋਜਨਾਬੱਧ ਤਰੀਕੇ ਨਾਲ ਸਮਾਜ ਦੇ ਮਾੜੇ ਲੋਕਾਂ ਨੂੰ ਇਕੱਠੇ ਕਰਕੇ ਸਿੱਖਾਂ ਵਿਰੁੱਧ ਉਕਸਾਇਆ ਗਿਆ ਸੀ।" ਥੋੜ੍ਹਾ ਚਿਰ ਚੁੱਪ ਰਹਿਣ ਤੋਂ ਬਾਅਦ ਇਸ ਸ਼ਹਿਰ ਬਾਰੇ ਉਨ੍ਹਾਂ ਨੇ ਕਿਹਾ, "ਜਿੱਥੋਂ ਤੱਕ ਇਸ ਸ਼ਹਿਰ ਦੀ ਗੱਲ ਹੈ ਦੰਗਾ ਤਾਂ ਹੋਇਆ ਹੀ ਨਹੀਂ ਸੀ। ਲੁੱਟਮਾਰ ਹੋਈ ਅਤੇ ਫਿਰ ਤੁਹਾਡੀ ਗਲੀ ਦੀ ਘਟਨਾ ਨੇ ਵੱਢ-ਟੁੱਕ ਵੀ ਨਾ ਹੋਣ ਦਿੱਤੀ।"

"ਪਰ ਸਰ ਜੇ ਇਹ ਦੰਗਾ ਨਹੀਂ ਸੀ ਤਾਂ ਫਿਰ ਇਸ ਸਮਾਜ ਨੇ ਇਸ ਨੂੰ ਹੋਣ ਕਿਉਂ ਦਿੱਤਾ ? ਲੁੱਟਮਾਰ ਹੀ ਸਹੀ ਪਰ ਉਸ ਨੂੰ ਰੋਕਿਆ ਤਾਂ ਜਾ ਸਕਦਾ ਸੀ। ਇਸ ਸਮਾਜ ਦੇ ਸਤਿਕਾਰਤ ਵਿਅਕਤੀ ਵੀ ਸਿੱਖ ਬਿਰਾਦਰੀ ਦੀ ਮੱਦਦ 'ਚ ਖੜ੍ਹੇ ਨਹੀਂ ਹੋਏ।" ਅਮਨ ਦੇ ਸ਼ਬਦਾਂ 'ਚ ਇਕ ਖ਼ਾਸ ਸੰਦੇਸ਼ ਦੇ ਨਾਲ ਉਸ ਘਟਨਾ ਦੀਆਂ ਕਮੀਆਂ ਦਾ ਵੀ ਵਿਸ਼ਲੇਸ਼ਣ ਸੀ।

"ਮੈਂ ਤੁਹਾਡੀ ਗੱਲ ਨਾਲ ਕੁਝ ਹੱਦ ਤੱਕ ਸਹਿਮਤ ਹਾਂ। ਚੁਰਾਸੀ ਦੀ ਘਟਨਾ ਏਨਾ ਅਣਕਿਆਸੇ ਰੂਪ 'ਚ ਵਾਪਰੀ ਕਿ ਸਾਡਾ ਸਮਾਜ ਇਸ ਨੂੰ ਸਮਝ ਹੀ ਨਹੀਂ ਸਕਿਆ। ਸਾਡੀਆਂ ਸਮਾਜਿਕ ਜਥੇਬੰਦੀਆਂ ਏਨੀਆਂ ਮਜ਼ਬੂਤ ਨਹੀਂ ਹੁੰਦੀਆਂ ਕਿ ਉਹ ਕਾਨੂੰਨ ਵਿਵਸਥਾ ਉੱਪਰ ਵੀ ਕੰਟਰੋਲ ਕਰ ਲੈਣ। ਇਹ ਉਨ੍ਹਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ।"

ਮਿਸ਼ਰਾ ਜੀ ਨੇ ਗੱਲ ਜਾਰੀ ਰੱਖੀ। "ਅਜਿਹਾ ਨਹੀਂ ਹੈ ਕਿ ਲੋਕਾਂ ਨੇ ਆਪਣੇ ਪੱਧਰ 'ਤੇ ਕੋਸ਼ਿਸ਼ ਨਹੀਂ ਕੀਤੀ। ਕਈ ਥਾਵਾਂ 'ਤੇ ਲੋਕ ਖੜ੍ਹੇ ਹੋਏ ਅਤੇ ਉਨ੍ਹਾਂ ਨੇ ਆਪਣੇ ਗੁਆਂਢੀਆਂ ਦੇ ਘਰਾਂ ਅਤੇ ਜਾਨ-ਮਾਲ ਦੀ ਰਾਖੀ ਕੀਤੀ। ਕੁਝ ਅਜਿਹੇ ਲੋਕ ਵੀ ਸਨ ਜਿਨ੍ਹਾਂ ਨੇ ਕੋਸ਼ਿਸ਼ ਤਾਂ ਜ਼ਰੂਰ ਕੀਤੀ ਪਰ ਉਹ ਖੁੱਲ੍ਹ ਕੇ ਸਾਹਮਣੇ ਨਹੀਂ ਆ ਸਕੇ।"

"ਪਰ ਸੱਚ ਤਾਂ ਇਹੀ ਹੈ ਕਿ ਸਿੱਖਾਂ ਦਾ ਭਰੋਸਾ ਟੁੱਟ ਗਿਆ ਅਤੇ ਜ਼ਿਆਦਾਤਰ

ਪਰਿਵਾਰ ਇੱਥੋਂ ਚਲੇ ਗਏ।" ਅਮਨ ਨੇ ਆਪਣੀ ਗੱਲ ਥੋੜ੍ਹਾ ਜ਼ਮੀਨੀਂ ਹਕੀਕਤ ਦੇ ਤੌਰ 'ਤੇ ਰੱਖੀ।

ਮਿਸ਼ਰਾ ਜੀ ਥੋੜ੍ਹਾ ਚਿਰ ਚੁੱਪ ਰਹੇ। ਇਹ ਉਨ੍ਹਾਂ ਦੀ ਖ਼ਾਸੀਅਤ ਸੀ ਕਿ ਉਹ ਕਦੇ ਵੀ ਆਪਣੀ ਗੱਲ ਰੱਖਣ ਸਮੇਂ ਉਤੇਜਿਤ ਨਹੀਂ ਹੁੰਦੇ ਸਨ। ਪੜ੍ਹਾਉਂਦੇ ਸਮੇਂ ਵੀ ਜੇ ਕੋਈ ਉਨ੍ਹਾਂ ਨੂੰ ਸਵਾਲ ਪੁੱਛਦਾ ਸੀ ਤਾਂ ਉਨ੍ਹਾਂ ਦੇ ਚਿਹਰੇ 'ਤੇ ਸ਼ਾਂਤ ਜਿਹਾ ਭਾਵ ਬਣਿਆ ਰਹਿੰਦਾ ਸੀ ਅਤੇ ਸਵਾਲ ਕਰਨ ਵਾਲੇ ਦੇ ਸੁਭਾਅ ਨੂੰ ਮੱਦੇਨਜ਼ਰ ਰੱਖਦਿਆਂ ਹੀ ਜਵਾਬ ਦਿੰਦੇ ਸਨ। ਅੱਜ ਉਨ੍ਹਾਂ ਸਾਹਮਣੇ ਅੱਸੀ ਦੇ ਦਹਾਕੇ ਦਾ ਵਿਦਿਆਰਥੀ ਨਹੀਂ ਸੀ। ਉਸ ਦੇ ਮਾਨਸਿਕ, ਸਮਾਜਿਕ ਅਤੇ ਰਾਜਨੀਤਿਕ ਵਿਕਾਸ ਦੇ ਪੱਧਰ 'ਚ ਇਕ ਮਹੱਤਵਪੂਰਨ ਤਬਦੀਲੀ ਸੀ। ਫਿਰ ਉਨ੍ਹਾਂ ਦਾ ਵੀ ਆਪਣਾ ਇਕ ਸਾਹਿਤਕ ਪੱਧਰ ਸੀ। ਪਰ ਕੁਝ ਗੱਲਾਂ ਦਾ ਜਵਾਬ ਤਰਕ ਨਾਲ ਨਹੀਂ ਦਿੱਤਾ ਜਾ ਸਕਦਾ। ਖ਼ਾਸ ਕਰਕੇ ਉਸ ਸਮੇਂ ਜਦੋਂ ਪੂਰਾ ਸਮਾਜ ਕਿਸੇ ਅਣਸੁਖਾਵੀਂ ਘਟਨਾ ਦਾ ਜਵਾਬਦੇਹ ਹੋਵੇ ਅਤੇ ਇਕੱਲਾ ਇਨਸਾਨ ਤੇਜ਼ੀ ਨਾਲ ਬਦਲਦੇ ਹਾਲਾਤ ਦੇ ਸਾਹਮਣੇ ਮਜਬੂਰ ਹੋ ਜਾਂਦਾ ਹੈ।

ਬਹੁਤ ਹੀ ਮੱਧਮ ਆਵਾਜ਼ 'ਚ ਉਨ੍ਹਾਂ ਨੇ ਕਿਹਾ, "ਚੁਰਾਸੀ 'ਚ ਸਾਡੀ ਸਭ ਤੋਂ ਵੱਡੀ ਭੁੱਲ ਇਹ ਸੀ ਕਿ ਸਾਨੂੰ ਸਿੱਖ ਬਿਰਾਦਰੀ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਸੀ। ਉਨ੍ਹਾਂ ਦੇ ਆਤਮਵਿਸ਼ਵਾਸ ਅਤੇ ਹੌਸਲੇ ਦੀ ਖੁੱਲ੍ਹ ਕੇ ਪ੍ਰਸ਼ੰਸਾ ਕਰਨੀ ਚਾਹੀਦੀ ਸੀ। ਇਸ ਸ਼ਹਿਰ ਦੇ ਪ੍ਰਤੀ ਉਨ੍ਹਾਂ ਦੇ ਯੋਗਦਾਨ ਦੀ ਵੀ ਖੁੱਲ੍ਹ ਕੇ ਚਰਚਾ ਕਰਨੀ ਚਾਹੀਦੀ ਸੀ ਜਿਸ ਨੂੰ ਸਮਾਜਿਕ ਤੌਰ 'ਤੇ ਸਾਨੂੰ ਅੱਜ ਵੀ ਸਵੀਕਾਰ ਕਰਨਾ ਚਾਹੀਦਾ ਹੈ।"

ਥੋੜ੍ਹਾ ਚਿਰ ਚੁੱਪ ਰਹਿਣ ਤੋਂ ਬਾਅਦ ਉਨ੍ਹਾਂ ਨੇ ਆਪਣੀ ਗੱਲ ਜਾਰੀ ਰੱਖੀ। "ਤੇ ਇਸ ਦਾ ਖਾਮਿਆਜ਼ਾ ਪੂਰੇ ਸਮਾਜ ਨੇ ਝੱਲਿਆ ਵੀ। ਜਦੋਂ ਇੱਥੋਂ ਸਿੱਖਾਂ ਦੀ ਹਿਜ਼ਰਤ ਹੋਈ ਤਾਂ ਇਹ ਸ਼ਹਿਰ ਆਪਣੀ ਸਾਰੀ ਚਮਕ ਗੁਆ ਬੈਠਾ। ਬਾਜ਼ਾਰ ਸੁੰਨਾ ਹੋ ਗਿਆ। ਅੱਧਾ ਸ਼ਹਿਰ ਸੁੰਨਾ ਹੋ ਗਿਆ। ਕਈ ਹੋਰ ਲੋਕ ਵੀ ਸ਼ਹਿਰ ਛੱਡ ਗਏ। ਜਦੋਂ ਇੱਥੋਂ ਹਿਜ਼ਰਤ ਹੋਈ ਤਾਂ ਸਿਰਫ਼ ਸਿੱਖ ਹੀ ਪ੍ਰਭਾਵਿਤ ਨਹੀਂ ਹੋਏ, ਇਹ ਸ਼ਹਿਰ ਵੀ ਸ਼ਮਸ਼ਾਨਘਾਟ ਵਰਗਾ ਹੋ ਗਿਆ। ਕਈ ਸਾਲਾਂ ਤੱਕ ਕਾਰੋਬਾਰੀ ਅਤੇ ਸਮਾਜਿਕ ਸਰਗਰਮੀਆਂ ਪੂਰੀ ਤਰ੍ਹਾਂ ਠੱਪ ਹੋ ਗਈਆਂ। ਜੇ ਚੁਰਾਸੀ ਦੀ ਘਟਨਾ ਨਾ ਹੁੰਦੀ ਦਾਂ ਵਿਕਾਸ ਦੇ ਪੈਮਾਨੇ 'ਤੇ ਇਹ ਸ਼ਹਿਰ ਅੱਜ ਕੁਝ ਹੋਰ ਹੀ ਹੁੰਦਾ।"

ਉਨ੍ਹਾਂ ਦੇ ਮੁਤਾਬਿਕ ਚੁਰਾਸੀ ਦੀ ਘਟਨਾ ਨੇ ਇਸ ਸ਼ਹਿਰ ਦੇ ਸੱਭਿਆ ਸਮਾਜ ਨੂੰ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਾਇਆ ਹੈ। "ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਆਮ ਲੋਕਾਂ ਦਾ ਸਿੱਖਾਂ ਪ੍ਰਤੀ ਵਿਸ਼ਵਾਸ ਜ਼ਿਆਦਾ ਵਧ ਗਿਆ ਹੈ। ਜੋ ਲੋਕ ਨਹੀਂ ਗਏ, ਚਾਹੇ ਉਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ, ਸਮਾਜਿਕ ਤੌਰ 'ਤੇ ਉਨ੍ਹਾਂ ਦੀ ਸਥਿਤੀ ਪਹਿਲਾਂ ਨਾਲੋਂ ਜ਼ਿਆਦਾ ਚੰਗੀ ਹੈ। ਦੂਜੇ ਭਾਈਚਾਰੇ 'ਚ ਉਨ੍ਹਾਂ ਦਾ ਵਿਸ਼ਵਾਸ ਤੇ ਮਾਣ-ਸਨਮਾਨ ਅੱਜ ਪਹਿਲਾਂ ਨਾਲੋਂ ਕਈ ਗੁਣਾਂ ਜ਼ਿਆਦਾ ਹੈ। ਚੁਰਾਸੀ ਦੀ ਘਟਨਾ ਤੋਂ

ਬਾਅਦ ਵਿਧਾਨ ਸਭਾ ਚੋਣਾਂ ’ਚ ਡਾਲਟਨਗੰਜ ਤੋਂ ਇੰਦਰ ਸਿੰਘ ਜੀ ਦਾ ਵਾਰ-ਵਾਰ ਜਿੱਤਣਾ ਇਸ ਦੀ ਜਿਉਂਦੀ-ਜਾਗਦੀ ਮਿਸਾਲ ਹੈ। ਚਾਹੇ ਉਹ ਕਿਸੇ ਵੀ ਪਾਰਟੀ ਵੱਲੋਂ ਖੜ੍ਹੇ ਹੋਣ।”

ਮਿਸ਼ਰਾ ਜੀ ਨੂੰ ਮਿਲਣ ਤੋਂ ਬਾਅਦ ਅਮਨ ਦੇ ਮਨ ਵਿਚ ਆਪਣੇ ਸ਼ਹਿਰ ਪ੍ਰਤੀ ਕਈ ਸਾਲਾਂ ਤੋਂ ਪਨਪ ਰਹੀ ਮੰਦਭਾਵਨਾ ਕਾਫ਼ੀ ਹੱਦ ਤੱਕ ਦੂਰ ਹੋ ਗਈ। ਕਾਫ਼ੀ ਹੱਦ ਤੱਕ ਉਸ ਨੂੰ ਆਪਣੇ ਸਵਾਲਾਂ ਦਾ ਜਵਾਬ ਮਿਲ ਹੀ ਗਿਆ ਸੀ। ਉਹ ਸਾਰਾ ਦਿਨ ਇਕੱਲਾ ਹੀ ਬਾਜ਼ਾਰ ਵਿਚ ਘੁੰਮਦਾ ਰਿਹਾ। ਸਿੱਖ ਭਾਈਚਾਰੇ ਦੇ ਪਰਿਵਾਰ ਜੋ ਅਜੇ ਉਸੇ ਸ਼ਹਿਰ ਵਿਚ ਸਨ ਉਨ੍ਹਾਂ ਨੂੰ ਵੀ ਮਿਲਿਆ। ਇਹ ਸਚਾਈ ਹੈ ਕਿ ਉਨ੍ਹਾਂ ਪਰਿਵਾਰਾਂ ਦੇ ਕੁਝ ਜੀਅ ਹੁਣ ਉੱਥੇ ਨਹੀਂ ਹਨ ਪਰ ਉਨ੍ਹਾਂ ਦੇ ਮਨਾਂ ’ਚ ਇਸ ਸ਼ਹਿਰ ਦੇ ਪ੍ਰਤੀ ਕੋਈ ਮੰਦਭਾਵਨਾ ਨਹੀਂ ਹੈ।

ਇੰਦਰਜੀਤ ਅਮਨ ਦੇ ਸਕੂਲ ਦੇ ਸਮੇਂ ਦਾ ਜੂਨੀਅਰ ਸਾਥੀ ਸੀ। ਉਹ ਅਜਿਹਾ ਪਰਿਵਾਰ ਸੀ ਜੋ ਸਿੱਖ ਮੁਹੱਲੇ ’ਚ ਨਾ ਰਹਿ ਕੇ ਸ਼ਹਿਰ ਦੇ ਦੂਜੇ ਕੋਨੇ ’ਚ ਰਹਿੰਦਾ ਸੀ। ਉਹ ਲੋਕ ਵੀ ਸੰਤਾਲੀ ਤੋਂ ਪਹਿਲਾਂ ਦੇ ਹੀ ਇਸ ਸ਼ਹਿਰ ’ਚ ਰਹਿੰਦੇ ਸਨ। ਅੱਜ ਵੀ ਉਨ੍ਹਾਂ ਦਾ ਕਾਫ਼ੀ ਵੱਡਾ ਪਰਿਵਾਰ ਹੈ ਤੇ ਕਈ ਤਰ੍ਹਾਂ ਦੇ ਕਾਰੋਬਾਰਾਂ ਅਤੇ ਸ਼ਹਿਰ ਦੀ ਰਾਜਨੀਤੀ ਨਾਲ ਜੁੜਿਆ ਹੋਇਆ ਹੈ। ਅਮਨ ਜਦੋਂ ਉਸ ਨੂੰ ਮਿਲਣ ਗਿਆ ਤਾਂ ਉਸ ਨੇ ਸਾਫ਼ ਸ਼ਬਦਾਂ ’ਚ ਇਹ ਗੱਲ ਕਹੀ। “ਸਾਡਾ ਪਰਿਵਾਰ ਤਾਂ ਇੱਥੋਂ ਦੇ ਲੋਕਾਂ ਉੱਪਰ ਪੂਰੀ ਤਰ੍ਹਾਂ ਨਿਰਭਰ ਹੈ। ਇਕ ਨਵੰਬਰ ਚੁਰਾਸੀ ਨੂੰ ਸਾਡੇ ਇੱਥੇ ਵੀ ਕੁਝ ਲੋਕਾਂ ਨੇ ਹਮਲਾ ਕੀਤਾ ਸੀ, ਪਰ ਇੱਥੋਂ ਦੇ ਲੋਕਾਂ ਨੇ ਸਾਨੂੰ ਸੁਰੱਖਿਆ ਦਿੱਤੀ। ਖੁੱਲ੍ਹ ਕੇ ਸਾਡਾ ਸਾਥ ਦਿੱਤਾ ਅਤੇ ਕਈ ਦਿਨਾਂ ਤੱਕ ਸਾਡਾ ਵਿਸ਼ਵਾਸ ਕਾਇਮ ਰੱਖਣ ਲਈ ਸਾਡੇ ਘਰ ਦੇ ਬਾਹਰ ਪਹਿਰਾ ਦਿੰਦੇ ਰਹੇ। ਉਸ ਸਮੇਂ ਸਾਡੇ ਘਰ ਦੀ ਹਰ ਜ਼ਰੂਰਤ ਦਾ ਧਿਆਨ ਵੀ ਉਨ੍ਹਾਂ ਨੇ ਰੱਖਿਆ।”

ਉਸ ਨੇ ਅਮਨ ਨੂੰ ਇਹ ਵੀ ਦੱਸਿਆ, “ਇਹ ਗੱਲ ਨਹੀਂ ਹੈ ਕਿ ਮੇਰੇ ਪਰਿਵਾਰ ਦੇ ਜੀਅ ਸ਼ਹਿਰ ਤੋਂ ਬਾਹਰ ਜਾ ਕੇ ਵਸੇ ਨਹੀਂ ਹਨ। ਪਰ ਇਹ ਇਕ ਸਾਧਾਰਨ ਜਹੀ ਗੱਲ ਹੈ। ਛੋਟੇ ਸ਼ਹਿਰਾਂ ਤੋਂ ਲੋਕ ਬਾਹਰ ਤਾਂ ਜਾਂਦੇ ਹੀ ਹਨ। ਪਹਿਲਾਂ ਵੀ ਤਾਂ ਜਾਂਦੇ ਹੀ ਸਨ। ਚੁਰਾਸੀ ਤੋਂ ਬਾਅਦ ਵਾਲੀ ਪੀੜ੍ਹੀ ’ਚ ਪੜ੍ਹਾਈ ਦਾ ਮਹੱਤਵ ਵਧਿਆ ਹੈ ਅਤੇ ਪੜ੍ਹਾਈ ਦੇ ਬਾਅਦ ਇੱਥੋਂ ਦੇ ਹਰ ਭਾਈਚਾਰੇ ਦੀ ਅਗਲੀ ਪੀੜ੍ਹੀ ਦੇ ਲੋਕ ਆਪਣੇ ਕੰਮਕਾਜ ਦੇ ਸਿਲਸਿਲੇ ’ਚ ਦੇਸ਼ ਦੇ ਕਈ ਹਿੱਸਿਆਂ ’ਚ ਜਾ ਕੇ ਵਸੇ ਹਨ। ਕੁਝ ਲੋਕ ਤਾਂ ਦੇਸ਼ੋਂ ਬਾਹਰ ਵੀ ਚਲੇ ਗਏ ਹਨ। ਮੇਰੇ ਆਪਣੇ ਬੱਚੇ ਵੀ ਇੱਥੇ ਨਹੀਂ ਹਨ।”

ਫਿਰ ਇਕ ਦਿਨ ਅਮਨ ਉਸ ਛੋਟੇ ਸਕੂਲ ’ਚ ਵੀ ਗਿਆ ਜਿੱਥੇ ਉਸ ਨੇ ਆਪਣੀ ਮੁੱਢਲੀ ਪੜ੍ਹਾਈ ਕੀਤੀ ਸੀ। ਸਕੂਲ ਦੀ ਪ੍ਰਿੰਸੀਪਲ, ਜਿਨ੍ਹਾਂ ਨੂੰ ਬੱਚੇ ਬੜੀ ਦੀਦੀ ਕਹਿ ਕੇ ਬੁਲਾਉਂਦੇ ਸਨ, ਅੱਜ ਵੀ ਪ੍ਰਿੰਸੀਪਲ ਹੈ। ਅੱਜ ਵੀ ਉਹ ਨਿੱਤ ਸਵੇਰੇ ਸਕੂਲ ਦਾ ਮੇਨ ਗੇਟ ਖੋਲ੍ਹਦੀ ਹੈ, ਬੱਚਿਆਂ ਨੂੰ ਆਪਣੀ ਮਿੱਠੀ ਆਵਾਜ਼ ’ਚ ਸਵੇਰ ਦੀ ਪ੍ਰਾਰਥਨਾ ਕਰਾਉਂਦੀ ਹੈ। ਸੰਵਿਧਾਨ ਦੀਆਂ ਚੰਦ ਸਤਰਾਂ ’ਚ ਬੱਚਿਆਂ ’ਚ ਦੇਸ਼ ਪ੍ਰੇਮ ਦੀ ਭਾਵਨਾ ਜਗਾਉਂਦੀ ਹੈ। ਉਹ

ਸਕੂਲ ਦੀ ਬੜੀ ਦੀਦੀ ਤਾਂ ਸੀ ਹੀ, ਅਮਨ ਦੇ ਮਾਤਾ-ਪਿਤਾ ਦੀ ਪਰਿਵਾਰਕ ਮਿੱਤਰ ਵੀ ਸੀ। ਉਨ੍ਹਾਂ ਦੇ ਪਤੀ ਮਸ਼ਹੂਰ ਖੇਡ ਪ੍ਰੇਮੀ ਹੋਣ ਦੇ ਨਾਲ-ਨਾਲ ਸਕੂਲ ਦਾ ਕੰਮ ਵੀ ਦੇਖਦੇ ਸਨ ਅਤੇ ਬੱਚੇ ਉਨ੍ਹਾਂ ਨੂੰ ਬੜੇ ਸਰ ਨਾਂ ਨਾਲ ਬੁਲਾਉਂਦੇ ਸਨ।

ਅਮਨ ਜਦੋਂ ਸਕੂਲ 'ਚ ਗਿਆ ਤਾਂ ਸਕੂਲ ਦੀ ਬੜੀ ਦੀਦੀ ਨੂੰ ਮਿਲ ਕੇ, ਜਿਨ੍ਹਾਂ ਨੂੰ ਅਮਨ ਆਂਟੀ ਕਹਿ ਕੇ ਬੁਲਾਉਂਦਾ ਹੁੰਦਾ ਸੀ, ਭਾਵਨਾ ਦੇ ਵਹਿਣ 'ਚ ਵਹਿ ਗਿਆ। ਉਨ੍ਹਾਂ ਨੂੰ ਅੱਜ ਵੀ ਅਮਨ ਦੇ ਬਚਪਨ ਦੀਆਂ ਸ਼ਰਾਰਤਾਂ ਚੇਤੇ ਸਨ। ਉਹ ਸ਼ਰਾਰਤਾਂ ਜਿਨ੍ਹਾਂ ਤੋਂ ਅਮਨ ਪੂਰੀ ਤਰ੍ਹਾਂ ਬੇਖ਼ਬਰ ਸੀ। ਨਵੰਬਰ ਚੁਰਾਸੀ ਦੀ ਘਟਨਾ ਦੌਰਾਨ ਬੜੀ ਦੀਦੀ ਸ਼ਹਿਰ ਵਿਚ ਨਹੀਂ ਸੀ। ਉਹ ਆਪਣੇ ਇਲਾਜ ਦੇ ਲਈ ਵੈਲੌਰ 'ਚ ਸੀ। ਆਪਣੇ ਇਲਾਜ ਤੋਂ ਬਾਅਦ ਜਦੋਂ ਉਹ ਵਾਪਸ ਮੁੜੀ ਉਦੋਂ ਅਮਨ ਸ਼ਹਿਰ ਛੱਡ ਚੁੱਕਾ ਸੀ। ਅੰਕਲ, ਜਿਨ੍ਹਾਂ ਨੂੰ ਸਕੂਲ 'ਚ ਬੜੇ ਸਰ ਕਹਿ ਕੇ ਬੁਲਾਉਂਦੇ ਸਨ, ਅੱਜ ਇਸ ਦੁਨੀਆ 'ਚ ਨਹੀਂ ਹਨ। ਪਰ ਜੋ ਅਨੁਸ਼ਾਸਨ ਦੀ ਸਿੱਖਿਆ ਉਨ੍ਹਾਂ ਤੋਂ ਮਿਲੀ ਹੈ ਉਹ ਅੱਜ ਵੀ ਸਕੂਲ ਦੇ ਬੱਚਿਆਂ 'ਚ ਦੇਖਣ ਨੂੰ ਮਿਲੀ। ਇਸ ਸਕੂਲ ਦੀ ਖ਼ਾਸੀਅਤ ਇਹ ਹੈ ਕਿ ਇਸ ਵਿਚ ਹਰ ਵਰਗ ਦੇ ਬੱਚੇ ਪੜ੍ਹ ਸਕਦੇ ਹਨ। ਕਈ ਅਜਿਹੇ ਬੱਚੇ ਵੀ ਹਨ ਜੋ ਸਕੂਲ 'ਚ ਪੜ੍ਹਾਈ ਤੋਂ ਬਾਅਦ ਆਪਣੀ ਰੋਜ਼ੀ ਲਈ ਥੋੜ੍ਹਾ ਬਹੁਤ ਕੰਮ ਵੀ ਕਰਦੇ ਹਨ।

"ਅਮਨ ਮੈਂ ਚਾਹੁੰਦੀ ਹਾਂ ਕਿ ਤੁਸੀਂ ਆਪਣਾ ਕੁਝ ਸਮਾਂ ਮੇਰੇ ਨਾਲ ਗੁਜ਼ਾਰੋ, ਇਸ ਘਰ 'ਚ। ਅਸੀਂ ਬਹੁਤ ਸਾਰੀਆਂ ਗੱਲਾਂ ਕਰਾਂਗੇ। ਆਪਣੇ ਬਾਰੇ, ਤੁਹਾਡੇ ਬਾਰੇ ਅਤੇ ਇਸ ਸਕੂਲ ਬਾਰੇ। ਮੈਂ ਚਾਹੁੰਦੀ ਹਾਂ ਕਿ ਤੁਸੀਂ ਇਨ੍ਹਾਂ ਬੱਚਿਆਂ ਨੂੰ ਵੀ ਕੁਝ ਸਮਾਂ ਦਿਓ। ਇਨ੍ਹਾਂ ਬੱਚਿਆਂ ਨੂੰ ਇਹ ਦੱਸੋ ਕਿ ਉਹ ਜ਼ਿੰਦਗੀ ਵਿਚ ਅੱਗੇ ਕੀ ਕਰ ਸਕਦੇ ਹਨ।" ਇਕ ਸ਼ਾਮ ਜਦੋਂ ਉਹ ਇਕੱਠੇ ਬੈਠੇ ਸਨ ਤਾਂ ਆਂਟੀ, ਯਾਨੀ ਕਿ ਸਕੂਲ ਦੀ ਬੜੀ ਦੀਦੀ ਨੇ ਅਮਨ ਕੋਲ ਆਪਣੀ ਇਹ ਇੱਛਾ ਜ਼ਾਹਿਰ ਕੀਤੀ।

ਅਮਨ ਨੂੰ ਬਹੁਤ ਖ਼ੁਸ਼ੀ ਹੋਈ। ਉਸ ਨੂੰ ਚੇਤੇ ਸੀ ਕਿ ਜਦੋਂ ਅਮਨ ਤੇ ਉਸ ਦੇ ਭਰਾ ਬਹੁਤ ਛੋਟੇ ਹੁੰਦੇ ਸਨ ਅਤੇ ਉਨ੍ਹਾਂ ਦੇ ਮਾਂ-ਬਾਪ ਨੇ ਸ਼ਹਿਰ ਤੋਂ ਬਾਹਰ ਜਾਣਾ ਹੁੰਦਾ ਸੀ ਤਾਂ ਤਿੰਨਾਂ ਭਰਾਵਾਂ ਨੂੰ ਆਂਟੀ ਕੋਲ ਹੀ ਛੱਡ ਕੇ ਜਾਂਦੇ ਸਨ। ਉਂਝ ਵੀ ਹਫ਼ਤੇ 'ਚ ਇਕ ਦਿਨ ਉਨ੍ਹਾਂ ਦਾ ਖਾਣ-ਪੀਣ ਸਾਂਝਾ ਹੁੰਦਾ ਸੀ।

"ਜ਼ਰੂਰ ਆਂਟੀ। ਮੈਨੂੰ ਖ਼ੁਸ਼ੀ ਹੋਵੇਗੀ ਬੱਚਿਆਂ ਨੂੰ ਮਿਲ ਕੇ।"

ਇਸ ਤੋਂ ਬਾਅਦ ਅਮਨ ਦੋ ਦਿਨ ਤੱਕ ਆਂਟੀ ਦੇ ਕੋਲ ਹੀ ਰਿਹਾ। ਖ਼ੂਬ ਗੱਲਾਂ ਹੋਈਆਂ ਅਤੇ ਉਸ ਨੇ ਆਪਣਾ ਕੁਝ ਸਮਾਂ ਬੱਚਿਆਂ ਨਾਲ ਗੁਜ਼ਾਰਿਆ। ਉਨ੍ਹਾਂ ਨੂੰ ਆਉਣ ਵਾਲੇ ਸਮੇਂ 'ਚ ਮੌਕਿਆਂ ਤੋਂ ਜਾਣੂ ਕਰਾਇਆ। ਅੱਠਵੀਂ, ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਨੂੰ ਬਾਰ੍ਹਵੀਂ ਤੋਂ ਬਾਅਦ ਸਰਕਾਰੀ ਨੌਕਰੀ, ਸੇਵਾ ਸੰਸਥਾਵਾਂ 'ਚ ਰੋਜ਼ਗਾਰ ਦੇ ਮੌਕੇ ਅਤੇ ਜੇ.ਐੱਨ.ਯੂ. ਵਰਗੀਆਂ ਕੇਂਦਰੀ ਯੂਨੀਵਰਸਿਟੀਆਂ ਵਿਚ ਇਨ੍ਹਾਂ ਵਿਦਿਆਰਥੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਉੱਚ ਪੜ੍ਹਾਈ ਦੀ ਜਾਣਕਾਰੀ

ਦਿੱਤੀ। ਗੱਲਬਾਤ ਦਾ ਮਕਸਦ ਸੀ ਇਨ੍ਹਾਂ ਵਿਦਿਆਰਥੀਆਂ ਦਾ ਮਨੋਬਲ ਵਧਾਉਣਾ ਅਤੇ ਉਨ੍ਹਾਂ ਦੀ ਜ਼ਿੰਦਗੀ ਵਿਚ ਪੜ੍ਹਾਈ ਦੇ ਮਹੱਤਵ ਉੱਪਰ ਜ਼ੋਰ ਦੇਣਾ।

ਇਸ ਤੋਂ ਇਲਾਵਾ ਅਮਨ ਹੋਰ ਕਈ ਲੋਕਾਂ ਨੂੰ ਮਿਲਿਆ ਅਤੇ ਚੁਰਾਸੀ ਦੀ ਘਟਨਾ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਕੁਝ ਉਨ੍ਹਾਂ ਮਿੱਤਰਾਂ ਨਾਲ ਵੀ ਜੋ ਭਾਵਨਾ ਦੇ ਵਹਿਣ ’ਚ ਵਹਿ ਗਏ ਸਨ। ਉਹ ਚਾਹੁੰਦਾ ਸੀ ਕਿ ਲੋਕ ਉਸ ਹਾਦਸੇ ਨੂੰ ਭੁੱਲ ਨਾ ਜਾਣ ਕਿਉਂਕਿ ਉਸ ਨੂੰ ਵਿਸ਼ਵਾਸ ਸੀ ਕਿ ਜੋ ਇਤਿਹਾਸਕ ਘਟਨਾਵਾਂ ਨੂੰ ਭੁਲਾਉਣ ਦੀ ਗ਼ਲਤੀ ਕਰ ਬੈਠਦੇ ਹਨ ਉਹ ਉਸ ਨੂੰ ਦੁਹਰਾ ਵੀ ਸਕਦੇ ਹਨ।

ਇਹ ਗੱਲ ਸਪਸ਼ਟ ਰੂਪ ’ਚ ਸਾਹਮਣੇ ਆਈ ਕਿ ਡਾਲਟਨਗੰਜ ’ਚ ਚੁਰਾਸੀ ਦੀ ਘਟਨਾ ਇਕ ਅਣਕਿਆਸਿਆ, ਭਿਆਨਕ ਅਤੇ ਤੀਬਰ ਪਲ ਸੀ। ਇਸ ਘਟਨਾ ਦੇ ਸਿੱਖ ਬਿਰਾਦਰੀ ਦੇ ਨਾਲ–ਨਾਲ ਸ਼ਹਿਰ ਦੇ ਹੋਰ ਭਾਈਚਾਰਿਆਂ ਦੇ ਲਈ ਵੀ ਦੂਰਗਾਮੀ ਨਤੀਜੇ ਨਿੱਕਲੇ। ਇਸ ਲਈ, ਇਸ ਬਾਰੇ ਚੋਖੀ ਗੱਲ ਹੋਣੀ ਚਾਹੀਦੀ ਹੈ, ਚੋਖੀ ਬਹਿਸ ਹੋਣੀ ਚਾਹੀਦੀ ਹੈ। ਇਸ ਘਟਨਾ ਨਾਲ ਹੋਏ ਜ਼ਖ਼ਮਾਂ ਉੱਪਰ ਕਦੇ ਵੀ ਮੱਲ੍ਹਮ ਨਹੀਂ ਲਗਾਈ ਗਈ ਅਤੇ ਇਸ ਦੇ ਜ਼ਖ਼ਮ ਅਜੇ ਵੀ ਅੱਲੇ ਹਨ, ਇਨ੍ਹਾਂ ’ਚੋਂ ਅੱਜ ਵੀ ਲਹੂ ਸਿੰਮਦਾ ਹੈ। ਸਭ ਤੋਂ ਵੱਡੀ ਗੱਲ ਹੈ ਕਿ ਇਸ ਨੂੰ ਦੋ ਮਜ਼੍ਹਬਾਂ ਦਰਮਿਆਨ ਦਾ ਦੰਗਾ ਨਹੀਂ ਕਿਹਾ ਜਾ ਸਕਦਾ। ਇਹ ਤਾਂ ਦਰਅਸਲ ਚੰਦ ਸਵਾਰਥੀ ਲੋਕਾਂ ਵੱਲੋਂ ਆਪਣੀ ਰਾਜਨੀਤੀ ਲਈ ਸਮਾਜ ’ਚ ਤਣਾਅ ਪੈਦਾ ਕਰਨ ਦੀ ਸਾਜ਼ਿਸ਼ ਸੀ, ਜਿਸ ਦਾ ਉਦੇਸ਼ ਲੋਕਾਂ ’ਚ ਵੰਡੀਆਂ ਪਾ ਕੇ ਚੋਣਾਂ ਵਿਚ ਵੋਟ ਬਟੋਰਨਾ ਸੀ। ਮਸ਼ਹੂਰ ਕਵੀ ਗੋਰਖ ਪਾਂਡੇ ਨੇ ਠੀਕ ਹੀ ਲਿਖਿਆ ਹੈ

“ਇਸ ਵਾਰ ਦੰਗਾ ਬਹੁਤ ਬੜਾ ਥਾ
ਖ਼ੂਬ ਹੁਈ ਥੀ ਖ਼ੂਨ ਕੀ ਬਾਰਿਸ਼
ਅਗਲੇ ਸਾਲ ਅੱਛੀ ਹੋਗੀ
ਫ਼ਸਲ
ਮਤਦਾਨ ਕੀ”

ਅਮਨ ਨੂੰ ਆਪਣੇ ਸ਼ਹਿਰ ’ਚ ਘੁੰਮਦਿਆਂ ਅੱਜ ਪੰਜਵਾਂ ਦਿਨ ਸੀ। ਉਹ ਆਇਆ ਤਾਂ ਸਿਰਫ਼ ਦੋ ਦਿਨ ਲਈ ਸੀ ਪਰ ਗੱਲਾਂ, ਲੋਕਾਂ ਨੂੰ ਮਿਲਣ ਅਤੇ ਸ਼ਹਿਰ ’ਚ ਉਂਝ ਹੀ ਘੁੰਮਣ ’ਚ ਦਿਨਾਂ ਦਾ ਪਤਾ ਹੀ ਨਹੀਂ ਲੱਗਾ। ਫਿਰ ਜਾਣ ਦਾ ਸਮਾਂ ਆ ਹੀ ਗਿਆ ਸੀ। ਪਰ ਸਫ਼ਰ ਅਜੇ ਅਧੂਰਾ ਸੀ। ਉਸ ਨੇ ਮਨ ਵਿਚ ਧਾਰਿਆ ਕਿ ਉਹ ਦੁਬਾਰਾ ਆਵੇਗਾ ਅਤੇ ਆਪਣੇ ਸ਼ਹਿਰ ਪ੍ਰਤੀ ਆਪਣੇ ਪਿਆਰ ਨੂੰ ਜ਼ਿੰਦਾ ਰੱਖੇਗਾ। ਕਿਉਂਕਿ ਜੜ੍ਹਾਂ ਜੁ ਇੱਥੇ ਸਨ। ਫਿਰ ਜਿਸ ਦਿਨ ਉਸ ਨੇ ਪਰਤਣਾ ਸੀ ਤਾਂ ਉਸ ਦਿਨ ਗਲੀ ਦੇ ਕੋਨੇ ਤੋਂ ਗੁਜ਼ਰਦੇ ਹੋਏ ਅਮਨ ਦੀ ਨਜ਼ਰ ਸੜਕੋਂ ਪਾਰ ਸੂਰਜ ਦੀ ਮਗਹੀ ਪਾਨ ਦੀ ਦੁਕਾਨ ਉੱਪਰ ਪਈ ਜਿੱਥੋਂ ਹਰ ਸ਼ਾਮ ਨੂੰ ਉਸ ਦੇ ਪਿਤਾ ਜੀ ਪਾਨ ਮੰਗਵਾਇਆ ਕਰਦੇ ਸਨ। ਜਿਉਂ ਹੀ ਉਸ ਦੀਆਂ ਨਜ਼ਰਾਂ ਦੁਕਾਨ ’ਚ ਬੈਠੇ ਸੂਰਜ ਪਨਵਾੜੀ ਨਾਲ ਮਿਲੀਆਂ ਉਹ ਹੱਕਾ ਬੱਕਾ ਰਹਿ ਗਿਆ। ਉਸ ਨੇ ਇਕ ਖਿੱਚ ਜਹੀ

ਮਹਿਸੂਸ ਕੀਤੀ ਅਤੇ ਫਿਰ ਉਸ ਦੇ ਕਦਮ ਆਪਮੁਹਾਰੇ ਉਸ ਵੱਲ ਹੋ ਤੁਰੇ।

"ਪਾਨ ਬਨਾਏਂਗੇ" ਅਮਨ ਦੇ ਮੂੰਹੋਂ ਸਹਿਜ ਸੁਭਾਅ ਹੀ ਨਿੱਕਲਿਆ।

"ਜ਼ਰੂਰ ਜੀ। ਮੀਠਾ ਯਾ ਸਾਦਾ ?" ਸੂਰਜ ਨੇ ਵੀ ਸਹਿਜਤਾ ਨਾਲ ਹੀ ਪੁੱਛਿਆ ਪਰ ਉਸ ਦੀਆਂ ਨਜ਼ਰਾਂ ਅਮਨ ਦੇ ਚਿਹਰੇ 'ਤੇ ਗੱਡੀਆਂ ਰਹੀਆਂ।

"ਜੀ ਮੀਠਾ," ਅਮਨ ਨੇ ਹਲਕਾ ਜਿਹਾ ਜਵਾਬ ਦਿੱਤਾ।

ਮਗਹੀ ਪੱਤੇ ਸਾਫ਼ ਕਰਕੇ ਸੂਰਜ ਕੱਥਾ ਲਗਾ ਰਿਹਾ ਸੀ ਅਤੇ ਇਕ ਟੱਕ ਅਮਨ ਨੂੰ ਨਿਹਾਰ ਰਿਹਾ ਸੀ। ਅੱਜ ਵੀ ਸੂਰਜ ਉਸੇ ਤਰ੍ਹਾਂ ਦਾ ਦਿਸ ਰਿਹਾ ਸੀ, ਸਿਰਫ਼ ਵਾਲ ਚਿੱਟੇ ਹੋ ਗਏ ਸਨ। ਚਿਹਰੇ 'ਤੇ ਇਕ ਹਲਕੀ ਜਹੀ ਮੁਸਕਰਾਹਟ ਬਖੇਰਦਿਆਂ ਉਸ ਨੇ ਬਹੁਤ ਹੀ ਪਿਆਰ ਨਾਲ ਕਿਹਾ। "ਪਿਤਾ ਜੀ ਕਾ ਸੁਣ ਕਰ ਦੁਖ ਲਗਾ। ਉਨਕੋ ਯਹਾਂ ਸੇ ਜਾਨਾ ਹੀ ਨਹੀਂ ਚਾਹੀਏ ਥਾ। ਬਹੁਤ ਜਲਦੀ ਚਲੇ ਗਏ।"

ਸੁਣ ਕੇ ਅਮਨ ਨੂੰ ਹੈਰਾਨੀ ਹੋਈ। ਦੋ ਦਹਾਕੇ ਗੁਜ਼ਰਨ ਤੋਂ ਬਾਅਦ ਵੀ ਸੂਰਜ ਦੀਆਂ ਨਜ਼ਰਾਂ ਨੇ ਉਸ ਬੱਚੇ ਨੂੰ ਪਛਾਣ ਲਿਆ ਸੀ ਜੋ ਅੱਜ ਉਸ ਦੇ ਸਾਹਮਣੇ ਇਕ ਪੂਰਾ ਇਨਸਾਨ ਬਣ ਕੇ ਖੜ੍ਹਾ ਹੈ।

"ਤੁਸੀਂ ਜਾਣਦੇ ਹੋ ਮੈਂ ਕੌਣ ਹਾਂ ? ਕੌਣ ਸੀ ਮੇਰੇ ਪਿਤਾ ਜੀ ?" ਅਮਨ ਪੁੱਛੇ ਬਿਨਾਂ ਨਾ ਰਹਿ ਸਕਿਆ।

ਸੂਰਜ ਨੇ ਅਮਨ ਦੇ ਪਿਤਾ ਜੀ ਦਾ ਨਾਂ ਲੈਂਦਿਆਂ ਕਿਹਾ "ਅਰੇ ਕੈਸੇ ਭੂਲ ਸਕਤੇ ਹੈਂ ਹਮ ਆਪ ਲੋਗੋ ਕੋ। ਆਪ ਸੇ ਹੀ ਤੋ ਯੇਹ ਸ਼ਹਿਰ ਬਸਤਾ ਥਾ। ਅਬ ਤੋ ਸਿਰਫ਼ ਦਿਨ ਕਾਟ ਰਹੇ ਹੈ।" ਤਿੰਨ ਛੋਟੇ-ਛੋਟੇ ਪਾਨਾਂ ਨੂੰ ਦੋ ਉਂਗਲੀਆਂ 'ਚ ਫਸਾ ਕੇ ਸੂਰਜ ਨੇ ਅਮਨ ਵੱਲ ਵਧਾਉਂਦੇ ਹੋਏ ਕਿਹਾ। "ਤੁਮ ਪਹਲਾ ਨੰਬਰ, ਦੂਸਰੇ ਨੰਬਰ ਯਾ ਸਭਸੇ ਛੋਟੇ ਵਾਲੇ ਹੋ ?"

ਅਮਨ ਨੂੰ ਇੰਝ ਲੱਗਾ ਜਿਵੇਂ ਉਸ ਦੀ ਜ਼ਿੰਦਗੀ ਦੇ ਦੋ ਦਹਾਕੇ ਗਾਇਬ ਜਹੇ ਹੋ ਗਏ ਹਨ। ਉਹ ਅੱਜ ਫਿਰ ਆਪਣੇ ਆਪ ਨੂੰ ਅੱਸੀ ਦੇ ਦਹਾਕੇ 'ਚ ਮਹਿਸੂਸ ਕਰ ਰਿਹਾ ਸੀ।

ਉਜਾੜਤੇ ਹੈਂ ਜੋ ਨਾਦਾਂ ਇਸੇ ਉਜੜਨੇ ਦੋ
ਕਿ ਉਜੜਾ ਸ਼ਹਰ ਦੁਬਾਰਾ ਬਸਾ ਨਹੀਂ ਹੈ ਕਯਾ

-ਸ਼ਹਰਯਾਰ

*****